# ਗੁਰੂ ਨਾਨਕ ਬਾਣੀ
## ਸਰੋਕਾਰ ਅਤੇ ਪੈਗ਼ਾਮ

# ਗੁਰੂ ਨਾਨਕ ਬਾਣੀ

## ਸਰੋਕਾਰ ਅਤੇ ਪੈਗ਼ਾਮ

ਸੰਪਾਦਕ

**ਬਿਕਰਮ ਸਿੰਘ ਘੁੰਮਣ**

**ਚਰਨਜੀਤ ਸਿੰਘ ਗੁਮਟਾਲਾ**

ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ

ਲੁਧਿਆਣਾ

**GURU NANAK BANI**

*Sarokar ate Paigham*

*Ed by :*

**Bikram Singh Ghuman**

**Charanjit Singh Gumtala**

© editors

ISBN 978-81-89735-33-3

ਪਹਿਲੀ ਵਾਰ : 2019

**ਮੁੱਲ : 200 ਰੁਪਏ**

*ਪ੍ਰਕਾਸ਼ਕ*

**ਪੰਜਾਬੀ ਰਾਈਟਰਜ਼ ਕੋਆਪ੍ਰੇਟਿਵ ਸੋਸਾਇਟੀ**

ਲੁਧਿਆਣਾ

*ਪ੍ਰਬੰਧਕੀ ਦਫ਼ਤਰ :*

42, ਗੁਰੂ ਤੇਗ ਬਹਾਦਰ ਨਗਰ,

ਡਾ. ਖ਼ਾਲਸਾ ਕਾਲਜ, ਅੰਮ੍ਰਿਤਸਰ-143 002

ਫ਼ੋਨ : 0183-2450520

*ਟਾਈਪ ਸੈਟਿੰਗ*

**ਜੋਤ ਕ੍ਰੀਏਸ਼ਨਜ਼**

ਫ਼ੋਨ : 99157 22047

*ਪ੍ਰਿੰਟਰ*

**ਪ੍ਰਿੰਟਵੈੱਲ**

146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

# ਤਤਕਰਾ


| | | |
|---|---|---|
| – | ਦੋ ਸ਼ਬਦ | 7 |
| 1. | ਗੁਰੂ ਨਾਨਕ : ਸ਼ਖ਼ਸੀਅਤ ਅਤੇ ਬਾਣੀ | 11 |
| 2. | ਗੁਰੂ ਨਾਨਕ ਅਤੇ ਉਹਨਾਂ ਦਾ ਯੁਗ | 19 |
| 3. | ਯੁਗ-ਪੁਰਸ਼ ਗੁਰੂ ਨਾਨਕ ਦਾ ਜੀਵਨ-ਫ਼ਲਸਫ਼ਾ | 37 |
| 4. | ਗੁਰੂ ਨਾਨਕ ਦੀ ਸਾਹਿਤਕ ਪ੍ਰਤਿਭਾ | 46 |
| 5. | ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ’ਤੇ ਚੱਲਣ ਦੀ ਲੋੜ | 55 |
| 6. | ਜਪੁਜੀ ਸਾਹਿਬ ਦਾ ਸਚਿਆਰੁ ਸੰਕਲਪ | 58 |
| 7. | ਜਪੁਜੀ ਸਾਹਿਬ ਦੇ ਪੰਜ ਖੰਡ | 65 |
| 8. | ਆਸਾ ਦੀ ਵਾਰ : ਅਧਿਆਤਮਿਕ ਪਰਿਪੇਖ | 75 |
| 9. | ਆਸਾ ਕੀ ਵਾਰ ਦਾ ਸਮਾਜਿਕ ਪੱਖ | 87 |
| 10. | ਪਟੀ (ਆਸਾ) : ਵਿਚਾਰਧਾਰਕ ਪਰਿਪੇਖ | 104 |
| 11. | ਸਿਧ ਗੋਸਟਿ ਵਿਚ ਯੋਗ ਦਾ ਸੰਕਲਪ | 117 |
| 12. | ਜੈਸੇ ਜਲ ਮਹਿ ਕਮਲੁ ਨਿਰਾਲਮੁ | 133 |
| 13. | ਅੰਜਨ ਮਾਹਿ ਨਿਰੰਜਨਿ ਰਹੀਐ | 139 |

14. ਬਾਬਰਵਾਣੀ : ਵਿਚਾਰ ਪ੍ਰਬੰਧ 148
15. ਮਾਝ ਦੀ ਵਾਰ : ਵਿਚਾਰ-ਪ੍ਰਬੰਧ 153
16. ਮਲਾਰ ਕੀ ਵਾਰ : ਵਿਸ਼ਾ-ਵਸਤੂ ਅਤੇ ਵਿਚਾਰਧਾਰਾ 172
17. ਬਾਰਹਮਾਹਾ ਮਾਝ : ਦਾਰਸ਼ਨਿਕ ਪੱਖ 183
18. ਦਖਣੀ ਓਅੰਕਾਰ ਦਾ ਵਿਸ਼ੈ ਵਸਤੂ 191
19. ਅਲਾਹਣੀਆਂ : ਵਿਸ਼ੈ-ਵਸਤੂ ਅਤੇ ਵਿਚਾਰਧਾਰਾ 205
20. ਪੁਸਤਕ ਸੂਚੀ 215

# ਦੋ ਸ਼ਬਦ

ਗੁਰੂ ਨਾਨਕ ਬਾਣੀ ਵਿਚ ਮਾਨਵੀ ਅਸਤਿੱਤਵ ਨਾਲ ਜੁੜੇ ਸਮੂਹ ਸਰੋਕਾਰਾਂ ਦਾ ਪ੍ਰਭਾਵਸ਼ਾਲੀ ਨਿਰੂਪਣ ਹੋਇਆ ਹੈ। ਗੁਰੂ ਸਾਹਿਬ ਵਿਅਕਤੀ ਨੂੰ ਪਰਮਾਤਮਾ ਵਾਂਗ ਹੀ 'ਸਚਿਆਰ' ਬਣਾਉਣਾ ਲੋਚਦੇ ਹਨ। ਗੁਰੂ ਜੀ ਸਿੱਖ ਦਰਸ਼ਨ ਦੇ ਸਿਰਜਕ ਅਤੇ ਸੂਤਰਧਾਰ ਹਨ। ਆਪ ਜੀ ਨੇ ਆਪਣੀ ਬਾਣੀ ਦੇ ਮਾਧਿਅਮ ਰਾਹੀਂ ਗੁਰਮਤਿ ਦਰਸ਼ਨ, ਨੈਤਿਕਤਾ, ਸ੍ਰਿਸ਼ਟੀ ਰਚਨਾ ਅਤੇ ਪਰਾਭੌਤਿਕੀ ਬਾਰੇ ਆਪਣੇ ਵਿਚਾਰਾਂ ਨੂੰ ਬੜੇ ਸਪੱਸ਼ਟ ਸ਼ਬਦਾਂ ਅਤੇ ਭਾਵਪੂਰਤ ਢੰਗ ਨਾਲ ਅਭਿਵਿਅਕਤ ਕੀਤਾ ਹੈ। ਗੁਰੂ ਸਾਹਿਬ ਅਨੁਸਾਰ ਮਨੁੱਖ ਦੀ ਕੇਂਦਰੀ ਸਮੱਸਿਆ ਰੱਬ ਨੂੰ ਤਲਾਸ਼ ਕਰਨਾ ਨਹੀਂ ਹੈ ਕਿਉਂਕਿ ਰੱਬ ਕਿਧਰੇ ਗੁੰਮਿਆ ਜਾਂ ਛਿਪਿਆ ਹੋਇਆ ਨਹੀਂ ਹੈ। ਜਿਹੜੇ ਜਗਿਆਸੂ ਰੱਬ ਦੀ ਤਲਾਸ਼ ਜੰਗਲਾਂ, ਪਹਾੜਾਂ, ਤੀਰਥਾਂ ਜਾਂ ਵਾਦੀਆਂ ਵਿਚ ਕਰਦੇ ਹਨ, ਗੁਰੂ ਸਾਹਿਬ ਉਹਨਾਂ ਨੂੰ ਅਗਿਆਨੀ ਕਹਿੰਦੇ ਹਨ। ਪਰਮਾਤਮਾ ਤਾਂ ਮਨੁੱਖ ਦੇ ਅੰਦਰ ਨਿਵਾਸ ਕਰਦਾ ਹੈ। ਸਿਰਫ਼ ਮਾਇਆ ਦੇ ਪਰਦਿਆਂ ਹੇਠ ਆਇਆ ਹੋਣ ਕਰਕੇ ਉਹ ਮਨੁੱਖ ਨੂੰ ਹਾਜ਼ਰ ਨਾਜ਼ਰ ਦਿਖਾਈ ਨਹੀਂ ਦਿੰਦਾ। ਉਸ ਨੂੰ ਪ੍ਰਗਟ ਕਰਨ ਦੀ ਵਿਧੀ ਇਹੀ ਹੈ ਕਿ ਇਹਨਾਂ ਪਰਦਿਆਂ ਨੂੰ ਹਟਾ ਦਿੱਤਾ ਜਾਵੇ। ਰਜ਼ਾ ਵਿਚ ਰਹਿਣ ਵਾਲੇ ਵਿਅਕਤੀ ਦੀ ਆਤਮਾ ਉਪਰੋਂ ਇਹ ਪਰਦੇ ਖ਼ੁਦ-ਬਖ਼ੁਦ ਹਟ ਜਾਂਦੇ ਹਨ।

ਗੁਰਮਤਿ ਦਰਸ਼ਨ ਦਾ ਅਧਿਐਨ ਅਤੇ ਵਰਗੀਕਰਨ ਕਰਨ ਲਈ ਭਾਰਤੀ ਦਰਸ਼ਨ ਦੀਆਂ ਹੋਰ ਪ੍ਰਣਾਲੀਆਂ ਨੂੰ ਕਸੌਟੀ ਨਹੀਂ ਬਣਾਇਆ ਜਾ ਸਕਦਾ। ਗੁਰਮਤਿ ਦੇ ਸਿਧਾਂਤ ਭਾਰਤੀ ਦਰਸ਼ਨ ਤੋਂ ਵੱਖਰੇ ਹਨ। ਈਸ਼ਵਰੀ ਸ਼ਾਸਤਰ, ਕਰਮ ਸਿਧਾਂਤ, ਆਵਾਗਵਣ ਅਤੇ ਨਰਕ-ਸੁਰਗ ਬਾਰੇ ਗੁਰਮਤਿ ਦੀਆਂ ਸਥਾਪਨਾਵਾਂ ਹਿੰਦੂਵਾਦ ਤੋਂ ਬਿਲਕੁਲ ਨਿਆਰੀਆਂ ਹਨ। ਪਰੰਤੂ ਗੁਰਮਤਿ ਦੇ ਬਹੁਤੇ ਵਿਆਖਿਆਕਾਰਾਂ ਨੇ ਇਸ ਨਿਆਰੇਪਣ ਨੂੰ ਸਥਾਪਤ ਕਰਨ ਦੇ ਯਤਨ ਬਹੁਤ ਘੱਟ ਕੀਤੇ ਹਨ। ਇਹੀ ਕਾਰਨ ਹੈ ਕਿ ਵਿਸ਼ਵ ਦਰਸ਼ਨ ਦਾ ਵਿਵੇਚਨ ਕਰਨ ਵਾਲੇ ਦਾਰਸ਼ਨਿਕਾਂ ਅਤੇ ਇਤਿਹਾਸਕਾਰਾਂ ਨੇ ਵੀ ਗੁਰਮਤਿ ਦਰਸ਼ਨ ਬਾਰੇ ਬਹੁਤ ਘੱਟ ਲਿਖਿਆ ਹੈ।

ਗੁਰੂ ਨਾਨਕ ਦੇਵ ਜੀ ਦੀ ਦਾਰਸ਼ਨਿਕ ਵਿਚਾਰਧਾਰਾ ਨੂੰ ਉਹਨਾਂ ਦੀ ਬਾਣੀ ਵਿਚ ਅੰਕਿਤ ਸਿਧਾਂਤਕ ਵਿਚਾਰਾਂ ਦੇ ਵਿਸ਼ਲੇਸ਼ਣ ਅਤੇ ਵਰਗੀਕਰਨ ਦੁਆਰਾ ਹੀ ਠੀਕ ਰੂਪ ਵਿਚ ਸਮਝਿਆ ਜਾ ਸਕਦਾ ਹੈ। ਗੁਰੂ ਨਾਨਕ ਬਾਣੀ ਵਿਚ ਪੇਸ਼ ਹੋਏ ਵਿਚਾਰਾਂ ਵਿਚੋਂ ਅਕਾਲ ਪੁਰਖ, ਸ੍ਰਿਸ਼ਟੀ ਰਚਨਾ, ਜੀਵਾਤਮਾ, ਕਰਮ ਸਿਧਾਂਤ,

ਆਵਾਗਵਣ, ਮੁਕਤੀ, ਸਤਿਗੁਰੂ, ਗੁਰਸਿੱਖ ਦਾ ਅਚਾਰ ਵਿਹਾਰ ਆਦਿ ਪ੍ਰਮੁੱਖ ਸੰਕਲਪ ਹਨ ਜਿਹਨਾਂ ਉੱਤੇ ਵਿਚਾਰ ਕਰਨੀ ਚਾਹੀਦੀ ਹੈ।

ਗੁਰੂ ਜੀ ਅਗਰਗਾਮੀ ਅਤੇ ਮਾਨਵਵਾਦੀ ਸੋਚ ਦੇ ਮਾਲਕ ਸਨ। ਇਸੇ ਲਈ ਉਹਨਾਂ ਨੇ ਸਿੱਖ ਦਰਸ਼ਨ ਅਤੇ ਨੈਤਿਕਤਾ ਨੂੰ ਅਗਰਗਾਮੀ ਅਤੇ ਮਾਨਵਵਾਦੀ ਸੇਧ ਦਿੱਤੀ ਹੈ। ਗੁਰੂ ਨਾਨਕ ਬਾਣੀ ਵਿਚ ਪਰਾਭੌਤਿਕ ਸ਼ਾਸਤਰ, ਸ੍ਰਿਸ਼ਟੀ ਰਚਨਾ, ਨੀਤੀ ਸ਼ਾਸਤਰ ਅਤੇ ਸਮਾਜ-ਸ਼ਾਸਤਰ ਸੰਬੰਧੀ ਬੜੀਆਂ ਮੌਲਿਕ ਧਾਰਨਾਵਾਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਇਹਨਾਂ ਧਾਰਨਾਵਾਂ ਦੇ ਆਧਾਰ-ਪ੍ਰਬੰਧ ਉੱਤੇ ਹੀ ਸਿੱਖ ਦਰਸ਼ਨ ਨਿਰਮਿਤ ਹੋਇਆ ਹੈ। ਗੁਰੂ ਜੀ ਨੇ ਆਪਣੀ ਬਾਣੀ ਵਿਚ ਇਕ ਆਜ਼ਾਦ ਅਤੇ ਨਿਰਭੈ ਮਨੁੱਖ ਦਾ ਨਵਾਂ ਮਾਡਲ ਪ੍ਰਸਤੁਤ ਕੀਤਾ ਹੈ। ਮਨੁੱਖਤਾ ਦੇ ਕਲਿਆਣ ਲਈ ਗੁਰੂ ਜੀ ਦੇ ਦਾਰਸ਼ਨਿਕ ਸੰਕਲਪਾਂ ਨੂੰ ਸਹੀ ਰੂਪ ਵਿਚ ਜਾਣਨ ਅਤੇ ਸਮਝਣ ਦੀ ਜ਼ਰੂਰਤ ਹੈ। ਸਾਡੇ ਬਹੁਤੇ ਅਜੋਕੇ ਵਿਦਵਾਨਾਂ ਨੇ ਗੁਰੂ ਨਾਨਕ ਵਿਚਾਰਧਾਰਾ ਨੂੰ ਉਪਨਿਸ਼ਦਿਕ ਚਿੰਤਨ ਦੇ ਸਮਵਿੱਥ ਰੱਖ ਕੇ ਹੀ ਪੜ੍ਹਿਆ ਅਤੇ ਵਾਚਿਆ ਹੈ। ਇਹੋ ਕਾਰਣ ਹੈ ਕਿ ਉਹ 'ਕਾਵਿ-ਪ੍ਰਵਚਨ' ਨੂੰ 'ਵਿਚਾਰਧਾਰਕ ਪ੍ਰਵਚਨ' ਦਾ ਰੂਪ ਦੇਣ ਤੋਂ ਅਸਮਰੱਥ ਰਹੇ ਹਨ। ਇਸ ਪ੍ਰਸੰਗ ਵਿਚ ਯੂਨੀਵਰਸਿਟੀਆਂ ਅਤੇ ਸਿੱਖ ਧਰਮ ਨਾਲ ਜੁੜੀਆਂ ਪ੍ਰਮੁੱਖ ਸੰਸਥਾਵਾਂ ਨੂੰ ਮਿਲ ਬੈਠ ਕੇ ਗੰਭੀਰ ਵਿਚਾਰ ਕਰਨ ਦੀ ਲੋੜ ਹੈ। ਜੇ ਅਸੀਂ ਅਜਿਹਾ ਨਾ ਕਰ ਸਕੇ ਤਾਂ ਅਸੀਂ ਆਪਣੀ ਬਹੁਮੁੱਲੀ ਵਿਰਸਾਤ ਠੀਕ ਰੂਪ ਵਿਚ ਨਹੀਂ ਸਮਝ ਸਕਾਂਗੇ ਅਤੇ ਇਸ ਦੇ ਸਹੀ ਪ੍ਰਯੋਗ ਤੋਂ ਵਿਜੋਗੇ ਹੀ ਰਹਾਂਗੇ।

ਵਰਤਮਾਨ ਸਮੇਂ ਵਿਚ ਸਾਡੀਆਂ ਨਰੋਈਆਂ ਸਭਿਆਚਾਰਕ ਕਦਰਾਂ-ਕੀਮਤਾਂ ਢਹਿ-ਢੇਰੀ ਹੋ ਰਹੀਆਂ ਹਨ ਅਤੇ ਉਹਨਾਂ ਦੀ ਜਗ੍ਹਾ ਵਿਨਾਸ਼ਕਾਰੀ ਅਤੇ ਅਮਾਨਵੀ ਮੁੱਲ ਹਾਵੀ ਹੁੰਦੇ ਜਾ ਰਹੇ ਹਨ। ਇਹੋ ਕਾਰਣ ਹੈ ਕਿ ਮਾਇਆ ਅਰਜਿਤ ਕਰਨ ਦੀ ਹਵਸ ਅਤੇ ਲਾਲਚ ਨੇ ਅਜੋਕੇ ਵਿਅਕਤੀ ਨੂੰ ਹਿੰਸਕ ਅਤੇ ਧਾੜਵੀ ਬਣਾ ਦਿੱਤਾ ਹੈ। ਸਿੱਖ ਸੰਸਥਾਵਾਂ ਅਤੇ ਸੂਝਵਾਨ ਵਿਦਵਾਨਾਂ ਨੂੰ ਇਸ ਪਰਿਪੇਖ ਨੂੰ ਬਦਲਣ ਅਤੇ ਹਟਾਉਣ ਦੇ ਗੰਭੀਰ ਯਤਨ ਕਰਨੇ ਚਾਹੀਦੇ ਹਨ। ਗੁਰਮਤਿ ਦਰਸ਼ਨ ਅਤੇ ਗੁਰਬਾਣੀ ਸਮੁੱਚੇ ਮਾਨਵੀ ਸਮਾਜ ਨੂੰ ਸਹੀ ਸੇਧ ਪ੍ਰਦਾਨ ਕਰ ਸਕਦੀ ਹੈ। ਗੁਰੂ ਨਾਨਕ ਸਾਹਿਬ ਦੀ ਮਹਾਨ ਰਚਨਾ ਵਿਚੋਂ ਸਹਿਜ ਗਿਆਨ ਪ੍ਰਾਪਤ ਕਰ ਕੇ ਅਸੀਂ ਸਚਿਆਰੇ ਵਿਅਕਤੀ ਬਣ ਸਕਦੇ ਹਾਂ।

ਅਸੀਂ ਇਸ ਸੰਗ੍ਰਹਿ ਵਿਚ ਵੱਖ ਵੱਖ ਵਿਦਵਾਨਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਦੇਵ ਜੀ ਦੇ 550-ਸਾਲਾ ਪ੍ਰਕਾਸ਼ ਉਤਸਵ ਦੇ ਮੌਕੇ ਉਹਨਾਂ ਦੇ ਜੀਵਨ, ਦਰਸ਼ਨ ਅਤੇ ਪ੍ਰਮੁੱਖ ਬਾਣੀਆਂ ਦਾ ਅਧਿਐਨ ਪ੍ਰਸਤੁਤ ਕੀਤਾ ਹੈ। ਸਾਨੂੰ ਯਕੀਨ ਹੈ ਕਿ ਸਾਡਾ ਇਹ ਯਤਨ ਗੁਰੂ ਨਾਨਕ ਸਾਹਿਬ ਦੇ ਜੀਵਨ ਫ਼ਲਸਫ਼ੇ ਨੂੰ ਸਮਝਣ ਵਿਚ ਸਹਾਈ ਹੋਵੇਗਾ।

**—ਸੰਪਾਦਕ**

# ਗੁਰੂ ਨਾਨਕ : ਸ਼ਖ਼ਸੀਅਤ ਅਤੇ ਬਾਣੀ

**—ਬਿਕਰਮ ਸਿੰਘ ਘੁੰਮਣ**

ਗੁਰੂ ਨਾਨਕ ਸਾਹਿਬ ਇਕ ਉੱਚੀ-ਸੁੱਚੀ ਤੇ ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਸਨ। ਗੁਰੂ ਜੀ ਨਾ ਕੇਵਲ ਇਕ ਮਹਾਨ ਚਿੰਤਕ, ਪ੍ਰਭਾਵਸ਼ਾਲੀ ਸਮਾਜਕ ਨੇਤਾ, ਨਿਪੁੰਨ ਕਲਾਕਾਰ, ਨਿਡਰ ਸੁਧਾਰਕ, ਸੁਹਿਰਦ ਉਪਦੇਸ਼ਕ, ਅਦੁੱਤੀ ਰਹੱਸਵਾਦੀ ਅਤੇ ਅਣਥੱਕ ਸੈਲਾਨੀ ਸਨ, ਸਗੋਂ ਇਕ ਵਿਦਰੋਹੀ ਪੁਰਸ਼ ਅਤੇ ਉਤਕ੍ਰਿਸ਼ਟ ਸ਼ਾਇਰ ਵੀ ਸਨ। ਗੁਰੂ ਜੀ ਦੇ ਸੰਸਾਰ ਆਗਮਨ ਸਮੇਂ ਭਾਰਤ ਇਕ ਸਖ਼ਤ ਦੌਰ ਵਿਚੋਂ ਲੰਘ ਰਿਹਾ ਸੀ। ਲੋਧੀ ਵੰਸ਼ ਦੀ ਸ਼ਖ਼ਸੀ ਹਕੂਮਤ ਨੇ ਭਾਰਤੀ ਜਨਤਾ ਨੂੰ ਮਧੋਲਿਆ ਹੋਇਆ ਸੀ। ਭਾਰਤ ਦਾ ਸਮਾਜਕ, ਸਭਿਆਚਾਰਕ, ਆਰਥਿਕ ਤੇ ਰਾਜਨੀਤਕ ਢਾਂਚਾ ਉੱਥਲ-ਪੁੱਥਲ ਹੋ ਚੁੱਕਾ ਸੀ। ਧਰਮ ਦੇ ਥਾਂ ’ਤੇ ਪਾਖੰਡ ਦੀ ਪ੍ਰਧਾਨਤਾ ਸੀ। ਧਰਮ ਦਾ ਸਰੂਪ ਖ਼ੁਦਗ਼ਰਜ਼ ਧਾਰਮਿਕ ਆਗੂਆਂ ਨੇ ਗੁੰਝਲਦਾਰ ਬਣਾਇਆ ਹੋਇਆ ਸੀ। ਭੈੜੀਆਂ ਰਸਮਾਂ ਤੇ ਕੁਰੀਤੀਆਂ ਧਰਮ ਦਾ ਅੰਗ ਬਣ ਚੁੱਕੀਆਂ ਸਨ। ਰਾਜਨੀਤੀ ਤੇ ਧਰਮ ਅਧੀਨ ਸਮਾਜਕ ਸਥਿਤੀ ਬਹੁਤ ਹੀ ਨਾਜ਼ੁਕ ਤੇ ਜਟਿਲ ਬਣ ਚੁੱਕੀ ਸੀ। ਆਮ ਲੋਕਾਂ ਨੂੰ ਸੰਪ੍ਰਦਾਈ ਧਰਮਾਂ ਨੇ ਆਪਣੇ ਪੰਜੇ ਵਿਚ ਫਸਾਇਆ ਹੋਇਆ ਸੀ। ਲੋਕਾਂ ਦੀ ਆਰਥਿਕ ਅਵਸਥਾ ਡਾਵਾਂਡੋਲ ਸੀ। ਕਿਸੇ ਦੀ ਜਾਨ-ਮਾਲ ਤੇ ਇੱਜ਼ਤ ਸੁਰੱਖਿਅਤ ਨਹੀਂ ਸੀ। ਹਾਕਮ ਸ਼੍ਰੇਣੀ ਲੋਕਬ ਉੱਤੇ ਅੰਨ੍ਹੇਵਾਹ ਜ਼ੁਲਮ ਢਾਹ ਰਹੀ ਸੀ। ਹਿੰਦੂਆਂ ਦੀ ਹਾਲਤ ਬਹੁਤ ਹੀ ਤਰਸਯੋਗ ਸੀ। ਉਹ ਸੈਂਕੜੇ ਵਰ੍ਹਿਆਂ ਦੀ ਪ੍ਰਾਧੀਨਤਾ ਕਾਰਣ ਨਿਰਬਲ ਅਤੇ ਨਿਆਸਰਾ ਬਣ ਚੁੱਕੇ ਸਨ। ਮੁਸਲਮਾਨ ਹਾਕਮ ਉਹਨਾਂ ਦੇ ਘਰ-ਬਾਰ ਲੁੱਟ ਲੈਂਣੇ, ਇਸਤਰੀਆਂ ਨੂੰ ਜਬਰਨ ਚੁੱਕ ਕੇ ਲੈ ਜਾਂਦੇ ਅਤੇ ਉਹਨਾਂ ਦੇ ਮੰਦਰਾਂ ਨੂੰ ਢਾਹ ਦੇਂਦੇ ਸਨ। ਇਹਨਾਂ ਅੱਤਿਆਚਾਰਾਂ ਨਾਲ ਪੀੜਤ ਹਿੰਦੂ ਜਾਤੀ ਕਿਸੇ ਵੀ ਤਰ੍ਹਾਂ ਉਹਨਾਂ ਦਾ ਸਾਹਮਣਾ ਕਰਨ ਤੋਂ ਅਸਮਰੱਥ ਹੋ ਚੁੱਕੀ ਸੀ। ਚਾਰੇ ਪਾਸੇ ਹਾਹਾਕਾਰ ਮੱਚੀ ਹੋਈ ਸੀ। ਇੰਞ ਪ੍ਰਤੀਤ ਹੁੰਦਾ ਸੀ ਕਿ ਸੰਸਾਰ ਕਿਸੇ ਪ੍ਰਚੰਡ ਅਗਨੀ ਵਿਚ ਸੜ ਭੁੱਜ ਰਿਹਾ ਹੈ। ਗੁਰੂ ਜੀ ਨੇ ਆਪਣੀ ਬਾਣੀ ਵਿਚ ਇਸ ਦਾ ਬੜਾ ਸੁਹਣਾ ਚਿੱਤਰ ਖਿੱਚਿਆ ਹੈ :

**ਰਾਜੇ ਸੀਹ ਮੁਕਦਮ ਕੁਤੇ ॥**
**ਜਾਇ ਜਗਾਇਨਿ੍ ਬੈਠੇ ਸੁਤੇ ॥**

**ਚਾਕਰ ਨਹਦਾ ਪਾਇਨਿ੍ ਘਾਉ ॥**
**ਰਤੁ ਪਿਤੁ ਕੁਤਿਹੋ ਚਟਿ ਜਾਹੁ ॥**
**ਜਿਥੈ ਜੀਆਂ ਹੋਸੀ ਸਾਰ ॥**
**ਨਕੀਂ ਵਢੀਂ ਲਾਇਤਬਾਰ ॥** *(ਵਾਰ ਮਲਾਰ, ਮਹਲਾ ੧)*

ਇਸ ਨਾਜ਼ੁਕ ਦੌਰ ਵਿਚ ਗੁਰੂ ਨਾਨਕ ਦੇਵ ਜੀ ਨੇ ਪੂਰੀ ਸੁਹਿਰਦਤਾ ਨਾਲ ਭਾਰਤੀ ਜਨਤਾ ਨੂੰ ਆਤਮਕ ਤੌਰ 'ਤੇ ਜਾਗ੍ਰਿਤ ਕੀਤਾ ਅਤੇ ਉਹਨਾਂ ਨੂੰ ਇਸ ਜ਼ੁਲਮ ਦਾ ਡੱਟ ਕੇ ਟਾਕਰਾ ਕਰਨ ਦੀ ਪ੍ਰੇਰਨਾ ਦਿੱਤੀ। ਇਸ ਨਾਲ ਭਾਰਤੀ ਲੋਕ-ਜੀਵਨ ਵਿਚ ਇਕ ਨਵਾਂ ਉਤਸ਼ਾਹ ਤੇ ਉਮੰਗ ਪੈਦਾ ਹੋਈ। ਉਹਨਾਂ ਨੇ ਸਮਾਜ ਨੂੰ ਸਮਾਜਕ ਤੇ ਸਭਿਆਚਾਰਕ ਅਧੋਗਤੀ ਤੋਂ ਬਚਾਇਆ। ਆਪ ਧਾਰਮਿਕ ਤੇ ਸਮਾਜਕ ਜੀਵਨ ਵਿਚ ਪ੍ਰਚੱਲਤ ਹੋ ਚੁੱਕੀਆਂ ਫੋਕੀਆਂ ਰਸਮਾਂ ਤੇ ਕਰਮ-ਕਾਂਡਾਂ ਨੂੰ ਦੂਰ ਕਰਨ ਲਈ ਪੂਰੇ ਯਤਨਸ਼ੀਲ ਹੋਏ। ਧਾਰਮਿਕ ਤੇ ਸਮਾਜਕ ਜਾਗ੍ਰਿਤੀ ਲਿਆਉਣ ਤੋਂ ਬਿਨਾਂ ਉਹਨਾਂ ਨੇ ਲੋਕਾਂ ਵਿਚ ਰਾਜਨੀਤਕ ਚੇਤੰਨਤਾ ਵੀ ਪੈਦਾ ਕੀਤੀ। ਇਸ ਮਹਾਨ ਸ਼ਖ਼ਸੀਅਤ ਨੇ ਭਾਰਤ ਦੀ ਹੋਣੀ ਬਦਲ ਕੇ ਰੱਖ ਦਿੱਤੀ ਅਤੇ ਸਦੀਆਂ ਤੋਂ ਸੁੱਤੀ ਹੋਈ ਕੌਮ ਨੂੰ ਜਗਾ ਦਿੱਤਾ। ਗੁਰੂ ਜੀ ਨੇ ਜਨਤਾ ਨੂੰ ਗਿਆਨ ਸੱਚ ਅਤੇ ਨੇਕੀ ਦਾ ਰਾਹ ਦੱਸ ਕੇ ਅਗਵਾਈ ਕੀਤੀ। ਉਹਨਾਂ ਆਪਣੀ ਅੰਮ੍ਰਿਤ ਰਸ ਭਿੰਨੀ ਬਾਣੀ ਨਾਲ ਜਨਤਾ ਨੂੰ ਅਮਰਤਾ ਦਾ ਸੰਦੇਸ਼ ਦਿੱਤਾ। ਇਸ ਸੰਬੰਧੀ ਭਾਈ ਗੁਰਦਾਸ ਆਪਣੀਆਂ ਵਾਰਾਂ ਵਿਚ ਇਉਂ ਸੰਕੇਤ ਕਰਦੇ ਹਨ:

**ਸੁਣੀ ਪੁਕਾਰ ਦਾਤਾਰ ਪ੍ਰਭ ਗੁਰ ਨਾਨਕ ਜਗ ਮਾਹਿੰ ਪਠਾਯਾ।**
**ਚਰਨ ਧੋਇ ਰਹਿਰਾਸ ਕਰ ਚਰਨਾਮ੍ਰਿਤ ਸਿੱਖਾਂ ਪੀਲਾਯਾ।**
**ਪਾਰਬ੍ਰਹਮ ਪੂਰਨ ਬ੍ਰਹਮ ਕਲਿਜੁਗ ਅੰਦਰ ਇਕ ਦਿਖਾਯਾ।**
**ਚਾਰੈ ਪੈਰ ਧਰੰਮ ਦੇ ਚਾਰ ਵਰਨ ਇਕ ਵਰਨ ਕਰਾਯਾ।**
**ਰਾਣਾ ਰੰਕ ਬਰਾਬਰੀ ਪੈਰੀਂ ਪਵਣਾ ਜਗ ਵਰਤਾਯਾ।**
**ਉਲਟਾ ਖੇਲ ਪਿਰੰਮ ਦਾ ਪੈਰਾਂ ਉਪਰ ਸੀਸ ਨਿਵਾਯਾ।**
**ਕਲਿਜੁਗ ਬਾਬੇ ਤਾਰਿਆ ਸੱਤਨਾਮ ਪੜ੍ਹ ਮੰਤ੍ਰ ਸੁਣਾਯਾ।**
**ਕਲਿ ਤਾਰਣ ਗੁਰ ਨਾਨਕ ਆਯਾ॥੨੩॥**

ਗੁਰੂ ਨਾਨਕ ਦੇਵ ਜੀ ਦਾ ਜਨਮ ਪਿਤਾ ਸ੍ਰੀ ਮਹਿਤਾ ਕਾਲੂ ਦੇ ਘਰ ਮਾਤਾ ਤ੍ਰਿਪਤਾ ਜੀ ਦੀ ਕੁੱਖੋਂ ਵਿਸਾਖ ਸੁਦੀ 3, ਸੰਮਤ 1526 ਬਿਕ੍ਰਮੀ, ਅਰਥਾਤ 15 ਅਪ੍ਰੈਲ 1469 ਈ. ਨੂੰ ਜ਼ਿਲਾ ਸ਼ੇਖ਼ੂਪੁਰਾ ਦੇ ਨਗਰ ਰਾਇ ਭੋਇ ਦੀ ਤਲਵੰਡੀ ਵਿਚ (ਜੋ ਹੁਣ ਨਾਨਕਿਆਣਾ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੈ ਤੇ ਪਾਕਿਸਤਾਨ ਵਿਚ ਹੈ) ਹੋਇਆ।[1] ਇਹ ਨਗਰ ਲਾਹੌਰ ਤੋਂ ਲਗਭਗ 40 ਮੀਲ ਦੀ ਵਿੱਥ ਉੱਤੇ ਸਥਿਤ ਹੈ। ਸਿੱਖ ਕੌਮ ਗੁਰੂ ਜੀ ਦਾ ਜਨਮ ਦਿਨ ਹਰ ਸਾਲ ਕੱਤਕ ਦੀ ਪੂਰਨਮਾਸ਼ੀ ਨੂੰ ਬੜੀ ਧੂਮਧਾਮ ਨਾਲ ਮਨਾਉਂਦੀ ਹੈ।

ਮਹਿਤਾ ਕਾਲੂ ਤਲਵੰਡੀ ਦੇ ਸਰਦਾਰ ਰਾਇ ਬੁਲਾਰ ਭੱਟੀ ਕੋਲ ਮੁਲਾਜ਼ਮ[2] ਸਨ। ਉਹ ਇਕ ਨੇਕ ਦਿਲ ਅਤੇ ਧਾਰਮਿਕ ਵਿਅਕਤੀ ਸਨ। ਇਲਾਕੇ ਤੇ ਭਾਈਚਾਰੇ ਵਿਚ ਉਹਨਾਂ ਦਾ ਚੰਗਾ ਆਦਰ-ਮਾਣ ਸੀ। ਗੁਰੂ ਨਾਨਕ ਸਾਹਿਬ ਮਹਿਤਾ ਕਾਲੂ ਦੇ ਘਰ ਇਕਲੌਤੇ ਪੁੱਤਰ ਸਨ। ਗੁਰੂ ਜੀ ਦੀ ਇਕੋ ਇਕ ਭੈਣ ਬੇਬੇ ਨਾਨਕੀ ਸੀ ਜੋ ਆਪ ਤੋਂ ਉਮਰ ਵਿਚ ਪੰਜ ਸਾਲ ਵੱਡੀ ਸੀ। ਇਕਲੌਤੇ ਪੁੱਤਰ ਹੋਣ ਕਰਕੇ ਸਾਰੇ ਪਰਿਵਾਰ ਵੱਲੋਂ ਆਪ ਨੂੰ ਲਾਡ ਪਿਆਰ ਬਹੁਤ ਮਿਲਿਆ ਅਤੇ ਆਪ ਦੀ ਵਿਦਿਆ ਲਈ ਹਰ ਪ੍ਰਕਾਰ ਦਾ ਪ੍ਰਬੰਧ ਕੀਤਾ ਗਿਆ। 1475 ਈ. ਵਿਚ ਗੋਪਾਲ ਪੰਡਤ ਪਾਸ ਹਿੰਦੀ, 1478 ਈ. ਵਿਚ ਬ੍ਰਿਜ ਲਾਲ ਪੰਡਤ ਪਾਸ ਸੰਸਕ੍ਰਿਤ ਅਤੇ 1482 ਈ. ਵਿਚ ਮੌਲਵੀ ਕੁਤਬਦੀਨ ਪਾਸ ਫ਼ਾਰਸੀ ਪੜ੍ਹਨ ਬਿਠਾਏ ਗਏ ਪਰੰਤੂ ਆਪ ਇਹਨਾਂ ਤਿੰਨਾਂ ਉਸਤਾਦਾਂ ਤੋਂ ਪੜ੍ਹਨ ਦੀ ਥਾਂ ਉਹਨਾਂ ਨੂੰ ਹੀ ਪੜ੍ਹਾਉਣ ਲੱਗ ਗਏ। ਗੁਰੂ ਜੀ ਨੇ ਉਹਨਾਂ ਨੂੰ ਵਿਦਿਆ ਦਾ ਅਸਲ ਮਹੱਤਵ ਦੱਸ ਕੇ ਆਪਣੀ ਅਦੁੱਤੀ ਪ੍ਰਤਿਭਾ ਦੁਆਰਾ ਹੈਰਾਨ ਕਰ ਦਿੱਤਾ। ਗੁਰੂ ਜੀ ਨੇ ਕਿਹਾ ਕਿ ਵਿਦਿਆ ਦੇ ਸਹੀ ਤੱਤ ਜਾਣੇ ਬਿਨਾਂ ਪੜ੍ਹਿਆ ਹੋਇਆ ਵੀ ਮੂਰਖ ਹੈ। ਆਪ ਜੀ ਦੇ ਅਧਿਆਤਮਕ ਗਿਆਨ ਅੱਗੇ ਤਿੰਨਾਂ ਵਿਚੋਂ ਕੋਈ ਵੀ ਉਸਤਾਦ ਨਾ ਠਹਿਰ ਸਕਿਆ।

ਇਸੇ ਸਾਲ ਮਾਪਿਆਂ ਨੇ ਭਾਈਚਾਰੇ ਤੇ ਆਪਣੀ ਕੁਲ ਦੀ ਮਰਯਾਦਾ ਮੁਤਾਬਕ ਗੁਰੂ ਜੀ ਨੂੰ ਜਨੇਊ ਪਹਿਨਾਉਣ ਲਈ ਕੁਲਪੁਰੋਹਿਤ ਪੰਡਤ ਹਰਦਿਆਲ ਸੱਦਿਆ। ਜਦ ਪੁਰੋਹਿਤ ਮੰਤਰਾਂ ਦੇ ਉਚਾਰਨ ਉਪਰੰਤ ਗੁਰੂ ਜੀ ਦੇ ਗਲ ਵਿਚ ਜਨੇਊ ਪਾਉਣ ਲੱਗਾ ਤਾਂ ਆਪ ਜੀ ਨੇ ਉਸ ਦਾ ਹੱਥ ਫੜ ਲਿਆ ਅਤੇ ਜਨੇਊ ਨੂੰ ਜਾਤਿ ਬੰਧਨ ਕਹਿ ਕੇ ਪਹਿਨਣ ਤੋਂ ਇਨਕਾਰ ਕਰ ਦਿੱਤਾ। ਆਪ ਜੀ ਨੇ ਪੰਡਤ ਨੂੰ ਜੀਵਨ ਅੰਮ੍ਰਿਤ ਪ੍ਰਦਾਨ ਕਰਨ ਵਾਲਾ ਜਨੇਊ ਪਾਉਣ ਲਈ ਕਿਹਾ :

**ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥**
**ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥**

*(ਸਲੋਕ ਆਸਾ ਦੀ ਵਾਰ, ਮਹਲਾ ੧)*

ਛੋਟੀ ਉਮਰੇ ਧਾਰਮਿਕ ਰਹੁ-ਰੀਤਾਂ ਅਤੇ ਕਰਮ-ਕਾਂਡਾਂ ਵਿਰੁੱਧ ਭਰੀ ਬਰਾਦਰੀ ਸਾਹਮਣੇ ਗੁਰੂ ਜੀ ਦਾ ਇਹ ਪਹਿਲਾ ਵਿਦਰੋਹ ਸੀ। ਗੁਰੂ ਜੀ ਨੇ ਸਪੱਸ਼ਟ ਸ਼ਬਦਾਂ ਵਿਚ ਧਾਗੇ ਦੇ ਜਨੇਊ ਦੀ ਥਾਂ ਅਜਿਹੇ ਜਨੇਊ ਦੀ ਲੋੜ ਉੱਤੇ ਬਲ ਦਿੱਤਾ ਜੋ ਦਇਆ, ਸੰਤੋਖ ਤੇ ਜਤ-ਸਤ ਦੀ ਸ਼ਕਤੀ ਦੇ ਸਕੇ।

ਗੁਰੂ ਸਾਹਿਬ ਦਾ ਮਨ ਸਦਾ ਕਰਤਾਰ ਦੇ ਚਿੰਤਨ ਵਿਚ ਲੀਨ ਰਹਿੰਦਾ ਅਤੇ ਆਪ ਸੰਸਾਰਕ ਵਿਹਾਰਾਂ ਵੱਲ ਧਿਆਨ ਨਹੀਂ ਦਿੰਦੇ ਸਨ। ਆਪ ਸਾਧਾਂ, ਸੰਤਾਂ ਤੇ ਫ਼ਕੀਰਾਂ ਦੀ ਸੰਗਤ ਕਰ ਕੇ ਖ਼ੁਸ਼ ਰਹਿੰਦੇ ਅਤੇ ਜਦੋਂ ਵੀ ਕਿਤੇ ਇਕੱਲੇ ਹੁੰਦੇ ਤਾਂ ਆਪਣੇ ਆਪ ਵਿਚ ਮਸਤ ਰਹਿੰਦੇ। ਮਾਪਿਆਂ ਦੀ ਵੱਡੀ ਇੱਛਾ ਸੀ ਕਿ ਉਹ

ਘਰ ਦੇ ਕਾਰੋਬਾਰ ਵਿਚ ਲੱਗਣ। ਮਾਪੇ ਗੁਰੂ ਜੀ ਦੀ ਇਸ ਉਦਾਸੀ ਤੇ ਉਪਰਾਮਤਾ ਦੇ ਰਵੱਈਏ ਨੂੰ ਵੇਖ ਕੇ ਬਹੁਤ ਫ਼ਿਕਰਮੰਦ ਹੋਏ। ਸੰਸਾਰੀ ਕਾਰ-ਵਿਹਾਰ ਵਿਚ ਲਾਉਣ ਲਈ ਉਹਨਾਂ ਗੁਰੂ ਨਾਨਕ ਨੂੰ ਮੱਝਾਂ ਚਾਰਨ ਲਈ ਖੇਤਾਂ ਵੱਲ ਭੇਜਿਆ, ਪਰ ਆਪ ਦੀ ਉਥੇ ਵੀ ਪ੍ਰਭੂ ਨਾਲ ਲਿਵ ਜੁੜ ਜਾਂਦੀ ਤੇ ਮੱਝਾਂ ਕਿਸੇ ਦਾ ਖੇਤ ਚਰ ਜਾਂਦੀਆਂ। ਉਲ੍ਹਾਮੇਂ ਆਉਣ ਲੱਗੇ। ਕਿਸੇ ਨੇ ਰਾਇ ਬੁਲਾਰ ਕੋਲ ਜਾ ਸ਼ਿਕਾਇਤ ਕੀਤੀ। ਪਰ ਜਦ ਰਾਇ ਬੁਲਾਰ ਮੌਕੇ 'ਤੇ ਪੁੱਜ ਕੇ ਖੇਤ ਦਾ ਹੋਇਆ ਨੁਕਸਾਨ ਦੇਖਣ ਗਿਆ ਤਾਂ ਉਥੇ ਕੁਝ ਵੀ ਬਰਬਾਦ ਨਹੀਂ ਹੋਇਆ ਸੀ। ਗੁਰੂ ਜੀ ਉਸ ਸਮੇਂ ਪ੍ਰਭੂ ਰੰਗ ਵਿਚ ਰੰਗੇ ਹੋਏ ਭਗਤੀ ਵਿਚ ਲੀਨ ਸਨ। ਆਖ਼ਰ ਮਾਪਿਆਂ ਨੇ ਇਹ ਕੰਮ ਛੁਡਵਾਇਆ। ਉਪਰੰਤ ਹੱਟੀ ਪਾ ਕੇ ਵਪਾਰ ਵਿਚ ਲਾਉਣ ਦੀ ਸਲਾਹ ਬਣਾਈ। ਹੱਟੀ ਲਈ ਨੇੜੇ ਸ਼ਹਿਰ ਚੂਹੜਕਾਣੇ ਤੋਂ ਸੌਦਾ ਖ਼ਰੀਦ ਕੇ ਲਿਆਉਣ ਲਈ 20 ਰੁਪਏ ਦਿੱਤੇ। ਪਰੰਤੂ ਆਪ ਨੇ ਉਹ 20 ਰੁਪਏ ਰਸਤੇ ਵਿਚ ਹੀ ਭੁੱਖੇ ਸਾਧੂਆਂ ਨੂੰ ਭੋਜਨ ਛਕਾਉਣ 'ਤੇ ਲਾ ਦਿੱਤੇ ਅਤੇ ਖ਼ਾਲੀ ਹੱਥ ਘਰ ਆ ਗਏ। ਪਤਾ ਲੱਗਣ ਉੱਤੇ ਮਾਪੇ ਨਾਰਾਜ਼ ਹੋਏ ਤੇ ਪਿਤਾ ਨੇ ਸਖ਼ਤ ਝਾੜ ਪਾਈ। ਸੌਦਾ ਨਾ ਖ਼ਰੀਦ ਕੇ ਲਿਆਉਣ ਬਾਰੇ ਪੁੱਛਣ ਉੱਤੇ ਆਪ ਜੀ ਨੇ ਸਹਿਜੇ ਹੀ ਕਹਿ ਦਿੱਤਾ, "ਤੁਸੀਂ ਸੱਚਾ ਸੌਦਾ ਕਰਨ ਲਈ ਕਿਹਾ ਸੀ, ਕੀ ਭੁੱਖੇ ਸਾਧੂਆਂ ਨੂੰ ਭੋਜਨ ਛਕਾਉਣਾ ਸੱਚਾ ਸੌਦਾ ਨਹੀਂ ?"

ਗੁਰੂ ਜੀ ਜਿਉਂ ਜਿਉਂ ਵੱਡੇ ਹੁੰਦੇ ਗਏ, ਉਹਨਾਂ ਦੇ ਸੁਭਾਅ ਵਿਚ ਗੰਭੀਰਤਾ ਤੇ ਉਪਰਾਮਤਾ ਦਾ ਵਾਧਾ ਹੁੰਦਾ ਗਿਆ। ਪਿਤਾ ਨੇ ਕਦੇ ਖੇਤੀ, ਕਦੇ ਦੁਕਾਨਦਾਰੀ ਤੇ ਕਦੇ ਘੋੜਿਆਂ ਦੀ ਸੌਦਾਗਰੀ ਕਰਨ ਦੀ ਸਲਾਹ ਦਿੱਤੀ, ਮਾਂ ਵੀ ਸਮਝਾਉਣ ਦਾ ਯਤਨ ਕਰਦੀ ਪਰੰਤੂ ਸਭ ਬੇਅਸਰ। ਗੁਰੂ ਜੀ ਨੇ ਖਾਣਾ ਪੀਣਾ ਵੀ ਭੁਲਾ ਦਿਤਾ। ਮਾਪਿਆਂ ਨੇ ਗ੍ਰਹਿਸਥ ਵਿਚ ਪਾਉਣ ਦਾ ਆਖ਼ਰੀ ਹਥਿਆਰ ਵਰਤਣ ਦੀ ਸਲਾਹ ਬਣਾਈ। ਉਹਨਾਂ ਸੋਚਿਆ ਸ਼ਾਇਦ ਗ੍ਰਹਿਸਥ ਵਿਚ ਪੈ ਕੇ ਸੰਸਾਰੀ ਕਾਰ-ਵਿਹਾਰ ਚਲਾਉਣ ਨਾਲ ਇਹਨਾਂ ਦੇ ਵਤੀਰੇ ਵਿਚ ਕੋਈ ਤਬਦੀਲੀ ਆ ਸਕੇ। ਆਪ ਅਠਾਰਾਂ ਕੁ ਸਾਲ ਦੇ ਹੋਏ ਤਾਂ ਆਪ ਦੀ ਸ਼ਾਦੀ ਬਟਾਲਾ (ਜ਼ਿਲਾ ਗੁਰਦਾਸਪੁਰ) ਨਿਵਾਸੀ ਭਾਈ ਮੂਲ ਚੰਦ ਦੀ ਸਪੁੱਤਰੀ ਬੀਬੀ ਸੁਲੱਖਣੀ ਨਾਲ 1487 ਈ. ਵਿਚ ਕਰ ਦਿੱਤੀ ਗਈ। ਇਹਨਾਂ ਦੀ ਸ਼ਾਦੀ ਗੁਰੂ-ਪ੍ਰਥਾ ਅਨੁਸਾਰ ਹੋਈ ਅਤੇ ਇਸ ਨੂੰ ਵੇਖ ਕੇ ਇਹਨਾਂ ਦੀ ਸੱਸ ਚੰਦੋ ਰਾਣੀ (ਸਭਰਾਣੀ) ਨੂੰ ਅਪਾਰ ਖ਼ੁਸ਼ੀ ਹੋਈ। ਗੁਰੂ ਜੀ ਨੇ ਪਾਖੰਡਵਾਦੀ ਵਿਵਾਹਕ ਰਸਮਾਂ ਨੂੰ ਸਵੀਕਾਰ ਨਹੀਂ ਕੀਤਾ। ਇਹਨਾਂ ਦੇ ਦੋ ਸਪੁੱਤਰ ਸ੍ਰੀਚੰਦ ਅਤੇ ਲਖਮੀ ਚੰਦ ਪੈਦਾ ਹੋਏ। ਇਸ ਤਰ੍ਹਾਂ ਆਪ ਦੀ ਜ਼ਿੰਮੇਵਾਰੀ ਜ਼ਰੂਰ ਵਧ ਗਈ, ਪਰ ਆਪ ਸੰਸਾਰੀ ਕੰਮਾਂ ਵਿਚ ਵਧੇਰੇ ਖਚਤ ਨਾ ਹੋ ਸਕੇ। ਆਪ ਦੀ ਨਿੱਤ ਵਧ ਰਹੀ ਵੈਰਾਗਮਈ ਅਵਸਥਾ ਨੂੰ ਨਾ ਸਮਝਦਿਆਂ ਹੋਇਆ ਵੈਦਾ ਨੇ ਦੁਆ-ਦਾਰੂ ਦੁਆਰਾ ਆਪਣਾ ਟਿਲ ਲਾਇਆ ਪਰ ਰੋਗ

ਆਤਮਿਕ ਸੀ, ਸਰੀਰਕ ਹੁੰਦਾ ਤਾਂ ਦਵਾਈ ਕਾਟ ਕਰਦੀ। ਗੁਰੂ ਜੀ ਕਹਿਣ ਲੱਗੇ :

**ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ ॥**
**ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ ॥੧॥**

*(ਸਲੋਕ, ਮਲਾਰ ਕੀ ਵਾਰ, ਮਹਲਾ ੧)*

ਇਹਨਾਂ ਦੇ ਪਿਤਾ ਮਹਿਤਾ ਕਾਲੂ ਨੇ ਇਹਨਾਂ ਦੇ ਵੈਰਾਗਮਈ ਸੁਭਾਅ ਨੂੰ ਵੇਖ ਕੇ ਇਹ ਸੋਚਿਆ ਕਿ ਇਹਨਾਂ ਦਾ ਦਿਲ ਇਥੇ ਨਹੀਂ ਲੱਗਦਾ, ਇਸ ਲਈ ਇਹਨਾਂ ਨੂੰ ਵੱਡੀ ਭੈਣ ਨਾਨਕੀ ਪਾਸ ਸੁਲਤਾਨਪੁਰ ਲੋਧੀ ਭੇਜ ਦਿੱਤਾ ਜਾਏ। ਉਥੇ ਕਿਸੇ ਕੰਮ-ਕਾਜ ਵਿਚ ਲੱਗ ਕੇ ਸ਼ਾਇਦ ਇਹਨਾਂ ਦਾ ਮਨ ਲੱਗ ਜਾਏ। ਬੀਬੀ ਨਾਨਕੀ ਦਾ ਪਤੀ ਜੈਰਾਮ ਉਸ ਵੇਲੇ ਸੁਲਤਾਨਪੁਰ ਲੋਧੀ ਵਿਖੇ ਦੌਲਤ ਖ਼ਾਂ ਲੋਧੀ ਪਾਸ ਨੌਕਰੀ ਕਰਦਾ ਸੀ। ਉਸ ਨੇ ਆਪਣੇ ਰਸੂਖ਼ ਨਾਲ ਗੁਰੂ ਨਾਨਕ ਦੇਵ ਜੀ ਨੂੰ ਮੋਦੀਖ਼ਾਨੇ ਵਿਚ ਨੌਕਰੀ ਉੱਤੇ ਲੁਆ ਦਿਤਾ। ਸਾਰੇ ਪਰਿਵਾਰ ਨੂੰ ਖ਼ੁਸ਼ੀ ਹੋਈ। ਗੁਰੂ ਨਾਨਕ ਦੇਵ ਜੀ ਨੇ ਆਪਣਾ ਸਾਰਾ ਪਰਿਵਾਰ ਆਪਣੇ ਕੋਲ ਬੁਲਾ ਲਿਆ। ਕਿਰਤ ਕਰਨ, ਵੰਡ ਛਕਣ ਤੇ ਨਾਮ ਜਪਣ ਦਾ ਦੌਰ ਚਲਾਇਆ। ਭਾਈ ਮਰਦਾਨਾ ਜੋ ਤਲਵੰਡੀ ਦਾ ਹੀ ਰਹਿਣ ਵਾਲਾ ਸੀ, ਆਪ ਦਾ ਪੱਕਾ ਸ਼ਰਧਾਲੂ ਤੇ ਇਕ ਚੰਗਾ ਰਬਾਬੀ ਸੀ, ਉਹ ਵੀ ਗੁਰੂ ਸਾਹਿਬ ਕੋਲ ਸੁਲਤਾਨਪੁਰ ਲੋਧੀ ਆ ਟਿਕਿਆ। ਗੁਰੂ ਜੀ ਇਥੇ ਕੋਈ ਲਗਭਗ 10 ਸਾਲ ਰਹੇ। ਇਥੇ ਰਹਿੰਦਿਆਂ ਗੁਰੂ ਜੀ ਨੇ ਬੜੀ ਸਿਆਣਪ, ਈਮਾਨਦਾਰੀ ਤੇ ਤਨਦੇਹੀ ਨਾਲ ਕੰਮ ਕੀਤਾ ਅਤੇ ਹਜ਼ਾਰਾਂ ਦਾ ਲਾਭ ਹੋਣ ਲੱਗਾ। ਗੁਰੂ ਜੀ ਨੇ ਇਸ ਦੇ ਨਾਲ ਪ੍ਰਭੂ-ਚਿੰਤਨ ਦਾ ਕਾਰਜ ਵੀ ਜਾਰੀ ਰੱਖਿਆ। ਆਪ ਨੂੰ ਜਦੋਂ ਵੀ ਵਿਹਲ ਮਿਲਦੀ, ਭਾਈ ਮਰਦਾਨੇ ਨਾਲ ਰਲ ਕੇ ਪ੍ਰਭੂ ਦੇ ਨਾਮ ਦਾ ਕੀਰਤਨ ਕਰਦੇ। ਹਰ ਰੋਜ਼ ਅੰਮ੍ਰਿਤ ਵੇਲੇ ਉੱਠ ਕੇ ਵੇਈਂ ਨਦੀ ’ਤੇ ਇਸ਼ਨਾਨ ਕਰਨ ਜਾਂਦੇ। ਵੇਈਂ ਨਦੀ ਦੇ ਕੰਢੇ ਇਕਾਂਤ ਵਿਚ ਕਿੰਨਾ-ਕਿੰਨਾ ਚਿਰ ਪ੍ਰਭੂ ਨਾਲ ਲਿਵ ਜੋੜ ਕੇ ਭਜਨ ਬੰਦਗੀ ਕਰਦੇ। ਆਪਣੀ ਕਮਾਈ ਵਿਚੋਂ ਲੋੜਵੰਦਾਂ ਦੀ ਸਹਾਇਤਾ ਕਰਦੇ। ਇਸੇ ਦੌਰਾਨ ਗੁਰੂ ਜੀ ਨੇ ਗ਼ਰੀਬਾਂ, ਸੰਤਾਂ ਤੇ ਮਹਾਂਪੁਰਸ਼ਾਂ ਲਈ ਲੰਗਰ ਜਾਰੀ ਕਰ ਦਿੱਤਾ। ਗੁਰੂ ਜੀ ਦੀ ਵਡਿਆਈ ਚਾਰ ਚੁਫੇਰੇ ਹੋਣ ਲੱਗੀ। ਕਈ ਲੋਕ ਆਪ ਦੇ ਸ਼ਰਧਾਲੂ ਤੇ ਸਤਿਸੰਗੀ ਬਣ ਗਏ। ਆਪ ਸੱਚੇ ਅਰਥਾਂ ਵਿਚ ਦੀਨ ਦੁਖੀ ਲੋਕਾਂ ਦੇ ਦਿਲਾਂ ਦੇ ਬਾਦਸ਼ਾਹ ਬਣ ਗਏ। ਦੌਲਤ ਖ਼ਾਨ ਵੀ ਗੁਰੂ ਜੀ ਦੇ ਕੰਮ ਤੋਂ ਬਹੁਤ ਖ਼ੁਸ਼ ਹੋਇਆ।

ਗੁਰੂ ਜੀ ਦੀ ਦਿਨੋਂ-ਦਿਨ ਵੱਧ ਰਹੀ ਸੋਭਾ ਨੂੰ ਵੇਖ ਕੇ ਕੁਝ ਲੋਕ ਉਹਨਾਂ ਨਾਲ ਖਾਰ ਖਾਣ ਲੱਗੇ। ਇਕ ਦਿਨ ਆਪ ਜਿਨਸ ਤੋਲਦੇ-ਤੋਲਦੇ ਜਦ ਤੇਰਾਂ ਦੀ ਧਾਰਨ ’ਤੇ ਪੁੱਜੇ ਤਾਂ ਆਪ ਦੀ ਸੁਰਤੀ ‘ਤੇਰਾ-ਤੇਰਾ’ ਕਰਨ ਲੱਗ ਪਈ। ਇਸ ਤਰ੍ਹਾਂ ਆਪ ਨੇ ਕਈ ਇਕ ਧਾਰਨਾਂ ਤੋਲ ਛੱਡੀਆਂ। ਦੋਖੀਆਂ ਵਿਚੋਂ ਕਿਸੇ ਇਕ ਨੇ ਨਵਾਬ

ਪਾਸ ਜਾ ਚੁਗ਼ਲੀ ਕੀਤੀ ਕਿ ਗੁਰੂ ਨਾਨਕ ਮੋਦੀਖ਼ਾਨਾ ਲੁਟਾਈ ਜਾ ਰਿਹਾ ਹੈ। ਉਹ ਆਪ ਨੂੰ ਪੂਰਾ ਨਫ਼ਾ ਕਮਾ ਕੇ ਨਹੀਂ ਦਿੰਦਾ ਤੇ ਕਈ ਵੇਰੀ ਤਾਂ ਅਨਾਜ ਆਦਿ ਤੋਲਦਿਆਂ ਤੇਰਾ-ਤੇਰਾ ਕਹਿ ਕੇ ਜ਼ਰੂਰਤਮੰਦਾਂ ਨੂੰ ਕਾਫ਼ੀ ਵੱਧ ਦੇ ਦਿੰਦਾ ਹੈ। ਬੇਅੰਤ ਅੰਨ-ਦਾਣਾ ਵੰਡੀ ਜਾ ਰਿਹਾ ਹੈ। ਇਹਨਾਂ ਸ਼ਿਕਾਇਤਾਂ ਦੀ ਗੁਰੂ ਜੀ ਪਰਵਾਹ ਨਹੀਂ ਕਰਦੇ ਸਨ ਅਤੇ ਅਨਾਥਾਂ ਦੀ ਮਦਦ ਕਰਦੇ ਰਹਿੰਦੇ ਸਨ। ਰੋਜ਼ ਦੀਆਂ ਸ਼ਿਕਾਇਤਾਂ ਨੂੰ ਸੁਣ ਕੇ ਆਖ਼ਰ ਇਕ ਦਿਨ ਨਵਾਬ ਨੇ ਉਹਨਾਂ ਦੇ ਮੋਦੀਖ਼ਾਨੇ ਦੀ ਜਾਂਚ-ਪੜਤਾਲ ਕਰਨ ਦਾ ਹੁਕਮ ਦੇ ਦਿੱਤਾ। ਮੋਦੀਖ਼ਾਨੇ ਦਾ ਹਿਸਾਬ-ਕਿਤਾਬ ਹੋਇਆ, ਉਸ ਵਿਚ ਪਏ ਮਾਲ ਦੀ ਪੜਤਾਲ ਹੋਈ, ਜੋ ਸਭ ਠੀਕ ਨਿਕਲਿਆ। ਇਹ ਵੇਖ ਕੇ ਨਵਾਬ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਅਤੇ ਲੋਕਾਂ ਦੀਆਂ ਸ਼ਿਕਾਇਤਾਂ ਝੂਠੀਆਂ ਸਾਬਤ ਹੋਈਆਂ।

ਨਿੱਤ ਦੇ ਨੇਮ ਅਨੁਸਾਰ ਗੁਰੂ ਜੀ ਇਕ ਦਿਨ ਤੜਕਸਾਰ ਆਪਣੇ ਇਕ ਸੇਵਕ ਨਾਲ ਵੇਈਂ ਨਦੀ ’ਤੇ ਇਸ਼ਨਾਨ ਕਰਨ ਲਈ ਗਏ, ਟੁੱਬੀ ਮਾਰੀ ਪਰ ਵਾਪਸ ਨਾ ਪਰਤੇ। ਲੋਕਾਂ ਵਿਚ ਚਹੁੰ ਪਾਸੀਂ ਇਹ ਗੱਲ ਧੁੰਮ ਗਈ ਕਿ ਨਾਨਕ ਡੁੱਬ ਗਿਆ ਹੈ। ਹਰ ਪਾਸੇ ਹਾਹਾਕਾਰ ਮੱਚ ਗਈ। ਇਸ ਗੱਲ ਦਾ ਜਦ ਉਹਨਾਂ ਦੀ ਭੈਣ ਨਾਨਕੀ ਨੂੰ ਪਤਾ ਲੱਗਾ ਤਾਂ ਉਹਨਾਂ ਨੂੰ ਗੁਰੂ ਨਾਨਕ ਦੇ ਡੁੱਬਣ ਦਾ ਬਿਲਕੁਲ ਯਕੀਨ ਨਾ ਆਇਆ। ਗੁਰੂ ਜੀ ਅਸਲ ਵਿਚ ਡੁੱਬੇ ਨਹੀਂ ਸਨ, ਉਹ ਤਾਂ ਉਸ ਸਮੇਂ ਆਤਮਲੀਨ ਹੋ ਕੇ ਸੱਚਖੰਡ ਵਿਚ ਜਾ ਪੁੱਜੇ ਅਤੇ ਉਥੇ ਜਾ ਕੇ ਅਕਾਲ ਪੁਰਖ ਤੋਂ ਅੰਮ੍ਰਿਤ ਪਾਨ ਕੀਤਾ। ਪੁਰਾਤਨ ਜਨਮਸਾਖੀ ਦਾ ਕਰਤਾ ਲਿਖਦਾ ਹੈ ਕਿ ਗੁਰੂ ਜੀ ਦੇ ਵੇਈਂ ਨਦੀ ਵਿਚ ਚੁੱਭੀ ਮਾਰਨ ਸਮੇਂ ਪ੍ਰਭੂ ਦੇ ਸੇਵਕ ਉਹਨਾਂ ਨੂੰ ਪ੍ਰਭੂ ਦੀ ਦਰਗਾਹ ਵਿਚ ਲੈ ਗਏ। ਉਥੇ ਪਰਮਾਤਮਾ ਨੇ ਗੁਰੂ ਜੀ ਨੂੰ ਜੋ ਉਪਦੇਸ਼ ਦਿੱਤਾ, ਜਨਮਸਾਖੀ ਅਨੁਸਾਰ ਉਹ ਇਸ ਪ੍ਰਕਾਰ ਹੈ :

> ਨਾਨਕ ਮੈਂ ਤੇਰੇ ਨਾਲ ਹਾਂ। ਮੈਂ ਤੇਰੇ ਤਾਈਂ ਨਿਹੁਲ ਕੀਆ ਹੈ, ਅਰੁ ਜੋ ਤੇਰਾ ਨਾਉਂ ਲਵੇਗਾ ਸੋ ਸਭ ਮੈਂ ਨਿਹਾਲ ਕੀਤੇ ਹੈਨਿ। ਤੂੰ ਜਾਇ ਕਰਿ ਮੇਰਾ ਨਾਮੁ ਜਪਿ, ਅਰੁ ਲੋਕਾਂ ਥੀਂ ਭੀ ਜਪਾਇ। ਅਰੁ ਸੰਸਾਰਿ ਥੀਂ ਨਿਰਲੇਪੁ ਰਹੁ, ਨਾਮੁ, ਦਾਨੁ, ਇਸ਼ਨਾਨੁ, ਸੇਵਾ ਸਿਮਰਨ ਵਿਚ ਰਹੁ। ਮੈਂ ਤੇਰੇ ਤਾਈਂ ਆਪਣਾ ਨਾਮ ਦੀਆ ਹੈ। ਤੂੰ ਏਹਾ ਕਿਰਤਿ ਕਰਿ।[2]

ਇਸ ਘਟਨਾ ਉਪਰੰਤ ਗੁਰੂ ਨਾਨਕ ਸਾਹਿਬ ਨੇ ਮੋਦੀਖ਼ਾਨੇ ਦੀ ਨੌਕਰੀ ਛੱਡ ਦਿੱਤੀ ਤੇ ਸੰਸਾਰ ਰਟਨ, ਨਾਮ ਜਪਾਉਣ ਤੇ ਸੰਸਾਰ ਦਾ ਉਦਾਰ ਕਰਨ ਦਾ ਪ੍ਰੋਗਰਾਮ ਬਣਾ ਲਿਆ। ਇਸ ਤਰ੍ਹਾਂ ਇਹ ਵਾਕਿਆ ਗੁਰੂ ਨਾਨਕ ਸਾਹਿਬ ਦੇ ਜੀਵਨ ਵਿਚ ਇਕ ਮਹਾਨ ਮੋੜ ਸਾਬਤ ਹੋਇਆ। ਸੱਚਖੰਡ ਤੋਂ ਪ੍ਰਾਪਤ ਕੀਤੇ ਅੰਮ੍ਰਿਤ ਨੂੰ ਸਾਰੇ ਸੰਸਾਰ ਵਿਚ ਵੰਡਣ ਦੀ ਯੋਜਨਾ ਬਣਾਈ। ਸੰਸਾਰ ਉਧਾਰ ਲਈ ਉਹਨਾਂ ਕਰਮਯੋਗ

ਤੇ ਨਾਮ ਮਾਰਗ ਉੱਤੇ ਚੱਲਣ ਲਈ ਜ਼ੋਰ ਦਿੱਤਾ। ਗੁਰੂ ਜੀ ਨੇ ਤਤਕਾਲੀਨ ਮਾਹੌਲ ਵਿਚ ਲੋਕਾਂ ਦੇ ਦੁੱਖਾਂ ਤਕਲੀਫ਼ਾਂ ਅਤੇ ਹਾਕਮ ਸ਼੍ਰੇਣੀਆਂ ਦੀ ਲੁੱਟ-ਖਸੁੱਟ ਨੂੰ ਦੂਰ ਕਰਨ ਲਈ ਇਹ ਜ਼ਰੂਰੀ ਸਮਝਿਆ ਕਿ ਲੋਕਾਂ ਨੂੰ ਆਤਮਿਕ ਤੌਰ ’ਤੇ ਜਾਗ੍ਰਿਤ ਕੀਤਾ ਜਾਵੇ ਅਤੇ ਇਹੋ ਮਾਨਵ ਜਾਤੀ ਦੀ ਠੀਕ ਅਗਵਾਈ ਹੈ। ਗੁਰੂ ਜੀ ਨੇ ਵਿਚਾਰਿਆ ਕਿ ਘਰ ਬੈਠ ਕੇ ਉਪਦੇਸ਼ ਕਰਨ ਨਾਲ ਸੰਸਾਰ ’ਤੇ ਪੂਰਨ ਉਪਕਾਰ ਨਹੀਂ ਹੋ ਸਕਦਾ, ਇਸ ਦ੍ਰਿਸ਼ਟੀ ਨਾਲ ਹੀ ਉਹਨਾਂ ਫੁੱਟ, ਈਰਖਾ ਤੇ ਵੈਰ ਨਾਲ ਸੜਦੀ ਹੋਈ ਲੋਕਾਈ ਨੂੰ ਅੰਮ੍ਰਿਤ ਦਾ ਛੱਟਾ ਦੇਣ ਵਾਸਤੇ ਆਪਣੀਆਂ ਯਾਤਰਾਵਾਂ ਦਾ ਪ੍ਰੋਗਰਾਮ ਉਲੀਕਿਆ। ਗੁਰੂ ਜੀ ਨੇ ਲੋਕ ਕਲਿਆਣ ਲਈ ਆਪਣਾ ਸੁਖ-ਆਰਾਮ ਤੇ ਪਰਿਵਾਰਕ ਮੋਹ ਪਿਆਰ ਤਿਆਗ ਦਿੱਤਾ ਅਤੇ ਪੈਦਲ ਹੀ ਲੱਖਾਂ ਮੁਸੀਬਤਾਂ ਤੇ ਸਫ਼ਰ ਦੇ ਦੁੱਖਾਂ ਨੂੰ ਖਿੜੇ ਮੱਥੇ ਸਹਾਰਰੇ ਹੋਏ ਸਾਰੇ ਭਾਰਤ ਦਾ ਰਟਣ ਲਾਇਆ।

ਗੁਰੂ ਜੀ ਦੇ ਸੰਸਾਰ ਰਟਨ ਨੂੰ ਉਦਾਸੀਆਂ ਕਿਹਾ ਜਾਂਦਾ ਹੈ। ਗੁਰੂ ਜੀ ਨੇ ਚਾਰ ਵੱਡੀਆਂ ਉਦਾਸੀਆਂ (ਯਾਤਰਾਵਾਂ) ਕੀਤੀਆਂ। ਇਹਨਾਂ ਦਾ ਸਮਾਂ 1499 ਤੋਂ 1521 ਈ. ਤਕ ਹੈ। ਪਹਿਲੀ ਉਦਾਸੀ 1499 ਤੋਂ 1509 ਈ. ਤਕ ਉੱਤਰੀ ਤੇ ਪੂਰਬੀ ਭਾਰਤ ਦੀ ਕੀਤੀ।

ਇਹ ਉਦਾਸੀ ਆਪ ਨੇ ਸੁਲਤਾਨਪੁਰ ਤੋਂ ਆਰੰਭ ਕੀਤੀ ਅਤੇ ਤਲਵੰਡੀ ਵਿਚ ਆਪਣੇ ਮਾਪਿਆਂ ਨੂੰ ਮਿਲ ਕੇ ਅੱਗੇ ਤੁਰੇ। ਯਾਤਰਾ ਸਮੇਂ ਭਾਈ ਮਰਦਾਨਾ ਤੇ ਭਾਈ ਬਾਲਾ ਉਹਨਾਂ ਦੇ ਸਾਥੀ ਬਣ ਗਏ। ਇਸ ਉਦਾਸੀ ਦੌਰਾਨ ਉਹਨਾਂ ਨੇ ਕੁਰੂਕਸ਼ੇਤਰ, ਪਾਨੀਪਤ, ਹਰਿਦੁਆਰ, ਦਿੱਲੀ, ਮਥਰਾ, ਬਿੰਦਰਾਬਨ, ਅਯੁੱਧਿਆ, ਬਨਾਰਸ, ਕਾਂਸ਼ੀ, ਪ੍ਰਯਾਗ, ਪਟਨਾ, ਕਲਕੱਤਾ, ਗਯਾ, ਭਾਗਲਪੁਰ, ਬਰਦਵਾਲ, ਮਨੀਪੁਰ, ਆਸਾਮ, ਜਗਨਨਾਥ ਪੁਰੀ, ਗੋਰਖ ਮਤਾ, ਰਾਮੇਸ਼ਵਰਮ, ਉਜੈਨ, ਸੋਮਨਾਥ, ਦੁਆਰਕਾ ਆਦਿ ਥਾਵਾਂ ਦੀ ਯਾਤਰਾ ਕੀਤੀ। ਆਪ ਜਿਥੇ ਵੀ ਗਏ, ਉਥੇ ਹੀ ਲੋਕਾਂ ਨੂੰ ਝੂਠੀਆਂ ਰਹੁ-ਰੀਤਾਂ, ਕਰਮ-ਕਾਂਡਾਂ, ਪਿਤਰ-ਪੂਜਾ ਅਤੇ ਦਿਖਾਵੇ ਦੇ ਭੇਖਾਂ ਨੂੰ ਤਿਆਗ ਕੇ ਕਿਰਤ ਕਰਨ, ਨਾਮ ਜਪਣ ਤੇ ਵੰਡ ਛਕਣ ਦੇ ਕਾਰਜ ਕਰਦੇ ਹੋਏ ਸੱਚਾ ਤੇ ਸੁੱਚਾ ਜੀਵਨ ਬਤੀਤ ਕਰਨ ਉੱਤੇ ਜ਼ੋਰ ਦਿਤਾ।

ਦੂਜੀ ਉਦਾਸੀ 1510 ਤੋਂ 1515 ਈ. ਮੁੜ ਪੰਜਾਬ ਤੋਂ ਆਰੰਭ ਹੋਈ। ਇਸ ਉਦਾਸੀ ਦੇ ਦੌਰਾਨ ਗੁਰੂ ਜੀ ਦੱਖਣ ਵੱਲ ਸਮੁੰਦਰੀ ਕਿਨਾਰੇ ਦੇ ਨਾਲ ਨਾਲ ਵੱਖ-ਵੱਖ ਥਾਵਾਂ ਤੋਂ ਹੁੰਦੇ ਹੋਏ ਲੰਕਾ ਤਕ ਪੁੱਜੇ ਅਤੇ ਮੁੜਦੇ ਮੱਧ ਪ੍ਰਦੇਸ਼ ਵਿਚੋਂ ਦੀ ਲੰਘਦੇ ਆਏ ਅਤੇ ਥਾਂ-ਥਾਂ ਪ੍ਰਭੂ ਦੀ ਮਹਿਮਾ ਦਾ ਉਪਦੇਸ਼ ਦਿੱਤਾ। ਜੈਨੀਆਂ ਦੇ ਧਾਰਮਿਕ ਅਸਥਾਨਾਂ ਉੱਤੇ ਜਾ ਕੇ ਉਹਨਾਂ ਦੇ ਭਰਮ ਨਵਿਰਤ ਕੀਤੇ। ਇਸ ਤਰ੍ਹਾਂ ਇਹਨਾਂ ਦੋਹਾਂ ਉਦਾਸੀਆਂ ਵਿਚ ਆਪ ਨੇ ਲਗਭਗ ਸਾਰੇ ਮਹਾਨ ਹਿੰਦੂ ਤੀਰਥਾਂ ਦੀ ਯਾਦਰਾ ਕੀਤੀ ਤੇ ਉਥੋਂ ਦਾ ਸਾਰਾ ਜੀਵਨ ਚੰਗੀ ਤਰ੍ਹਾਂ ਵੇਖਿਆ।

ਤੀਜੀ ਉਦਾਸੀ 1515 ਤੋਂ 1517 ਈ. ਤਕ ਕਸ਼ਮੀਰ ਤੇ ਹਿਮਾਲਾ ਪਰਬਤ ਵਿਚ ਕੀਤੀ। ਆਪ ਕਸ਼ਮੀਰੀ ਪੰਡਤਾਂ ਤੇ ਸਿੱਧਾਂ ਜੋਗੀਆਂ ਦੇ ਪ੍ਰਸਿੱਧ ਸਥਾਨਾਂ ਉੱਤੇ ਗਏ। ਫਿਰ ਉਹਨਾਂ ਨਾਲ ਵਿਚਾਰ-ਵਟਾਂਦਰਾ ਕਰ ਕੇ ਉਹਨਾਂ ਦੀਆਂ ਅੱਖਾਂ ਖੋਲ੍ਹੀਆਂ। ਗੁਰੂ ਜੀ ਨੇ ਕਿਹਾ ਕਿ ਵਾਸਤਵਿਕ ਜੀਵਨ ਤੋਂ ਦੌੜ ਕੇ ਜੰਗਲਾਂ ਪਹਾੜਾਂ ਉੱਤੇ ਨਿਵਾਸ ਕਰਨ ਦਾ ਕੋਈ ਲਾਭ ਨਹੀਂ। ਮਹਾਂਪੁਰਖਾਂ ਨੂੰ ਗ੍ਰਿਹਸਤੀ ਜੀਵਨ ਵਿਚ ਰਹਿ ਕੇ ਵਰਤਮਾਨ ਸਮੱਸਿਆਵਾਂ ਨਾਲ ਦੋ-ਚਾਰ ਹੋਣਾ ਚਾਹੀਦਾ ਹੈ ਅਤੇ ਭੁੱਲੇ ਹੋਏ ਲੋਕਾਂ ਨੂੰ ਸੱਚ ਦਾ ਮਾਰਗ ਦੱਸਣਾ ਚਾਹੀਦਾ ਹੈ।

ਚੌਥੀ ਉਦਾਸੀ ਵਿਚ 1517 ਤੋਂ 1521 ਈ. ਤਕ ਆਪ ਨੇ ਮੁਸਲਮਾਨੀ ਦੇਸ਼ਾਂ ਦਾ ਭ੍ਰਮਣ ਕੀਤਾ। ਇਸ ਸਮੇਂ ਆਪ ਨੇ ਪੱਛਮ ਦਿਸ਼ਾ ਵੱਲ ਪਾਕਪਟਨ, ਮੱਕੇ, ਤੁਰਕੀ, ਬਗ਼ਦਾਦ, ਬਲਖ ਬੁਖਾਰਾ, ਕਾਬਲ, ਪਿਸ਼ਾਵਰ, ਹਸਨ ਅਬਦਾਲ, ਐਮਨਾਬਾਦ ਆਦਿ ਥਾਵਾਂ 'ਤੇ ਜਾ ਕੇ ਉਪਦੇਸ਼ ਦਿੱਤਾ। ਗੁਰੂ ਜੀ ਨੇ ਉਥੇ ਮੁਸਲਮਾਨ ਹਾਜੀਆਂ ਅਤੇ ਮੁਲਾਣਿਆਂ ਦੇ ਸ਼ੰਕੇ ਨਵਿਰਤ ਕੀਤੇ। ਉਹਨਾਂ ਨੇ ਸੱਚੇ ਹਾਜੀ ਤੇ ਸੱਚੇ ਮੁਸਲਮਾਨ ਦੇ ਗੁਣਾਂ ਨੂੰ ਪ੍ਰਗਟ ਕਰਦੇ ਹੋਏ ਇਨਸਾਨਾਂ ਲਈ ਸ਼ੁਭ ਅਮਲ ਕਰਨ ਉੱਤੇ ਬਲ ਦਿੱਤਾ।

ਚਹੁੰ ਦਿਸ਼ਾਵਾਂ ਦੀ ਇਸ ਵਿਸ਼ਾਲ ਯਾਤਰਾ ਨਾਲ ਆਪ ਦਾ ਜੀਵਨ ਅਨੁਭਵ ਹਰ ਪੱਖ ਤੋਂ ਵਧਿਆ। ਗੁਰੂ ਜੀ ਨੇ ਭਾਰਤ ਦੇ ਧਾਰਮਿਕ ਆਗੂਆਂ ਦੀਆਂ ਕਮਜ਼ੋਰੀਆਂ ਵੇਖੀਆਂ, ਆਮ ਜਨਤਾ ਦੀ ਨਬਜ਼ ਨੂੰ ਪਹਿਚਾਣਿਆ, ਉਹਨਾਂ ਦੀਆਂ ਆਸਾਂ ਤੇ ਇਰਾਦੇ ਸਮਝਣ ਦਾ ਯਤਨ ਕੀਤਾ। ਭਿਖਾਰੀਆਂ, ਚੋਰਾਂ, ਡਾਕੂਆਂ, ਲੁਟੇਰਿਆਂ, ਅਮੀਰਾਂ ਤੇ ਰਾਜੇ-ਰਾਣਿਆਂ ਦੇ ਵਾਸਤਵਿਕ ਜੀਵਨ ਦਾ ਅਧਿਐਨ ਕੀਤਾ। ਹਜ਼ਾਰਾਂ ਲੋਕਾਂ ਨਾਲ ਵਿਚਾਰ-ਵਟਾਂਦਰਾ ਦੇ ਦਲੀਲਬਾਜ਼ੀ ਕੀਤੀ ਅਤੇ ਅਨੇਕਾਂ ਦੇ ਵਿਚਾਰ ਸੁਣੇ।

1521 ਈ. ਵਿਚ ਆਪ ਜੀ ਦੀਆਂ ਉਦਾਸੀਆਂ ਸਮਾਪਤ ਹੋਈਆਂ। ਉਪਰੰਤ ਆਪ ਆਪਣੀ ਪਤਨੀ ਤੇ ਬੱਚਿਆਂ ਸਮੇਤ ਕਰਤਾਰਪੁਰ ਵਿਚ ਟਿਕ ਗਏ। ਇਸ ਵੇਲੇ ਆਪ ਦੀ ਆਯੂ ਭਾਵੇਂ ਪੰਜਾਹ ਸਾਲਾਂ ਤੋਂ ਉਪਰ ਟੱਪ ਚੁੱਕੀ ਸੀ ਪਰ ਫਿਰ ਵੀ ਆਪ ਆਪਣੇ ਹੱਥੀਂ ਖੇਤੀ ਕਰਦੇ ਤੇ ਕਿਰਸਾਣੀ ਦੀ ਆਮਦਨ ਵਿਚੋਂ ਲੋਕਾਂ ਲਈ ਲੰਗਰ ਦਾ ਪ੍ਰਬੰਧ ਕਰਦੇ। ਕਿਰਤ ਕਰਨ, ਨਾਮ ਜਪਣ ਤੇ ਵੰਡ ਛਕਣ ਦਾ ਦੌਰ ਜ਼ੋਰ ਨਾਲ ਚੱਲਿਆ। ਇਥੋਂ 1521 ਤੇ 1526 ਈ. ਵਿਚ ਕੁਝ ਸਮੇਂ ਲਈ ਆਪ ਸੈਦਪੁਰ (ਏਮਨਾਬਾਦ) ਗਏ। ਜਦੋਂ ਬਾਬਰ ਨੇ ਹਮਲਾ ਕਰ ਕੇ ਇਸ ਸ਼ਹਿਰ ਨੂੰ ਤਬਾਹ ਕੀਤਾ। ਆਪਣੀ ਆਯੂ ਦੇ ਅੰਤਲੇ ਦਿਨੀ 1538 ਈ. ਵਿਚ ਆਪ ਇਕ ਵਾਰ ਅਚਲ ਵਟਾਲੇ ਗਏ, ਜਿਥੇ ਸਿੱਧਾਂ ਨਾਲ ਆਪ ਦੀ ਇਕ ਇਤਿਹਾਸਕ ਗੋਸ਼ਟੀ ਹੋਈ। ਗੁਰੂ ਜੀ ਨੇ ਆਪਣੇ ਜੀਵਨ ਕਾਲ ਵਿਚ ਹੀ ਭਾਈ ਲਹਿਣਾ ਜੀ ਨੂੰ, ਜਿਹਨਾਂ ਦਾ ਨਾਮ ਬਾਅਦ ਵਿਚ ਗੁਰੂ ਅੰਗਦ ਦੇਵ ਜੀ ਹੋਇਆ, ਗੁਰਗੱਦੀ ਸੌਂਪ ਦਿੱਤੀ:

**ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ॥**

*(ਵਾਰਾਂ ਭਾਈ ਗੁਰਦਾਸ)*

ਆਪ 70 ਸਾਲ 4 ਮਹੀਨੇ ਅਤੇ 3 ਦਿਨਾਂ ਦੀ ਕੁਲ ਆਯੂ ਭੋਗ ਕੇ ਮਿਤੀ 23 ਅੱਸੂ, ਸੰਮਤ 1596 ਅਰਥਾਤ 22 ਸਤੰਬਰ, 1539 ਈ. ਨੂੰ ਕਰਤਾਰਪੁਰ ਵਿਖੇ ਜੋਤੀ ਜੋਤਿ ਸਮਾਏ। ਇਸ ਤਰ੍ਹਾਂ ਗੁਰੂ ਜੀ ਦੇ ਪ੍ਰੌੜ੍ਹ ਜੀਵਨ ਦੇ ਇਹ 18 ਸਾਲ ਟਿਕਾਅ ਦਾ ਸਮਾਂ ਸੀ। ਜਾਪਦਾ ਹੈ ਕਿ ਆਪ ਦੀਆਂ 'ਆਸਾ ਦੀ ਵਾਰ' ਸਮੇਤ ਸਾਰੀਆਂ ਲੰਮੀਆਂ ਬਾਣੀਆਂ ਦੀ ਰਚਨਾ ਇਸ ਕਾਲ ਵਿਚ ਹੋਈ। ਨਿਰਸੰਦੇਹ ਲੰਮੀ ਬਾਣੀ ਦੀ ਰਚਨਾ ਲਈ ਨਾ ਕੇਵਲ ਵਿਸ਼ਾਲ ਅਧਿਐਨ ਤੇ ਤਜਰਬੇ ਦੀ ਲੋੜ ਹੁੰਦੀ ਹੈ, ਸਗੋਂ ਜੀਵਨ ਵਿਚ ਟਿਕਾਅ ਅਤੇ ਲਿਖਣ ਲਈ ਖੁੱਲ੍ਹੇ ਸਮੇਂ ਦੀ ਵੀ ਲੋੜ ਹੁੰਦੀ ਹੈ। ਗੁਰੂ ਜੀ ਦੀਆਂ ਇਹਨਾਂ ਬਾਣੀਆਂ ਵਿਚੋਂ ਆਪ ਦੇ ਅਮੀਰ ਜੀਵਨ ਤਜਰਬੇ ਦੇ ਪ੍ਰਤੱਖ ਪ੍ਰਮਾਣ ਮਿਲਦੇ ਹਨ।

ਗੁਰੂ ਜੀ ਇਕ ਮਹਾਨ ਧਾਰਮਿਕ ਨੇਤਾ ਅਤੇ ਨਿਪੁੰਨ ਕਵੀ ਸਨ। ਆਪ ਦੀ ਸਾਰੀ ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੈ। ਗੁਰੂ ਜੀ ਨੇ 19 ਰਾਗਾਂ ਵਿਚ ਆਪਣੀ ਬਾਣੀ ਰਚੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਆਪ ਦੀਆਂ ਇਹ ਬਾਣੀਆਂ ਸ਼ਾਮਲ ਹਨ: ਜਪੁ, ਪਟੀ, ਰਾਗ ਆਸਾ, ਸਿਧ ਗੋਸਟਿ, ਰਾਮਕਲੀ, ਦਖਣੀ ਓਅੰਕਾਰੁ, ਬਾਰਹਮਾਹ ਤੁਖਾਰੀ, ਆਰਤੀ, ਕੁਚਜੀ, ਸੁਚਜੀ, ਥਿਤੀ, ਆਸਾ ਦੀ ਵਾਰ, ਮਾਝ ਦੀ ਵਾਰ, ਮਲਾਰ ਦੀ ਮਾਰ, ਅਲਾਹੁਣੀਆਂ, ਪਹਰੇ, ਸੋਦਰ, ਅਸਟਪਦੀਆ, ਛੰਤ, ਪਦੇ, ਸੋਹਲੇ ਅਤੇ ਸਲੋਕ।

ਇਸ ਤੋਂ ਬਿਨਾਂ ਕੁਝ ਵਿਦਵਾਨਾਂ ਵੱਲੋਂ ਹੋਰ ਬਹੁਤ ਸਾਰੀ ਰਚਨਾ ਨੂੰ ਵੀ ਗੁਰੂ ਜੀ ਦੇ ਨਾਂ ਨਾਲ ਜੋੜਿਆ ਜਾਂਦਾ ਹੈ, ਪਰੰਤੂ ਉਸ ਰਚਨਾ ਦੀ ਪ੍ਰਮਾਣਿਕਤਾ ਅਜੇ ਤਕ ਸਥਾਪਤ ਨਹੀਂ ਹੋ ਸਕੀ। ਉਹ ਰਚਨਾਵਾਂ ਵਿਚਾਰ ਅਤੇ ਸ਼ੈਲੀ ਤੋਂ ਆਪ ਦੀਆਂ ਸਿੱਧ ਨਹੀਂ ਹੁੰਦੀਆਂ। ਬੇਸ਼ੱਕ ਉਹਨਾਂ ਰਚਨਾਵਾਂ ਦੇ ਕਰਤਾ ਵੀ ਯੋਗਤਾ ਵਿਚ ਉੱਚੇ ਪੱਧਰ ਦੇ ਜਾਪਦੇ ਹਨ ਪਰ ਬਹੁਤ ਥਾਵਾਂ 'ਤੇ ਗੁਰੂ ਸਾਹਿਬ ਦੇ ਵਿਚਾਰਾਂ ਤੇ ਸ਼ੈਲੀ ਦਾ ਉਹਨਾਂ ਰਚਨਾਵਾਂ ਨਾਲੋਂ ਫ਼ਰਕ ਦਿੱਸ ਪੈਂਦਾ ਹੈ। ਉਸ ਰਚਨਾ ਵਿਚਲੇ ਹਵਾਲਿਆਂ ਤੋਂ ਵੀ ਉਹ ਗੁਰੂ ਸਾਹਿਬ ਦੁਆਰਾ ਉਚਾਰੀ ਹੋਈ ਪ੍ਰਤੀਤ ਨਹੀਂ ਹੁੰਦੀ, ਉਹ ਸ਼ਰਧਾਲੂਆਂ ਦੀ ਕਲਮ ਤੋਂ ਲਿਖੀ ਹੋਈ ਜਾਪਦੀ ਹੈ। ਗੁਰੂ ਸਾਹਿਬ ਦੀ ਕਾਵਿਕ ਮਹਾਨਤਾ ਤੇ ਪ੍ਰਸਿੱਧਤਾ ਤੋਂ ਸੁਆਰਥੀ ਲੋਕਾਂ ਨੇ ਇਹ ਲਾਭ ਉਠਾਉਣ ਲਈ ਕਿ ਉਹਨਾਂ ਦੀ ਬਾਣੀ ਸਾਡੇ ਪਾਸ ਹੈ ਤੇ ਉਸ ਦੀ ਪੂਜਾ ਕੀਤੀ ਜਾਵੇ, ਆਪ ਬਾਣੀ ਰਚ ਲਈ ਤੇ ਆਪਣੀਆਂ ਗੱਦੀਆਂ ਕਾਇਮ ਕਰ ਲਈਆਂ। ਅਜਿਹੀ ਰਚਨਾ ਨੂੰ 'ਕੱਚੀ ਬਾਣੀ' ਦਾ ਨਾਂ ਦਿੱਤਾ ਗਿਆ ਹੈ। ਇਸ ਬਾਣੀ ਵਿਚੋਂ ਬਹੁਤ ਸਾਰੀ ਰਚਨਾ ਵੱਖ-ਵੱਖ ਜਨਮਸਾਖੀਆਂ ਵਿਚ ਪ੍ਰਸੰਗ ਅਨੁਸਾਰ ਦਰਜ ਕੀਤੀ ਮਿਲਦੀ ਹੈ।

## ਹਵਾਲੇ ਅਤੇ ਟਿੱਪਣੀਆਂ

1. ਭਾਈ ਬਾਲੇ ਵਾਲੀ ਜਨਮਸਾਖੀ ਅਤੇ ਗੁਰੂ ਨਾਨਕ ਪ੍ਰਕਾਸ਼ ਵਿਚ ਜਨਮ ਕੱਤਕ ਸੁਦੀ 15 ਦਾ ਲਿਖਿਆ ਹੈ। ਪੁਰਾਣੀਆਂ ਜਿਤਨੀਆਂ ਲਿਖਤਾਂ ਦੀਆਂ ਸਾਖੀਆਂ ਹਨ, ਉਹਨਾਂ ਵਿਚ ਵਿਸਾਖੀ ਸੁਦੀ 3 ਹੈ। ਜਿਵੇਂ ਪੁਰਾਤਨ ਜਨਮਸਾਖੀ, ਮਹਿਮਾ ਪ੍ਰਕਾਸ਼, ਜਨਮਸਾਖੀ ਭਾਈ ਮਨੀ ਸਿੰਘ, ਮਿਹਰਵਾਨ ਵਾਲੀ ਜਨਮਸਾਖੀ, ਹਾਫ਼ਜ਼ਾਬਾਦ ਵਾਲੀ ਜਨਮਸਾਖੀ। ਪ੍ਰਸਿੱਧ ਇਤਿਹਾਸ ਖੋਜੀ ਮੈਕਾਲਿਫ਼ ਤੇ ਭਾਈ ਕਰਮ ਸਿੰਘ ਵੀ ਇਹਨਾਂ ਲਿਖਤਾਂ ਨਾਲ ਸਹਿਮਤ ਹਨ।
2. ਕੁਝ ਵਿਦਵਾਨ ਮਹਿਤਾ ਕਾਲੂ ਨੂੰ ਪਟਵਾਰੀ, ਕੁਝ ਤਹਿਸੀਲਦਾਰ ਅਤੇ ਕੁਝ ਤੋਲਾ ਜਾਂ ਹਿਸਾਬ ਕਿਤਾਬ ਰੱਖਣ ਵਾਲਾ ਕਰਿੰਦਾ ਲਿਖਦੇ ਹਨ।
3. **ਪੁਰਾਤਨ ਜਨਮਸਾਖੀ**, ਪੰਨਾ 16.

# ਗੁਰੂ ਨਾਨਕ ਅਤੇ ਉਹਨਾਂ ਦਾ ਯੁਗ

**—ਡਾ. ਰਣਧੀਰ ਸਿੰਘ ਚੰਦ**

ਯੁਗ-ਪੁਰਸ਼ ਗੁਰੂ ਨਾਨਕ ਦੇਵ ਭਾਰਤੀ ਦਰਸ਼ਨ ਅਤੇ ਧਰਮ ਦੇ ਪ੍ਰਸੰਗ ਵਿਚ ਭਗਤੀ-ਭਾਵ ਦੇ ਉੱਚਤਮ ਸਰੂਪ ਹਨ। ਭਾਰਤੀ ਚਿੰਤਨ ਦੇ ਇਤਿਹਾਸ ਵਿਚ ਉਹਨਾਂ ਦਾ ਨਿਵੇਕਲਾ ਸਥਾਨ ਹੈ। ਬਹੁਪੱਖੀ ਵਿਅਕਤਿੱਤਵ ਅਤੇ ਵਿਸ਼ਾਲ ਪ੍ਰਤਿਭਾ ਦੇ ਮਾਲਕ ਹੋਣ ਕਰਕੇ ਉਹ ਇਕ ਮਹਾਨ ਕ੍ਰਾਂਤੀ ਦੇ ਜਨਮਦਾਤਾ ਸਨ। ਇਸ ਕ੍ਰਾਂਤੀ ਨਾਲ ਕੱਟੜਪੰਥੀ ਨਕਾਰਾਤਮਕ ਕੀਮਤਾਂ ਦਾ ਵਿਨਾਸ਼ ਹੋਇਆ ਅਤੇ ਉਸਾਰੂ ਜੀਵਨ-ਰੌਆਂ ਨੇ ਤਾਕਤ ਹਾਸਲ ਕੀਤੀ। ਗੁਰੂ ਨਾਨਕ ਦੇਵ ਦਾ ਆਗਮਨ ਇਤਿਹਾਸ ਵਿਚ ਸੱਚੀ-ਸੁੱਚੀ ਧਾਰਮਿਕਤਾ ਦੇ ਪੁਨਰ-ਉਥਾਨ ਦਾ ਪ੍ਰਤੀਕ ਹੈ। ਉਹਨਾਂ ਨੇ ਮੱਧਕਾਲੀ ਅਧਿਆਤਮਿਕਤਾ ਨੂੰ ਹੋਰ ਪਤਨ ਤੋਂ ਬਚਾ ਕੇ ਇਸ ਨੂੰ ਆਤਮਿਕ ਖੋਜ ਦਾ ਸ਼ੁੱਧ ਸਰੂਪ ਪ੍ਰਦਾਨ ਕੀਤਾ। ਉਹਨਾਂ ਨੇ ਸਾਫ਼ ਸੁਥਰੇ ਢੰਗ ਨਾਲ ਧਰਮ ਨੂੰ ਕਰਮ-ਕਾਂਡੀ ਸਦਾਚਾਰ ਤੋਂ ਵੱਖ ਕੀਤਾ, ਸਮਾਜਕ ਖੇਤਰ ਵਿਚ ਧਰਮ ਦਾ ਸਹੀ ਸਥਾਨ ਨਿਸਚਿਤ ਕੀਤਾ ਅਤੇ ਧਰਮ ਤੇ ਸਮਾਜ ਦੀ ਇਕ ਦੂਜੇ ’ਤੇ ਪਰਸਪਰ ਨਿਰਭਰਤਾ ਨੂੰ ਸਪੱਸ਼ਟ ਕੀਤਾ। ਸਰਦਾਰ ਕਪੂਰ ਸਿੰਘ ਅਨੁਸਾਰ ਗੁਰੂ ਨਾਨਕ ਨੇ ਡੂੰਘੀ ਨੀਝ ਨਾਲ ਸਿਧਾਂਤਕ ਸਮਾਜਗਤ ਸਮੱਸਿਆਵਾਂ ਦਾ ਵਿਸ਼ਲੇਸ਼ਣ ਕਰ ਕੇ ਉਹਨਾਂ ਦੇ ਢੁੱਕਵੇਂ ਤੇ ਸਪੱਸ਼ਟ ਸਮਾਧਾਨ ਦੱਸੇ ਅਤੇ ਉਹਨਾਂ ਨੂੰ ਧਾਰਮਿਕ ਸਮੱਸਿਆਵਾਂ ਨਾਲ ਜੋੜਿਆ। ਅਜਿਹਾ ਯਤਨ ਬੀਤੇ ਮਾਨਵੀ ਇਤਿਹਾਸ ਵਿਚ ਘੱਟ ਹੀ ਮਿਲਦਾ ਹੈ।[1]

ਗੁਰੂ ਨਾਨਕ ਦੇਵ ਦੀ ਵਿਚਾਰਧਾਰਾ ਕਿਸੇ ਦਾਰਸ਼ਨਿਕ ਨਿਖੇੜ ’ਤੇ ਆਧਾਰਿਤ ਨਹੀਂ। ਇਸ ਦਾ ਮੂਲ ਆਧਾਰ ਅਧਿਆਤਮਿਕ ਅਤੇ ਭਾਵਾਤਮਕ ਏਕਤਾ ਹੈ। ਇਹ ਇਕ ਬੰਨੇ ਮਨੁੱਖ ਦਾ ਪ੍ਰਭੂ ਨਾਲ ਤੇ ਦੂਜੇ ਪਾਸੇ ਮਨੁੱਖ ਦਾ ਮਨੁੱਖ ਨਾਲ ਸੰਜੋਗ ਸਿਰਜਦੀ ਹੈ। ਇਹ ਅਧਿਆਤਮਵਾਦੀ ਹੋਣ ਦੇ ਬਾਵਜੂਦ ਸਮਾਜਕ ਜੀਵਨ ਤੋਂ ਉਪਰਾਮਤਾ ਨਹੀਂ ਸਿਖਾਉਂਦੀ ਸਗੋਂ ਮਾਨਵੀ, ਸਮਾਜਕ ਤੇ ਸਾਂਸਕ੍ਰਿਤਿਕ ਪੱਖਾਂ ਨੂੰ ਸਨਮੁੱਖ ਰੱਖ ਕੇ ਆਤਮਿਕ ਵਿਕਾਸ ਦਾ ਰਾਹ ਦੱਸਦੀ ਹੈ। ਗੁਰੂ ਨਾਨਕ ਚਿੰਤਨ ਵਿਚ ਮਨੁੱਖ ਦੇ ਵਿਅਕਤੀਗਤ ਵਿਕਾਸ ਅਤੇ ਸਮਾਜਕ

ਵਿਕਾਸ ਵਿਚ ਇਕ ਮਹੱਤਵਪੂਰਨ ਸੁਮੇਲ ਹੈ। ਤੱਤਕਾਲੀਨ ਚਿੰਤਨ ਦੇ ਮੁਕਾਬਲੇ ਇਹ ਵਧੇਰੇ ਵਿਵਹਾਰਿਕ ਅਤੇ ਵਿਆਪਕ ਹੈ ਅਤੇ ਸੰਤੁਲਨ ਅਥਵਾ ਰਾਗਾਤਮਕਤਾ ਦੀ ਸਿਰਜਨਾ ਕਰਦਾ ਹੈ।

ਗੁਰੂ ਨਾਨਕ ਦੇਵ ਦੇ ਗਿਆਨ, ਅਨੁਭਵ, ਤਰਕ ਅਤੇ ਭਾਵਾਂ ਦੀ ਡੂੰਘਾਈ ਦਾ ਮਹੱਤਵ ਸਦੀਵੀ ਹੈ। ਡੰਕਨ ਗ੍ਰੀਨਲੀਜ਼ ਅਨੁਸਾਰ ਧਾਰਮਿਕ ਦਰਸ਼ਨ ਭਾਵੇਂ ਕਿੰਨਾ ਵੀ ਪ੍ਰਖਰ ਕਿਉਂ ਨਾ ਹੋਵੇ, ਬਹੁਤਾ ਸਮਾਂ ਨਹੀਂ ਤਗਦਾ ਪਰੰਤੂ ਗੁਰੂ ਨਾਨਕ ਦੇਵ ਜੀ ਦੇ ਵਿਅਕਤੀਗਤ ਪ੍ਰਭਾਵ ਨੇ ਉਹਨਾਂ ਦੇ ਦਰਸ਼ਨ ਦੀ ਪਕੜ ਪਹਿਲਾਂ ਵੀ ਬਲਵਾਨ ਰੱਖੀ ਹੈ ਤੇ ਸਮੇਂ ਦੇ ਬੀਤਣ ਨਾਲ ਇਹ ਦਰਸ਼ਨ ਵਧੇਰੇ ਪ੍ਰਭਾਵਸ਼ਾਲੀ ਤੇ ਭਗਤੀ ਭਾਵਨਾ ਵਾਲਾ ਹੋ ਰਿਹਾ ਹੈ।[2] ਅਜਿਹਾ ਇਸ ਕਰਕੇ ਵੀ ਸੰਭਵ ਹੋਇਆ ਹੈ ਕਿ ਗੁਰੂ ਸਾਹਿਬ ਆਤਮ-ਦਰਸ਼ਨ ਦੇ ਉਸ ਸਿਖਰ ’ਤੇ ਪੁੱਜੇ ਹੋਏ ਸਨ ਜਿਥੇ ਜਾ ਕੇ ਪੰਥਾਂ ਦਾ ਵਿਸਰਜਨ ਹੋ ਜਾਂਦਾ ਹੈ ਅਤੇ ਵਿਅਕਤੀ ਦਾ ਦ੍ਰਿਸ਼ਟੀਕੋਣ ਵਿਸ਼ਵ-ਵਿਆਪੀ ਹੋ ਜਾਂਦਾ ਹੈ। ਅਜਿਹਾ ਦ੍ਰਿਸ਼ਟੀਕੋਣ ਅਵੱਸ਼ ਹੀ ਵਿਸ਼ਾਲ ਕਲਪਨਾ ਵਾਲੇ ਕਿਸੇ ਵਿਗਿਆਨੀ-ਕਵੀ ਦਾ ਹੋ ਸਕਦਾ ਹੈ। ਗੁਰੂ ਨਾਨਕ ਦੇਵ ਦੀ ਕਾਵਿ-ਪ੍ਰਤਿਭਾ ਵਿਚੋਂ ਇਸ ਕੋਟੀ ਦੇ ਸਮਰੱਥ ਕਵੀ ਦੇ ਦਰਸ਼ਨ ਸਹਿਜੇ ਹੀ ਹੋ ਜਾਂਦੇ ਹਨ। ਉਹਨਾਂ ਦੀ ਕਾਵਿ-ਚੇਤਨਾ ਇਸੇ ਲਈ ਅਨੇਕ ਥਾਵਾਂ ’ਤੇ ਉਹਨਾਂ ਪਾਸੋਂ ਉਹਨਾਂ ਦੇ ਕਵੀਤਵ ਦਾ ਐਲਾਨ ਕਰਵਾਉਂਦੀ ਹੈ।

ਗੁਰੂ ਨਾਨਕ ਦੇਵ ਨੇ ਜਿਸ ਸਭਿਆਚਾਰ ਦੀ ਰਖਵਾਲੀ ਕੀਤੀ, ਉਸ ਵਿਚ ਪਾਖੰਡ, ਉਪੱਦਰ ਤੇ ਕਰਮ-ਕਾਂਡ ਲਈ ਕੋਈ ਥਾਂ ਨਹੀਂ, ਸਗੋਂ ਇਹ ਸੱਚੇ ਦਿਲੋਂ ਈਸ਼ਵਰ-ਭਗਤੀ, ਪ੍ਰਭੂ ਦੀ ਮਿਹਰ ਤੇ ਯਥਾਰਥ ਵੱਲ ਉਨਮੁੱਖ ਸਭਿਆਚਾਰ ਹੈ। ਇਸ ਵਿਚ ਮਨੁੱਖ ਤੇ ਉਸ ਦੇ ਗੁਣਾਂ ਦੀ ਕਦਰ ਹੈ ਤੇ ਕਰਮ ਦਾ ਯੋਗ ਮੁੱਲ ਹੈ। ਇਸ ਵਿਚ ਸੇਵਾ, ਸਹਿਨਸ਼ੀਲਤਾ ਅਤੇ ਸੁਹਿਰਦਤਾ ਨੂੰ ਉਚੇਰਾ ਸਥਾਨ ਪ੍ਰਾਪਤ ਹੈ। ਗੁਰੂ ਸਾਹਿਬ ਨੇ ਮਾਨਵਤਾ ਨੂੰ ਸੱਚ ਤੇ ਹੱਕ ਦ੍ਰਿੜ੍ਹ ਕਰਵਾ ਕੇ ਆਤਮਿਕ ਬਲ ਦੀ ਪ੍ਰਾਪਤੀ ਲਈ ਉਤਸ਼ਾਹਿਤ ਕੀਤਾ। ਉਹਨਾਂ ਦੀ ਪ੍ਰਤਿਭਾ ਦਾ ਚਮਤਕਾਰ ਅਧਿਆਤਮਕ ਜੀਵਨ ਨੂੰ ਸਾਰਥਕ ਅਤੇ ਕਰਮਸ਼ੀਲ ਬਣਾਉਣ ਅਤੇ ਸਮਾਜਕ ਜੀਵਨ ਵਿਚ ਰਾਗਾਤਮਕਤਾ ਉਪਜਾਉਣ ਵਿਚ ਹੈ। ਉਹਨਾਂ ਨੇ ਰੂਹਾਨੀਅਤ ਦੇ ਇਕ ਨਵੇਂ ਯੁਗ ਦੇ ਪ੍ਰਾਰੰਭ ਦੇ ਨਾਲ-ਨਾਲ ਸਮਾਜਕਤਾ ਤੇ ਰਾਜਨੀਤਕਤਾ ਨੂੰ ਨਵੇਂ ਅਰਥ ਦਿੱਤੇ ਹਨ।

ਸ਼ਮਸ਼ੇਰ ਸਿੰਘ ਅਸ਼ੋਕ ਅਨੁਸਾਰ ਗੁਰੂ ਨਾਨਕ ਨੇ ਸਿਧਾਂਤਿਕ ਪੱਖ ਤੋਂ ਜਿਵੇਂ ਕਿ ਉਹਨਾਂ ਦੀ ਬਾਣੀ ਤੋਂ ਪਤਾ ਲੱਗਦਾ ਹੈ ਕਿ ਮਨੁੱਖੀ ਜੀਵਨ ਤੇ ਸਮਕਾਲੀ ਸਮਾਜਕ ਵਿਵਸਥਾ ਦੇ ਮੂਲ ਤੱਤਾਂ ਨੂੰ ਛੁਹ ਲਿਆ ਸੀ ਜਿਸ ਕਰਕੇ ਉਹਨਾਂ ਨੇ ਜੀਉਂਦੀ ਜਾਗਦੀ ਉਹੋ ਫ਼ਿਲਾਸਫ਼ੀ ਉਜਾਗਰ ਕਰ ਕੇ ਦਰਸਾਈ ਜੋ ਸੰਸਾਰਕ ਜੀਵਨ ਦੇ ਨਾਲੋ ਨਾਲ ਹੋ ਕੇ ਚੱਲਦੀ ਹੋਵੇ ਤੇ ਵੇਦਾਂਤ ਜਾਂ ਨਯਾਯ ਵਾਂਗੂੰ ਐਵੇਂ

ਜੀਵ-ਈਸ਼ਵਰ ਜਾਂ ਪੁਰਸ਼-ਪ੍ਰਕਿਰਤੀ ਦੇ ਝਗੜੇ ਪਾ ਕੇ ਜਨ-ਸਮਾਜ ਨੂੰ ਕੁਰਸਤੇ ਨਹੀਂ ਪਾਇਆ।[3]

ਮਦਨ ਗੋਪਾਲ ਸਿੰਘ ਅਨੁਸਾਰ ਬਾਬਾ ਨਾਨਕ ਨੇ ਜੋਗ ਦੇ ਤਸੀਹਿਆਂ, ਵੇਦਾਂਤ ਦੀ ਸ੍ਵੈ-ਕੇਂਦਰਤਾ, ਬ੍ਰਾਹਮਣੀ ਮਤ ਦੇ ਪੁਰੋਹਿਤਪੁਣੇ ਅਤੇ ਬੁੱਧ ਮੱਤ ਕੀ ਅਭਾਵਕਤਾ ਸਭ ਨੂੰ ਨਿਰਾਰਥ ਸਮਝਿਆ। ਵੈਦਿਕ ਦੇਵ-ਪੂਜਾ, ਬੁੱਧ ਮਤ ਦੇ ਇਨਸਾਫ਼ ਦੇ ਸਿਧਾਂਤ, ਜੋਗ ਦੀ ਵਿਸਮਾਦਤਾ, ਵੇਦਾਂਤੀ ਸ੍ਵੈ-ਇਕਾਂਤ, ਬ੍ਰਾਹਮਣੀ ਜਜ਼ਬਾਤੀਅਤ ਅਤੇ ਉਪਨਿਸ਼ਦੀ ਸ੍ਵੈ-ਜ਼ਬਤ ਨੂੰ ਮਿਲਾ-ਜੁਲਾ ਕੇ ਨਾਨਕ ਨੇ ਇਕ ਮੁਰੱਕਬ ਸ਼ੈਅ ਬਣਾਈ। ਵਹਿਦਾਨੀਅਤ, ਯਕੀਨਨ ਇਸਲਾਮ ਤੋਂ ਲਈ ਗਈ। ਸੂਫ਼ੀ ਮਤ ਨੇ ਸਰਵ-ਵਿਆਪੀ ਸੁਜੋੜਤਾ ਅਤੇ ਅਨਹਦ ਸੰਗੀਤ ਦੀ ਅਨੁਭਵਤਾ ਦਿੱਤੀ। ਨਾਨਕ ਦੀ ਭਗਤੀ ਦੀ ਜੜ੍ਹ 'ਕਰਮ' ਅਤੇ ਉਸ ਦਾ ਫਲ 'ਗਿਆਨ' ਵਿਚ ਹੈ। ਇਹ ਇਕ ਐਸਾ ਧਰਮ ਹੈ ਜਿਸ 'ਤੇ ਚੱਲਣ ਨਾਲ ਇਨਸਾਨ ਅਚੇਤ ਹੀ ਪ੍ਰਕਿਰਤਕ ਜੀਵਨ ਵੱਲ ਚਲਾ ਜਾਂਦਾ ਹੈ ਲੇਕਿਨ ਇਸ ਵਿਚ ਆਤਮਿਕ ਚੇਤੰਨਤਾ ਵੀ ਰਹਿੰਦੀ ਹੈ। ਇਸ ਦਾ ਨਿਸ਼ਾਨਾ ਵਿਅਕਤੀ ਨੂੰ ਉਚੇਰਾ ਲਿਜਾ ਕੇ ਇਕ ਵਾਹਿਗੁਰੂ ਦੀ ਜੋਤ ਨਾਲ ਸੰਬੰਧਤ ਕਰਨਾ ਹੈ।...ਇਸ ਸੰਬੰਧ ਦਾ ਗਿਆਨ ਹੀ ਮਨ ਨੂੰ ਉਚੇਰਾ ਲਿਜਾਂਦਾ ਹੈ, ਕਾਲ ਤੋਂ ਨਿਰਭੈ ਬਣਾਉਂਦਾ ਹੈ ਅਤੇ ਸਾਧਾਰਨ ਮਨੁੱਖ ਦੇ ਜੀਵਨ ਵਿਚ ਵੀ ਇਕਸਰਾਤਾ ਤੇ ਸੰਗੀਤ ਉਤਪੰਨ ਕਰਦਾ ਹੈ।[4]

ਗੁਰੂ ਸਾਹਿਬ ਨੇ ਆਪਣੇ ਪੂਰਵਕਾਲੀ ਸੁਧਾਰਕਾਂ ਦੀਆਂ ਸੁਚੱਜੀਆਂ ਰੀਤੀਆਂ ਨੂੰ ਅਵੱਸ਼ ਹੀ ਗ੍ਰਹਿਣ ਕੀਤਾ ਅਤੇ ਫੋਕਟ ਰਹੁ-ਰੀਤਾਂ ਦਾ ਭਰਵਾਂ ਖੰਡਨ ਕੀਤਾ। ਉਹਨਾਂ ਨੇ ਮਨੁੱਖ ਦੀ ਵਡੱਤਣ ਅਨੁਭਵ ਕਰ ਕੇ ਉਸ ਨੂੰ ਇਸ ਨੂੰ ਇਸ ਢੰਗ ਨਾਲ ਉਜਾਗਰ ਕੀਤਾ ਕਿ ਮਨੁੱਖ ਦੇ ਮਨ 'ਚੋਂ ਹੀਣਤਾ ਦੇ ਪਾਵਾਂ ਦਾ ਖ਼ਾਤਮਾ ਕੀਤਾ ਜਾ ਸਕੇ। ਇਸ ਦੇ ਨਾਲ ਹੀ ਅਨੇਕ ਦੇਵਤਿਆਂ ਦੇ ਭੈਅ ਤੋਂ ਆਮ ਲੋਕਾਂ ਨੂੰ ਮੁਕਤ ਕਰ ਕੇ ਇਕ ਪ੍ਰਭੂ ਦੀ ਹੋਂਦ ਦਾ ਉਪਦੇਸ਼ ਦਿੱਤਾ। ਉਹ ਧਰਮ ਦੇ ਕਿਸੇ ਸੀਮਤ ਸੰਕਲਪ ਦਾ ਸ਼ਿਕਾਰ ਨਹੀਂ ਸਨ ਇਸ ਕਰਕੇ ਉਹਨਾਂ ਨੇ ਸਾਰੀਆਂ ਔਕੜਾਂ ਉਪਰ ਤਰਕ ਅਤੇ ਮਾਨਵਤਾ ਦੀ ਸ਼ਕਤੀ ਨਾਲ ਕਾਬੂ ਪਾਉਣ ਦਾ ਯਤਨ ਕੀਤਾ ਹੈ।[5] ਉਹਨਾਂ ਦਾ ਚਿੰਤਨ ਅਧਿਆਤਮਕ ਹੁੰਦਿਆਂ ਹੋਇਆਂ ਵੀ ਤਰਕਵਾਦੀ ਹੈ ਤੇ ਇਸ ਦਾ ਮੂਲ ਧੁਰਾ ਮਾਨਵਵਾਦ ਹੈ। ਗੁਰੂ ਨਾਨਕ ਦੇਵ ਦਾ ਕਦਰਾਂ-ਕੀਮਤਾਂ ਦਾ ਦਰਸ਼ਨ ਆਤਮਿਕ ਮਾਨਵਵਾਦ 'ਤੇ ਆਧਾਰਤ ਹੈ ਅਤੇ ਇਸ ਦੇ ਘੇਰੇ ਵਿਚ ਮਨੁੱਖ ਦੀ ਵਿਆਪਕ, ਮਾਨਸਿਕ, ਸੁਹਜ-ਸਦਾਚਾਰਕ ਤੇ ਰੂਹਾਨੀ ਉੱਨਤੀ ਲਈ ਮੁੱਲਾਂ ਦਾ ਵਿਸ਼ੇਸ਼ ਸਰੂਪ ਹੈ। ਮਨੁੱਖੀ ਚੰਗਿਆਈ ਪ੍ਰਤੀ ਉਹਨਾਂ ਦਾ ਵਤੀਰਾ ਸਰਬ-ਵਿਆਪੀ ਸਤਿ ਦੀ ਪਛਾਣ ਅਤੇ ਆਤਮ ਦੇ ਡੂੰਘੇ ਭੇਤਾਂ ਦੀ ਚੇਤਨਾ ਤੀਕ ਫੈਲਿਆ ਹੋਇਆ ਹੈ।[6]

ਗੁਰੂ ਨਾਨਕ ਦੇਵ ਦੀ ਸਮਾਜਕ ਦ੍ਰਿਸ਼ਟੀ ਦੀ ਵਿਆਪਕਤਾ ਦਾ ਪ੍ਰਮਾਣ

ਇਸ ਤੱਥ ਤੋਂ ਹੀ ਮਿਲ ਜਾਂਦਾ ਹੈ ਕਿ ਉਹਨਾਂ ਦਾ ਅਧਿਆਤਮਕਤਾ ਕੇਂਦਰਿਤ ਸਮਾਜਕ ਨਵ-ਵਿਧਾਨ ਕਿਸੇ ਵਿਸ਼ੇਸ਼ ਵਰਗ, ਸੰਪਰਦਾਇ ਜਾਂ ਗੁੱਟ ਨੂੰ ਸਾਹਮਣੇ ਰੱਖ ਕੇ ਤਿਆਰ ਨਹੀਂ ਕੀਤਾ ਗਿਆ ਸਗੋਂ ਉਸ ਵਿਚੋਂ ਵਿਸ਼ਵ ਮਾਨਵ ਅਥਵਾ ਵਿਸ਼ਾਲਤਰ ਭਾਈਚਾਰੇ ਦੀ ਝਲਕ ਪ੍ਰਾਪਤ ਹੁੰਦੀ ਹੈ। ਇਸ ਮਾਨਵਵਾਦੀ ਦ੍ਰਿਸ਼ਟੀ ਦੇ ਚਾਰ ਮੁੱਖ ਅੰਗ ਆਂਕੇ ਜਾ ਸਕਦੇ ਹਨ:

1. ਉਹਨਾਂ ਨੇ ਪ੍ਰਭੂ ਦੀ ਏਕਤਾ ਵਿਚ ਵਿਸ਼ਵਾਸ ਦਾ ਸੁਰ ਲੋਕ-ਮਾਨਸ ਉੱਤੇ ਅੰਕਤ ਕੀਤਾ।
2. ਉਹਨਾਂ ਨੇ ਦ੍ਰਿੜ ਕਰਵਾਇਆ ਕਿ ਸਮੂਹ ਸ੍ਰਿਸ਼ਟੀ ਪ੍ਰਭੂ ਦੀ ਉਪਾਈ ਹੋਈ ਹੈ।
3. ਉਹਨਾਂ ਨੇ ਜ਼ਾਤ-ਪਾਤ ਜਾਂ ਵਰਣ-ਵੰਡ ਨੂੰ ਨਿੰਦਨੀਯ ਕਰਾਰ ਦਿੱਤਾ।
4. ਜਨ-ਸੇਵਾ ਦੇ ਮਹੱਤਵ ਨੂੰ ਉਜਾਗਰ ਕੀਤਾ।

ਉਪਰੋਕਤ ਪ੍ਰਸੰਗ ਵਿਚ ਡਾ. ਮਨਮੋਹਨ ਸਹਿਗਲ ਦਾ ਵਿਚਾਰ ਹੈ ਕਿ ਬਿਖਰਦੇ ਹੋਏ ਨੈਤਿਕ ਜੀਵਨ ਨੂੰ ਪੁਰਨ-ਗਠਿਤ ਕਰਨ ਲਈ ਗੁਰੂ ਨਾਨਕ ਨੇ ਤਿੰਨ ਮਹਾਂਧਰਮਾਂ (Cardinal Virtues) ਦਾ ਵਿਧਾਨ ਕੀਤਾ ਹੈ—ਸਤਿ, ਸੰਤੋਖ ਅਤੇ ਗਿਆਨ। ਸਤਿ ਨੂੰ ਸਭ ਤੋਂ ਉੱਚਾ ਧਰਮ ਮੰਨਿਆ ਹੈ ਕਿਉਂਕਿ ਸਤਿ ਵਰਗੀ ਵਿਆਪਕਤਾ ਕਿਸੇ ਹੋਰ ਤੱਤ ਵਿਚ ਨਹੀਂ ਮਿਲਦੀ। ਸ਼ਾਇਦ ਇਸੇ ਲਈ ਗੁਰੂ ਨਾਨਕ ਨੇ ਪਹਿਲੈ ਤਾਂ 'ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ' ਕਹਿ ਕੇ ਸਤਿ-ਆਚਰਣ ਦੇ ਸਿਵਾਏ ਬਾਕੀ ਸਭ ਨੂੰ ਸਤਿ ਤੋਂ ਹਲਕਾ ਦੱਸਿਆ ਹੈ ਅਤੇ ਦੂਜੇ, ਮਨੁੱਖ ਦੇ ਸਾਰੇ ਜੀਵਨ-ਮੁੱਲਾਂ ਵਿਚ ਸਤਿ ਨੂੰ ਆਧਾਰ ਬਣਾ ਲੈਣ ਦੀ ਸਲਾਹ ਦਿੱਤੀ ਹੈ। 'ਸੰਤੋਖ' ਦੇ ਧਾਰਣ ਨਾਲ ਗੁਰੂ ਨਾਨਕ ਦੇ ਦੱਸੇ ਅਧਿਆਤਮਕ ਮਾਰਗ ਦੀ ਪਹਿਲੀ ਰੁਕਾਵਟ 'ਮਮਤਾ' ਅਤੇ ਪੰਜ ਵਿਕਾਰਾਂ ਦਾ ਨਾਸ਼ ਹੁੰਦਾ ਹੈ। 'ਗਿਆਨ' ਜਾਂ ਵਿਵੇਕ ਅਸਲ ਵਿਚ ਕਰਮ ਜਾਂ ਵਿਵਹਾਰ ਦੇ ਠੀਕ-ਗ਼ਲਤ ਨੂੰ ਪਰਖਣ ਦੀ ਕਸੌਟੀ ਹੈ। ਇਸ ਨਾਲ ਮਨੁੱਖ ਦੀ ਕਿਰਤ ਵਿਚ ਉੱਤਮਤਾ ਆਉਂਦੀ ਹੈ। ਗੁਰੂ ਨਾਨਕ ਦਾ 'ਗੁਰੂ' ਦਾ ਸੰਕਲਪ 'ਗਿਆਨ' ਬਾਰੇ ਸਜਗਤਾ ਦਾ ਹੀ ਪ੍ਰਮਾਣ ਹੈ। ਸਿਧਾਂਤ ਦੀ ਇਸ ਤ੍ਰਿਵੇਣੀ ਨੂੰ ਗੁਰੂ ਨਾਨਕ ਵਿਵਹਾਰਕ ਜੀਵਨ ਵਿਚ ਉਤਾਰ ਲੈਣ ਦੇ ਪੱਖ ਵਿਚ ਹਨ। ਇਸ ਲਈ ਉਹਨਾਂ ਨੇ ਯਥਾਰਥ ਲੋਕ-ਜੀਵਨ ਦੀ ਪੱਧਰ 'ਤੇ ਉੱਤਰ ਕੇ ਮਨੁੱਖ ਨੂੰ ਕਰਮਸ਼ੀਲ ਰਹਿਣ ਦੀ ਪ੍ਰੇਰਣਾ ਵੀ ਦਿੱਤੀ ਹੈ।[7]

ਗੁਰੂ ਨਾਨਕ ਦੇਵ ਦੀ ਬਾਣੀ ਤੇ ਉਹਨਾਂ ਦਾ ਸਮੁੱਚਾ ਜੀਵਨ ਇਸ ਗੱਲ ਦੀ ਗਵਾਹੀ ਦਿੰਦੇ ਹਨ ਕਿ ਉਹਨਾਂ ਨੇ ਧਾਰਮਿਕ ਜੀਵਨ ਨੂੰ ਸਭ ਨਾਲੋਂ ਉੱਚਾ ਸਮਝਿਆ ਤੇ ਸ਼ੁਭ ਕਰਮਾਂ ਵਾਲਾ ਸਾਰਥਿਕ ਜੀਵਨ ਜਿਉਂਦਿਆਂ ਪ੍ਰਭੂ ਨਾਲ ਅਭੇਦਤਾ ਪ੍ਰਾਪਤ ਕਰਨਾ ਮਨੁੱਖੀ ਜੀਵਨ ਦਾ ਅਸਲ ਮੰਤਵ ਦੱਸਿਆ। ਇਹੋ ਕਾਰਣ ਹੈ ਕਿ ਗੁਰੂ ਜੀ ਆਪਣੇ ਸਮਕਾਲੀਆਂ ਅਤੇ ਆਉਣ ਵਾਲੀਆਂ ਪੀੜ੍ਹੀਆਂ

ਉਪਰ ਨਿਮਰਤਾ, ਪਿਆਰ ਤੇ ਸਹਿਯੋਗ ਵਾਲਾ ਪ੍ਰਭਾਵ ਪਿਆ।

ਪੂਰਬ ਅਤੇ ਪੱਛਮ ਦੀ ਧਾਰਮਿਕ ਦੇ ਦਾਰਸ਼ਨਿਕ ਵਿਚਾਰਧਾਰਾ ਦੇ ਪ੍ਰਸੰਗ ਵਿਚ ਗੁਰੂ ਨਾਨਕ ਕਾਲ ਦਾ ਵਿਸ਼ੇਸ਼ ਮਹੱਤਵ ਹੈ। ਇਹ ਸਮਾਂ ਭਾਰਤ ਅਤੇ ਯੌਰਪ ਦੋਹਾਂ ਵਿਚ ਪੁਨਰ ਜਾਗ੍ਰਤੀ ਅਤੇ ਧਾਰਮਿਕ ਸੁਧਾਰਾਂ ਦਾ ਸਮਾਂ ਸੀ ਤੇ ਉਦੋਂ ਕਈ ਮਹਾਨ ਘਟਨਾਵਾਂ ਵਾਪਰੀਆਂ। ਇਹ ਉਹਨਾਂ ਤੱਤਾਂ ਦੀ ਉਤਸੁਕ ਭਾਲ ਦਾ ਕਾਲ ਸੀ ਜੋ ਸਮਾਜ ਨੂੰ ਵੱਡੇ ਪੱਧਰ ’ਤੇ ਸ਼ਕਤੀਸ਼ਾਲੀ ਬਣਾ ਸਕਦੇ ਸਨ। ਕੋਲੰਬਸ ਨੇ ਸੰਨ 1492 ਈ. ਵਿਚ ਅਮਰੀਕਾ ਦੀ ਭਾਲ ਕੀਤੀ, ਵਾਸਕੋਡੀਗਾਮਾ ਨੇ ਸੰਨ 1498 ਈ. ਵਿਚ ਭਾਰਤ ਵੱਲ ਨੂੰ ਨਵਾਂ ਸਮੁੰਦਰੀ ਮਾਰਗ ਤਲਾਸ਼ ਕੀਤਾ ਅਤੇ ਸੰਨ 1519 ਈ. ਵਿਚ ਫ਼ਰਡੀਨੈਂਡ ਮੈਗੇਲਨ ਨੇ ਪਹਿਲੀ ਵਿਸ਼ਵ ਯਾਤਰਾ ਪੂਰੀ ਕੀਤੀ। ਦੂਜੇ ਪਾਸੇ ਮਹਾਨ ਸੁਧਾਰਕ ਮਾਰਟਿਨ ਲੂਥਰ ਨੇ ਸੰਨ 1517 ਈ. ਵਿਚ ਜਰਮਨ ਵਿਚ ਸੁਧਾਰ ਲਹਿਰ ਆਰੰਭ ਕੀਤੀ। ਠੀਕ ਇਸੇ ਸਮੇਂ ਯੋਰਪ ਵਿਚ ਪ੍ਰਤਿਭਾਸ਼ੀਲ ਲੇਖਕ ਮੈਕਿਆਵੇਲੀ (1469-1527) ਨੇ ਈਸਾਈ ਧਰਮ ਦੇ ਠੇਕੇਦਾਰਾਂ ਦੇ ਦੁਰਾਚਾਰਾਂ ਨੂੰ ਨੰਗਿਆਂ ਕੀਤਾ।

ਭਾਰਤ ਵਿਚ ਭਗਤੀ ਲਹਿਰ ਦੱਖਣ ਵਿਚ ਆਪਣੀਆਂ ਜੜ੍ਹਾਂ ਪੱਕੀਆਂ ਕਰ ਚੁੱਕੀ ਸੀ ਤੇ ਹੌਲੀ ਹੌਲੀ ਉੱਤਰ ਵੱਲ ਵਧ ਰਹੀ ਸੀ। ਰਾਮਾਨੰਦ, ਨਰਸੀ ਮਹਿਤਾ, ਨਾਮਦੇਵ ਤੇ ਏਕਨਾਥ ਵਰਗੇ ਮਹਾਨ ਸੰਤ ਬ੍ਰਾਹਮਣੀ ਮੱਤ ਵਿਰੁੱਧ ਉੱਭਰੀ ਲਹਿਰ ਰਾਹੀਂ ਲੋਕ-ਮਾਨਸ ’ਤੇ ਆਪਣਾ ਪ੍ਰਭਾਵ ਜਮਾ ਚੁੱਕੇ ਸਨ। ਨਾਥਾਂ ਤੇ ਜੋਗੀਆਂ ਦਾ ਸਾਧਾਰਨ ਲੋਕਾਂ ਵਿਚ ਚੰਗਾ ਦਬਦਬਾ ਸੀ ਅਤੇ ਭਾਰਤ ਵਿਚ ਨਵੇਂ ਬਣੇ ਮੁਸਲਮਾਨਾਂ ਵਿਚ ਸੂਫ਼ੀ ਮਤ ਲੋਕਪ੍ਰਿਯ ਹੋ ਚੁੱਕਾ ਸੀ। ਗੁਰੂ ਨਾਨਕ ਦੇਵ ਦੇ ਸਮਕਾਲੀਆਂ ਵਿਚ ਕ੍ਰਿਸ਼ਨ ਪੰਥ ਦਾ ਮੋਢੀ ਵੱਲਭਾਚਾਰੀਆ (ਜਨਮ 1499), ਬੰਗਾਲੀ ਸੰਤ ਚੈਤੰਨਯ ਮਹਾਂਪ੍ਰਭੂ (ਜਨਮ 1486), ਕ੍ਰਿਸ਼ਨ-ਪੂਜ ਰਾਜਪੂਤ ਰਾਜਕੁਮਾਰੀ ਮੀਰਾ ਬਾਈ (ਜਨਮ 1499) ਆਸਾਮ ਦੇ ਭਗਤ ਸ਼ੰਕਰ ਦੇਵ ਅਤੇ ਰਾਮ-ਭਗਤ ਮਹਾਂਕਵੀ ਤੁਲਸੀਦਾਸ ਪ੍ਰਸਿੱਧ ਹਨ।

ਬੁੱਧ ਮੱਤ ਦੀ ਸਮਾਜਕ ਅਥਵਾ ਧਾਰਮਕ ਕ੍ਰਾਂਤੀ ਤੋਂ ਪਿੱਛੋਂ ਭਾਰਤੀ ਦਰਸ਼ਨ ਦੇ ਖੇਤਰ ਵਿਚ ਦੂਜੀ ਵੱਡੀ ਕ੍ਰਾਂਤੀ ਭਗਤੀ ਲਹਿਰ ਦੇ ਰੂਪ ਵਿਚ ਪ੍ਰਗਟ ਹੋਈ ਭਗਤੀ ਲਹਿਰ ਦਾ ਬੀਜ ਰਾਮਾਨੁਜ (ਅੱਠਵੀਂ ਸਦੀ) ਦੇ ਵਿਸ਼ਿਸ਼ਟ ਅਦ੍ਵੈਤਵਾਦ ਵਿਚ ਵਿਦਮਾਨ ਸੀ। ਵੱਲਭਾਚਾਰੀਆ, ਚੈਤੰਨਯ, ਨਾਮਦੇਵ ਤੇ ਕਬੀਰ ਨੇ ਇਸ ਨੂੰ ਵਿਕਸਿਤ ਕੀਤਾ ਅਤੇ ਗੁਰੂ ਨਾਨਕ ਦੇਵ ਦੁਆਰਾ ਇਸ ਨੂੰ ਇਕ ਨਵਾਂ ਮੋੜ ਮਿਲਿਆ। ਰਾਮਾਨੁਜ ਤੇ ਗੁਰੂ ਨਾਨਕ ਦੇਵ ਵਿਚਕਾਰ ਛੇ ਸਦੀਆਂ ਦਾ ਅੰਤਰ ਹੈ ਤੇ ਇਹ ਸਾਰਾ ਸਮਾਂ ਭਾਰਤ ਵੱਡੇ ਪੱਧਰ ’ਤੇ ਨਾਕਾਰਾਤਮਕਤਾ ਦਾ ਸ਼ਿਕਾਰ ਰਿਹਾ ਹੈ। ਗੁਰੂ ਸਾਹਿਬ ਤੋਂ ਤੁਰੰਤ ਪਹਿਲਾਂ ਸੰਤ ਕਵੀਆਂ ਨੇ ਆਪਣੀ ਬਾਣੀ ਰਾਹੀਂ ਲੋਕਾਂ ਵਿਚ ਆਤਮਿਕ ਬਲ ਪੈਦਾ ਕਰਨ ਦੀ ਚੇਸ਼ਟਾ ਕੀਤੀ। ਗੁਰੂ ਨਾਨਕ ਦੇਵ

ਨੂੰ ਵਿਰਸੇ ਵਿਚ ਵੱਖ-ਵੱਖ ਪ੍ਰਦੇਸ਼ਾਂ ਵਿਚ ਭਗਤੀ ਲਹਿਰ ਵੱਲੋਂ ਲਿਆਂਦੀ ਜਾ ਰਹੀ ਗਿਣਾਤਮਕ ਤਬਦੀਲੀ ਪ੍ਰਾਪਤ ਹੋਈ ਅਤੇ ਗੁਰੂ ਨਾਨਕ ਬਾਣੀ ਦੇ ਨਿਰਣੈਕਾਰੀ ਸਰੂਪ ਨੇ ਇਸ ਵਿਚ ਗੁਣਾਤਮਕ ਤਬਦੀਲੀ ਲੈ ਆਂਦੀ। ਗੁਰੂ ਸਾਹਿਬ ਦੇ ਸੰਤੁਲਿਤ ਚਿੰਤਨ ਨੇ ਪਲਾਇਨ ਦੀ ਥਾਂ ਚੰਗੇਰਾ ਅਨੁਸ਼ਾਸਿਤ ਜੀਵਨ ਬਿਤਾਉਣ ਦੀ ਲੋੜ ’ਤੇ ਜ਼ੋਰ ਦਿੱਤਾ।

ਗੁਰੂ ਨਾਨਕ ਦੇਵ ਦਾ ਕਾਲ ਇਕ ਤੋਂ ਵੱਧ ਢੰਗਾਂ ਰਾਹੀਂ ਰਾਜਨੀਤਕ, ਸਾਂਸਕ੍ਰਿਤਿਕ ਅਤੇ ਆਤਮਕ ਪੱਧਰਾਂ ਤੇ ਬੁਨਿਆਦੀ ਸੰਕ੍ਰਾਂਤੀ ਦਾ ਕਾਲ ਆਖਿਆ ਜਾ ਸਕਦਾ ਹੈ। ਦਸਵੀਂ ਸਦੀ (ਈਸਵੀ) ਤੋਂ ਲੈ ਕੇ ਮੁਸਲਮਾਨ ਹਮਲਾਵਰਾਂ ਨੇ ਮੱਧ ਏਸ਼ੀਆ ’ਤੇ ਲਗਾਤਾਰ ਹਮਲੇ ਕੀਤੇ। ਦਿੱਲੀ ਤਕ ਪਹੁੰਚ ਦਾ ਰਸਤਾ ਪੰਜਾਬ ਦੇ ਵਿਚੋਂ ਦੀ ਹੋਣ ਕਰਕੇ ਇਸ ਖਿੱਤੇ ਦੇ ਲੋਕਾਂ ਨੂੰ ਸਭ ਤੋਂ ਵੱਧ ਔਕੜਾਂ ਦਾ ਸਾਹਮਣਾ ਕਰਨਾ ਪਿਆ। ਅਫ਼ਗ਼ਾਨਾਂ ਅਤੇ ਤੁਰਕਾਂ ਨੇ ਆਪਣੇ ਰਾਜ ਕਾਇਮ ਕੀਤੇ ਅਤੇ ਕਈ ਮੁਸਲਮਾਨ ਵੰਸ਼ਾਂ ਨੇ ਉੱਤਰੀ ਭਾਰਤ ਉਪਰ ਹਕੂਮਤ ਕੀਤੀ। ਵਿਦੇਸ਼ੀ ਜਰਵਾਣੇ ਫ਼ੌਜੀ ਤਾਕਤ ਦੇ ਸਹਾਰੇ ਰਾਜ ਕਰਦੇ ਸਨ, ਇਸ ਲਈ ਉਹਨਾਂ ਵੱਲੋਂ ਪਰਜਾ ਉਪਰ ਅਕਹਿ ਜ਼ੁਲਮ ਕੀਤੇ ਜਾਣੇ ਸੁਭਾਵਿਕ ਗੱਲ ਸੀ। ਦੇਸ਼ਪਾਂਡੇ ਅਨੁਸਾਰ ਗੁਰੂ ਸਾਹਿਬ ਤੋਂ ਪਹਿਲਾਂ ਦੀਆਂ ਚਾਰ ਸਦੀਆਂ ਵਿਚ ਹਰ ਹਿੰਦੁਸਤਾਨੀ ਅਖਵਾਉਣ ਵਾਲੀ ਵਸਤੂ ਦੀ ਅਭੂਤ-ਪੂਰਵ ਬਰਬਾਦੀ ਹੋਈ। ਪਹਿਲਾਂ ਵਾਲੇ ਸ਼ਸਤਰ-ਜੀਵੀਆਂ ਦੇ ਨਾਲ ਨਵੇਂ ਤੱਤ ਸ਼ਾਮਲ ਹੋ ਗਏ ਅਤੇ ਉਹਨਾਂ ਦੀ ਹਮਲਾਵਰੀ ਸ਼ਕਤੀ ਅਤੇ ਉਤਸ਼ਾਹ ਹੋਰ ਵਧੇਰੇ ਤੱਤਪਰ ਹੋ ਗਏ। ਪਹਿਲਾਂ ਉਹ ਹਿੰਦੂ ਸਮਾਜਕ ਜੀਵਨ ਵਿਚ ਘੁਲਮਿਲ ਜਾਂਦੇ ਸਨ ਪਰ ਇਸ ਵਾਰ ਅਜਿਹਾ ਨਾ ਹੋਇਆ। ਨਤੀਜਾ ਇਹ ਨਿਕਲਿਆ ਕਿ ਹਿੰਦੂ ਸਮਾਜ ਦੀ ਸੰਚਿਤ ਹਰ ਉੱਚੀ ਸਮਝੀ ਜਾਂਦੀ ਵਸਤੂ ਅਥਵਾ ਰਿਵਾਇਤ ਮਿੱਟੀ ਵਿਚ ਮਿਲਾ ਦਿੱਤੀ ਗਈ।[8]

ਗੁਰੂ ਨਾਨਕ ਦੇਵ ਦੇ ਜਨਮ ਸਮੇਂ ਪੰਜਾਬ ਤਿੰਨ ਸਦੀਆਂ ਨਾਲੋਂ ਵੱਧ ਸਮੇਂ ਤੋਂ ਮੁਸਲਮਾਨ ਹਾਕਮਾਂ ਦੇ ਅਧੀਨ ਚਲਿਆ ਆ ਰਿਹਾ ਸੀ। ਹਾਕਮ ਜਮਾਤ ਤੋਂ ਇਲਾਵਾ ਪੁਜਾਰੀ ਵਰਗ ਦੇ ਕਾਜ਼ੀ ਤੇ ਮੁੱਲਾਂ-ਮੁਲਾਣੇ ਜਹਾਦ ਰੂਪੀ ਵਿਸ਼ਵਾਸਾਂ ਵਿਚ ਪੂਰੀ ਤਰ੍ਹਾਂ ਸਹਾਈ ਹੁੰਦੇ ਸਨ। ਇਸ ਦੇ ਨਾਲ ਹੀ ਮੁਸਲਾਮਨ ਬਣੇ ਭਾਰਤੀਆਂ ਦੀ ਇਕ ਨਵੀਂ ਜਮਾਤ ਵੀ ਪੈਦਾ ਹੋ ਰਹੀ ਸੀ। ਗੁਰੂ ਸਾਹਿਬ ਦੇ ਕਾਲ ਦੀ ਇਕ ਵੱਡੀ ਸਮੱਸਿਆ ਇਹ ਸੀ ਕਿ ਹਿੰਦੂ ਸਮਾਜ ਨੂੰ ਬਹੁਤ ਨਿਰਾਸ਼ਾਜਨਕ ਸਥਿਤੀ ਵਿਚ ਜੀਊਣਾ ਪੈ ਰਿਹਾ ਸੀ। ਹਮਲਾਵਰਾਂ ਪਾਸ ਹਥਿਆਰਬੰਦ ਤਾਕਤ ਅਤੇ ਸ਼ੋਸ਼ਣ ਤੇ ਸਾਰੇ ਸਾਧਨ ਮੌਜੂਦ ਸਨ ਅਤੇ ਕਮਜ਼ੋਰ ਪਰਜਾ ਭਰਮ-ਭੁਲੇਖਿਆਂ ਦੀ ਬੁਰੀ ਤਰ੍ਹਾਂ ਸ਼ਿਕਾਰ ਸੀ।

ਗੁਰੂ ਸਾਹਿਬ ਦੇ ਆਗਮਨ ਸਮੇਂ ਬਹਿਲੋਲ ਲੋਧੀ (ਰਾਜ ਕਾਲ 1451-1489) ਦਿੱਲੀ ਦਾ ਸੁਲਤਾਨ ਸੀ। ਉਸ ਤੋਂ ਪਿੱਛੋਂ ਸਿਕੰਦਰ ਲੋਧੀ ਨੇ

1489 ਤੋਂ 1517 ਈਸਵੀ ਤਕ ਅਤੇ ਫਿਰ ਇਬਰਾਹੀਮ ਲੋਧੀ ਨੇ 1517 ਤੋਂ 1526 ਈਸਵੀ ਤਕ ਹਕੂਮਤ ਕੀਤੀ। ਲੋਧੀ ਵੰਸ਼ ਦੇ ਸੁਲਤਾਨਾਂ ਦਾ ਬਹੁਤਾ ਸਮਾਂ ਪੂਰਬੀ ਤੇ ਦੱਖਣ ਹਿੱਸਿਆਂ ਵਿਚ ਲੜਾਈਆਂ ਵਿਚ ਬਤੀਤ ਹੋਇਆ, ਇਸ ਕਰਕੇ ਪੰਦਰ੍ਹਵੀਂ ਸਦੀ ਦੇ ਦੂਜੇ ਅੱਧ ਵਿਚ ਪੱਛਮੀ ਹਿੱਸੇ ਵਿਚ ਮੁਕਾਬਲਤਨ ਅਮਨ-ਅਮਾਨ ਰਿਹਾ। ਪੰਜਾਬ ਦਾ ਲੋਧੀ ਸਾਮਰਾਜ ਵਾਸਤਵ ਵਿਚ ਕਮਜ਼ੋਰ ਨੀਂਹਾਂ 'ਤੇ ਉਸਰੀ ਇਮਾਰਤ ਵਰਗਾ ਸੀ, ਜਿਸ ਵਿਚ ਖ਼ੁਦਮੁਖ਼ਤਾਰ ਪਰਗਣੇ ਅਤੇ ਜਾਗੀਰਦਾਰ ਪ੍ਰਧਾਨ ਸਨ। ਗੁਰੂ ਸਾਹਿਬ ਦੇ ਅਵਤਾਰ ਧਾਰਨ ਸਮੇਂ ਤਾਤਾਰ ਖ਼ਾਂ ਲਾਹੌਰ ਅਤੇ ਦੀਪਾਲਪੁਰ ਦਾ ਲੋਧੀ ਹਾਕਮ ਸੀ। ਉਹ ਸੰਨ 1485 ਈ. ਵਿਚ ਅੰਬਾਲਾ ਨੇੜੇ ਇਕ ਲੜਾਈ ਵਿਚ ਮਾਰਿਆ ਗਿਆ। ਉਸ ਤੋਂ ਪਿੱਛੋਂ ਸੈਦ ਖ਼ਾਂ ਨੂੰ ਪੰਜਾਬ ਦੇ ਪ੍ਰਬੰਧ ਲਈ ਨਿਯੁਕਤ ਕੀਤਾ ਗਿਆ। ਸੰਨ 1500 ਈ. ਵਿਚ ਤਾਤਾਰ ਖ਼ਾਂ ਦੇ ਪੁੱਤਰ ਦੌਲਤ ਖ਼ਾਂ ਨੂੰ ਲਾਹੌਰ ਦਾ ਸ਼ਾਸਕ ਬਣਾਇਆ ਗਿਆ। ਇੰਜ ਪੰਜਾਬ ਦਾ ਰਾਜ-ਪ੍ਰਬੰਧ 1489 ਤੋਂ 1519 ਤਕ ਕਿਸੇ ਬਗ਼ਾਵਤ ਆਦਿ ਤੋਂ ਬਿਨਾਂ ਹੀ ਅਮਨ-ਚੈਨ ਨਾਲ ਚੱਲਦਾ ਰਿਹਾ।

ਗੁਰੂ ਨਾਨਕ ਦੇਵ ਦੇ ਜੀਵਨ-ਕਾਲ ਵਿਚ ਪੰਜਾਬ ਦੀ ਰਾਜਨੀਤੀ ਦੀਆਂ ਸਭ ਤੋਂ ਵੱਧ ਨਾਟਕੀ ਘਟਨਾਵਾਂ ਬਾਬਰ ਦੀ ਕਾਰਵਾਈ ਨਾਲ ਸੰਬੰਧਤ ਹਨ।[9] ਬਾਬਰ ਨੇ 1520 ਈ. ਵਿਚ ਦਰਿਆ ਚਨਾਬ ਪਾਰ ਕਰ ਕੇ ਸਿਆਲਕੋਟ 'ਤੇ ਅਧਿਕਾਰ ਕੀਤਾ। ਫਿਰ ਉਹ ਸੈਦਪੁਰ (ਏਮਨਾਬਾਦ) ਵੱਲ ਵਧਿਆ, ਜਿਥੇ ਵੱਡੇ ਪੱਧਰ 'ਤੇ ਕਤਲੇਆਮ ਹੋਇਆ। ਦੌਲਤ ਖ਼ਾਂ ਲੋਧੀ ਨੇ ਆਪ ਬਾਬਰ ਨੂੰ ਹਮਲੇ ਲਈ ਸੱਦਾ ਦਿੱਤਾ ਸੀ, ਪਰ 1523 ਈ. ਦੇ ਅੰਤ ਵਿਚ ਇਬਰਾਹੀਮ ਲੋਧੀ ਦੌਲਤ ਖ਼ਾਂ ਨੂੰ ਲਾਹੌਰੋਂ ਭਜਾਉਣ ਵਿਚ ਸਫਲ ਹੋ ਗਿਆ। ਬਾਬਰ ਪਹਿਲਾਂ ਹੀ ਦਰਿਆ ਸਿੰਧ ਪਾਰ ਕਰ ਚੁੱਕਾ ਸੀ, ਉਸ ਨੇ ਲਾਹੌਰ 'ਤੇ ਚੜ੍ਹਾਈ ਕਰ ਕੇ ਅਫ਼ਗ਼ਾਨ ਫ਼ੌਜਾਂ ਨੂੰ ਹਰਾ ਕੇ 1524 ਈ. ਵਿਚ ਲਾਹੌਰ 'ਤੇ ਕਬਜ਼ਾ ਕਰ ਲਿਆ। ਉਸ ਨੇ ਵੱਖ ਵੱਖ ਥਾਵਾਂ 'ਤੇ ਆਪਣੇ ਅਹਿਲਕਾਰ ਮੁਕੱਰਰ ਕੀਤੇ ਤੇ ਆਪ ਕਾਬਲ ਮੁੜ ਗਿਆ। ਇਸੇ ਦੌਰਾਨ ਇਬਰਾਹੀਮ ਲੋਧੀ ਨੇ ਬਾਬਰ ਦੇ ਅਹਿਲਕਾਰ ਆਲਮ ਖ਼ਾਂ ਪਾਸੋਂ ਦੀਪਾਲਪੁਰ ਫਿਰ ਖੋਹ ਲਿਆ। ਬਾਬਰ ਨੇ 1525 ਵਿਚ ਪੰਜਾਬ 'ਤੇ ਫਿਰ ਹਮਲਾ ਅਤੇ ਦੁਬਾਰਾ ਅਧਿਕਾਰ ਕਰਲ ਪਿੱਛੋਂ ਦਿੱਲੀ ਵੱਲ ਵਧਿਆ ਅਤੇ ਇਬਰਾਹੀਮ ਲੋਧੀ ਦੀਆਂ ਫ਼ੌਜਾਂ ਨੂੰ 1526 ਵਿਚ ਪਾਨੀਪਤ ਦੇ ਮੈਦਾਨ ਵਿਚ ਫ਼ੈਸਲਾਕੁੰਨ ਹਾਰ ਦਿੱਤੀ।

ਅਸੀਂ ਵੇਖਦੇ ਹਾਂ ਕਿ ਗੁਰੂ ਸਾਹਿਬ ਦੇ ਜੀਵਨ ਕਾਲ ਵਿਚ ਪੰਜਾਬ ਮੁਗ਼ਲ ਸਾਮਰਾਜ ਅਧੀਨ ਕਿਸੇ ਵੱਡੀ ਪੱਧਰ ਦੀ ਲੜਾਈ ਅਤੇ ਬਦਨਜ਼ਾਮੀ ਤੋਂ ਮੁਕਤ ਰਿਹਾ। ਲੋਧੀ ਕਾਲ ਵਿਚ ਬਦਨਜ਼ਾਮੀ ਸਿਰ ਚੁੱਕਣ ਲੱਗ ਪਈ ਸੀ। ਖ਼ੁਸ਼ਵੰਤ ਸਿੰਘ ਅਨੁਸਾਰ ਮੁਸਲਮਾਨ ਹਾਕਮ ਜਮਾਤ ਨੇ ਆਪਣੇ ਖ਼ਜ਼ਾਨੇ ਖ਼ਾਲੀ ਵੇਖ ਕੇ ਧਨਵਾਨ

ਹਿੰਦੂ ਵਪਾਰੀ ਵਰਗ ਉੱਪਰ ਨਹੱਕੇ ਕਰ ਠੋਸ ਕੇ ਅਤੇ ਇਨਸਾਫ਼ ਤੋਂ ਇਨਕਾਰ ਕਰ ਕੇ ਉਹਨਾਂ ਨੂੰ ਖ਼ੂਬ ਲੁੱਟਿਆ। ਕਿਸੇ ਪ੍ਰਕਾਰ ਦੇ ਰੋਸ ਨੂੰ ਸਖ਼ਤੀ ਨਾਲ ਦਬਾ ਦਿੱਤਾ, 'ਕਾਫ਼ਰਾਂ' ਦਾ ਕਤਲੇਆਮ ਕੀਤਾ ਅਤੇ ਉਹਨਾਂ ਦੇ ਪੂਜਾ-ਸਥਾਨਾਂ ਦੀ ਬੇਹੁਰਮਤੀ ਅਤੇ ਬਰਬਾਦੀ ਕੀਤੀ ਗਈ।[10] ਲੋਧੀ ਸਲਤਨਤ ਫ਼ੌਜੀ ਤਾਕਤ ਅਤੇ ਪ੍ਰਬੰਧਕੀ ਯੋਗਤਾ ਦੇ ਪੱਖ ਤੋਂ ਮਜ਼ਬੂਤ ਨਹੀਂ ਸੀ ਅਤੇ ਉਸ ਵਿਚ ਉਸ ਰਾਜਨੀਤਕ ਸਿਆਣਪ ਦੀ ਵੀ ਘਾਟ ਸੀ ਜੋ ਪੰਜਾਬ ਵਿਚ ਅਮਨ, ਤਰੱਕੀ ਅਤੇ ਮਜ਼ਬੂਤੀ ਦਾ ਇਕ ਨਵਾਂ ਦੌਰ ਸ਼ੁਰੂ ਕਰਨ ਲਈ ਲੋੜੀਂਦੀ ਸੀ। ਲੋਧੀਆਂ ਦਾ ਪੰਜਾਬ ਕੀਟ-ਪਤੰਗਾਂ ਦਾ ਖਾਧਾ ਹੋਇਆ ਇਲਾਕਾ ਸੀ।[11]

ਇਥੇ ਇਹ ਵਰਣਨਯੋਗ ਹੈ ਕਿ ਗੁਰੂ ਨਾਨਕ ਦੇਵ ਮੁੱਢ ਤੋਂ ਹੀ ਰਾਜਨੀਤਕ ਨਿਘਾਰ, ਪ੍ਰਬੰਧਕੀ ਖੋਖਲੇਪਣ ਅਤੇ ਸਰਕਾਰ ਵਿਚਲੇ ਸੁਆਰਥੀ ਤੇ ਲਾਲਚੀ ਤੱਤਾਂ ਪ੍ਰਤੀ ਪੂਰੀ ਤਰ੍ਹਾਂ ਚੇਤੰਨ ਅਤੇ ਆਲੋਚਨਾਤਮਕ ਸਨ। ਉਹਨਾਂ ਨੇ ਖੱਲ੍ਹੇ ਰੂਪ ਵਿਚ ਰਾਜਨੀਤਕ ਪ੍ਰਬੰਧ ਦੀ ਆਲੋਚਨਾ ਕੀਤੀ। ਨਿਰਸੰਦੇਹ ਉਹਨਾਂ ਦੁਆਰਾ ਕੀਤੀ ਗਈ ਆਲੋਚਨਾ ਸੰਤੁਲਿਤ ਅਤੇ ਨੀਤੀ ਭਰਪੂਰ ਸੀ। ਨਿਮਨ ਲਿਖਤ ਸ਼ਬਦਾਂ ਵਿਚ ਕੀਤੀ ਗਈ ਟਿੱਪਣੀ ਵਿਚਲੀ ਦਲੇਰੀ ਅਤੇ ਅਰਥ ਭਰਪੂਰਤਾ ਮਹੱਤਵਪੂਰਣ ਹੈ :

**ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥**
**ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥**
**ਹਉ ਭਾਲਿ ਵਿਕੁੰਨੀ ਹੋਈ ॥**
**ਆਧੇਰੈ ਰਾਹੁ ਨ ਕੋਈ ॥**[12]

**ਰਾਜੇ ਸੀਹ ਮੁਕਦਮ ਕੁਤੇ ॥**
**ਜਾਇ ਜਗਾਇਨਿ੍ ਬੈਠੇ ਸੁਤੇ ॥**
**ਚਾਕਰ ਨਹਦਾ ਪਾਇਨਿ੍ ਘਾਉ ॥**
**ਰਤੁ ਪਿਤੁ ਕੁਤਿਹੋ ਚਟਿ ਜਾਹੁ ॥**[13]

ਗੁਰੂ ਸਾਹਿਬ ਦੁਆਰਾ ਪ੍ਰਬੰਧਕੀ ਢਾਂਚੇ ਦੀ ਆਲੋਚਨਾ ਕੇਵਲ ਮੁਸਲਮਾਨਾਂ ਤਕ ਸੀਮਤ ਨਹੀਂ ਸੀ। ਇਹ ਉਹਨਾਂ ਸਾਰੇ ਲੋਕਾਂ ਪ੍ਰਤੀ ਸੀ ਜਿਹਨਾਂ ਨੂੰ ਰਾਜਨੀਤਕ ਤਾਕਤ ਨੇ ਅੰਨ੍ਹੇ-ਬੋਲੇ ਬਣਾ ਦਿੱਤਾ ਸੀ। ਗੁਰੂ ਸਾਹਿਬ ਸੰਨ 1521 ਈ. ਵਿਚ ਬਾਬਰ ਦੇ ਹਮਲੇ ਸਮੇਂ ਪੰਜਾਬੀਆਂ ਉਪਰ ਹੋਏ ਅੱਤਿਆਚਾਰਾਂ ਦੇ ਚਸ਼ਮਦੀਦ ਗਵਾਹ ਸਨ। ਉਹਨਾਂ ਦਾ ਹਿਰਦਾ ਮਾਨਵੀ ਪੀੜਾ ਨਾਲ ਵਲੂੰਧਰਿਆ ਗਿਆ ਤੇ ਉਹਨਾਂ ਨੇ ਬੜੇ ਦਲੇਰਾਨਾ ਢੰਗ ਨਾਲ ਸ਼ਕਤੀਸ਼ਾਲੀ ਸ਼ਬਦਾਂ ਵਿਚ ਅੱਤਿਆਚਾਰੀਆਂ ਵਿਰੁੱਧ ਆਪਣਾ ਰੋਸ ਪ੍ਰਗਟ ਕੀਤਾ :

**ਜੈਸੀ ਮੈ ਆਵੈ ਖਸਮ ਕੀ ਬਾਣੀ**
**ਤੈਸੜਾ ਕਰੀ ਗਿਆਨੁ ਵੇ ਲਾਲੋ ॥**

**ਪਾਪ ਕੀ ਜੰਞ ਲੈ ਕਾਬਲਹੁ ਧਾਇਆ**
**ਜੋਰੀ ਮੰਗੈ ਦਾਨੁ ਵੇ ਲਾਲੋ ॥**
**ਸਰਮੁ ਧਰਮੁ ਦੁਇ ਛਪਿ ਖਲੋਏ**
**ਕੂੜੁ ਫਿਰੈ ਪਰਧਾਨੁ ਵੇ ਲਾਲੋ ॥**
**ਕਾਜੀਆ ਬਾਮਣਾ ਕੀ ਗਲ ਥਕੀ**
**ਅਗਦੁ ਪੜੈ ਸੈਤਾਨੁ ਵੇ ਲਾਲੋ ॥**
**ਮੁਸਲਮਾਨੀਆ ਪੜਹਿ ਕਤੇਬਾ**
**ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥**
**ਜਾਤਿ ਸਨਾਤੀ ਹੋਰਿ ਹਿਦਵਾਣੀਆ**
**ਏਹਿ ਭੀ ਲੇਖੈ ਲਾਇ ਵੇ ਲਾਲੋ ॥**
**ਖੂਨ ਕੇ ਸੋਹਿਲੇ ਗਾਵੀਅਹਿ ਨਾਨਕ**
**ਰਤੁ ਕਾ ਕੁੰਗੂ ਪਾਇ ਵੇ ਲਾਲੋ ॥**[14]

**ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥**
**ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥...**
**ਰਤਨ ਵਿਗਾੜਿ ਵਿਗੋਏ ਕੁਤੰੀ ਮੁਇਆ ਸਾਰ ਨ ਕਾਈ ॥**[15]

ਡਾਕਟਰ ਜੇ.ਐੱਸ. ਗਰੇਵਾਲ ਅਨੁਸਾਰ ਗੁਰੂ ਨਾਨਕ ਦੇਵ ਆਪਣੀ ਬਾਣੀ ਵਿਚ ਰਾਜਨੀਤਕ ਸੱਤਾ ਦੇ ਸੁਆਮੀਆਂ ਅਤੇ ਉਹਨਾਂ ਦੇ ਧਾਰਮਿਕ ਬੁਲਾਰਿਆਂ ਵਿਚਲਾ ਨਿਕਟ ਸੰਪਰਕ ਅਨੁਭਵ ਕਰਦੇ ਪ੍ਰਤੀਤ ਹੁੰਦੇ ਹਨ। ਸੱਤਾਧਾਰੀ ਉਹਨਾਂ ਲੋਕਾਂ ਪ੍ਰਤੀ ਵਿਤਕਰੇ ਦੀ ਭਾਵਨਾ ਪ੍ਰਗਟ ਕਰਦੇ ਹਨ ਜਿਹੜੇ ਉਹਨਾਂ ਅਕੀਦਿਆਂ ਵਾਲੇ ਨਹੀਂ ਹਨ। ਇਹ ਵੇਲੇ ਦੀ ਸਥਿਤੀ ਦੀ ਵਿਆਪਕ ਤਸਵੀਰ ਹੈ। ਸਪੱਸ਼ਟ ਹੈ ਕਿ ਗੁਰੂ ਸਾਹਿਬ ਧਾਰਮਿਕ ਪੱਖ ਤੋਂ ਕੀਤੇ ਜਾਂਦੇ ਵਿਤਕਰੇ ਪ੍ਰਤੀ ਰਤਾ ਵੀ ਹਮਦਰਦੀ ਨਹੀਂ ਸਨ ਰੱਖਦੇ।[16] ਗੁਰੂ ਸਾਹਿਬ ਰਾਜਨੀਤਕ ਅਧਿਕਾਰਾਂ ਦੀ ਦੁਰਵਰਤੋਂ ਅਤੇ ਇਸ ਤੋਂ ਉਪਜਦੇ ਲੋਕ-ਦੁੱਖਾਂ ਪ੍ਰਤੀ ਭਾਵੁਕ ਰੂਪ ਵਿਚ ਚੇਤੰਨ ਸਨ। ਉਹ ਅਨੁਭਵ ਕਰਦੇ ਸਨ ਕਿ ਧਨੀ ਵਰਗ ਦਾ ਧਨ ਤੇ ਜੋਬਨ ਇਕ ਸਮੇਂ ਉਹਨਾਂ ਦਾ ਸਭ ਤੋਂ ਵੱਡਾ ਵੈਰੀ ਹੋ ਨਿੱਬੜਿਆ। ਉਹਨਾਂ ਨੇ ਰਾਜਨੀਤਕ ਵਿਭਚਾਰ ਅਤੇ ਅਮਾਨਵੀ ਕਾਰਜਾਂ ਪ੍ਰਤੀ ਵਿਦਰੋਹੀ ਆਵਾਜ਼ ਉਠਾਈ। ਰਾਜਨੀਤਕ ਨਿਘਾਰ ਅਤੇ ਵਿਤਕਰੇ ਪ੍ਰਤੀ ਗੁਰੁ ਸਾਹਿਬ ਦੁਆਰਾ ਕੀਤਾ ਗਿਆ ਖੰਡਨ ਮੁਕਤ-ਚਿੱਤ ਹੈ। ਉਹ ਹਮਲਾਵਰਾਂ ਦੀਆਂ ਵਧੀਕੀਆਂ, ਅਧਿਕਾਰੀ-ਵਰਗ ਦੇ ਗ਼ੈਰ-ਹਮਦਰਦਾਨਾ ਵਤੀਰੇ ਅਤੇ ਨਹੱਕੇ ਕਰਾਂ ਦੀ ਪੁਰਜ਼ੋਰ ਨਿਖੇਧੀ ਕਰਦੇ ਹਨ ਅਤੇ ਦੁਰਕਾਰੇ, ਦਲਿਤ ਅਤੇ ਦੁਖੀ ਬਹੁਗਿਣਤੀ ਲੋਕਾਂ ਨਾਲ ਹਮਦਰਦੀ ਪ੍ਰਗਟਾਉਂਦੇ ਹਨ।

ਤੱਤਕਾਲੀਨ ਰਾਜਨੀਤਕ ਅਸ਼ਾਂਤੀ ਨੇ ਪੰਜਾਬ ਵਾਸੀਆਂ ਦੇ ਸਮਾਜਕ

ਜੀਵਨ ਨੂੰ ਵੀ ਵੱਡੇ ਪੱਧਰ ’ਤੇ ਪ੍ਰਭਾਵਤ ਕੀਤਾ। ਉੱਤਰ-ਪੱਛਮੀ ਮੁਸਲਿਮ ਦੇਸ਼ਾਂ ਵੱਲੋਂ ਹੁੰਦੇ ਹਮਲੇ ਕੇਵਲ ਰਾਜਨੀਤਕ ਕਾਰਣਾਂ ਕਰਕੇ ਹੀ ਨਹੀਂ ਸਨ ਸਗੋਂ ਇਹਨਾਂ ਦੇ ਪਿੱਛੇ ਧਾਰਮਕ ਕੱਟੜਤਾ ਦੀ ਭਾਵਨਾ ਵੀ ਕੰਮ ਕਰਦੀ ਸੀ। ਹਮਲਾਵਰਾਂ ਵਿਚਲੇ ਜਹਾਦ ਦੇ ਜਜ਼ਬੇ ਕਾਰਣ ਉਹਨਾਂ ਦਾ ਹਿੰਦੂ ਸਮਾਜ ਵਿਚ ਰਚ-ਮਿਚ ਸਕਣਾ ਹੁਣ ਆਸਾਨ ਨਹੀਂ ਸੀ ਰਿਹਾ। ਇਸ ਗੱਲ ਦੇ ਭਿਆਨਕ ਨਤੀਜਿਆਂ ਵਜੋਂ ਹਿੰਦੂ ਸਮਾਜ ਦੇ ਮਨੋਬਲ ਦਾ ਪਤਨ ਹੋ ਨਿੱਬੜਿਆ। ਹਿੰਦੂਆਂ ਦੇ ਸਮਾਜਕ ਜੀਵਨ ਦੀ ਹਰ ਮਹੱਤਵਪੂਰਣ ਗੱਲ ਨੂੰ ਮਿਟਾ ਦਿੱਤਾ ਗਿਆ। ਫਲਸਰੂਪ ਪੰਜਾਬ ਵਿਚ ਦੋ ਨਿੱਖੜਵੇਂ ਸਮਾਜ-ਵਰਗ ਹੋਂਦ ਵਿਚ ਆਉਣ ਲੱਗੇ ਜਿਹੜੇ ਮਾਨਸਿਕ ਤੇ ਸਾਂਸਕ੍ਰਿਤਿਕ ਰੂਪ ਵਿਚ ਇਕ ਦੂਜੇ ਤੋਂ ਕੋਹਾਂ ਦੂਰ ਸਨ। ਦੂਜੇ ਸ਼ਬਦਾਂ ਵਿਚ ਦੋ ਵੱਖ-ਵੱਖ ਸੰਸਕ੍ਰਿਤੀਆਂ—ਭਾਰਤੀ ਤੇ ਸਾਮੀ—ਹੋਂਦ ਵਿਚ ਆ ਗਈਆਂ। ਬਹੁ-ਗਿਣਤੀ ਹਿੰਦੂ ਜਗਤ ਲਈ ਸਭ ਤੋਂ ਵੱਡਾ ਸੰਕਟ ਉਸ ਨਿਰਾਸ਼ਜਨਕ ਸਥਿਤੀ ਵਿਚ ਜੀਊਣਾ ਮਾਤਰ ਹੀ ਸੀ ਜੋ ਮੁਸਲਮਾਨਾਂ ਦੇ ਕਾਬਜ਼ ਹੋਣ ਕਰਕੇ ਪੈਦਾ ਹੋ ਗਈ ਸੀ। ਹਾਕਮ ਮੁਸਲਮਾਨਾਂ ਨੇ ਸਥਾਨਕ ਪਰਜਾ ਦਾ ਰੱਜ ਕੇ ਸ਼ੋਸ਼ਣ ਕੀਤਾ ਅਤੇ ਉਹਨਾਂ ਉਪਰ ਅਨੇਕ ਪ੍ਰਕਾਰ ਦੇ ਜ਼ੁਲਮ ਕੀਤੇ। ਹਿੰਦੂਆਂ ਲਈ ਕਿਸੇ ਸਤਿਕਾਰਯੋਗ ਰੋਜ਼ਗਾਰ ਅਥਵਾ ਨੌਕਰੀ ਦਾ ਕੋਈ ਦੁਆਰ ਖੁੱਲ੍ਹਾ ਨਹੀਂ ਸੀ। ਉਹਨਾਂ ਉਪਰ ਆਰਥਕ ਮੰਦਹਾਲੀ ਲੱਦ ਦਿੱਤੀ ਗਈ ਅਤੇ ਹਿੰਦੂ ਸੰਸਕ੍ਰਿਤੀ ਨੂੰ ਮਿਟਾਉਣ ਲਈ ਉਹਨਾਂ ਦੇ ਪੂਜਾ-ਸਥਾਨਾਂ ਨੂੰ ਢਾਹ ਕੇ ਮਸੀਤਾਂ ਵਿਚ ਤਬਦੀਲ ਕਰਨ ਦੇ ਸਿਰਤੋੜ ਯਤਨ ਕੀਤੇ ਗਏ।

ਸਪੱਸ਼ਟ ਰੂਪ ਵਿਚਿ ਹਿੰਦੂਆਂ ਦੀ ਵੱਡੀ ਗਿਣਤੀ ਦਾ ਮਨੋਬਲ ਡੇਗ ਕੇ ਉਹਨਾਂ ਨੂੰ ਇਸਲਾਮ ਕਬੂਲਣ ਲਈ ਮਜਬੂਰ ਕੀਤਾ ਗਿਆ। ਇਸ ਸਮੁੱਚੀ ਸਥਿਤੀ ਵਿਚ ਹਿੰਦੂਆਂ ਪਾਸ ਇਸ ਤੋਂ ਸਿਵਾ ਕੋਈ ਚਾਰਾ ਨਹੀਂ ਸੀ ਕਿ ਉਹ ਕੱਟੜ ਪੰਥੀ ਮੁਸਲਮਾਨਾਂ ਅੱਗੇ ਗੋਡੇ ਟੇਕ ਦਿੰਦੇ। ਡਾਕਟਰ ਹਰੀ ਰਾਮ ਗੁਪਤਾ ਦੇ ਵਿਚਾਰ ਅਨੁਸਾਰ ਸ਼ਾਸਕ ਵਰਗ ਅਤੇ ਪਰਜਾ ਅਥਵਾ ਮੁਸਲਮਾਨ ਤੇ ਹਿੰਦੂ ਵੱਸੋਂ ਵਿਚਕਾਰ ਇਕ ਬਹੁਤ ਵੱਡਾ ਖਲਾਅ ਪੈਦਾ ਹੋ ਗਿਆ। ਇਥੋਂ ਤਕ ਕਿ ਹਿੰਦੂ ਫ਼ਕੀਰਾਂ ਨੂੰ ਹਰ ਤਰ੍ਹਾਂ ਦੇ ਤ੍ਰਿਸਕਾਰ ਦਾ ਸ਼ਿਕਾਰ ਹੋਣਾ ਪਿਆ। ਉਹਨਾਂ ਨੂੰ ਮੁਸਲਮਾਨ ਫ਼ਕੀਰਾਂ ਨਾਲੋਂ ਵੱਖਰੀ ਭਾਂਤ ਦਾ ਬਾਣਾ ਪਹਿਨਣਾ ਪੈਂਦਾ ਸੀ। ਹਿੰਦੂਆਂ ਅਤੇ ਮੁਸਲਮਾਨਾਂ ਦੇ ਰਿਵਾਜਾਂ, ਰਹੁ-ਰੀਤਾਂ, ਮਨੌਤਾਂ ਅਤੇ ਜੀਵਨ-ਢੰਗਾਂ ਵਿਚ ਮੁਕੰਮਲ ਵਖਰੇਵਾਂ ਪੈਦਾ ਹੋ ਚੁੱਕਿਆ ਸੀ।[17] ਹਿੰਦੂਆਂ ਦਾ ਸਮਾਜਕ ਰੁਤਬਾ ਇੰਨਾ ਨੀਵਾਂ ਕਰ ਦਿੱਤਾ ਗਿਆ ਕਿ ਉਹਨਾਂ ਨੂੰ ਆਪਣੇ ਮੋਢਿਆਂ ’ਤੇ ਵੱਖ-ਵੱਖ ਰੰਗਾਂ ਦੀਆਂ ਟਾਕੀਆਂ ਲਾਉਣੀਆਂ ਪੈਂਦੀਆਂ ਸਨ ਤਾਂ ਜੋ ਕੋਈ ਮੁਸਲਮਾਨ ਭੁੱਲ-ਭੁਲੇਖੇ ਵੀ ਉਹਨਾਂ ਨੂੰ ਮਾਣ ਦੇਣ ਦੀ ਗ਼ਲਤੀ ਨਾ ਕਰ ਬੈਠੇ। ਇਕ ਹਿੰਦੂ ਕੇਵਲ ਖੋਤੇ ਉਪਰ ਹੀ ਸਵਾਰੀ ਕਰ ਸਕਦਾ ਹੈ ਅਤੇ ਅਜਿਹਾ ਕਰਦੇ ਸਮੇਂ ਵੀ ਉਸ ਕਾਠੀ ਦੀ ਵਰਤੋਂ ਕਰਨ ਦੀ ਆਗਿਆ ਨਹੀਂ ਸੀ।[18]

ਹਾਕਮ ਜਮਾਤ ਪਾਸ ਵਿਸ਼ਾਲ ਅਧਿਕਾਰਾਂ ਅਤੇ ਸ਼ਕਤੀਆਂ ਦਾ ਨਤੀਜਾ ਇਹ ਨਿਕਲਿਆ ਕਿ ਉਪਰੋਕਤ ਕੋਝੀ ਸਥਿਤੀ ਵਿਚ ਕਿਸੇ ਪ੍ਰਕਾਰ ਦੇ ਸਿਧਾਂਤਕ ਵਿਰੋਧ ਬਾਰੇ ਸੋਚਣਾ ਤਕ ਵੀ ਖ਼ਤਰੇ ਤੋਂ ਖ਼ਾਲੀ ਨਹੀਂ ਸੀ। ਜਾਬਰ ਵਿਰੁੱਧ ਉੱਠਣ ਵਾਲੀ ਕਿਸੇ ਵੀ ਆਵਾਜ਼ ਨੂੰ ਹਮੇਸ਼ਾ ਲਈ ਖ਼ਾਮੋਸ਼ ਕੀਤਾ ਜਾ ਸਕਦਾ ਸੀ ਅਤੇ ਅਜਿਹੇ ਪ੍ਰਬੰਧ ਕੀਤੇ ਜਾ ਸਕਦੇ ਸਨ ਕਿ ਅਜਿਹੀ ਕੋਈ ਆਵਾਜ਼ ਅੱਗੋਂ ਲਈ ਵੀ ਕਦੇ ਨਾ ਉੱਠ ਸਕੇ। ਮੁਸਲਮਾਨਾਂ ਦੁਆਰਾ ਹਿੰਦੂਆਂ ਨੂੰ ਬਣਾਏ ਜਾਣ ਦੀ ਲਗਾਤਾਰ ਪ੍ਰਕਿਰਿਆ ਦੇ ਫਲਸਰੂਪ ਹਿੰਦੂਆਂ ਦੀ ਇੱਛਾ-ਸ਼ਕਤੀ ਨੂੰ ਜ਼ਬਰਦਸਤ ਧੱਕਾ ਲੱਗਿਆ ਅਤੇ ਉਹਨਾਂ ਦੀਆਂ ਸਫ਼ਾਂ ਵਿਚ ਲੰਮੀ ਨਿਰਾਸ਼ਾ ਘਰ ਕਰ ਗਈ। ਕੁਝ ਰਿਆਇਤਾਂ ਮਿਲਣ ਦੇ ਬਾਵਜੂਦ ਤੁਰਕਾਂ ਦੇ ਰਾਜ ਵਿਚ ਹਿੰਦੂਆਂ ਵਿਚ ਏਨੀ ਗਿਰਾਵਟ ਆ ਗਈ ਕਿ ਕਿਸੇ ਪ੍ਰਕਾਰ ਦੇ ਆਤਮ-ਸਨਮਾਨ ਅਥਵਾ ਦਲੇਰੀ ਦੀ ਅਮੋਲਕ ਭਾਵਨਾ ਤੇਜ਼ੀ ਨਾਲ ਅਲੋਪ ਹੋਣ ਲੱਗੀ। ਇਸ ਸੰਬੰਧ ਵਿਚ ਡਾਕਟਰ ਫ਼ੌਜਾ ਸਿੰਘ ਦਾ ਵਿਚਾਰ ਹੈ ਕਿ ਇਸ ਗਿਰਾਵਟ ਨੂੰ ਕੇਵਲ ਵਿਦੇਸ਼ੀਆਂ ਦੀਆਂ ਜਿੱਤਾਂ ਨਾਲ ਨਹੀਂ ਜੋੜਿਆ ਜਾ ਸਕਦਾ। ਪਤਨ ਦੀ ਇਹ ਪ੍ਰਕਿਰਿਆ ਬਹੁਤ ਚਿਰ ਪਹਿਲਾਂ ਸ਼ੁਰੂ ਹੋ ਚੁੱਕੀ ਸੀ। ਰਾਜਾ ਹਰਸ਼ ਵਰਧਨ ਦੇ ਕਾਲ ਵਿਚ ਹੀ ਹਿੰਦੂ ਸਮਾਜ ਵਿਚ ਕੁਝ ਹਾਨੀਕਾਰਕ ਪ੍ਰਵਿਰਤੀਆਂ ਦਾਖ਼ਲ ਹੋ ਗਈਆਂ ਸਨ, ਜਿਹੜੀਆਂ ਗਿਰਾਵਟ ਦਾ ਕਾਰਣ ਬਣੀਆਂ।[19] ਸਮਝਿਆ ਜਾ ਸਕਦਾ ਹੈ ਕਿ ਮੁਸਲਮਾਨਾਂ ਵੱਲੋਂ ਮਿਲਦੇ ਤ੍ਰਿਸਕਾਰ ਨੇ ਹਿੰਦੂ ਮਨੋਬਲ ਨੂੰ ਡੇਗਣ ਵਿਚ ਆਪਣੀ ਭੂਮਿਕਾ ਜ਼ਰੂਰ ਨਿਭਾਈ ਹੈ, ਭਾਵੇਂ ਇਸ ਤੋਂ ਪਹਿਲਾਂ ਕਰਮ-ਕਾਡਾਂ ਤੇ ਧਾਰਮਿਕ ਦੰਭਾਂ ਨੇ ਹਿੰਦੂ ਸਮਾਜ ਨੂੰ ਵੱਡੀ ਢਾਹ ਲਾਈ ਹੋਈ ਸੀ।

ਗੁਰੂ ਨਾਨਕ ਕਾਲ ਦਾ ਹਿੰਦੂ ਸਮਾਜ ਬੁਰੀ ਤਰ੍ਹਾਂ ਜ਼ਾਤਾਂ, ਵਰਣਾਂ ਵਿਚ ਵੰਡਿਆ ਹੋਇਆ ਸੀ ਅਤੇ ਛੂਤ-ਛਾਤ ਦੀ ਭਾਵਨਾ ਪ੍ਰਧਾਨ ਸੀ। ਬ੍ਰਾਹਮਣ ਪੁਜਾਰੀ ਸ਼੍ਰੇਣੀ ਦੀ ਹੋਰਨਾਂ ਵਰਣਾਂ ਉਪਰ ਪ੍ਰਭੁਤਾ ਨੇ ਇਕ ਅਜਿਹੀ ਸਮਾਜ-ਵਿਵਸਥਾ ਪੈਦਾ ਕਰ ਦਿੱਤੀ ਸੀ ਜੋ ਵਹਿਮਾਂ-ਭਰਮਾਂ ਅਤੇ ਸ਼ੋਸ਼ਣ ਨਾਲ ਭਰਪੂਰ ਸੀ ਅਤੇ ਜੋ ਹਿੰਦੂ ਸਮਾਜ ਦੇ ਮਾਨਸਿਕ ਵਿਗਠਨ ਦਾ ਆਧਾਰ ਬਣੀ। ਨਤੀਜੇ ਵਜੋਂ ਭੇਖੀ ਬ੍ਰਾਹਮਣਵਾਦ ਨੇ ਪੁਜਾਰੀ ਪ੍ਰਧਾਨ ਫੋਕੇ ਤੇ ਕਰਮ-ਕਾਂਡੀ ਧਰਮ ਅਥਵਾ ਸੀਮਤ ਕਿਤਾਬੀ ਵਿਦਵਤਾ ਨੂੰ ਜਨਮ ਦਿੱਤਾ। ਇਥੇ ਇਹ ਗੱਲ ਵਿਚਾਰਨ ਯੋਗ ਹੈ ਕਿ ਹਿੰਦੂਆਂ ਨੇ ਅਸਿੱਧੇ ਰੂਪ ਵਿਚ ਹਾਕਮ ਜਮਾਤ ਦੀ ਪ੍ਰਭੁਤਾ ਨੂੰ ਸਵੀਕਾਰ ਕਰ ਲਿਆ ਸੀ ਅਤੇ ਉਹ ਉਹਨਾਂ ਦੇ ਜੀਵਨ-ਢੰਗ ਨੂੰ ਅਪਣਾ ਕੇ ਉਹਨਾਂ ਨੂੰ ਖ਼ੁਸ਼ ਕਰਨ ਲਈ ਤਤਪਰ ਸਨ। ਗੁਰੂ ਨਾਨਕ ਬਾਣੀ ਵਿਚੋਂ ਇਸ ਸਥਿਤੀ ਦੇ ਸਪੱਸ਼ਟ ਉਦਾਹਰਣ ਪ੍ਰਾਪਤ ਹੁੰਦੇ ਹਨ। ਰਾਗ ਆਸਾ ਵਿਚ ਗੁਰੂ ਸਾਹਿਬ ਫ਼ੁਰਮਾਉਂਦੇ ਹਨ :

**ਸਰਮ ਧਰਮ ਕਾ ਡੇਰਾ ਦੂਰਿ ॥**
**ਨਾਨਕ ਕੂੜੁ ਰਹਿਆ ਭਰਪੂਰਿ ॥**
**ਮਥੈ ਟਿਕਾ ਤੇੜਿ ਧੋਤੀ ਕਖਾਈ ॥**
**ਹਥਿ ਛੁਰੀ ਜਗਤ ਕਾਸਾਈ ॥**
**ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ ॥**
**ਮਲੇਛ ਧਾਨੁ ਲੇ ਪੂਜਹਿ ਪੁਰਾਣੁ ॥**
**ਅਭਾਖਿਆ ਕਾ ਕੁਠਾ ਬਕਰਾ ਖਾਣਾ ॥**
**ਚਉਕੇ ਉਪਰਿ ਕਿਸੈ ਨ ਜਾਣਾ ॥**
**ਦੇ ਕੈ ਚਉਕਾ ਕਢੀ ਕਾਰ ॥**
**ਉਪਰਿ ਆਇ ਬੈਠੇ ਕੂੜਿਆਰ ॥**[20]

ਇਸ ਸਥਿਤੀ ਦਾ ਸਿੱਟਾ ਇਹ ਨਿਕਲਿਆ ਕਿ ਆਮ ਜਨਤਾ ਲਾਲਚ, ਝੂਠ, ਪਾਪ ਤੇ ਲਾਲਸਾਵਾਂ ਆਦਿ ਦਾ ਸ਼ਿਕਾਰ ਹੋ ਗਈ ਅਤੇ ਸਦਾਚਾਰਕ ਮੁੱਲਾਂ ਦਾ ਕੋਈ ਮਹੱਤਵ ਨਾ ਰਿਹਾ। ਗੁਰੂ ਸਾਹਿਬ ਆਪਣੀ ਰਚਨਾ ਦੁਆਰਾ ਸਮਾਜਕ ਬੁਰਾਈਆਂ ਅਤੇ ਲੋਕਾਂ ਦੀਆਂ ਕਮਜ਼ੋਰੀਆਂ ਦਾ ਆਮ ਤੌਰ 'ਤੇ ਪੁਜਾਰੀ ਵਰਗ ਦਾ ਵਿਸ਼ੇਸ਼ ਰੂਪ ਵਿਚ ਵਰਣਨ ਕਰਦੇ ਹਨ:

**ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ ॥**
**ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ॥**
**ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥**
**ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ ॥**
**ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ ॥**
**ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ ॥**[21]

ਹਿੰਦੂਆਂ ਦੀ ਗਿਰਵਾਟ ਦਾ ਮਾੜਾ ਪ੍ਰਭਾਵ ਮੁਸਲਮਾਨਾਂ ਉੱਤੇ ਵੀ ਪਿਆ। ਭਾਰਤ ਉਪਰ ਹਮਲੇ ਦੇ ਸਮੇਂ ਉਹਨਾਂ ਵਿਚ ਜੋ ਧਾਰਮਿਕ ਉਤਸ਼ਾਹ ਸੀ, ਉਹ ਹੌਲੀ-ਹੌਲੀ ਮੱਠਾ ਪੈਣ ਲੱਗਿਆ। ਪੰਦਰ੍ਹਵੀਂ ਸਦੀ ਦੇ ਅੰਤ ਤਕ ਮੁਸਲਮਾਨਾਂ ਦੀ ਸਮਾਜਕਤਾ ਵਿਚ ਵੀ ਪਤਨ ਦੇ ਚਿੰਨ ਪ੍ਰਗਟ ਹੋਣੇ ਸ਼ੁਰੂ ਹੋ ਗਏ। ਕਾਜ਼ੀ, ਜੋ ਕਿ ਮੁਸਲਿਮ ਰਾਜ-ਪ੍ਰਬੰਧ ਦਾ ਅੰਗ ਵੀ ਸਨ, ਹਿੰਦੂ ਪੁਜਾਰੀ ਵਰਗ ਵਾਲੇ ਰਾਹ ਤੁਰ ਪਏ। ਕਾਜ਼ੀਆਂ ਤੇ ਮੁਲਾਣਿਆਂ ਦੇ ਚਰਿੱਤਰ ਉਪਰ ਟਿੱਪਣੀ ਕਰਦੇ ਹੋਏ ਗੁਰੂ ਸਾਹਿਬ ਨੇ ਲਿਖਿਆ ਹੈ:

**ਕਾਜੀ ਹੋਇ ਕੈ ਬਹੈ ਨਿਆਇ ॥**
**ਫੇਰੇ ਤਸਬੀ ਕਰੇ ਖੁਦਾਇ ॥**
**ਵਢੀ ਲੈ ਕੈ ਹਕੁ ਗਵਾਏ ॥**
**ਜੇ ਕੋ ਪੁਛੈ ਤਾ ਪੜਿ ਸੁਣਾਏ ॥**[22]

ਉਪਰੋਕਤ ਵਿਸ਼ਲੇਸ਼ਣ ਤੋਂ ਸਪੱਸ਼ਟ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਚੰਗੇ ਜਾਂ ਮਾੜੇ ਵਿਅਕਤੀਆਂ ਨੂੰ ਉਹਨਾਂ ਦੇ ਧਰਮ ਅਨੁਸਾਰ ਵਰਗੀਕ੍ਰਿਤ ਨਹੀਂ ਕੀਤਾ, ਸਗੋਂ ਉਹਨਾਂ ਦਾ ਲੇਖਾ-ਜੋਖਾ ਕਰਦਿਆਂ ਉਹਨਾਂ ਦੇ ਆਚਰਣ ਨੂੰ ਮੁੱਖ ਰੱਖਿਆ ਹੈ। ਉਹਨਾਂ ਨੇ ਜ਼ਾਤ-ਪਾਤ ਜਾਂ ਵਰਣ-ਵੰਡ ਨੂੰ ਆਧਾਰਹੀਣ ਅਤੇ ਅਣਉਚਿਤ ਕਰਾਰ ਦੇ ਕੇ ਇਕ ਸਿਰਿਉਂ ਹੀ ਨਕਾਰ ਦਿੱਤਾ ਅਤੇ ਇਸ ਨੂੰ ਮਨੁੱਖਤਾ ਲਈ ਹੱਤਕ ਸਮਝਿਆ। ਉਹਨਾਂ ਲਈ ਸਭ ਮਨੁੱਖ ਬਰਾਬਰ ਸਨ ਅਤੇ ਉਹਨਾਂ ਨੇ ਇਸ ਮੰਦਭਾਗੇ ਵਿਚਾਰ ਨੂੰ ਵੀ ਨਕਾਰ ਦਿੱਤਾ ਕਿ ਪੁਰਖ ਦੇ ਮੁਕਾਬਲੇ ਨਾਰੀ ਦਾ ਸਥਾਨ ਨੀਵਾਂ ਹੈ। ਉਸ ਵੇਲੇ ਦੇ ਸਮਾਜ ਵਿਚ ਇਸਤਰੀ ਨੂੰ ਸ਼ੂਦਰ ਵਾਂਗ ਸਮਝਿਆ ਜਾਂਦਾ ਸੀ। ਗੁਰੂ ਸਾਹਿਬ ਨੇ ਇਸਤਰੀ ਦੇ ਸਤਿਕਾਰਯੋਗ ਸਥਾਨ ਦੀ ਵਕਾਲਤ ਕੀਤੀ ਅਤੇ ਉਸ ਦਾ ਸਹੀ ਮਹੱਤਵ ਦ੍ਰਿੜ੍ਹ ਕਰਵਾਇਆ।[23] ਉਹਨੀਂ ਦਿਨੀਂ ਹਿੰਦੂ ਸਮਾਜ ਵਿਚ 'ਸਤੀ' ਦੀ ਰਸਮ ਪ੍ਰਚੱਲਤ ਸੀ। ਬ੍ਰਾਹਮਣਵਾਦ ਦੇ ਉਤਸ਼ਾਹ ਨਾਲ ਸਮਾਜ ਵਿਚ ਅਜਿਹੀਆਂ ਜਰਜਰੀਆਂ ਰਸਮਾਂ ਦੀ ਹੋਂਦ ਨੇ ਮਨੁੱਖ ਦੇ ਵਕਾਰ ਨੂੰ ਡਾਢੀ ਢਾਹ ਲਾਈ ਹੋਈ ਸੀ।

ਗੁਰੂ ਨਾਨਕ ਬਾਣੀ ਦੇ ਅਧਿਐਨ ਤੋਂ ਸਪੱਸ਼ਟ ਹੁੰਦਾ ਹੈ ਕਿ ਗੁਰੂ ਸਾਹਿਬ ਪੰਜਾਬ ਦੇ ਸਮਾਜਕ, ਰਾਜਨੀਤਕ ਤੇ ਆਰਥਿਕ ਪੱਖਾਂ ਬਾਰੇ ਪੂਰੀ ਤਰ੍ਹਾਂ ਜਾਣਕਾਰੀ ਰੱਖਦੇ ਸਨ। ਉਹਨਾਂ ਦੇ ਸਾਹਮਣੇ ਇਕ ਸਪੱਸ਼ਟ ਸਮਾਜਕ ਮੰਤਵ ਹੋਣ ਕਰਕੇ ਉਹ ਇਹਨਾਂ ਬਾਰੇ ਸਾਰਥਕ ਪਹੁੰਚ ਰੱਖਦੇ ਸਨ। ਉਹਨਾਂ ਦੀਆਂ ਸਮਾਜਕ ਟਿੱਪਣੀਆਂ ਮਨੁੱਖੀ ਵੇਦਨਾ ਦੇ ਆਮ ਵਿਚਾਰ ਨਾਲ ਸੰਬੰਧਤ ਸਨ। ਉਹਨਾਂ ਨੇ ਕੂੜੇ ਰਿਵਾਜਾਂ ਤੇ ਭੈੜੀਆਂ ਰੀਤਾਂ ਦੀ ਤੀਬਰ ਆਲੋਚਨਾ ਕੀਤੀ ਅਤੇ ਆਪਣੇ ਸਮਾਜਕ ਮੰਤਵ ਦੀ ਪੂਰਤੀ ਲਈ ਇਕ ਸ਼ਕਤੀਸ਼ਾਲੀ ਸੋਚ ਦੀ ਨੀਂਹ ਰੱਖੀ। ਗੁਰੂ ਨਾਨਕ ਦੇਵ ਦੇ ਚਿੰਤਨ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਉਹਨਾਂ ਨੇ ਆਲੋਚਨਾਤਮਕ ਟਿੱਪਣੀਆਂ ਦੇ ਨਾਲ-ਨਾਲ ਸੰਸਥਾਗਤ ਕੀਮਤਾਂ ਅਤੇ ਸੰਪ੍ਰਦਾਇਕ ਵਿਵਹਾਰਾਂ ਦੇ ਆਦਰਸ਼ ਰੂਪ ਵੱਲ ਸਮਾਜ ਦਾ ਧਿਆਨ ਖਿੱਚਿਆ। ਉਦਾਹਰਣ ਵਜੋਂ ਉਹਨਾਂ ਨੇ ਜਨੇਊ ਦਾ ਸ਼ੁੱਧ ਤੇ ਸਭਿਆਚਾਰਕ ਭਾਵ ਦੱਸਿਆ ਹੈ (ਦਇਆ ਕਪਾਹ ਸੰਤੋਖ ਸੂਤੁ ਜਤੁ ਗੰਢੀ ਸਤੁ ਵਟੁ॥); ਇਕ ਸੱਚੇ ਮੁਸਲਮਾਨ ਦਾ ਸਰੂਪ ਅੰਕਿਤ ਕੀਤਾ ਹੈ (ਮਿਹਰ ਮਸੀਤਿ ਸਿਦਕੁ ਮਸਲਾ ਹਕੁ ਹਲਾਲੁ ਕੁਰਾਣੁ॥ ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ); ਇਸੇ ਤਰ੍ਹਾਂ ਇਕ ਜੋਗੀ ਨੂੰ ਵਿਵਹਾਰਕ ਤੇ ਆਚਰਣਿਕ ਉੱਚਤਾ ਦੀ ਪ੍ਰੇਰਣਾ ਦਿੱਤੀ ਹੈ (ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ॥ ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ॥) ਗੁਰੂ ਨਾਨਕ ਦੇਵ ਦੀ ਮਾਨਸਿਕਤਾ ਵਿਚ ਉਸਾਰੂ ਸਮਾਜਕਤਾ ਦਾ ਸਦਾ ਹੀ ਪ੍ਰਥਮ ਸਥਾਨ ਰਿਹਾ ਹੈ। ਉਹਨਾਂ ਨੇ ਸਮਾਜ ਵਿਚ ਵਿਚਰਦਿਆਂ ਆਦਰਸ਼ਕ ਜੀਵਨ-ਜਾਚ ਦੀ ਪ੍ਰਾਪਤੀ ਲਈ ਬਲ ਦਿੱਤਾ ਅਤੇ ਗ੍ਰਹਿਸਥ ਦੇ ਮਹੱਤਵ ਨੂੰ ਦ੍ਰਿੜ੍ਹ ਕਰਵਾਇਆ।

ਗੁਰੂ ਨਾਨਕ ਕਾਲ ਦੀ ਧਾਰਮਿਕ ਸਥਿਤੀ ਉੱਪਰ ਟਿੱਪਣੀ ਕਰਦੇ ਹੋਏ ਡਾਕਟਰ ਨਿਹਾਰ ਰੰਜਨ ਰੇਅ ਨੇ ਕਿਹਾ ਹੈ ਕਿ ਇਕ ਤੋਂ ਵੱਧ ਸਮਾਜਕ ਕਾਰਣਾਂ ਕਰਕੇ ਸਾਰੇ ਸੰਸਥਾਗਤ ਅਤੇ ਪੁਰੋਹਿਤ-ਪ੍ਰਧਾਨ ਧਰਮ ਵੱਧ ਤੋਂ ਵੱਧ ਰਸਮੀ, ਕਰਮ-ਕਾਂਡੀ ਅਤੇ ਸਮਾਜਕ ਤੌਰ ’ਤੇ ਕੱਟੜ ਹੁੰਦੇ ਹਨ। ਹਿੰਦੂ ਮੱਤ, ਬੁੱਧ ਮੱਤ ਅਤੇ ਇਸਲਾਮ ਇਸ ਧਾਰਨਾ ਤੋਂ ਬਰੀ ਨਹੀਂ ਹਨ। ਦਸਵੀਂ ਅਤੇ ਗਿਆਰ੍ਹਵੀਂ ਸਦੀ ਦੇ ਭਾਰਤ ਵਿਚ ਬ੍ਰਾਹਮਣਵਾਦੀ ਹਿੰਦੂ ਮੱਤ ਅਤੇ ਮਹਾਯਾਨ ਵਜਰਯਾਨ ਬੁੱਧ ਮੱਤ ਦੇ ਅੰਤਰਗਤ ਆਲੋਚਨਾ ਤੇ ਰੋਸ ਵਾਲੀਆਂ ਇਕ ਤੋਂ ਵੱਧ ਸਮਾਜ-ਧਾਰਮਿਕ ਲਹਿਰਾਂ ਉੱਠੀਆਂ। ਬੁੱਧ ਮੱਤ ਵਿਚ ਇਸ ਰੋਸ ਦੀ ਅਗਵਾਈ ਸਹਜਯਾਨੀ ਬੌਧਾਂ ਨੇ ਕੀਤੀ ਅਤੇ ਹਿੰਦੂ ਮੱਤ ਵਿਚ ਨਾਥ ਪੰਥੀ ਜੋਗੀਆਂ ਅਤੇ ਕੁਝ ਹੋਰ ਤਿਆਗੀ ਸੰਪ੍ਰਦਾਵਾਂ ਨੇ।[24] ਉਸ ਵੇਲੇ ਦੇ ਉੱਤਰ ਭਾਰਤ ਦੇ ਧਾਰਮਿਕ ਚਿੱਤਰ ਵਿਚ ਨਾਥ ਪੰਥੀ ਜੋਗੀਆਂ ਦੀ ਉੱਘੀ ਭੂਮਿਕਾ ਹੈ। ਅਸੀਂ ਦੇਖਦੇ ਹਾਂ ਕਿ ਪੰਦਰ੍ਹਵੀਂ ਸਦੀ ਦੇ ਪੰਜਾਬ ਵਿਚ ਸਹਜਯਾਨੀ ਬੌਧਾਂ ਦੀ ਹੋਂਦ ਦਾ ਬਹੁਤਾ ਸਬੂਤ ਨਹੀਂ ਮਿਲਦਾ, ਪਰ ਜੋਗੀਆਂ ਦੀਆਂ ਅਨੇਕ ਸੰਪ੍ਰਦਾਵਾਂ ਜਿਹਾ ਕਿ ਅਵਧੂਤ ਮਾਰਗੀ, ਕਪਾਲਿਕ, ਹੱਠ-ਜੋਗੀ, ਸਿੱਧ ਆਦਿ ਦੇ ਸ਼ਰਧਾਲੂ ਵੱਡੀ ਗਿਣਤੀ ਵਿਚ ਲੱਭਦੇ ਹਨ। ਉੱਤਰੀ ਭਾਰਤ ਵਿਚ ਜੋਗੀਆਂ ਦੇ ਵੱਖ-ਵੱਖ ਫ਼ਿਰਕਿਆਂ ਵਿਚ ‘ਸਾਧਨਾ’ ਅਤੇ ‘ਸਾਧਯ’ ਦੇ ਸੰਬੰਧ ਵਿਚ ਚੋਖੇ ਮਤ-ਭੇਦ ਸਨ, ਭਾਵੇਂ ਜੋਗ-ਅਭਿਆਸ ਅਤੇ ਜੋਗ-ਸ਼ਬਦਾਵਲੀ ਦੀ ਸਮਰੂਪਤਾ ਸੀ।

ਡਾ. ਸੀਤਾ ਰਾਮ ਬਾਹਰੀ ਅਨੁਸਾਰ ਬੋਧ, ਸਿੱਧਾਂ ਅਤੇ ਨਾਥਾਂ ਨੇ ਬ੍ਰਾਹਮਣਵਾਦ ਦੀ ਇਜਾਰਾਦਾਰੀ ਮੁਕਾਉਣ ਲਈ ਕਰਮ-ਕਾਂਡ, ਬਹੁਦੇਵ ਉਪਾਸਨਾ, ਪੁਸਤਕ-ਪੂਜਾ, ਮੂਰਤੀ ਪੂਜਾ, ਜ਼ਾਤ-ਪਾਤ ਦਾ ਵਿਤਕਰਾ ਅਤੇ ਬਾਹਰਲੇ ਭੇਖਾਚਾਰ ਦੀ ਤਕੜੀ ਨਿਖੇਧੀ ਕੀਤੀ ਸੀ। ਉਹਨਾਂ ਦਾ ਵਿਸ਼ਵਾਸ ਸੀ ਕਿ ਸ਼ੁੱਧ ਅੰਤਹਕਰਣ ਦਾ ਆਪਣਾ ਸੰਵੇਦਨਸ਼ੀਲ ਗਿਆਨ ਅਤੇ ਅਨੁਭਵ ਸਿੱਧ ਗਿਆਨ ਰੂੜੀਵਾਦੀ ਪੁਸਤਕਾਂ ਦੇ ਹਵਾਲਿਆ ਤੇ ਕਥਾ-ਵਾਰਤਾ ਨਾਲੋਂ ਵਧੇਰੇ ਉਪਯੋਗੀ ਹੈ। ਸਹਜ ਜੋਗ ਭਾਵੇਂ ਪੁਰਾਤਨ ਵੇਦਾਂਤ-ਪੂਰਕ ਯੁਗ-ਧਾਰਾ ਵਿਚ ਵਰਤਮਾਨ ਸੀ, ਪਰ ਉਸ ਦੀ ਮਹੱਤਾ ਬੋਧ, ਸਿੱਧਾਂ ਅਤੇ ਤਾਂਤ੍ਰਿਕ ਸਾਧਾਂ ਨੇ ਵਧੇਰੇਰ ਪ੍ਰਸਾਰਿਤ ਕੀਤੀ ਸੀ।[25] ਗੁਰੂ ਨਾਨਕ ਦੇਵ ਨੇ ਜੋਗ ਦੇ ਸੰਕਲਪ ਨੂੰ ਭਲੀ ਪ੍ਰਕਾਰ ਸਮਝਿਆ ਅਤੇ ਅਨੁਭਵ ਕੀਤਾ ਕਿ ਉਸ ਵੇਲੇ ਦੇ ਹਠ-ਜੋਗ ਦੀਆਂ ਸਿੱਧੀਆਂ ਅਤੇ ਚਮਤਕਾਰਾਂ ਨੂੰ ਆਮ ਜਨਤਾ ਨੂੰ ਕਿਸ ਕਦਰ ਚਕ੍ਰਿਤ ਤੇ ਭੈਭੀਤ ਕੀਤਾ ਹੋਇਆ ਸੀ। ਉਹ ਹੋਰ ਸੰਤ ਕਵੀਆਂ ਦੇ ਮੁਕਾਬਲੇ ਜੋਗ-ਮੱਤ ਦੀ ਨਿਰਾਰਥਕਤਾ ਦੇ ਵਡੇਰੇ ਆਲੋਚਕ ਸਨ ਅਤੇ ਉਹਨਾਂ ਨੇ ਮਹਿਸੂਸ ਕੀਤਾ ਕਿ ਹਠ-ਜੋਗ ਧਰਮ-ਸਾਧਨਾ ਦੇ ਰਾਹ ਵਿਚ ਅੜਚਨ ਬਣਦਾ ਹੈ। ਗੁਰੂ ਸਾਹਿਬ ਨੇ ਨਾਥ ਜੋਗੀਆਂ ਦੀ ਭਿੱਖਿਆ ਮੰਗਣ ਦੀ ਬਿਰਤੀ ਅਤੇ ਨਿਕੰਮੇ ਸੰਨਿਆਸ ਦਾ ਖੰਡਨ ਕੀਤਾ ਅਤੇ ਕਿਰਤ ਕਮਾਈ ਦੀ ਲੋੜ ’ਤੇ ਜ਼ੋਰ ਦਿੱਤਾ।

ਉਹਨਾਂ ਨੇ ਸਾਰਥਕ ਨਿਰਲੇਪਤਾ ਦਾ ਉਪਦੇਸ਼ ਦਿੰਦੇ ਹੋਏ 'ਅੰਜਨ ਮਾਹਿ ਨਿਰੰਜਨ' ਦੀ ਵਿਵਹਾਰਕ ਧਾਰਨਾ ਦ੍ਰਿੜ੍ਹ ਕਰਵਾਈ।

ਚੌਧਵੀਂ ਸਦੀ ਦੇ ਆਰੰਭ ਤੋਂ ਪਹਿਲਾਂ ਹੰਢ ਚੁੱਕੇ ਬ੍ਰਾਹਮਣਵਾਦ ਦੇ ਵਿਰੋਧ ਵਿਚ ਭਗਤੀ ਲਹਿਰ ਪੈਦਾ ਹੋਈ। ਇਸ ਦਾ ਆਰੰਭ ਦੱਖਣ ਵਿਚ ਹੋਇਆ ਅਤੇ ਇਹ ਛੇਤੀ ਹੀ ਉੱਤਰ ਵੱਲ ਫੈਲ ਗਈ। ਸ਼ੰਕਰਾਚਾਰੀਆ, ਰਾਮਾਨੰਦ ਅਤੇ ਨਾਮਦੇਵ ਇਸ ਦੇ ਪ੍ਰਵਰਤਕਾਂ ਵਿਚੋਂ ਸਨ। ਬੰਗਾਲ ਵਿਚ ਚੈਤੰਨਯ ਅਤੇ ਉੱਤਰ ਪ੍ਰਦੇਸ਼ ਵਿਚ ਭਗਤ ਕਬੀਰ ਨੇ ਇਸ ਲਹਿਰ ਨੂੰ ਬਲ ਪ੍ਰਦਾਨ ਕੀਤਾ। ਇਹਨਾਂ ਸਾਰੇ ਮਹਾਂਪੁਰਖਾਂ ਦੇ ਵਿਚਾਰਾਂ ਵਿਚ ਸਾਂਝੇ ਤੱਤ ਵਿਦਮਾਨ ਸਨ। ਪ੍ਰਭੂ-ਭਗਤੀ, ਗੁਰੂ-ਭਗਤੀ, ਆਤਮ-ਤਿਆਗ, ਫੋਕੇ ਕਰਮ-ਕਾਡਾਂ ਦੀ ਨਿਖੇਧੀ, ਜ਼ਾਤ-ਪਾਤ ਦਾ ਵਿਰੋਧ ਆਦਿ ਤੱਤਾਂ ਨੇ ਭਗਤੀ ਲਹਿਰ ਨੂੰ ਆਮ ਜਨਤਾ ਵਿਚ ਲੋਕਪ੍ਰਿਯ ਕੀਤਾ। ਪੰਜਾਬ ਵਿਚ ਇਸ ਲਹਿਰ ਨੇ ਖ਼ਾਸ ਅਮਲੀ ਰੂਪ ਧਾਰਨ ਕੀਤਾ। ਗੁਰੂ ਨਾਨਕ ਦੇਵ ਅਤੇ ਉਹਨਾਂ ਤੋਂ ਪਿੱਛੋਂ ਬਾਕੀ ਸਿੱਖ ਗੁਰੂਆਂ ਨੇ ਇਸ ਨੂੰ ਇਕ ਨਿਵੇਕਲਾ ਰੂਪ ਪ੍ਰਦਾਨ ਕੀਤਾ। ਗੁਰੂ ਸਾਹਿਬ ਨੇ ਇਸ ਦਾ ਕਾਇਆ-ਕਲਪ ਕਰ ਕੇ ਸੰਗਠਿਤ ਪ੍ਰਚਾਰ ਉਪਰ ਬਲ ਦਿੱਤਾ ਤੇ ਗੁਰਿਆਈ ਦੀ ਸੰਸਥਾ ਸਥਾਪਤ ਕੀਤੀ। ਇੰਦੂ ਭੂਸ਼ਣ ਬੈਨਰਜੀ ਦਾ ਵਿਚਾਰ ਹੈ ਕਿ ਜਿਥੇ ਹੋਰ ਪ੍ਰਾਂਤਾਂ ਵਿਚ ਕੁਝ ਲਾਭਦਾਇਕ ਨਤੀਜੇ ਕਰਨ ਪਿੱਛੋਂ ਭਗਤੀ ਲਹਿਰ ਇਕ ਰਹੱਸਵਾਦੀ ਸੰਪ੍ਰਦਾਇ ਦੇ ਰੂਪ ਵਿਚ ਗੁੰਮ-ਸੁੰਮ ਹੋ ਗਈ, ਉਥੇ ਪੰਜਾਬ ਵਿਚ ਇਸ ਨੇ ਅੰਤ ਨੂੰ ਸਿੱਖ ਮੱਤ ਦੇ ਰੂਪ ਵਿਚ ਵੱਖਰੀ ਸੰਪ੍ਰਦਾਇ ਦਾ ਰੂਪ ਧਾਰ ਲਿਆ।[26]

ਭਗਤੀ ਲਹਿਰ ਵਾਂਗ ਇਸਲਾਮ ਵਿਚ ਸੂਫ਼ੀਆਂ ਨੇ ਧਾਰਮਿਕ ਕੱਟੜਤਾ ਵਿਰੁੱਧ ਆਵਾਜ਼ ਉਠਾਈ। ਸੂਫ਼ੀਵਾਦ ਇਕ ਅਜਿਹਾ ਜੀਵਨ-ਮਾਰਗ ਸੀ, ਜੋ ਨਿਰਾਰਥਕ ਕਾਰਜਾਂ ਅਤੇ ਸੌੜੇ ਸਿਧਾਂਤਾਂ ਦੀ ਥਾਂ ਰੱਬ ਲਈ ਸ਼ਰਧਾ-ਭਗਤੀ ਵਿਚ ਵਿਸ਼ਵਾਸ ਰੱਖਦਾ ਸੀ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਚੌਧਵੀਂ ਅਤੇ ਪੰਦਰ੍ਹਵੀਂ ਸਦੀ ਦੇ ਭਾਰਤ ਦੀ ਸਮਾਜਕ ਤੇ ਧਾਰਮਿਕ ਦਸ਼ਾ ਵਿਚ ਹਿੰਦੂ ਅਤੇ ਭਾਰਤੀ ਮੁਸਲਿਮ ਸਮਾਜ ਵਿਚ ਭੇਖੀ ਸਿਧਾਂਤਾਂ ਵਿਰੁੱਧ ਰੋਸ ਅਤੇ ਆਲੋਚਨਾ ਦਾ ਵਾਤਾਵਰਣ ਬਣਿਆ ਹੋਇਆ ਸੀ। ਪੰਦਰ੍ਹਵੀਂ ਸਦੀ ਵਿਚ ਸਮਾਜਕ ਤੇ ਧਾਰਮਿਕ ਰੋਸ ਦਾ ਇਕ ਹੋਰ ਸਰੂਪ ਨਿਰਗੁਣ ਸੰਪ੍ਰਦਾਇ ਦੇ ਸੰਤਾਂ ਦੇ ਰੂਪ ਵਿਚ ਪ੍ਰਗਟ ਹੋਇਆ। ਭਗਤ ਕਬੀਰ ਅਤੇ ਦਾਦੂ ਇਹਨਾਂ 'ਚੋਂ ਪ੍ਰਮੁੱਖ ਸਨ। ਇਸ ਘਟਨਾਵਾਂ ਭਰਪੂਰ ਯੁਗ ਵਿਚ ਗੁਰੂ ਨਾਨਕ ਦੇਵ ਦੀ ਆਪਣੀ ਹੀ ਭੂਮਿਕਾ ਹੈ। ਇਸ ਲਈ ਉਹਨਾਂ ਨੂੰ ਕਿਸੇ ਹੋਰ ਸੰਪ੍ਰਦਾਇ ਦੇ ਪ੍ਰਵਰਤਕਾਂ ਨਾਲ ਜੋੜ ਕੇ ਵੇਖਣਾ ਅਣਉਚਿਤ ਹੈ। ਗੁਰੂ ਸਾਹਿਬ ਨੇ ਸਾਰੀਆਂ ਪੁਰਾਤਨ-ਪੰਥੀ ਤੇ ਕੱਟੜ ਸ਼ਕਤੀਆਂ ਜਿਹਾ ਕਿ ਬ੍ਰਾਹਮਣ, ਮੁਲਾਣੇ ਅਤੇ ਸੰਨਿਆਸੀਆਂ ਨਾਲ ਲੋਹਾ ਲਿਆ। ਉਹਨਾਂ ਨੇ ਕਰਾਮਾਤ ਤੇ ਜਾਦੂ ਭਰਪੂਰ ਸੰਪ੍ਰਦਾਵਾਂ ਵਿਰੁੱਧ ਸੰਘਰਸ਼ ਕੀਤਾ ਅਤੇ ਆਮ ਲੋਕਾਂ ਨੂੰ ਆਤਮਾ

ਦੀ ਅਕਰਮਸ਼ੀਲਤਾ ਅਤੇ ਘੁਟਨ ਤੋਂ ਮੁਕਤ ਕਰਾ ਕੇ ਉਹਨਾਂ ਵਿਚ ਪ੍ਰਭੂ ਭਗਤੀ ਦੀ ਸੱਚੀ-ਸੁੱਚੀ ਰੂਪ ਫੂਕੀ। ਚਤੁਰ ਪੁਰੋਹਿਤ ਵਰਗ ਨੇ ਕੂੜੀਆਂ ਰੀਤਾਂ ਨਾਲ ਧਰਮ ਨੂੰ ਇਕ ਮਜ਼ਾਕ ਬਣਾ ਕੇ ਰੱਖ ਦਿੱਤਾ ਸੀ। ਇਸ ਸਥਿਤੀ ਬਾਰੇ ਗੁਰੂ ਸਾਹਿਬ ਨੇ ਪ੍ਰਭਾਵਸ਼ਾਲੀ ਟਿੱਪਣੀ ਕੀਤੀ ਹੈ:

**ਕਾਦੀ ਕੂੜੁ ਬੋਲਿ ਮਲੁ ਖਾਇ ॥**
**ਬ੍ਰਾਹਮਣੁ ਨਾਵੈ ਜੀਆ ਘਾਇ ॥**
**ਜੋਗੀ ਜੁਗਤਿ ਨ ਜਾਣੈ ਅੰਧੁ ॥**
**ਤੀਨੇ ਓਜਾੜੇ ਕਾ ਬੰਧੁ ॥**[27]

ਗੁਰੂ ਨਾਨਕ ਦੇਵ ਦੁਆਰਾ ਸਮਕਾਲੀਨ ਧਾਰਮਿਕਤਾ ਦੀ ਆਲੋਚਨਾ ਕੇਵਲ ਨਿਖੇਧਾਤਮਕ ਹੀ ਨਹੀਂ ਹੈ, ਸਗੋਂ ਉਹਨਾਂ ਨੇ ਮਨੁੱਖਤਾ ਨੂੰ ਮੁਕਤੀ ਦਾ ਰਾਹ ਵੀ ਵਿਖਾਇਆ। ਧਰਮ ਪ੍ਰਤੀ ਉਹਨਾਂ ਦੀ ਪਹੁੰਚ ਵਿਵਹਾਰਕ ਅਤੇ ਉਦੇਸ਼ ਮੁਖੀ ਹੈ। ਇਸ ਸੰਬੰਧ ਵਿਚ ਇਹ ਤੱਥ ਮਹੱਤਵਪੂਰਣ ਹੈ ਕਿ ਮੱਧ ਕਾਲ ਦੇ ਕਿਸੇ ਹੋਰ ਧਾਰਮਿਕ ਆਗੂ ਨੇ ਰਾਜਨੀਤਕ ਸਮੱਸਿਆਵਾਂ ਨੂੰ ਸਦਾਚਾਰ ਦੇ ਖੇਤਰ ਵਿਚ ਮਨੁੱਖ ਦੀ ਸਥਿਤੀ ਨੂੰ ਪ੍ਰਭਾਵਤ ਕਰਨ ਵਾਲੇ ਤਕੜੇ ਕਾਰਣਾਂ ਵਜੋਂ ਸਵੀਕਾਰ ਨਹੀਂ ਕੀਤਾ ਅਤੇ ਨਾ ਹੀ ਕਿਸੇ ਨੇ ਇਹਨਾਂ ਸਮੱਸਿਆਵਾਂ ਦੇ ਹੱਲ ਲਈ ਕੋਈ ਰਾਹ ਤਿਆਰ ਕੀਤਾ। ਗੁਰੂ ਨਾਨਕ ਦੇਵ ਨੇ ਜਿਥੇ ਮਨੁੱਖ ਵਿਚ ਸ਼ਕਤੀ ਭਰਨ ਦੀ ਫੌਰੀ ਲੋੜ ਨੂੰ ਅਨੁਭਵ ਕਰਦੇ ਹੋਏ ਇਕ ਪ੍ਰਕਾਰ ਦੇ ਸਦਾਚਾਰਕ ਜਾਗਰਣ ਲਈ ਆਧਾਰ ਤਿਆਰ ਕੀਤਾ, ਉਥੇ ਇਕ ਨਵੇਂ ਸਮਾਜ ਦੀ ਸਿਰਜਨਾ ਲਈ ਸਮਕਾਲੀਨ ਧਾਰਮਿਕ ਆਗੂਆਂ ਦੇ ਮੁਕਾਬਲੇ ਕਿਤੇ ਵੱਡਾ ਕਾਰਜ ਕੀਤਾ। ਗੁਰੂ ਸਾਹਿਬ ਦੀ ਸੰਖੇਪ ਤੇ ਸਿੱਧੀ ਪਹੁੰਚ ਦੇ ਨਾਲ-ਨਾਲ ਉਹਨਾਂ ਦਾ ਲੋਕਾਂ ਵਾਂਗ ਰਹਿਣਾ ਮਹੱਤਵਪੂਰਨ ਹੈ। ਸੰਨਿਆਸ ਦਾ ਤਿਆਗ ਕਰ ਕੇ ਗੁਰੂ ਤੇ ਗ੍ਰਿਹਸਥ ਦਾ ਸੁਮੇਲ ਸਮਾਜ ਨੂੰ ਮਜ਼ਬੂਤੀ ਪ੍ਰਦਾਨ ਕਰਨ ਵੱਲ ਬਹੁਤ ਵੱਡਾ ਕਦਮ ਸਾਬਤ ਹੋਇਆ।

ਗੁਰੂ ਸਾਹਿਬ ਨੇ ਆਪਣੀਆਂ ਉਦਾਸੀਆਂ ਦੌਰਾਨ ਸਮੁੱਚੇ ਭਾਰਤ ਦਾ ਰਟਨ ਕੀਤਾ। ਉਹ ਹਿੰਦੂ, ਜੈਨੀ, ਜੋਗੀ ਅਤੇ ਹੋਰ ਮੱਤਾਂ ਦੇ ਧਾਰਮਿਕ ਸਥਾਨਾਂ 'ਤੇ ਗਏ ਅਤੇ ਉਹਨਾਂ ਧਰਮਾਂ ਦੇ ਆਗੂਆਂ ਨਾਲ ਅਰਥ ਭਰਪੂਰ ਸੰਵਾਦ ਰਚਾਏ। ਡੰਕਨ ਗ੍ਰੀਨਲੀਜ਼ ਅਨੁਸਾਰ ਉਹਨਾਂ ਦੀਆਂ ਉਦਾਸੀਆਂ ਸੱਚ ਦੀ ਭਾਲ ਖ਼ਾਤਰ ਨਹੀਂ ਸਨ, ਸਗੋਂ ਪ੍ਰਾਪਤ ਸੱਚ ਦੇ ਪ੍ਰਚਾਰ ਹਿਤ ਸਨ।[28] ਇਹਨਾਂ ਉਦਾਸੀਆਂ ਦਾ ਗੁਰੂ ਸਾਹਿਬ ਦੇ ਮਿਸ਼ਨਰੀ ਕਾਰਜਾਂ ਅਤੇ ਦਿਲਚਸਪ ਪਹਿਲੂਆਂ ਦੇ ਪੱਖੋਂ ਵਿਸ਼ੇਸ਼ ਮਹੱਤਵ ਹੈ।

ਡਾ. ਨਿਹਾਰ ਰੰਜਨ ਰੇਅ ਦੇ ਸ਼ਬਦਾਂ ਵਿਚ ਗੁਰੂ ਨਾਨਕ ਦੇਵ ਸੱਚਮੁੱਚ ਰੱਬ ਦੇ ਬੰਦੇ ਸਨ, ਪਰ ਨਾਲ ਹੀ ਉਹ ਇਕ ਸੰਪੂਰਣ ਮਨੁੱਖ, ਇਕ ਚੰਗੇ ਪਤੀ, ਪਿਤਾ ਤੇ ਗ੍ਰਿਹਸਥੀ ਸਨ, ਜੋ ਦਸਾਂ ਨਹੁੰਆਂ ਦੀ ਕਿਰਤ ਵਿਚ ਵਿਸ਼ਵਾਸ ਰੱਖਦੇ ਸਨ।

ਉਹਨਾਂ ਵਿਚ ਡੂੰਘੀ ਸਮਾਜਕ ਤੇ ਰਾਜਨੀਤਕ ਚੇਤੰਨਤਾ ਸੀ, ਉਹ ਆਪਣੇ ਚੌਗਿਰਦੇ ਵਿਚ ਵਾਪਰਦੇ ਪ੍ਰਤੀ ਡਾਢੇ ਜਾਗਰੂਕ ਸਨ ਅਤੇ ਤੱਥਾਂ, ਸਥਿਤੀਆਂ ਤੇ ਸਮੱਸਿਆਵਾਂ ਪ੍ਰਤੀ ਨਿਰੰਤਰ ਚਿੰਤਨ ਵਿਚ ਲੱਗੇ ਰਹਿੰਦੇ ਸਨ।[29] ਵਿਸ਼ਵ-ਮਾਨਵ ਮਹਾਂ ਕਵੀ ਗੁਰੂ ਨਾਨਕ ਦੇਵ ਦੀ ਆਪਣੇ ਯੁਗ ਉਪਰ ਸਦੀਵੀ ਛਾਪ ਪ੍ਰਤੱਖ ਹੈ।

## ਹਵਾਲੇ ਅਤੇ ਟਿੱਪਣੀਆਂ


1. ਸ. ਕਪੂਰ ਸਿੰਘ, 'ਗੁਰੂ ਨਾਨਕ ਸਿਮਰਤੀ ਵਿਆਖਿਆਨ', **ਨਾਨਕ ਪ੍ਰਕਾਸ਼ ਪੱਤ੍ਰਿਕਾ,** ਜੂਨ 1977, ਪੰਨਾ 33.
2. ਡੰਕਨ ਗ੍ਰੀਨਲੀਜ਼, **ਦਾ ਗਾਸਪਲ ਆਫ਼ ਗੁਰੂ ਗ੍ਰੰਥ ਸਾਹਿਬ,** ਪੰਨਾ CLXVIII.
3. ਸ਼ਮਸ਼ੇਰ ਸਿੰਘ ਅਸ਼ੋਕ, 'ਗੁਰੂ ਨਾਨਕ ਦੇ ਕਲਾ-ਚਿੱਤਰ' **ਗੁਰਮਤਿ ਪ੍ਰਕਾਸ਼,** ਨਵੰਬਰ, 1969, ਪੰਨੇ 239-40.
4. ਮਦਨ ਗੋਪਾਲ ਸਿੰਘ, 'ਗੁਰੂ ਨਾਨਕ ਦੀ ਫ਼ਿਲਾਸਫ਼ੀ', **ਨਾਨਕ ਪ੍ਰਕਾਸ਼ ਪੱਤ੍ਰਿਕਾ** (ਗੁਰੂ ਨਾਨਕ ਵਿਸ਼ੇਸ਼ ਅੰਕ), 1969, ਪੰਨਾ 14.
5. ਮੈਲਕਮ, **ਸਕੈੱਚ ਆਫ਼ ਦਾ ਸਿੱਖਸ,** ਪੰਨਾ 23.
6. ਵਜ਼ੀਰ ਸਿੰਘ, 'ਗੁਰੂ ਨਾਨਕ ਦੇ ਮਾਨਵਵਾਦ ਦੇ ਪੱਖ', **ਪਰਖ** (ਗੁਰੂ ਨਾਨਕ ਸਮ੍ਰਿਤੀ ਗ੍ਰੰਥ), 1969, ਪੰਨਾ 72.
7. ਮਨਮੋਹਨ ਸਹਿਗਲ, 'ਗੁਰੂ ਨਾਨਕ ਦੀ ਸਮਾਜਕ ਦ੍ਰਿਸ਼ਟੀ' **ਨਾਨਕ ਪ੍ਰਕਾਸ਼ ਪੱਤ੍ਰਿਕਾ,** ਦਸੰਬਰ 1971, ਪੰਨਾ 94.
8. ਏ.ਆਰ. ਦੇਸ਼ਪਾਂਡੇ, **ਗੁਰੂ ਨਾਨਕ ਐਂਡ ਹਿਜ਼ ਏਜ** (ਗੁਰੂ ਨਾਨਕ ਦੇ ਉਪਦੇਸ਼ਾਂ ਬਾਰੇ ਸਾਹਿਤ ਅਕਾਦਮੀ ਨਵੀਂ ਦਿੱਲੀ ਵਲੋਂ ਕੀਤੇ ਗਏ ਸੈਮੀਨਾਰ ਵਿਚ ਮਿਤੀ 10-11 ਦਸੰਬਰ, 1969 ਨੂੰ ਪੜ੍ਹਿਆ ਗਿਆ ਪਰਚਾ), ਪੰਨੇ 5-6.
9. ਜੇ.ਐੱਸ. ਗਰੇਵਾਲ, **ਗੁਰੂ ਨਾਨਕ ਇਨ ਹਿਸਟਰੀ,** ਪੰਨਾ 6.
10. ਖ਼ੁਸ਼ਵੰਤ ਸਿੰਘ, **ਏ ਹਿਸਟਰੀ ਆਫ਼ ਦਾ ਸਿੱਖਸ** (ਜਿਲਦ I) ਪੰਨਾ 28.
11. ਅਨਿਲ ਚੰਦਰ ਬੈਨਰਜੀ, **ਗੁਰੂ ਨਾਨਕ ਐਂਡ ਹਿਜ਼ ਟਾਈਮਜ਼,** ਪੰਨਾ 13.
12. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਵਾਰ ਮਾਝ ਕੀ, ਪੰਨਾ 145.
13. ਉਪਰੋਕਤ, ਵਾਰ ਮਲਾਰ ਕੀ, ਪੰਨਾ 1288.
14. ਉਪਰੋਕਤ, ਰਾਗੁ ਤਿਲੰਗ, ਪੰਨਾ 722.
15. ਉਪਰੋਕਤ, ਰਾਗੁ ਆਸਾ, ਪੰਨਾ 360.
16. ਜੇ.ਐੱਸ. ਗਰੇਵਾਲ, **ਗੁਰੂ ਨਾਨਕ ਇਨ ਹਿਸਟਰੀ,** ਪੰਨਾ 158.
17. ਹਰੀ ਰਾਮ ਗੁਪਤਾ, **ਏ ਲਾਈਫ਼ ਸਕੈੱਚ ਆਫ਼ ਗੁਰੂ ਨਾਨਕ,** ਪੰਨਾ 7.
18. ਸ੍ਰੀ ਰਾਮ, **ਦਾ ਰਿਲੀਜਸ ਪਾਲਿਸੀ ਆਫ਼ ਮੁਗ਼ਲ ਐਂਪਰਰਜ਼,** ਪੰਨਾ 14.
19. ਫ਼ੌਜਾ ਸਿੰਘ, 'ਗੁਰੂ ਨਾਨਕ ਇਨ ਹਿਸਟਾਰੀਕਲ ਪਰਸਪੈਕਟਿਵ', **ਸਿੱਖ ਰੀਵਿਊ,** ਅਕਤੂਬਰ-ਨਵੰਬਰ, 1969, ਪੰਨਾ 29.

20. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਰਾਗੁ ਆਸਾ, ਪੰਨੇ 471-72.
21. ਉਪਰੋਕਤ, ਰਾਗੁ ਆਸਾ, ਪੰਨੇ 468-69.
22. ਉਪਰੋਕਤ, ਰਾਮਕਲੀ ਕੀ ਵਾਰ, ਪੰਨਾ 9511
23. ਉਪਰੋਕਤ, ਆਸਾ ਦੀ ਵਾਰ, ਪੰਨਾ 473.
24. ਨਿਹਾਰ ਰੰਜਨ ਰੇਅ, 'ਦ ਏਜ਼ ਐਂਡ ਦ ਸੋਸ਼ਲ ਮੈਸੇਜ਼ ਆਫ਼ ਗੁਰੂ ਨਾਨਕ' (ਗੁਰੂ ਨਾਨਕ ਦੇ ਉਪਦੇਸ਼ਾਂ ਬਾਰੇ ਸਾਹਿਤ ਅਕਾਦਮੀ ਨਵੀਂ ਦਿੱਲੀ ਵਲੋਂ ਕੀਤੇ ਗਏ ਸੈਮੀਨਾਰ ਵਿਚ ਮਿਤੀ 10-11 ਦਸੰਬਰ, 1969 ਨੂੰ ਪੜ੍ਹਿਆ ਗਿਆ ਪਰਚਾ), ਪੰਨੇ 8-9.
25. ਸੀਤਾ ਰਾਮ ਕੇਸਰੀ, 'ਸੰਤ ਮੱਤ ਅਤੇ ਗੁਰੂ ਨਾਨਕ' **ਗੁਰਮਤਿ ਪ੍ਰਕਾਸ਼,** ਨਵੰਬਰ 1969, ਪੰਨਾ 186.
26. ਇੰਦੂ ਭੂਸ਼ਨ ਬੈਨਰਜੀ, **ਐਵੋਲਿਊਸ਼ਨ ਆਫ਼ ਖ਼ਾਲਸਾ,** ਭਾਗ ਪਹਿਲਾ, ਪੰਨਾ 1.
27. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਰਾਗ ਧਨਾਸਰੀ, ਪੰਨਾ 662.
28. ਡੰਕਨ ਗ੍ਰੀਨਲੀਜ਼, **ਦਾ ਗਾਸਪਲ ਆਫ਼ ਗੁਰੂ ਗ੍ਰੰਥ ਸਾਹਿਬ,** ਪੰਨਾ XI
29. ਨਿਹਾਰ ਰੰਜਨ ਰੇਅ, 'ਦ ਏਜ਼ ਐਂਡ ਦ ਸੋਸ਼ਲ ਮੈਸੇਜ਼ ਆਫ਼ ਗੁਰੂ ਨਾਨਕ' (ਗੁਰੂ ਨਾਨਕ ਦੇ ਉਪਦੇਸ਼ਾਂ ਬਾਰੇ ਸਾਹਿਤ ਅਕਾਦਮੀ ਨਵੀਂ ਦਿੱਲੀ ਵਲੋਂ ਕੀਤੇ ਗਏ ਸੈਮੀਨਾਰ ਵਿਚ ਮਿਤੀ 10-11 ਦਸੰਬਰ, 1969 ਨੂੰ ਪੜ੍ਹਿਆ ਗਿਆ ਪਰਚਾ), ਪੰਨਾ 43.

# ਯੁਗ-ਪੁਰਸ਼ ਗੁਰੂ ਨਾਨਕ ਦਾ ਜੀਵਨ-ਫ਼ਲਸਫ਼ਾ

**—ਡਾ. ਕੁਲਬੀਰ ਸਿੰਘ ਕਾਂਗ**

ਗੁਰੂ ਨਾਨਕ ਸਾਹਿਬ ਨੇ ਪੰਦਰ੍ਹਵੀਂ ਸਦੀ ਵਿਚ ਆਪਣੇ ਵਿਚਾਰਾਂ ਦੁਆਰਾ ਇਕ ਅਜਿਹੀ ਜੋਤ ਨੂੰ ਜਨਮ ਦਿੱਤਾ ਜੋ ਅੱਜ ਪੰਜਾਬ ਦੇ ਹਰੇਕ ਵਸਨੀਕ ਦੇ ਮਨ ਵਿਚ ਜਗਮਗਾ ਰਹੀ ਹੈ ਅਤੇ ਇਸੇ ਕਾਰਣ ਹੀ ਉਹਨਾਂ ਨੂੰ ਯੁਗ-ਪੁਰਸ਼ ਆਖਦੇ ਹਨ। ਉਹਨਾਂ ਨੇ ਬੇਸ਼ੱਕ ਆਪਣੇ ਆਪ ਨੂੰ ਸ਼ਾਇਰ ਆਖਿਆ ਹੈ ਪਰ ਅਸਲ ਵਿਚ ਸ਼ਾਇਰੀ ਉਹਨਾਂ ਦਾ ਮਾਧਿਅਮ ਸੀ ਜਿਸ ਦੁਆਰਾ ਉਹ ਸਾਰੇ ਹਿੰਦੁਸਤਾਨ ਨੂੰ ਅਜਿਹੀ ਵਿਚਾਰਧਾਰਾ ਦੇਣਾ ਚਾਹੁੰਦੇ ਸਨ ਜੋ ਲੋਕਾਂ ਨੂੰ ਸੱਚੇ ਅਰਥਾਂ ਵਿਚ ਮਨੁੱਖ ਬਣਨ ਦਾ ਗਿਆਨ ਦੇ ਸਕੇ। ਸਦੀਆਂ ਬਾਅਦ ਅਜਿਹੇ ਮਹਾਨੁਭਾਵੀ ਜਨਮ ਲੈਂਦੇ ਹਨ ਜੋ ਆਪਣੇ ਜੀਵਨ-ਫ਼ਲਸਫ਼ੇ ਨਾਲ ਯੁਗ-ਪੁਰਸ਼ ਅਖਵਾਉਂਦੇ ਹਨ। ਉਹ ਕੀ ਮਹਾਤਮਾ ਬੁੱਧ, ਕਦੀ ਕਨਫ਼ਯੂਸ਼ੀਅਸ, ਜ਼ਰਤੁਸ਼ਤ, ਈਸਾ, ਹਜ਼ਰਤ ਮੁਹੰਮਦ ਤੇ ਨਾਨਕ ਦਾ ਰੂਪ ਧਾਰਨ ਕਰਦੇ ਹਨ। ਇਸ ਲਈ ਸਭ ਤੋਂ ਪਹਿਲਾਂ ਉਹਨਾਂ ਦੇ ਜੀਵਨ ਫ਼ਲਸਫ਼ੇ ਨੂੰ ਵਿਚਾਰਨ ਦੀ ਲੋੜ ਹੈ, ਜਿਸ ਨੇ ਸਾਰੇ ਭਾਰਤ ਅਤੇ ਖ਼ਾਸ ਕਰਕੇ ਪੰਜਾਬ ਨੂੰ ਇਕ ਤਕੜਾ ਹਲੂਣਾ ਦਿੱਤਾ। ਗੁਰੂ ਨਾਨਕ ਸਾਹਿਬ ਸ਼ਾਇਦ ਦੁਨੀਆਂ ਦੇ ਪਹਿਲੇ ਅਤੇ ਇਕੋ ਇਕ ਕਵੀ ਹਨ ਜਿਹਨਾਂ ਨੇ ਸਿਰਫ਼ ਕਲਮ ਦੀ ਸ਼ਕਤੀ ਦੁਆਰਾ ਹਿੰਦੁਸਤਾਨ ਵਿਚ ਇਕ ਬਲਵਾਨ ਕੌਮ ਨੂੰ ਜਨਮ ਦਿੱਤਾ ਅਤੇ ਅਜਿਹੀ ਕ੍ਰਾਂਤੀ ਪੈਦਾ ਕੀਤੀ ਜਿਸ ਨੇ ਸਾਡੇ ਦੇਸ਼ ਵਿਚ ਜ਼ੁਲਮ ਦੀਆਂ ਜੜ੍ਹਾਂ ਉਖਾੜਨ ਦਾ ਦ੍ਰਿੜ੍ਹ ਸੰਕਲਪ ਕਰ ਲਿਆ।

ਉਹਨਾਂ ਦੇ ਜੀਵਨ ਫ਼ਲਸਫ਼ੇ ਵਿਚੋਂ ਯੁਗ-ਪੁਰਸ਼ ਹੋਣ ਦਾ ਪ੍ਰਮਾਣ ਮਿਲਦਾ ਹੈ। ਗੁਰੂ ਗ੍ਰੰਥ ਸਾਹਿਬ ਦੇ ਮੁੱਢਲੇ ਸ਼ਬਦ ਮੂਲ-ਮੰਤਰ ਦਾ ਪਹਿਲਾ ਸ਼ਬਦ ਹੈ ੴ, ਓਮ ਅਰਥਾਤ ਓਂਕਾਰ ਇਕ ਅਜਿਹੀ ਸੱਚੀ ਸ਼ਕਤੀ ਹੈ ਜੋ ਆਪਣੇ ਵਿਚੋਂ ਅਨੇਕਾਂ ਨੂੰ ਜਨਮ ਦਿੰਦੀ ਹੈ। ਓਮ ਬ੍ਰਹਿਮੰਡ ਦੀ ਵਿਕਾਸ ਬੀਜ ਸ਼ਕਤੀ ਨੂੰ ਕਹਿੰਦੇ ਹਨ ਜਿਹੜੀ ਸਰਵ-ਬ੍ਰਹਿਮੰਡ ਵਿਚ ਫੈਲੀ ਹੋਈ ਹੈ। ਗੁਰੂ ਸਾਹਿਬ ਤੋਂ ਪਹਿਲਾਂ ਓਮ ਸ਼ਬਦ ਦੀ ਹੋਂਦ ਦਰਸਾਉਂਦੀ ਹੈ ਕਿ ਇਕ ਸਰਬ ਸ਼ਕਤੀਮਾਨ ਦਾ ਸੰਕਲਪ ਭਾਰਤ ਵਿਚ ਪ੍ਰਚਲਤ ਹੋ ਚੁੱਕਾ ਸੀ ਤੇ ਹੋ ਰਿਹਾ ਸੀ। ਹਜ਼ਰਤ ਮੁਹੰਮਦ ਸਾਹਿਬ ਦੀ ਸਿੱਖਿਆ

ਦਾ ਪਹਿਲਾ ਸ਼ਬਦ ਵੀ ਇਹੀ ਹੈ ਲਾ-ਅਲ-ਲਿਲ੍ਹਾ, ਜਿਸ ਦਾ ਅਰਥ ਹੈ ਸਾਡਾ ਖ਼ਾਲਕ ਖ਼ੁਦਾ ਹੈ ਤੇ ਉਹ ਕੇਵਲ ਇਕ ਹੀ ਹੈ। ਭਾਰਤ ਵਿਚ ਸਰਵ-ਸ਼ਕਤੀਮਾਨ ਪਰਮਾਤਮਾ ਦੀ ਸਾਕਾਰ (ਸਰਗੁਣ) ਸ਼ਕਤੀ ਦੀ ਪੂਜਾ ਸ਼ੁਰੂ ਹੋ ਚੁੱਕੀ ਸੀ। ਮੁਸਲਮਾਨਾਂ ਦੀ ਆਮਦ ਤੋਂ ਪਹਿਲਾਂ ਭਾਰਤੀ ਲੋਕਾਂ ਦੇ ਮਨ ਵਿਚ ਸਰਗੁਣ ਰੂਪੀ ਪਰਮਾਤਮਾ ਅਤੇ ਬੁੱਤ-ਪੂਜਾ ਦੇ ਭਾਵ ਪੈਦਾ ਕਰ ਦਿੱਤੇ ਸਨ। ਇਸ ਲਈ ਮਾਨਸਕ ਸ਼ਸ਼ੋਪੰਜ ਵਿਚ ਪਈ ਹੋਈ ਭਾਰਤੀ ਜਨਤਾ ਨੂੰ ਗੁਰੂ ਨਾਨਕ ਸਾਹਿਬ ਦਾ ਦ੍ਰਿੜ੍ਹ ਸੰਦੇਸ਼ ਇਕ ਬੜਾ ਵੱਡਾ ਆਸਰਾ ਸਾਬਤ ਹੋਇਆ। ਗੁਰੂ ਸਾਹਿਬ ਨੇ ਉਸ ਦੇ 'ਓਅੰ' ਨਾਲ ਏਕਾ ਹਿੰਦਸਾ ਪਾ ਕੇ ਲੋਕਾਂ ਨੂੰ ਇਸ ਵਿਚਾਰਧਾਰਾ ਪ੍ਰਤੀ ਦ੍ਰਿੜ੍ਹ ਕੀਤਾ। ਮੁਸਲਮਾਨ ਕੇਵਲ ਇਕ ਖ਼ੁਦਾ ਦੀ, ਜੋ ਨਿਰਗੁਣ ਹੈ, ਪ੍ਰਸਤਸ਼ ਕਰਦੇ ਸਨ ਅਤੇ ਦੇਵੀ-ਦੇਵਤਿਆਂ ਦੀ ਪੂਜਾ ਵਿਚ ਉਲਝੇ ਹੋਏ ਭਾਰਤੀਆਂ ਨੂੰ ਕਾਫ਼ਰ ਆਖ ਕੇ ਤ੍ਰਿਸਕਾਰਦੇ ਸਨ। ਗੁਰੂ ਸਾਹਿਬ ਨੇ ਆਪਣੀ ਕਲਮ ਦੁਆਰਾ ਇਸ ਅੰਤਰ-ਰਾਸ਼ਟਰੀ ਵਿਚਾਰਧਾਰਾ ਦਾ ਪ੍ਰਾਰੰਭ ਕੀਤਾ ਅਤੇ ਭਾਰਤੀਆਂ ਨੂੰ ਬੌਧਿਕ ਪੱਖ ਤੋਂ ਸਿਰ ਉੱਚਾ ਕਰ ਕੇ ਤੁਰਨ ਦੀ ਸ਼ਕਤੀ ਦਿੱਤੀ।

ਭਾਰਤੀ ਸਮਾਜ ਵਿਚ ਰਾਮ, ਕ੍ਰਿਸ਼ਨ, ਵਿਸ਼ਨੂੰ, ਬ੍ਰਹਮਾ, ਮਹੇਸ਼ ਅਤੇ ਹੋਰ ਕਈ ਤਰ੍ਹਾਂ ਦੇ ਦੇਵਤੇ ਅਤੇ ਦੁਰਗਾ ਵਰਗੀਆਂ ਦੇਵੀਆਂ ਦੀ ਪੂਜਾ ਬੜੀ ਜ਼ੋਰਾਂ 'ਤੇ ਚੱਲ ਰਹੀ ਸੀ। ਖ਼ਾਸ ਕਰਕੇ ਉਹਨਾਂ ਦਿਨਾਂ ਵਿਚ ਸਾਡਾ ਹਿੰਦੂ ਸਮਾਜ ਆਪਣੀ ਰਾਜਸੀ ਸੱਤਾ ਗੁਆ ਬੈਠਾ ਸੀ, ਇਸ ਲਈ ਜ਼ਿੰਦਗੀ ਦੀ ਇਸ ਦੌੜ ਵਿਚ ਹਾਰੇ ਹੋਏ ਲੋਕ ਧਰਮ ਉਪਾਸਨਾ ਦੀਆਂ ਗ਼ਲਤ ਰੀਤਾਂ ਵਿਚ ਉਲਝੇ ਹੋਏ ਸਨ। ਇਹਨਾਂ ਲੋਕਾਂ ਨੂੰ ਇਕ ਚਾਨਣ ਦੀ ਲੋੜ ਸੀ, ਜੋ ਫੈਲੇ ਹੋਏ ਅੰਧਕਾਰ ਨੂੰ ਦੂਰ ਕਰ ਸਕਦਾ ਸੀ। ਉਹ ਚਾਨਣ ਗੁਰੂ ਸਾਹਿਬ ਨੇ ਆਪਣੀ ਬਾਣੀ ਅਤੇ ਉਸ ਦੇ ਪਾਸਾਰ ਦੁਆਰਾ ਦਿੱਤਾ।

ਉਹਨਾਂ ਨੇ ਪਰਮਾਤਮਾ ਦੀ ਸ਼ਕਲ ਸੂਰਤ ਵਿਚ ਪਾਏ ਹੋਏ ਭੁਲੇਖਿਆਂ ਨੂੰ ਦੂਰ ਕਰਨ ਲਈ ਉਸ ਦੇ ਵਿਸ਼ੇਸ਼ਣਾਂ ਨੂੰ ਆਪਣੀ ਬਾਣੀ ਵਿਚ ਮੂਲ ਮੰਤਰ ਬਣਾ ਦਿੱਤਾ। ਉਹ ਸਤਿ ਤੇ ਨਾਮ ਹੈ ਅਰਥਾਤ ਇਕ ਸੱਚ ਸ਼ਬਦ ਸ਼ਕਤੀ ਹੈ ਜਿਸ ਦੇ ਸਿਮਰਨ ਅਤੇ ਗ੍ਰਹਿਣ ਕਰਨ ਨਾਲ ਪ੍ਰਾਣੀ ਦੇ ਮਨ ਵਿਚ ਹੌਲੀ-ਹੌਲੀ ਸੱਚ ਦਾ ਚਾਨਣ ਸਮਾ ਜਾਂਦਾ ਹੈ। ਇਸ ਸੱਚ ਦੀ ਵਿਆਖਿਆ ਕਰਨ ਲੱਗੀਏ ਤਾਂ ਪੂਰੀ ਪੁਸਤਕ ਦੀ ਲੋੜ ਹੈ ਪਰ ਸੱਚ ਨੂੰ ਸੰਖੇਪ ਸ਼ਬਦਾਂ ਵਿਚ ਦੱਸਣ ਲਈ ਇਹ ਆਖਿਆ ਜਾ ਸਕਦਾ ਹੈ ਕਿ ਮਨੁੱਖ ਨੂੰ ਉਸ ਸੱਚ ਸ਼ਕਤੀ ਦਾ ਭਉ ਮੰਨਣਾ ਚਾਹੀਦਾ ਹੈ ਅਤੇ ਸੱਚੇ ਅਮਲਾਂ ਨੂੰ ਗ੍ਰਹਿਣ ਕਰ ਕੇ ਉਸ ਵਰਗਾ ਬਣਨ ਲਈ ਉਸ ਵਿਚ ਸਮਾ ਜਾਣ ਦੀ ਭਾਵਨਾ ਅਪਨਾਉਣੀ ਚਾਹੀਦੀ ਹੈ। ਇਹ ਸੱਚ ਦੁਨੀਆਂ ਦਾ ਆਦਿ ਹੈ, ਅੰਤ ਹੈ ਅਤੇ ਜੀਵਤ ਰਹੇਗਾ। ਇਹ ਸੱਚ ਗਿਆਨ ਅਤੇ ਬੁੱਧੀ ਦਾ ਪ੍ਰਕਾਸ਼ ਹੈ। ਜੋ ਲੋਕ ਆਪਣੇ ਇਸ ਅੰਦਰਲੇ ਸੱਚ ਨੂੰ ਪਛਾਣ ਲੈਂਦੇ ਹਨ, ਉਹ ਪਰਮਾਤਮਾ

ਦੇ ਨੂਰ ਦਾ ਇਕ ਅੰਗ ਬਣ ਜਾਂਦੇ ਹਨ ਅਤੇ ਜਿਸ ਤਰ੍ਹਾਂ ਉਸ ਤੋਂ ਅਨੇਕਾਂ ਬ੍ਰਹਿਮੰਡ, ਸੂਰਜ, ਆਕਾਸ਼, ਤਾਰੇ, ਧਰਤੀਆਂ, ਪੁਲਾੜ ਜਨਮੇ ਹਨ, ਉਸੇ ਤਰ੍ਹਾਂ ਸੱਚ ਨੂੰ ਅਪਨਾ ਕੇ ਮਨੁੱਖ ਕੇਵਲ ਆਪ ਹੀ ਨਹੀਂ ਸਗੋਂ ਹੋਰ ਅਨੇਕਾਂ ਨੂੰ ਰੌਸ਼ਨੀ ਦਿੰਦਾ ਹੈ, ਜਿਵੇਂ ਕਿ ਗੁਰੂ ਸਾਹਿਬ ਜੀ ਨੇ ਜਪੁਜੀ ਦੇ ਅੰਤ ਵਿਚ ਲਿਖਿਆ ਹੈ:

**ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥**
**ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥**

*(ਜਪੁਜੀ, ਪੰਨਾ 8)*

ਇਹ ਸੱਚ ਦੀ ਜੋਤ ਦੀਵੇ ਵਿਚੋਂ ਦੀਵਾ ਜਗਾਉਣ ਦਾ ਕੰਮ ਕਰਦੀ ਹੈ।

ਪਰਮਤਾਮਾ ਕਰਤਾ ਅਤੇ ਪੁਰਖ ਹੈ। ਨਿਰਭਉ ਅਤੇ ਨਿਰਵੈਰ ਹੈ। ਇਹਨਾਂ ਚੌਹਾਂ ਸ਼ਬਦਾਂ ਦੇ ਅਰਥ ਬੜੇ ਸਪੱਸ਼ਟ ਹਨ ਕਿ ਇਹੀ ਨਿਰੰਕਾਰੀ ਜੋਤ ਸਾਰੀ ਦੁਨੀਆਂ ਦੀ ਰਚਨਹਾਰ ਹੈ ਅਤੇ ਆਪਣੇ ਵਿਚੋਂ ਹੋਰ ਰਚਨਾ ਨੂੰ ਜਨਮ ਦੇਵੇ, ਉਹ ਪੁਰਸ਼ ਹੈ ਅਰਥਾਤ ਪੁਰਖ। ਅਸੀਂ ਕੇਵਲ ਪੁਰਖ ਹਾਂ ਉਹ ਅਕਾਲ ਪੁਰਖ ਹੈ, ਜੋ ਸਮੇਂ ਅਤੇ ਸਥਾਨ ਦੀ ਕੈਦ ਤੋਂ ਮੁਕਤ ਹੈ। ਅਜੂਨੀ ਹੋਣ ਕਰਕੇ ਉਹ ਕਿਥੇ ਗਰਭ ਵਿਚ ਪੈ ਕੇ ਜਨਮ ਨਹੀਂ ਲੈਂਦਾ। ਉਹ ਸ੍ਵੈ-ਪ੍ਰਕਾਸ਼ ਹੈ। ਇਸ ਲਈ ਉਸ ਨੂੰ ਸੈਭੰ ਆਖਿਆ ਗਿਆ ਹੈ। ਇਸ ਸ਼ਬਦ ਦਾ ਤਤਸਮ ਰੂਪ ਹੈ ਸ੍ਵੰ+ਭਵਯੰ ਅਰਥਾਤ ਖ਼ੁਦ-ਬ-ਖ਼ੁਦ ਜਨਮ ਲੈਂਦਾ ਹੈ। ਇਸ ਦਾ ਤਦਭਵ ਰੂਪ ਗੁਰੂ ਸਾਹਿਬ ਨੇ ਸੈਭੰ ਵਰਤਿਆ ਹੈ। ਉਹ ਸ੍ਵੈ-ਪ੍ਰਕਾਸ਼ ਕਿਵੇਂ ਹੁੰਦਾ ਹੈ, ਇਸ ਦਾ ਅਧਿਐਨ ਪ੍ਰਾਪਤ ਕਰਨ ਲਈ ਬੜੀ ਵੱਡੀ ਚਿੰਤਨ ਸਾਧਨਾ ਦੀ ਲੋੜ ਹੈ ਅਤੇ ਉਸ ਦੀ ਇਹ ਸੋਝੀ ਇਕ ਸੱਚੇ ਗੁਰੂ ਦੀ ਕਿਰਪਾ ਦੁਆਰਾ ਸਾਨੂੰ ਹੋ ਸਕਦੀ ਹੈ। ਜਿਸ ਨੂੰ ਗੁਰੂ ਸਾਹਿਬ ਨੇ 'ਸਤਿਗੁਰ ਪ੍ਰਸਾਦਿ' ਆਖਿਆ ਹੈ। ਸੱਚੇ ਗੁਰੂ ਦੀ ਕਿਰਪਾ ਲਈ ਮਨ ਵਿਚ ਗ੍ਰਹਿਣ ਸ਼ਕਤੀ ਅਪਨਾਉਣ ਦੀ ਲੋੜ ਹੈ ਅਤੇ ਨਿਰੋਲ ਸ਼ੰਕਾਵਾਦੀ ਮਨ ਅੱਗੇ ਨਹੀਂ ਤੁਰ ਸਕਦਾ। ਇਹ ਉਪਰੋਕਤ ਵਿਆਖਿਆ ਗੁਰੂ ਨਾਨਕ ਸਾਹਿਬ ਦੀ ਸਿੱਖਿਆ ਦਾ ਨਿਚੋੜ ਹੈ ਅਤੇ ਸਿੱਖ ਧਰਮ ਦੀ ਮੂਲ ਬੁਨਿਆਦ ਹੈ।

ਨਾਨਕ ਬਾਣੀ ਵਿਚ ਨਾਮ ਸ਼ਬਦ ਨੂੰ ਬਹੁਤ ਦ੍ਰਿੜ੍ਹਾਇਆ ਗਿਆ ਹੈ, ਜਿਸ ਬਾਰੇ ਪੂਰਨ ਸੋਝੀ ਨਾ ਹੋਣ ਕਰਕੇ ਅਗਿਆਨੀ ਪੁਰਸ਼ ਸਿਰਫ਼ ਵਾਹਿਗੁਰੂ ਵਾਹਿਗੁਰ ਕਰਨ ਨੂੰ ਹੀ ਪਰਮਾਤਮਾ ਦੀ ਅਸਲ ਭਗਤੀ ਆਖਣ ਲੱਗ ਪਏ ਹਨ। ਵਾਹਿਗੁਰੂ ਸ਼ਬਦ ਗੁਰੂ ਹਰਿਗੋਬਿੰਦ ਦੇ ਵੇਲੇ ਸਿਰਜਿਆ ਗਿਆ ਸੀ। ਗੁਰੂ ਸਾਹਿਬ ਨੇ ਤਾਂ ਆਪਣੇ ਸਮੇਂ ਸਤਿ ਕਰਤਾਰ ਦਾ ਨਾਮ ਦ੍ਰਿੜ੍ਹਾਇਆ ਸੀ। ਨਾਮ ਨੂੰ ਉਹਨਾਂ ਨੇ ਜੀਵਨ ਦਾ ਮੁੱਖ ਆਸਰਾ ਦੱਸਿਆ ਸੀ। ਇਸ ਲਈ ਨਾਮ ਦੀ ਸੱਚੀ ਵਿਆਖਿਆ ਦੀ ਬੜੀ ਲੋੜ ਹੈ। ਨਾਮ ਇਕ ਪਰਮ ਸ਼ਕਤੀ ਲਈ ਵਰਤਿਆ ਜਾਂਦਾ ਹੈ। ਇਹ ਪਰਮਾਤਮਾ ਦੇ ਸਰਬ ਗੁਣਾਂ ਦਾ ਇਕ ਚਿੰਨ੍ਹ ਰੂਪ ਹੈ। ਇਸ ਦੇ ਸਿਮਰਨ ਜਾਂ ਚਿਤਵਨ ਨਾਲ ਹੀ ਉਸ ਦੀ ਸ਼ਕਤੀ ਉਜਾਗਰ ਹੋ ਜਾਣੀ ਚਾਹੀਦੀ ਹੈ। ਉਹ ਅਮੂਰਤ ਹੁੰਦਾ

ਹੋਇਆ ਵੀ ਆਪਣੇ ਸ਼ੁਭ ਗੁਣਾਂ ਨਾਲ ਸਾਡੇ ਸਾਹਮਣੇ ਮੂਰਤੀਮਾਨ ਹੋ ਜਾਂਦਾ ਹੈ। ਇਹਨਾਂ ਗੁਣਾਂ ਦੀ ਸਿਮਰਤੀ ਦਾ ਹੋਣਾ ਹੀ ਮਨੁੱਖ ਦੀ ਸੂਝ ਦਾ ਜਾਗਰਤ ਹੋਣਾ ਹੈ। ਜਿਵੇਂ ਖੜੋਤੇ ਪਾਣੀਆਂ ਵਿਚ ਕੋਈ ਕੰਕਰ ਮਾਰ ਕੇ ਲਹਿਰ ਪੈਦਾ ਕੀਤੀ ਜਾਵੇ। ਇਸ ਸਮੇਂ ਗੁਰੂ ਸਾਹਿਬ ਨੇ ਕਿਹਾ ਸੀ ਕਿ ਨਾਮ ਦਾ ਸਿਮਰਨ ਜ਼ਿੰਦਗੀ ਦੇ ਹਰ ਕਦਮ ਤੇ ਹਰ ਪਲ ਕੀਤਾ ਜਾ ਸਕਦਾ ਹੈ। ਇਸ ਵਾਸਤੇ ਵੱਖਰੀ ਧਿਆਨ ਭਗਤੀ ਦੀ ਲੋੜ ਨਹੀਂ। ਜ਼ਿੰਦਗੀ ਜੋ ਨਾਮ ਵਿਚ ਰਚੀ ਹੋਈ ਹੈ, ਖ਼ੁਦ ਹੀ ਬੜੀ ਵੱਡੀ ਭਗਤੀ ਹੈ। ਪਤਾ ਨਹੀਂ ਕਿਹੜੇ ਵੇਲੇ ਕਿਸ ਖ਼ਿਆਲ ਨੇ ਸਾਡੇ ਅੰਦਰ ਦੀ ਜੋਤ ਜਗਾ ਦੇਣੀ ਹੈ। ਇਸ ਲਈ ਨਾਮ ਇਕ ਰਟ ਨਹੀਂ ਹੈ ਜਿਵੇਂ ਅੱਜ ਕਲ ਦੇ ਭੇਖੀ ਸਾਧੂ ਸੰਤ ਲੋਕਾਂ ਵਿਚ ਪ੍ਰਚੱਲਤ ਕਰ ਰਹੇ ਹਨ। ਨਾ ਹੀ ਕੇਵਲ ਇਕ ਪੰਕਤੀ ਦਾ ਬਾਰ-ਬਾਰ ਦੁਹਰਾਉਣਾ ਹੈ। ਨਾਮ ਨੂੰ ਜ਼ਿੰਦਗੀ ਦਾ ਇਕ ਅੰਗ ਬਣਾ ਕੇ ਸ਼ੁਭ ਗੁਣਾਂ ਦੀ ਪਾਲਣਾ ਕਰਨੀ ਹੀ ਗੁਰੂ ਸਾਹਿਬ ਦਾ ਲਕਸ਼ ਹੈ।

ਗੁਰੂ ਸਾਹਿਬ ਦੀ ਬਾਣੀ ਵਿਚ ਹੁਕਮ ਸ਼ਬਦ ਨੂੰ ਬਹੁਤ ਵਾਰੀ ਦ੍ਰਿੜ੍ਹਾਇਆ ਗਿਆ ਹੈ। ਇਸ ਦੇ ਸੰਕਲਪ ਬਾਰੇ ਵੀ ਸਪੱਸ਼ਟਤਾ ਦੀ ਲੋੜ ਹੈ। ਹੁਕਮ ਦੇ ਸ਼ਾਬਦਿਕ ਅਰਥ ਹਨ ਆਦੇਸ਼ ਅਤੇ ਅੰਤਰੀਵ ਅਰਥ ਹਨ ਉਹ (ਪਰਮਾਤਮਾ) ਦਾ ਅਨੁਸ਼ਾਸਨ। ਜਿਵੇਂ ਕਿ ਪਹਿਲੇ ਦੱਸਿਆ ਹੈ ਕਿ ਹੁਕਮ ਸ਼ਬਦ ਦੀ ਜੜ੍ਹ ਨੂੰ ਅਸੀਂ ਯਹੂਦੀਆਂ ਦੇ Commandments ਨਾਲ ਤੁਲਨਾ ਦੇ ਸਕਦੇ ਹਾਂ। ਨਿਰਾਸਤਾ ਵਿਚ ਘਿਰੀ ਹੋਈ ਯਹੂਦੀ ਕੌਮ ਅਤੇ ਉਸ ਦੇ ਰਾਹਨੁਮਾ ਮੂਸਾ (Mosses) ਨੂੰ ਕੋਹਤੂਰ ਵਿਚੋਂ ਦਸ ਪੱਥਰਾਂ ਉੱਤੇ ਉੱਕਰੇ ਹੋਏ ਦਸ ਹੁਕਮ ਮਿਲਦੇ ਜੋ ਕਿ ਯਹੂਦੀ ਕੌਮ ਦਾ ਮੂਲ ਮੰਤਰ ਬਣ ਗਏ। ਇਸ ਦੁਨੀਆਂ ਵਿਚ ਆ ਕੇ ਜੇ ਅਸਾਂ ਸਰਵ-ਸ਼ਕਤੀਮਾਨ ਨੂੰ ਮੰਨਣਾ ਹੈ ਤਾਂ ਉਸ ਦੇ ਹੁਕਮ ਵਿਚ ਚੱਲਣਾ ਹੈ, ਉਸ ਦਾ ਹੁਕਮ ਕੇਵਲ ਆਪਣੇ ਭੈਅ ਦੀ ਸਥਾਪਨਾ ਨਹੀਂ ਸਗੋਂ ਸਦਾਚਾਰ ਦੇ ਉਹ ਗੁਣ ਜਿਸ ਦੇ ਅਪਣਾਇਆਂ ਮਨੁੱਖ ਸੱਚਮੁੱਚ ਹੀ ਮਨੁੱਖ ਬਣ ਸਕਦਾ ਹੈ।

ਹੁਕਮ ਨੂੰ ਦੋ ਅਰਥਾਂ ਵਿਚ ਲਿਆ ਜਾ ਸਕਦਾ ਹੈ। ਇਕ ਹੈ ਪਰਮਾਤਮਾ ਦੁਆਰਾ ਚਲਾਇਆ ਜਾ ਰਿਹਾ ਅਨੁਸ਼ਾਸਨ, ਜਿਸ ਨੂੰ ਗੁਰੂ ਸਾਹਿਬ ਨੇ :

**ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥** *(ਜਪੁਜੀ)*

ਆਖਿਆ ਹੈ, ਪਹਿਲਾਂ ਇਸ 'ਤੇ ਵਿਚਾਰ ਕਰਨੀ ਚਾਹੀਦੀ ਹੈ। ਇਹ ਸਾਰੀ ਵਿਸ਼ਾਲ ਕਾਇਨਾਤ ਕਿਸੇ ਦੇ ਬਣਾਏ ਹੋਏ ਨੇਮਾਂ ਅਨੁਸਾਰ ਚੱਲ ਰਹੀ ਹੈ। ਛੋਟੇ ਤੋਂ ਛੋਟੇ ਯੰਤਰ ਲਈ ਵੀ ਇਕ ਵਿਸ਼ੇਸ਼ ਪ੍ਰਕਾਰ ਦੀ ਵਿਧੀ ਬਣਾਈ ਜਾਂਦੀ ਹੈ ਤੇ ਇਹ ਬ੍ਰਹਿਮੰਡ ਜਿਸ ਬਾਰੇ ਗੁਰੂ ਸਾਹਿਬ ਨੇ ਕਿਹਾ ਹੈ :

**ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥** *(ਜਪੁਜੀ)*

ਇਸ ਅਗਮ, ਅਨੰਤ ਤੇ ਹੁਸੀਨ ਦੁਨੀਆਂ ਨੂੰ ਕੌਣ ਚਲਾ ਰਿਹਾ ਹੈ। ਕੋਈ

ਤਾਂ ਅਨੁਸ਼ਾਸਨ ਹੈ। ਅਸੀਂ ਦੁਨਿਆਵੀ ਜੀਵ ਕਈ ਯੋਜਨਾਵਾਂ ਬਣਾ ਕੇ ਕਿਸੇ ਵਿਸ਼ੇਸ਼ ਮੰਤਵ ਸਿੱਧੀ ਲਈ ਯਤਨ ਕਰਦੇ ਹਾਂ ਪਰ ਸਾਡੇ ਸਭ ਯਤਨਾਂ ਦੇ ਬਾਵਜੂਦ ਫਲ ਸਾਡੇ ਹੱਥ ਵਿਚ ਨਹੀਂ ਅਤੇ ਦੁਖਾਂਤ ਵਾਪਰਨ 'ਤੇ ਅਸੀਂ ਹੋਣੀ ਅਤੇ ਕਿਸਮਤ ਦਾ ਨਾਮ ਲੈ ਕੇ ਚੁੱਪ ਕਰ ਜਾਂਦੇ ਹਾਂ। ਕੋਈ ਇਸ ਨੂੰ ਭਾਗਾਂ ਵਿਚ ਲਿਖਿਆ ਕਹਿ ਕੇ ਸੰਤੋਖ ਕਰ ਲੈਂਦਾ ਹੈ, ਪਰ ਇਹ ਜ਼ਰੂਰ ਮੰਨਣਾ ਪੈਂਦਾ ਹੈ ਕਿ ਕੋਈ ਸਕਤੀਸ਼ਾਲੀ ਹੱਥ ਸਾਡੇ ਉਪਰ ਹਕੂਮਤ ਕਰ ਰਿਹਾ ਹੈ। ਇਹੋ ਉਹ ਹੁਕਮ ਹੈ ਜਿਸ ਨੂੰ ਸਾਧਾਰਨ ਵਿਅਕਤੀ ਨਹੀਂ ਸਮਝਦਾ। ਇਸ ਤੱਥ ਨੂੰ ਹੋਰ ਵਧੇਰੇ ਸਮਝਾਉਣ ਲਈ ਗੁਰੂ ਸਾਹਿਬ ਨੇ ਇਕ ਸ਼ਬਦ 'ਵਿਸਮਾਦ' ਅਤੇ ਇਕ ਸ਼ਬਦ 'ਭੈ' ਸੰਬੰਧੀ ਲਿਖਿਆ ਹੈ। ਇਹ ਭੈ ਵੀ ਉਸੇ ਹੁਕਮ ਦੀ ਚਿਤਾਵਨੀ ਹੈ ਜਿਸ ਦੇ ਅਨੁਸਾਰ ਇਹ ਸਾਰਾ ਜੱਗ ਕੰਮ ਕਰ ਰਿਹਾ ਹੈ। ਗੁਰੂ ਸਾਹਿਬ ਨੇ ਲਿਖਿਆ ਹੈ:

**ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥** *(ਜਪੁਜੀ)*

**ਜਿਵ ਜਿਵ ਹੁਕਮੁ ਤਿਵੈ ਤਿਵ ਕਾਰ॥**
**ਵੇਖੈ ਵਿਗਸੈ ਕਰਿ ਵੀਚਾਰੁ॥** *(ਜਪੁਜੀ)*

ਇਸੇ ਹੀ ਪ੍ਰਸੰਗ ਵਿਚ ਉਹਨਾਂ ਦੇ ਹਉਮੈ ਪ੍ਰਤੀ ਵਤੀਰੇ ਸੰਬੰਧੀ ਵਿਚਾਰ ਕੀਤਾ ਜਾ ਸਕਦਾ ਹੈ। ਮਨੁੱਖ ਦੀ ਹਸਤੀ ਇਕ ਸ਼ੂਨਯ ਸਮਾਨ ਹੈ ਕਿਉਂਕਿ ਉਹ ਇਸ ਬ੍ਰਹਿਮੰਡ ਦੇ ਇਕ ਅਣੂ ਦਾ ਕ੍ਰੋੜਵਾਂ ਹਿੱਸਾ ਵੀ ਨਹੀਂ। ਇਸੇ ਲਈ ਗੁਰੂ ਸਾਹਿਬ ਲਿਖਦੇ ਹਨ:

**ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ॥**
**ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈ ਦਾਣੇ॥**
*(ਆਸਾ ਮਹਲਾ ੧, ਪੰਨਾ 360)*

ਉਪਰੋਕਤ ਪੰਕਤੀਆਂ ਵਿਚ ਗੁਰੂ ਸਾਹਿਬ ਨੇ ਅਭਿਮਾਨੀ ਪੁਰਸ਼ ਨੂੰ ਉਸ ਦੀ ਅਲਪ ਹੋਂਦ ਦਾ ਤੇ ਉਸ ਦੀ ਲਘੂ ਹੋਂਦ ਦਾ ਅਹਿਸਾਸ ਕਰਵਾਇਆ ਹੈ। ਇਹ ਸਾਰੇ ਯਤਨ ਗੁਰੂ ਸਾਹਿਬ ਨੇ ਮਨੁੱਖ ਦੀ ਹਉਮੈ ਨੂੰ ਘਟਾਉਣ ਲਈ ਕੀਤੇ ਕਿਉਂਕਿ ਹਉਮੈ ਸਭ ਤੋਂ ਵੱਡਾ ਰੋਗ ਹੈ ਅਤੇ ਇਸ ਵਿਚੋਂ ਹੀ ਬਹੁਤ ਸਾਰੇ ਹੋਰ ਔਗੁਣ ਜਨਮ ਲੈਂਦੇ ਹਨ। ਗੁਰੂ ਸਾਹਿਬ ਨੇ ਮਨੁੱਖ ਦੀ ਹਸਤੀ ਨੂੰ ਤ੍ਰਿਸਕਾਰਿਆ ਨਹੀਂ ਸਗੋਂ ਆਪਣੀ ਕੀਮਤ ਪਛਾਣਨ ਦੀ ਸੋਝੀ ਦਿੱਤੀ ਹੈ। ਉਹ ਬੇਲੋੜੀ ਹਉਮੈ ਤੇ ਬੇਲੋੜੀ ਹੀਣਤਾ ਦੋਹਾਂ ਦੇ ਵਿਰੁੱਧ ਸਨ, ਜਿਵੇਂ ਕਿ ਉਹ ਲਿਖਦੇ ਹਨ:

**ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥**
*(ਆਸਾ ਮਹਲਾ ੩, ਪੰਨਾ 441)*

**ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰਿ ਰਹਿਆ॥**
*(ਸਲੋਕੁ ਮ: ੧, ਪੰਨਾ 469)*

ਹਉਮੈ ਤਿਆਗਣ ਤੋਂ ਬਾਅਦ ਮਨੁੱਖ ਮਾਤਰ ਨੂੰ ਆਪਣੀ ਕੀਮਤ ਦਾ ਵੀ ਅਹਿਸਾਸ ਕਰਾਇਆ ਹੈ। ਕਿਉਂਕਿ ਗੁਰੂ ਸਾਹਿਬ ਤੋਂ ਪਹਿਲਾਂ ਜੋਗੀ ਪ੍ਰਥਾ ਦੇ ਪ੍ਰਭਾਵ ਹੇਠਾਂ ਮਨੁੱਖ ਦੀ ਹਸਤੀ ਨੂੰ ਬੁਰੀ ਤਰ੍ਹਾਂ ਨਿੰਦਿਆ ਜਾਂਦਾ ਸੀ ਅਤੇ ਸਰੀਰ ਨੂੰ ਕਸ਼ਟ ਦੇ ਕੇ ਪ੍ਰਭੂ ਨੂੰ ਮਿਲਣ ਜਾਂ ਜੋਗ ਪ੍ਰਾਪਤ ਕਰਨ ਦੀ ਪ੍ਰੇਰਣਾ ਦਿੱਤੀ ਜਾਂਦੀ ਸੀ ਪਰ ਗੁਰੂ ਜੀ ਲਿਖਦੇ ਹਨ :

**ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥**

*(ਆਸਾ ਕੀ ਵਾਰ, ਪੰਨਾ 463)*

ਬੇਸ਼ੱਕ ਇਹ ਜੀਵਨ ਸੁਪਨੇ ਮਾਤਰ ਹੈ ਅਤੇ ਇਹ ਜੱਗ ਸਰਾਂ ਹੈ ਪਰ ਸਮੇਂ ਦੇ ਇਸ ਵਿਸ਼ਾਲ ਭੰਡਾਰ ਵਿਚੋਂ ਜੋ ਖਿੜ ਸਾਡੇ ਹੱਥ ਆਇਆ ਹੈ, ਅਸਾਂ ਉਸ ਦੇ ਪਲ-ਪਲ ਦਾ ਸਦ-ਉਪਯੋਗ ਕਰਨਾ ਹੈ ਕਿਉਂਕਿ ਇਹ ਮਾਨਸ ਜਨਮ ਸਭ ਜੀਵਾਂ ਨਾਲੋਂ ਸ੍ਰੇਸ਼ਟ ਜੂਨ ਹੈ ਇਸੇ ਲਈ ਆਦਮ ਨੂੰ ਕੁਰਾਨ ਵਿਚ 'ਅਸ਼ਰਫ਼-ਮਖ਼ਲੂਕਾਤ' ਕਿਹਾ ਹੈ। ਇਸ ਗੱਲ ਨੂੰ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਵੇਖੀਏ ਤਾਂ ਵੀ ਠੀਕ ਜਾਪਦੀ ਹੈ। ਕਿਉਂਕਿ ਵਿਕਾਸ ਦੀ ਥਿਊਰੀ ਅਨੁਸਾਰ ਇਹ ਮਨੁੱਖੀ ਜੀਵਨ ਵੀ ਕਈ ਲੱਖਾਂ ਵਰ੍ਹਿਆਂ ਬਾਅਦ ਹੋਂਦ ਵਿਚ ਆਇਆ ਜਿਸ ਨੂੰ ਮੋਟੇ ਤੌਰ 'ਤੇ ਸਾਡੇ ਸੰਤਾਂ ਸਾਧਾਂ ਨੇ ਚੁਰਾਸੀ ਲੱਖ ਜੂਨ ਦਾ ਨਾਮ ਦਿੱਤਾ ਹੈ ਜਿਸ ਦੇ ਅਰਥ ਹਨ ਕਿ ਇਸ ਸਾਰੇ ਬ੍ਰਹਿਮੰਡ ਵਿਚ ਸੋਚਵਾਨ ਜੀਵ ਲੱਖਾਂ ਵਰ੍ਹਿਆਂ ਬਾਅਦ ਪੈਦਾ ਹੋਇਆ ਹੈ। ਇਸ ਤੋਂ ਚੰਗੇ ਕੰਮ ਵੀ ਲੈਣੇ ਹਨ ਤੇ ਹਉਮੈ ਤੋਂ ਵੀ ਬਚਾਉਣਾ ਹੈ। ਗੁਰੂ ਸਾਹਿਬ ਦੀ ਸਾਰੀ ਬਾਣੀ ਵਿਚੋਂ ਇਹ ਯਤਨ ਸਮਪ੍ਰਤੱਖ ਪ੍ਰਗਟ ਹੁੰਦਾ ਹੈ।

ਗੁਰੂ ਸਾਹਿਬ ਦੇ ਜੀਵਨ ਫ਼ਲਸਫ਼ੇ ਦੇ ਪ੍ਰਸੰਗ ਵਿਚ ਕਿਰਤ, ਨਾਮ, ਦਾਨ ਤੇ ਇਸ਼ਨਾਨ; ਇਹ ਚਾਰ ਤੱਤ ਹਨ ਜਿਹਨਾਂ ਉੱਤੇ ਸੰਖੇਪ ਝਾਤ ਪਾਉਣੀ ਜ਼ਰੂਰੀ ਹੈ। ਨਾਮ ਬਾਰੇ ਅਸੀਂ ਪਹਿਲਾਂ ਵਿਚਾਰ ਕਰ ਆਏ ਹਾਂ। ਦਾਨ ਦਾ ਸੰਕਲਪ ਭਾਰਤ ਵਿਚ ਕੋਈ ਨਵਾਂ ਨਹੀਂ ਸੀ, ਇਹ ਤਾਂ ਆਰੀਆ ਕਾਲ ਤੋਂ ਹੀ ਬ੍ਰਾਹਮਣਾਂ ਦੇ ਹਿੱਸੇ ਆਇਆ ਸੀ, ਪਰ ਗੁਰੂ ਸਾਹਿਬ ਨੇ ਦਾਨ ਬਾਰੇ ਸਮੂਹ ਮਾਨਵ ਜਾਤੀ ਨੂੰ ਸੰਬੋਧਨ ਕੀਤਾ ਹੈ :

**ਘਾਲਿ ਖਾਇ ਕਿਛੁ ਹਥਹੁ ਦੇਇ ॥**
**ਨਾਨਕ ਰਾਹੁ ਪਛਾਣਹਿ ਸੇਇ ॥**

*(ਸਲੋਕ ਮਹਲਾ ੧, ਪੰਨਾ 1245)*

ਦਾਨ ਦੇਣਾ ਜਾਂ ਲੈਣਾ ਕੇਵਲ ਇਕ ਜਾਤੀ ਦਾ ਕੰਮ ਨਹੀਂ, ਇਹ ਸਮੂਹ ਮਾਨਵ ਜਾਤੀ ਉੱਤੇ ਢੁੱਕਦਾ ਹੈ। ਦਾਨ ਗਿਆਨ ਦਾ ਵੀ ਹੈ, ਪਦਾਰਥ ਦਾ ਵੀ, ਤਨ ਦਾ ਵੀ ਤੇ ਮਨ ਦਾ ਵੀ। ਪਰ ਦਾਨ ਦੇ ਅਧਿਕਾਰੀ ਸਮਾਜ ਦੇ ਵਿਹਲੜ ਲੋਕ ਨਹੀਂ ਹਨ, ਨਾ ਹੀ ਕਿਸੇ ਸੰਤ ਤੇ ਵਿਦਵਾਨ ਨੂੰ ਹੱਕ ਹੈ ਕਿ ਉਹ ਬਗ਼ੈਰ

ਕਿਸੇ ਕਿਰਤ ਦੇ ਕੀਤੇ ਦਾਨ ਦਾ ਪੈਸਾ ਖਾਏ, ਜਿਸ ਦਾ ਅਮਲੀ ਪ੍ਰਮਾਣ ਦੇਣ ਲਈ ਗੁਰੂ ਸਾਹਿਬ ਨੇ ਆਪਣੇ ਜੀਵਨ ਦੇ ਅੰਤਲੇ ਭਾਗ ਵਿਚ ਕਰਤਾਰਪੁਰ ਵਿਚ ਖੇਤੀਬਾੜੀ ਦਾ ਕਿੱਤਾ ਅਪਨਾ ਕੇ ਲੋਕਾਂ ਲਈ ਪੱਥ-ਪ੍ਰਦਰਸ਼ਨ ਕੀਤਾ। ਇਕ ਮਹਾਨ ਉਦਾਸੀ ਪੰਜ ਵਾਰੀ ਉਦਾਸੀ ਧਾਰਨ ਕਰ ਕੇ ਫਿਰ ਗ੍ਰਹਿਸਤੀ ਬਣ ਗਏ। ਗੁਰੂ ਸਾਹਿਬ ਦੇ ਫ਼ਲਸਫ਼ੇ ਨੂੰ ਜਾਨਣ ਲਈ ਬਾਣੀ ਤੋਂ ਇਲਾਵਾ ਉਹਨਾਂ ਦੇ ਜੀਵਨ ਨੂੰ ਵੀ ਜਾਨਣਾ ਜ਼ਰੂਰੀ ਹੈ। ਬਾਬਾ ਨਾਨਕ ਕਥਨੀ ਤੇ ਕਰਨੀ ਦਾ ਸੂਰਾ ਸਨ। ਸਤਿਗੁਰੂ ਨੇ ਕੇਵਲ ਬਾਣੀ ਦੁਆਰਾ ਨਹੀਂ, ਸਗੋਂ ਆਪਣੇ ਜੀਵਨ ਦੇ ਜੀਊਂਦੇ ਜਾਗਦੇ ਆਦਰਸ਼ ਦੁਆਰਾ ਆਪਣੇ ਸਿੱਖਾਂ ਨੂੰ ਸੱਚੇ ਮਾਰਗ ਵੱਲ ਲਾ ਦਿੱਤਾ।

ਇਸ਼ਨਾਨ ਭੇਖੀ ਲੋਕ ਕਰਦੇ ਹਨ। ਕਿਸੇ ਇਕ ਵਿਸ਼ੇਸ਼ ਤਲਾਅ ਜਾਂ ਸਰੋਵਰ ਵਿਚ ਟੁੱਭਾ ਲਾਇਆਂ ਜੀਵਨ ਮੁਕਤੀ ਨਹੀਂ ਮਿਲ ਸਕਦੀ। ਮਨ ਤੇ ਆਤਮਾ ਦੇ ਸੱਚੇ ਸਰੋਵਰ ਵਿਚ ਇਸ਼ਨਾਨ ਕੀਤਿਆਂ ਆਤਮਾ ਸ਼ੁੱਧੀ ਹੋ ਸਕਦੀ ਹੈ। ਇਸੇ ਲਈ ਉਹਨਾਂ ਨੇ ਫ਼ੁਰਮਾਇਆ ਹੈ :

**ਤੀਰਥੁ ਤਪੁ ਦਇਆ ਦਤੁ ਦਾਨੁ ॥**
**ਜੇ ਕੋ ਪਾਵੈ ਤਿਲ ਕਾ ਮਾਨੁ ॥**
**ਸੁਣਿਆ ਮੰਨਿਆ ਮਨਿ ਕੀਤਾ ਭਾਉ ॥**
**ਅੰਤਰਗਤਿ ਤੀਰਥਿ ਮਲਿ ਨਾਉ ॥** *(ਜਪੁਜੀ, ਪਉੜੀ ੨੧)*

ਤੀਰਥ ਅਤੇ ਸਰੋਕਰ ਆਤਮਾ ਵਿਚ ਹੀ ਵਿਦਮਾਨ ਹਨ। ਇਹਨਾਂ ਤੋਂ ਬਾਹਰ ਭੱਜਣ ਵਾਲਾ ਮਨੁੱਖ ਪਾਖੰਡੀ ਹੈ। ਸੱਚੇ ਮਾਰਗ ਦਾ ਅਭਿਲਾਸ਼ੀ ਨਹੀਂ।

ਅੱਜ ਕਲ੍ਹ ਕੁਝ ਵਿਦਵਾਨਾਂ ਨੇ ਗੁਰੂ ਸਾਹਿਬ ਦੀ ਬਾਣੀ ਵਿਚੋਂ ਜੋਗ, ਵੇਦਾਂਤ, ਸਾਂਖ, ਉਪਨਿਸ਼ਦ ਆਦਿਕ ਨੂੰ ਵੀ ਢੂੰਡਣਾ ਸ਼ੁਰੂ ਕਰ ਦਿੱਤਾ ਹੈ। ਅਸੀਂ ਇਕ ਗੱਲ ਨਿਸਚਿਤ ਰੂਪ ਵਿਚ ਕਹਿਣਾ ਚਾਹੁੰਦੇ ਹਾਂ ਕਿ ਗੁਰੂ ਸਾਹਿਬ ਨੇ ਵੇਦਾਂਤ, ਉਪਨਿਸ਼ਦ ਸ਼ਾਸਤਰ, ਸਿਮਰਤੀਆਂ, ਜੋਗ ਮੱਤ ਦੇ ਗ੍ਰੰਥ ਅਤੇ ਜੰਤਰ-ਮੰਤਰ ਆਦਿਕ ਪੁਸਤਕਾਂ ਦਾ ਅਧਿਐਨ ਜ਼ਰੂਰ ਕੀਤਾ ਸੀ ਪਰ ਇਹਨਾਂ ਦੀ ਵਿਚਾਰਧਾਰਾ ਨੂੰ ਆਪਣੀ ਵਿਚਾਰਧਾਰਾ ਦਾ ਮੂਲ ਨਹੀਂ ਬਣਾਇਆ। ਉਹਨਾਂ ਨੇ ਆਤਮਾ ਦੀ ਮੁਕਤੀ ਅਤੇ ਜਨਮ-ਜਨਮਾਂਤਰਾਂ ਦੇ ਲੇਖੇ-ਜੋਖੇ ਨੂੰ ਮੰਨਿਆ ਹੈ ਪਰ ਜਿਸ ਪ੍ਰਕਾਰ ਦੀ ਵਿਅਕਤੀਗਤ ਮੁਕਤੀ ਦਾ ਪ੍ਰਚਾਰ ਹਿੰਦੂ ਫ਼ਲਸਫ਼ੇ ਵਿਚ ਮਿਲਦਾ ਸੀ, ਗੁਰੂ ਸਾਹਿਬ ਉਸ ਦੇ ਵਿਰੁੱਧ ਸਨ। ਆਤਮਾ ਆਪਣੀ ਜੋਤ ਪਰਮਾਤਮਾ ਤੋਂ ਲੈਂਦੀ ਹੈ ਤੇ ਉਸ ਪਰਮ ਆਤਮਾ (Divine Soul) ਵਿਚ ਸਮਾ ਜਾਂਦੀ ਹੈ। ਇਸ ਟਰਾਂਸਮਾਈਗਰੇਸ਼ਨ ਆਫ਼ ਸੋਲ ਨੂੰ ਮਹਾਤਮਾ ਬੁੱਧ ਨੇ ਵੀ ਮੰਨਿਆ ਹੈ ਪਰ ਗੁਰੂ ਸਾਹਿਬ ਨੇ ਆਵਾਗਵਣ ਦੇ ਨਾਲ ਕਰਮ ਫ਼ਲਸਫ਼ੇ ਉੱਤੇ ਵਧੇਰੇ ਜ਼ੋਰ ਦਿੱਤਾ ਹੈ। ਜਿਵੇਂ ਕਿ ਉਹ ਕਹਿੰਦੇ ਹਨ :

**੧. ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥**

*(ਆਸਾ ਮਹਲਾ ੧, ਪਟੀ, ਪੰਨਾ 433)*

**੨. ਜੈਸਾ ਕਰੇ ਸੁ ਤੈਸਾ ਪਾਵੈ॥ ਆਪਿ ਬੀਜਿ ਆਪੇ ਹੀ ਖਾਵੈ॥**

*(ਧਨਾਸਰੀ ਮਹਲਾ ੧, ਪੰਨਾ 662)*

**੩. ਆਪੇ ਬੀਜਿ ਆਪੇ ਹੀ ਖਾਹੁ॥**
**ਨਾਨਕ ਹੁਕਮੀ ਆਵਹੁ ਜਾਹੁ॥** *(ਜਪੁਜੀ, ਪਉੜੀ ੨੦)*

ਕਰਮ ਸੰਬੰਧੀ ਉਹਨਾਂ ਦੀਆਂ ਅਨੇਕ ਟੂਕਾਂ ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਮਿਲਦੀਆਂ ਹਨ। ਇਸ ਲਈ ਉਹ ਕਰਮ-ਜੋਗੀ ਸਨ। ਉਹਨਾਂ ਨੇ ਤਾਂ ਸਗੋਂ ਜੋਗ, ਵੇਦਾਂ ਦੇ ਜੰਤਰ-ਮੰਤਰ ਅਤੇ ਹੋਰ ਕਈ ਪ੍ਰਾਚੀਨ ਧਾਰਾਵਾਂ ਦੀ ਆਲੋਚਨਾ ਕੀਤੀ। ਜੇ ਉਹ ਪ੍ਰਾਚੀਨ ਭਾਰਤੀ ਫ਼ਲਸਫ਼ੇ ਦੇ ਅਨੁਸਾਰੀ ਹੀ ਸਨ ਤਾਂ ਫਿਰ ਨਵੇਂ ਰਾਹ ਦੇ ਸੰਚਾਲਕ ਕਿਵੇਂ ਹੋਏ ? ਗੁਰੂ ਸਾਹਿਬ ਨੇ ਇਕ ਵਿਦਵਾਨ ਵਾਂਗ ਸਭ ਮੱਤਾਂ ਦਾ ਡੂੰਘਾ ਅਧਿਐਨ ਕੀਤਾ ਹੋਵੇਗਾ ਕਿਉਂਕਿ ਕੋਈ ਵੀ ਫ਼ਿਲਾਸਫ਼ਰ ਆਪਣੀ ਕੌਮ ਦੀਆਂ ਧਾਰਾਵਾਂ ਤੋਂ ਦੂਰ ਨਹੀਂ ਜਾ ਸਕਦਾ। ਨਵੀਂ ਵਿਚਾਰਧਾਰਾ ਬਣਾਉਣ ਵਾਲਿਆਂ ਲਈ ਵੀ ਆਪਣੇ ਅਤੇ ਬਾਹਰਲੇ ਮੁਲਕਾਂ ਦੇ ਫ਼ਿਲਾਸਫ਼ਰਾਂ ਨੂੰ ਪੜ੍ਹਨਾਂ ਬੜਾ ਜ਼ਰੂਰੀ ਹੈ। ਪਰੰਪਰਾ ਵਿਚੋਂ ਕੁਝ ਲੈਣਾ, ਕੁਝ ਛੱਡਣਾ, ਕੁਝ ਵਿਰੋਧ ਕਰਨਾ ਤੇ ਇਕ ਨਵੀਂ ਚਿੰਤਨਧਾਰਾ ਨੂੰ ਜਨਮ ਦੇਣਾ ਇਹ ਇਕ ਮੌਲਿਕ ਦਾਰਸ਼ਨਿਕ ਦਾ ਲਕਸ਼ ਅਤੇ ਕਰਤੱਵ ਹੁੰਦਾ ਹੈ।

ਅਸਾਂ ਵੇਖਦਾ ਇਹ ਹੈ ਕਿ ਗੁਰੂ ਸਾਹਿਬ ਦੀ ਵਿਚਾਰਧਾਰਾ ਨੇ ਭਾਰਤ ਅਤੇ ਖ਼ਾਸ ਕਰਕੇ ਪੰਜਾਬ ਦੇ ਲੋਕਾਂ ਦੀ ਸੋਚ-ਵਿਧੀ ਨੂੰ ਬਦਲ ਕੇ ਕਿਵੇਂ ਕਰਮਸ਼ੀਲ ਯੋਧੇ ਬਣਾਇਆ, ਇਸ ਦਾ ਪ੍ਰਤੱਖ ਪ੍ਰਮਾਣ ਗੁਰੂ ਸਾਹਿਬ ਤੋਂ ਬਾਅਦ ਦੇ ਸਾਰੇ ਇਤਿਹਾਸ ਵਿਚੋਂ ਮਿਲਦਾ ਹੈ। ਇਹਨਾਂ ਸੰਤਾਂ ਵਿਚੋਂ ਗੁਰੂ ਅਰਜਨ ਦੇਵ ਅਤੇ ਗੁਰੂ ਤੇਗ਼ ਬਹਾਦਰ ਵਰਗੇ ਸ਼ਹੀਦ ਪੈਦਾ ਹੁੰਦੇ ਹਨ। ਗੁਰੂ ਅਰਜਨ ਤੇ ਗੁਰੂ ਹਰਿਗੋਬਿੰਦ ਵਰਗੇ ਬਲੀ ਯੋਧਿਆਂ ਨੇ ਭਾਰਤੀ ਕੌਮ ਨੂੰ ਏਨਾ ਬਲਵਾਨ ਬਣਾ ਦਿੱਤਾ ਕਿ ਪੰਜਾਬੀ ਬਾਕੀ ਸਭ ਭਾਰਤੀਆਂ ਨਾਲੋਂ ਵਧੇਰੇ ਬਲਵਾਨ ਅਤੇ ਕੁਰਬਾਨੀ ਦੇ ਪੁਤਲੇ ਹੁੰਦੇ ਹਨ। ਇਕ ਕਲਮ ਇਸ ਤੋਂ ਵੱਡੀ ਕ੍ਰਾਂਤੀ ਕੀ ਲਿਆ ਸਕਦੀ ਹੈ ?

ਪ੍ਰਿੰ. ਸੇਖੋਂ ਅਤੇ ਪ੍ਰੋ. ਕਿਸ਼ਨ ਸਿੰਘ ਵਿਚਾਲੇ ਇਕ ਵਾਦ-ਵਿਵਾਦ ਚੱਲਦਾ ਰਿਹਾ ਹੈ ਕਿ ਬਾਬਾ ਫ਼ਰੀਦ ਤੇ ਗੁਰੂ ਨਾਨਕ ਪ੍ਰਗਤੀਵਾਦੀ ਸਨ ਕਿ ਨਹੀਂ। ਪ੍ਰਿੰ. ਸੇਖੋਂ ਇਹਨਾਂ ਨੂੰ ਕੇਵਲ ਆਪਣੇ ਸਮੇਂ ਦੇ ਚੇਤੰਨ ਕਵੀ ਮੰਨਦਾ ਹੈ, ਪ੍ਰਗਤੀਵਾਦੀ ਨਹੀਂ। ਪਰ ਪ੍ਰੋ. ਕਿਸ਼ਨ ਸਿੰਘ ਗੁਰੂ ਨਾਨਕ ਸਾਹਿਬ ਨੂੰ ਆਪਣੇ ਯੁਗ ਦੇ ਪ੍ਰਸੰਗ ਵਿਚ ਵੱਡਾ ਪ੍ਰਗਤੀਵਾਦੀ ਆਖਦਾ ਹੈ। ਅਸੀਂ ਪ੍ਰੋ. ਕਿਸ਼ਨ ਸਿੰਘ ਨਾਲ ਸਹਿਮਤ ਹਾਂ। ਪ੍ਰਗਤੀਵਾਦ ਦੀ ਵਿਆਖਿਆ ਕਰਦੇ ਸਮੇਂ ਸਾਨੂੰ ਵੀਹਵੀਂ ਸਦੀ ਦਾ

ਸਮਾਜਵਾਦੀ ਮਾਪਦੰਡ ਮੱਧਕਾਲੀ ਯੁਗ-ਪਲਟਾਊ ਕਵੀਆਂ ਉੱਤੇ ਲਾਗੂ ਨਹੀਂ ਕਰਨਾ ਚਾਹੀਦਾ। ਇਹ ਠੀਕ ਹੈ ਕਿ ਆਦਰਸ਼ਵਾਦ ਅਥਵਾ ਅਧਿਆਤਮਵਾਦ ਦਾ ਪਦਾਰਥਵਾਦ ਨਾਲ ਯੁੱਧ ਰਿਹਾ ਹੈ। ਪਰ ਪਦਾਰਥਵਾਦੀ ਸੋਚ ਵਿਚੋਂ ਵਿਕਸਿਤ ਹੋਇਆ ਮਾਰਕਸਵਾਦ ਗੁਰੂ ਨਾਨਕ ਸਾਹਿਬ ਦੇ ਸਮੇਂ ਪੈਦਾ ਨਹੀਂ ਸੀ ਹੋਇਆ, ਇਸ ਤਰ੍ਹਾਂ ਇਕ ਭਵਨ ਦੀ ਉਸਾਰੀ ਵਿਚ ਨੀਂਹ ਅਤੇ ਪਹਿਲੀ ਮੰਜ਼ਲ ਦੀਆਂ ਇੱਟਾਂ ਦਾ ਵੱਡਾ ਮਹੱਤਵ ਹੁੰਦਾ ਹੈ, ਇਸੇ ਤਰ੍ਹਾਂ ਅਜ ਤਕ ਦੀ ਵਿਚਾਰਧਾਰਾ ਦਾ ਜੋ ਮਹਾਨ ਭਵਨ ਉਸਰਿਆ ਹੈ, ਉਸ ਵਿਚ ਮੱਧਕਾਲੀ ਕਰਮਸ਼ੀਲ ਫ਼ਿਲਾਸਫ਼ਰਾਂ ਦੀ ਦੇਣ ਤੋਂ ਮੁਨਕਰ ਹੋਣਾ ਆਪਣੇ ਵਿਰਸੇ ਤੋਂ ਟੁੱਟਣ ਵਾਲੀ ਗੱਲ ਹੈ। ਅਸੀਂ ਫੋਕੇ ਆਦਰਸ਼ਵਾਦ ਦੇ ਵਿਰੁੱਧ ਹਾਂ। ਗੁਰੂ ਨਾਨਕ ਸਾਹਿਬ ਦਾ ਫ਼ਲਸਫ਼ਾ ਵਿਅਕਤੀਗਤ ਮੁਕਤੀ ਦੇ ਅਭਿਲਾਸ਼ੀਆਂ ਲਈ ਨਹੀਂ ਸਗੋਂ ਖੰਡੇ ਦੀ ਧਾਰ ’ਤੇ ਤੁਰਨ ਵਾਲੇ ਉਹਨਾਂ ਸੂਰਬੀਰਾਂ ਤੇ ਯੋਧਿਆਂ ਲਈ ਹੈ ਜੋ ਆਪਣੇ ਨਿੱਜੀ ਸੁਖਾਂ ਦੀ ਕੁਰਬਾਨੀ ਕਰਦੇ ਹੋਏ ਆਪਣੀ ਕੌਮ ਅਤੇ ਮਨੁੱਖਤਾ ਲਈ ਜਾਨਾਂ ਵਾਰ ਜਾਂਦੇ ਹਨ।

ਇਸੇ ਲਈ ਗੁਰੂ ਸਾਹਿਬ ਨੂੰ ਮਨੁੱਖਤਾਵਾਦ ਕਵੀ ਅਤੇ ਚਿੰਤਕ ਆਖਦੇ ਹਨ। ਉਹਨਾਂ ਨੇ ਆਖਿਆ ਸੀ :

**ਜਗਤੁ ਜਲੰਦਾ ਰਖਿ ਲੈ ਅਪਣੀ ਕਿਰਪਾ ਧਾਰਿ॥**

*(ਸਲੋਕ ਮ: ੩, ਪੰਨਾ 853)*

ਅਜੋਕੇ ਪਦਾਰਥਵਾਦੀ ਤੇ ਗੁਰੂ ਸਾਹਿਬ ਦੇ ਫ਼ਲਸਫ਼ੇ ਵਿਚ ਫ਼ਰਕ ਕੇਵਲ ਇਤਨਾ ਹੈ ਕਿ ਗੁਰੁ ਸਾਹਿਬ ਮਨੁੱਖ ਦੀ ਕਰਮਸ਼ੀਲਤਾ ਉੱਤੇ ਵਿਸ਼ਵਾਸ ਰੱਖਦੇ ਹੋਏ ਪ੍ਰਭੂ ਦੀ ਕਿਰਪਾ ਦਾ ਦਾਨ ਵੀ ਮੰਗਦੇ ਹਨ। ਅਜੋਕਾ ਚਿੰਤਕ ਮਨੁੱਖ ਆਧੁਨਿਕ ਸੋਚ ਵਿਧੀ ਅਤੇ ਉਸ ਦੇ ਉਪਰਾਲਿਆਂ ਵਿਚ ਵਿਸ਼ਵਾਸ ਰੱਖਦਾ ਹੈ ਪਰ ਵੇਖਣ ਅਤੇ ਜਾਚਣ ਵਾਲੀ ਗੱਲ ਇਹ ਹੈ ਕਿ ਮੰਗਲ ਤੇ ਸ਼ੁਕਰ ਤਕ ਪਹੁੰਚਣ ਵਾਲਾ ਮਨੁੱਖ ਕਿਸ ਅਣਦਿਸ ਸ਼ਕਤੀ ਅੱਗੇ ਹਾਰਦਾ ਜ਼ਰੂਰ ਹੈ। ਭਾਵੇਂ ਅਜੇ ਤਕ ਇਸ ਅਣਦਿੱਸ ਸ਼ਕਤੀ ਨੂੰ ਅਜ ਦੇ ਮਨੁੱਖ ਨੇ ਕੋਈ ਨਾਂ ਨਹੀਂ ਦਿੱਤਾ ਪਰ ਜ਼ਿੰਦਗੀ ਵਿਚ ਐਸੇ ਪੜਾਓ ਜ਼ਰੂਰ ਆਉਂਦੇ ਹਨ, ਜਦੋਂ ਮਨੁੱਖ ਦੀ ਸੋਚ ਕਿਸੇ ਵੱਡੀ ਸ਼ਕਤੀ ਦਾ ਆਸਰਾ ਭਾਲਦੀ ਹੈ, ਅੰਤ ਉਸ ਦੀ ਵਚਿੱਤਰ ਲੀਲ੍ਹਾ ਨੂੰ ਲੱਭਣ ਦਾ ਯਤਨ ਕਰਦੀ ਹੈ। ਗੁਰੂ ਨਾਨਕ ਸਾਹਿਬ ਵੀ ਮਨੁੱਖ ਨੂੰ ਕੇਵਲ ਨਿੱਤਕਰਮੀ ਹੋਣ ਦਾ ਸੰਦੇਸ਼ਾ ਨਹੀਂ ਦੇਂਦੇ। ਅੱਜ ਸਦੀਆਂ ਬੀਤ ਜਾਣ ਬਾਅਦ ਵੀ ਇਸ ਯੁੱਗ ਦੇ ਲੋਕ ਉਹਨਾਂ ਦੀ ਬਾਣੀ ਵਿਚੋਂ ਜੀਵਨ-ਜੋਤ ਪ੍ਰਾਪਤ ਕਰ ਰਹੇ ਹਨ, ਯੁਗ-ਪੁਰਸ਼ਾਂ ਦੀ ਇਹੀ ਪਛਾਣ ਹੁੰਦੀ ਹੈ।

# ਗੁਰੂ ਨਾਨਕ ਦੀ ਸਾਹਿਤਕ ਪ੍ਰਤਿਭਾ

**—ਪ੍ਰੋ. ਦੀਵਾਨ ਸਿੰਘ**

**–1–**

## ਵਿਰਾਟ ਪ੍ਰਤਿਭਾ

ਗੁਰੂ ਨਾਨਕ ਦੀ ਪ੍ਰਤਿਭਾ ਬਹੁ-ਪੱਖੀ ਪ੍ਰਤਿਭਾ ਹੈ। ਸਗੋਂ ਇਸ ਨੂੰ ਸਰਬਪੱਖੀ ਪ੍ਰਤਿਭਾ ਕਹਿਣਾ ਵਧੇਰੇ ਉਚਿਤ ਹੈ। ਗੁਰੂ ਨਾਨਕ ਸਾਹਿਬ ਨਾ ਕੇਵਲ ਇਕ ਮਹਾਨ ਚਿੰਤਕ ਸਨ, ਇਕ ਅਦੁੱਤੀ ਰਹੱਸਵਾਦੀ ਤੇ ਪ੍ਰਭਾਵਸ਼ਾਲੀ ਸਮਾਜਕ ਨੇਤਾ, ਸਗੋਂ ਇਕ ਵਿਦਰੋਹੀ ਪੁਰਸ਼ ਅਤੇ ਉਤਕ੍ਰਿਸ਼ਟ ਸਾਹਿਤਕਾਰ ਵੀ ਸਨ। ਨਿਰੋਲ ਸਾਹਿਤ ਦੇ ਪੱਖ ਤੋਂ ਗੁਰੂ ਜੀ ਇਕ ਨਵੇਂ ਸਾਹਿਤਕ ਯੁਗ ਦੇ ਮੋਢੀ ਸੰਚਾਲਕ, ਨਿਰਮਾਤਾ ਅਤੇ ਸੂਤਰਧਾਰ ਸਨ।

ਗੁਰੂ ਸਾਹਿਬ ਦੀ ਸ਼ਖ਼ਸੀਅਤ ਵਿਚ ਸਭ ਤੋਂ ਵੱਡਾ ਅੰਸ਼ ਸੰਪੂਰਨਤਾ ਦਾ ਸੀ, ਜਿਸ ਦਾ ਭਾਵ ਇਹ ਹੈ ਕਿ ਹਰ ਪੱਖ ਤੋਂ, ਹਰ ਆਸ਼ੇ ਤੋਂ ਪੂਰਨਤਾ ਦੇ ਧਾਰਨੀ ਸਨ। ਡਾਕਟਰ ਇਕਬਾਲ ਨੇ ਸੂਫ਼ੀ ਪਰੰਪਰਾ ਦਾ ਇਕ ਪ੍ਰਸਿੱਧ ਸੰਕੇਤ ਜੋ ਇਬਨੁਲ ਅਰਬੀ ਨੇ ਪਰਸਾਰਿਤ ਕੀਤਾ ਸੀ, ਗੁਰੂ ਨਾਨਕ ਉੱਤੇ ਲਾਗੂ ਕੀਤਾ। ਉਹ ਸੀ 'ਮਰਦਿ ਕਾਮਿਲ' ਅਰਥਾਤ ਪੂਰਨ ਮਨੁੱਖ। ਇਕਬਾਲ ਦਾ ਸ਼ਿਅਰ ਉਰਦੂ ਕਵਿਤਾ 'ਗੁਰੂ ਨਾਨਕ' ਵਿਚੋਂ :

**ਫਿਰ ਉਠੀ ਆਖ਼ਰ ਸਦਾ ਤੌਹੀਦ ਕੀ ਪੰਜਾਬ ਸੇ।**
**ਹਿੰਦ ਕੋ ਇਕ ਮਰਦਿ-ਕਾਮਿਲ ਨੇ ਜਗਾਇਆ ਖ਼ਾਬ ਸੇ।**

ਇਸ ਮਹਾਨ ਸ਼ਖ਼ਸੀਅਤ ਨੇ ਭਾਰਤ ਦੀ ਹੋਣੀ ਬਦਲ ਦਿੱਤੀ। ਸਦੀਆਂ ਤੋਂ ਸੁੱਤੀ ਹੋਈ ਕੌਮ ਨੂੰ ਜਗਾ ਦਿੱਤਾ। ਇਹ ਮਹਾਨ ਕਰਤੱਵ ਕਈ ਸਮਾਜਕ ਪੱਧਰਾਂ ਉੱਤੇ ਹੋਂਦ ਵਿਚ ਆਇਆ, ਜਿਹਨਾਂ ਵਿਚੋਂ ਇਕ ਸਾਹਿਤਕ ਕਰਤੱਵ ਵੀ ਸੀ। ਨਿਰਸੰਦੇਹ ਗੁਰੂ ਨਾਨਕ ਦੀ ਸਾਹਿਤਕਤਾ ਇਕ ਮਹਾਨ ਪ੍ਰਾਪਤੀ ਸੀ, ਭਾਰਤੀ ਤੇ ਪੰਜਾਬੀ ਸਾਹਿਤ ਨੂੰ ਇਕ ਵੱਡੀ ਦੇਣ, ਇਕ ਅਦੁੱਤੀ ਯੋਗਦਾਨ।

ਗੁਰੂ ਨਾਨਕ ਦੀ ਪ੍ਰਤਿਭਾ ਦਾ ਠੀਕ ਠੀਕ ਅਨੁਮਾਨ ਲਗਾਉਣਾ ਲਗਭਗ

ਅਸੰਭਵ ਹੈ, ਕਿਉਂਕਿ ਇਹ ਪ੍ਰਤਿਭਾ ਅਤਿ ਵਿਰਾਟ ਅਤੇ ਅਗੰਮੀ ਪ੍ਰਤਿਭਾ ਹੈ। ਪਰ ਰਹੱਸਵਾਦੀ ਸ਼ਖ਼ਸੀਅਤ ਬੁੱਧੀ ਤੋਂ ਬੌਧਿਕਤਾ ਤੋਂ ਪਰੇ ਹੁੰਦੀ ਹੈ। ਇਸ ਨੂੰ ਅਕੱਥ ਅਤੇ ਅਗੋਚਰ ਕਹਿਣਾ ਉਚਿਤ ਹੈ, ਜਿਵੇਂ ਕਿ ਇਹ ਸ਼ਬਦ ਪਰਮਾਤਮਾ ਜਾਂ ਪਰਮ ਸਚਾਈ ਲਈ ਵਰਤੇ ਜਾਂਦੇ ਹਨ। ਗੁਰੂ ਸਾਹਿਬ ਆਪ ਰੱਬ ਨੂੰ ਸੰਬੋਧਨ ਕਰ ਕੇ ਫ਼ੁਰਮਾਉਂਦੇ ਹਨ:

**ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥**
**ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ॥**

*(ਬਿਲਾਵਲੁ ਮਹਲਾ ੧, ਪੰਨਾ 795)*

ਇਹੋ ਗੱਲ ਪੂਰਨ ਤੌਰ ’ਤੇ ਗੁਰੂ ਸਾਹਿਬ ਦੇ ਅਨੁਮਾਨਕਾਰਾਂ ਅਤੇ ਆਲੋਚਨਾਕਾਰਾਂ ’ਤੇ ਘਟਦੀ ਹੈ ਜੋ ਗੁਰੂ ਸਾਹਿਬ ਦੀ ਸੁਲਤਾਨ ਰੂਪ ਸ਼ਖ਼ਸੀਅਤ ਮੀਆਂ ਆਖ ਕੇ ਨਿਸਚਿਤ ਕਰਦੇ ਹਨ।[2]

ਜੋ ਰੂਪਕ ਮੈਕਾਲੇ ਨੇ ਅੰਗਰੇਜ਼ੀ ਆਲੋਚਨਾ ਦੇ ਖੇਤਰ ਵਿਚ ਸ਼ੈਕਸਪੀਅਰ ਦੀ ਪ੍ਰਤਿਭਾ ਸੰਬੰਧੀ ਵਰਤਿਆ ਹੈ, ਉਸ ਨੂੰ ਇਕ ਮਹਾਨ ‘ਕਾਲੋਸਸ’ ਆਖ ਕੇ ਅਰਥਾਤ ਵਿਰਾਟਾਕਾਰ ਹੋਂਦ, ਇੰਨ-ਬਿੰਨ ਇਹ ਰੂਪਕ ਗੁਰੂ ਨਾਨਕ ਦੀ ਵੱਡ-ਆਕਾਰੀ ਪ੍ਰਤਿਭਾ ਉੱਤੇ ਢੁੱਕਦਾ ਹੈ, ਜਿਸ ਦੇ ਸਾਹਮਣੇ ਹੋਰ ਸਾਹਿਤਕਾਰ ਤੇ ਆਲੋਚਕ ਛੋਟੇ-ਛੋਟੇ ਆਕਾਰ ਤੇ ਵਿਚਾਰ ਪਰਗਟ ਕਰਨ ਵਾਲੇ ਨਿਗੂਣੇ ਅਤੇ ਅਸਮਰੱਥ ਵਿਅਕਤੀ ਸਿੱਧ ਹੁੰਦੇ ਹਨ।

ਭਾਈ ਗੁਰਦਾਸ ਨੇ ਜਦ ਇਸ ਮਹਾਨ ਸ਼ਖ਼ਸੀਅਤ ਨੂੰ ਆਪਣੀ ਕਵਿਤਾ ਵਿਚ ਸੂਰਜ ਦੇ ਰੂਪਕ ਰਾਹੀਂ ਪ੍ਰਗਟ ਕੀਤਾ ਤਾਂ ਸ਼ਾਇਦ ਇਹ ਸਭ ਤੋਂ ਸਾਰਥਕ ਅਨੁਮਾਨ ਸੀ ਜੋ ਇਕ ਮਹਾਨ ਸ਼ਖ਼ਸੀਅਤ ਨੇ ਆਪਣੇ ਆਪ ਤੋਂ ਅਤਿ ਦਰਜੇ ਦੀ ਵਡੇਰੀ ਸ਼ਖ਼ਸੀਅਤ ਬਾਰੇ ਲਗਾਇਆ। ਵਹਿਮਾ ਤੇ ਭਰਮਾਂ ਦਾ ਧੁੰਧਕਾਰ ਅਤੇ ਅਲਪਗਤੀ ਵਾਲੇ ਵਿਚਾਰ-ਸਿਧਾਂਤਾਂ ਦੇ ਤਾਰਾ-ਮੰਡਲ ਇਸ ਗਿਆਨ-ਮਈ ਸੂਰਜ ਦੇ ਉਦੈ ਹੋਣ ਨਾਲ ਇਕ ਦਮ ਛੁਪ ਗਏ।

ਮਹਾਂਕਵੀ ਭਾਈ ਗੁਰਦਾਸ ਦਾ ਦੂਜਾ ਰੂਪਕ ਇਸ ਤੋਂ ਵੀ ਵੱਧ ਭਾਵ-ਪੂਰਤ ਹੈ, ਜਿਸ ਦਾ ਸੰਬੰਧ ਸਾਹਿਤਕਤਾ ਨਾਲ ਵਧੇਰੇ ਜੁੜਦਾ ਹੈ। ਅਰਥਾਤ ਇਕ ਸ਼ੇਰ ਦੇ ਬੁਕਣ ਨਾਲ ਸਾਰੀ ਮ੍ਰਿਗਾਵਲੀ (ਜਿਸ ਤੋਂ ਭਾਵ ਹਰ ਧਰਮਾਂ ਦੇ ਸਿਥਲ ਵਿਚਾਰ ਅਤੇ ਉਸ ਤੋਂ ਵੀ ਵੱਧ ਸਿਥਲ ਕਰਮ-ਕਾਂਡਾਂ ਦੇ ਪੁੰਜ ਤੇ ਸਮੂਹ ਸਨ) ਭਾਰੀ ਘਬਰਾਹਟ ਤੇ ਅਧੀਰਤਾ ਦੀ ਦਸ਼ਾ ਵਿਚ ਹਰ ਪਾਸੇ ਖਿੰਡ ਗਈ।[3]

ਇਹ ਸ਼ੇਰ ਦੀ ਗਰਜ ਗੁਰੂ ਸਾਹਿਬ ਦੀ ਸਾਹਿਤਕ ਪ੍ਰਤਿਭਾ ਲਈ ਇਕ ਯੋਗ ਪ੍ਰਤੀਕ ਹੈ। ਬਾਬਰਵਾਣੀ ਕਵਿਤਾ ਇਸ ਦਾ ਸਭ ਤੋਂ ਪ੍ਰਸਿੱਧ ਪ੍ਰਗਟਾ ਹੈ, ਜਿਸ ਵਿਚ ਨਾ ਕੇਵਲ ਸਮਰਾਟ ਬਾਬਰ ਦੇ ਵਿਰੁੱਧ ਆਵਾਜ਼ ਉਠਾਈ ਹੈ, ਸਗੋਂ ਆਪਣੇ ਪਿਆਰੇ ਰੱਬ ਨਾਲ ਵੀ ਗਿਲ੍ਹਾ ਕੀਤਾ ਹੈ:

**ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥**
**ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥**
**ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥**
**ਕਰਤਾ ਤੂੰ ਸਭਨਾ ਕਾ ਸੋਈ ॥**
**ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ॥**

*(ਪੰਨਾ 360)*

ਇਕ ਪਾਸੇ ਇਕ ਡਿੱਗੀ ਹੋਈ ਨਿਤਾਣੀ ਕੌਮ, ਦੂਜੇ ਪਾਸੇ ਹਿੰਸਕ ਜਰਵਾਣੇ! ਇਹ ਸੰਘਰਸ਼ ਅਸਮਤਾ ਦਾ ਲਖਾਇਕ ਸੀ। ਇਸ ਲਈ ਗੁਰੂ ਸਾਹਿਬ ਦੀ ਸ਼ਖ਼ਸੀਅਤ ਵਿਚ ਜੋ ਵਿਦਰੋਹ ਦਾ ਅੰਸ ਸੀ, ਉਹ ਦਲੇਰੀ ਨਾਲ ਤੇ ਪੂਰੇ ਜ਼ੋਰ ਨਾਲ ਉਹਨਾਂ ਦੇ ਸਾਹਿਤ ਵਿਚ ਅਭਿਵਿਅਕਤ ਹੋਇਆ।

ਭਾਰਤ ਵਿਚ ਹੋਰ ਕੋਈ ਅਜਿਹੀ ਸ਼ਖ਼ਸੀਅਤ ਉਸ ਸਮੇਂ ਨਹੀਂ ਸੀ ਅਤੇ ਨਾ ਹੀ ਸ਼ਾਇਦ ਹੋਰ ਕਿਸੇ ਸਮੇਂ ਵਿਚ ਹੋਈ ਹੈ, ਜਿਸ ਵਿਚ ਸਚਾਈ ਪ੍ਰਗਟ ਕਰਨ ਦੀ ਏਨੀ ਦਲੇਰੀ ਹੋਵੇ।[4] ਸੱਚ ਕਹਿਣ ਦੀ ਦਲੇਰੀ ਤੇ ਸ਼ਕਤੀ ਕੇਵਲ ਗੁਰੂ ਸਾਹਿਬ ਵਿਚ ਹੀ ਸੀ, ਆਪ ਫ਼ੁਰਮਾਉਂਦੇ ਹਨ:

**ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ ॥**

*(ਤਿਲੰਗ ਮਹਲਾ ੧, ਪੰਨਾ 723)*

ਭਗਤ ਕਬੀਰ ਜੀ ਆਪਣੀ ਕਰੜੀ ਆਲੋਚਨਾ ਕੇਵਲ ਅਧਿਆਤਮਕ ਪੱਖ ਤੋਂ ਪ੍ਰਗਟ ਕਰਦੇ ਹਨ, ਬ੍ਰਾਹਮਣ ਸ਼੍ਰੇਣੀ ਦੇ ਵਿਰੁੱਧ ਜਾਂ ਹੋਰ ਧਾਰਮਿਕ ਅੱਤਿਆਚਾਰ ਕਰਨ ਵਾਲਿਆਂ ਵਿਰੁੱਧ ਪਰ ਰਾਜਸੀ ਤੇ ਸਮਾਜਕ ਖੇਤਰਾਂ ਬਾਰੇ ਉਹ ਲਗਭਗ ਚੁੱਪ ਹਨ।

ਇਹ ਅਦੁੱਤੀ ਦਲੇਰੀ ਕੇਵਲ ਗੁਰੂ ਨਾਨਕ ਸਾਹਿਬ ਨੂੰ ਹੀ ਮਿਲੀ ਸੀ, ਜਿਸ ਦੀ ਤਹਿ ਵਿਚ ਗ਼ਰੀਬੀ ਤੇ ਨਿਰਮਤਾ ਸੀ, ਪਰ ਜਿਸ ਦੀ ਸਤਹ 'ਤੇ ਤਲਵਾਰ ਦੀ ਧਾਰ ਵਾਲਾ ਤਿੱਖਾਪਣ ਸੀ।[5] ਇਹ ਆਵਾਜ਼ ਰਾਜਿਆਂ ਤੇ ਅਮੀਰਾਂ ਵਿਰੁੱਧ ਵੀ ਉੱਠੀ, ਬ੍ਰਾਹਮਣਾਂ, ਮੁਲਾਣਿਆਂ, ਕਾਜ਼ੀਆਂ ਆਦਿ ਦਾ ਤਾਂ ਕਹਿਣਾ ਹੀ ਕੀ? ਸੱਚਮੁੱਚ ਇਹ ਇਕ ਸ਼ੇਰ ਦੀ ਗਰਜ ਸੀ, ਜਿਸ ਦੇ ਤਿੱਖੇ ਪ੍ਰਭਾਵ ਤੋਂ ਕੋਈ ਵਿਅਕਤੀ ਜਾਂ ਕੋਈ ਸਮਾਜ-ਸ਼੍ਰੇਣੀ ਸੁਰੱਖਿਅਤ ਨਾ ਰਹਿ ਸਕੀ। ਪੁਰਾਣੇ ਬੋਦੇ ਹੋ ਚੁੱਕੇ ਸਮਾਜ ਦੇ ਢਾਂਚੇ ਇਸ ਗਿਆਨ ਰੂਪ ਭੁਚਾਲ ਦੇ ਸਾਹਮਣੇ ਇਕ ਦਮ ਢਹਿ ਢੇਰੀ ਹੋ ਗਏ। ਇਹ ਇਕ ਲਲਕਾਰ ਸੀ:

**ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ੍ ਬੈਠੇ ਸੁਤੇ ॥**

*(ਪੰਨਾ 1288)*

**ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥**
**ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥**
**ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥**

*(ਪੰਨਾ 145)*

ਸੱਚ ਨੂੰ ਚੰਦਰਮਾ ਨਾਲ ਉਪਮਾ ਦੇਣੀ ਇਕ ਰਹੱਸਵਾਦੀ ਰਮਜ਼ ਹੈ। ਸੂਰਜ ਬਾਹਰਮੁਖੀ ਸ਼ਕਤੀ ਦਾ ਚਿੰਨ੍ਹ ਹੈ ਅਤੇ ਚੰਦਰਮਾ ਅੰਦਰਮੁਖੀ ਸ਼ਕਤੀ ਦਾ ਪ੍ਰਤੀਕ। ਸਚਾਈ ਤੇ ਧਰਮ ਇਉਂ ਅਲੋਪ ਹੋ ਚੁੱਕੇ ਸਨ ਜਿਵੇਂ ਖੰਭ ਲਾ ਕੇ ਉੱਠ ਗਏ ਹੋਣ। ਹਰ ਪਾਸੇ ਅਗਿਆਨਤਾ ਦਾ ਹਨੇਰਾ ਸੀ। ਕੂੜ ਦੀ ਮੱਸਿਆ ਹਰ ਪਾਸੇ ਪੱਸਰੀ ਹੋਈ ਸੀ। ਕਿਸੇ ਨੂੰ ਰਾਹ ਨਹੀਂ ਲੱਭ ਰਿਹਾ ਸੀ। ਗੁਰੂ ਨਾਨਕ ਇਸ ਘੋਰ ਅੰਧੇਰੇ ਦੀ ਦਸ਼ਾ ਨੂੰ ਦੇਖ ਕੇ ਚਕ੍ਰਿਤ ਤੇ ਸ਼ੋਕਾਤੁਰ ਸਨ। ਇਹ ਸਾਰਾ ਪ੍ਰਭਾਵ ਧਾਰਮਿਕ ਸ਼ਬਦਾਵਲੀ ਵਿਚ ਕਲਜੁਗ ਦਾ ਵਰਤਾਰਾ ਸੀ, ਜਿਵੇਂ ਭਾਈ ਗੁਰਦਾਸ ਨੇ ਕਿਹਾ ਹੈ ਕਿ ਸੰਸਾਰ ਨੂੰ ਕਿਸੇ ਗੁਰਮੁਖ ਪੁਰਸ਼ ਦੀ ਲੋੜ ਸੀ, ਕਿਸੇ ਯੁਗ-ਪੁਰਸ਼ ਦੀ :

**ਬਾਬਾ ਦੇਖੈ ਧਿਆਨ ਧਰਿ ਜਲਤੀ ਸਭਿ ਪ੍ਰਿਥਵੀ ਦਿਸ ਆਈ।**
**ਬਾਝਹੁ ਗੁਰੂ ਗੁਬਾਰਿ ਹੈ ਹੈ ਹੈ ਕਰਦੀ ਸੁਣੀ ਲੁਕਾਈ।**

*ਵਾਰ 1, ਪਉੜੀ 24)*

ਕਾਰਲਾਈਲ ਨੇ ਜਦ 'ਨਾਇਕ' ਨਿਸਚਿਤ ਕੀਤੇ ਹਨ ਤਾ ਉਹਨਾਂ ਵਿਚੋਂ ਇਕ ਮਹਾਨ ਨਾਇਕ ਕਵੀ ਤੇ ਸਾਹਿਤਕਾਰ ਵਿਅਕਤੀ ਨੂੰ ਵੀ ਮੰਨਿਆ ਹੈ।

ਇਤਿਹਾਸ ਵਿਚ ਅੰਕਤ ਹੈ ਕਿ ਜਦ ਜਰਮਨੀ ਦੇ ਸ਼ਹਿਰ 'ਵੀਮਾਰ' ਵਿਚ ਨੈਪੋਲੀਅਨ ਆਪਣੇ ਸਮੇਂ ਦੇ ਸਭ ਤੋਂ ਮਹਾਨ ਸਾਹਿਤਕਾਰ ਗੋਇਟੇ ਨੂੰ ਮਿਲਿਆ ਤਾਂ ਆਪਣੀ ਪ੍ਰਤਿਭਾ ਨਾਲੋਂ ਉਸ ਦੀ ਪ੍ਰਤਿਭਾ ਨੂੰ ਵੱਧ ਸਵੀਕਾਰ ਕੀਤਾ। ਇੰਨ-ਬਿੰਨ ਇਹੋ ਇਤਿਹਾਸਕ ਸਥਿਤੀ ਗੁਰੂ ਨਾਨਕ ਸਾਹਿਬ ਦੇ ਜੀਵਨ ਵਿਚ ਵਾਪਰੀ ਜਦ ਭਾਰਤ ਦੇ ਜੇਤੂ ਸਮਰਾਟ ਬਾਬਰ ਨੇ ਉਹਨਾਂ ਦੀ ਆਤਮਕ ਪ੍ਰਤਿਭਾ ਦਾ ਪ੍ਰਭਾਵ ਸੁਤੇ ਸਿਧ ਸ਼ਰਧਾ ਦੇ ਰੂਪ ਵਿਚ ਪ੍ਰਗਟ ਕੀਤਾ।

ਗੁਰੂ ਨਾਨਕ ਸਾਹਿਬ ਦੀ ਸ਼ਖ਼ਸ਼ੀਅਤ ਦਾ ਸਭ ਤੋਂ ਵੱਡਾ ਪੱਖ ਸਾਹਿਤਕ ਹੈ। ਕਿਉਂਕਿ ਸਮਾਜ ਦੇ ਸਾਰੇ ਕਰਤਵਾਂ ਨਾਲੋਂ ਸਭ ਤੋਂ ਵਧੀਕ ਸਦੀਵਤਾ ਤੇ ਸੁਰੱਖਿਅਤਾ ਸਾਹਿਤ ਵਿਚ ਹੁੰਦੀ ਹੈ। ਸਾਹਿਤ ਆਤਮਾ ਦਾ ਤੱਤ ਹੈ, ਜਿਵੇਂ ਗੋਰਕੀ ਨੇ ਕਿਹਾ, ਵਿਸ਼ਵ ਆਤਮਾ ਦਾ ਤੱਤ।

ਗੁਰੂ ਨਾਨਕ ਸਾਹਿਬ ਦੀ ਸਾਹਿਤਕਤਾ ਕੋਈ ਸਾਧਾਰਨ ਸਾਹਿਤਕਤਾ ਨਹੀਂ ਸੀ। ਇਹ ਕੋਈ ਬਹੁਤ ਵੱਡੀ ਵਿਰਾਟ ਪ੍ਰਤਿਭਾ ਦਾ ਇਕ ਸਭ ਤੋਂ ਵੱਧ ਪ੍ਰਭਾਵਸ਼ਾਲੀ ਪ੍ਰਗਟਾ ਸੀ। ਜੋ ਕੋਈ ਬਾਬੇ ਦਾ ਸ਼ਬਦ ਸੁਣਦਾ, ਜਿਵੇਂ ਕਿ ਜਨਮਸਾਖੀਆਂ ਵਿਚ ਲਿਖਿਆ ਹੋਇਆ ਹੈ, ਉਹ ਸ਼ਬਦ ਦੇ ਰਹੱਸਵਾਦੀ ਤੇ ਅਚੂਕ ਬਾਣ ਦੀ ਸ਼ਕਤੀ

ਨਾਲ ਵਿੰਨ੍ਹਿਆ ਜਾਂਦਾ। ਜੇ ਕੋਈ ਗੁਰੂ ਸਾਹਿਬ ਦੇ ਸੰਪਰਕ ਵਿਚ ਆਇਆ ਤਾਂ ਉਹ ਸਦਾ ਲਈ ਕਿਸੇ ਉੱਚੇ ਜੀਵਨ-ਉਦੇਸ਼ ਅਤੇ ਆਤਮ ਮਾਰਗ ਦਾ ਪਾਂਧੀ ਹੋ ਗਿਆ। ਗੁਰੂ ਅਰਜਨ ਦੇਵ ਜੀ ਨੇ ਆਪਣੇ ਪੂਜਯ ਆਦਿ ਗੁਰੂ ਜੀ ਦੀ ਪ੍ਰਤਿਭਾ ਦਾ ਅਨੁਮਾਨ ਬੜੇ ਸਪੱਸ਼ਟ ਰੂਪ ਵਿਚ ਅੰਕਿਤ ਕੀਤਾ ਹੈ:

**ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ ॥**
**ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥**

*(ਸੂਹੀ ਮਹਲਾ ੫, ਪੰਨਾ 750)*

ਗੁਰੂ ਨਾਨਕ ਸਾਹਿਬ ਅਤੇ ਹੋਰ ਗੁਰੂ ਵਿਅਕਤੀਆਂ ਦੇ ਰਚੇ ਸਾਹਿਤ ਦੀ ਕੀਮਤ ਗੁਰੂ ਅਰਜਨ ਸਾਹਿਬ ਨੇ ਇਹਨਾਂ ਸ਼ਬਦਾਂ ਵਿਚ ਨਿਸਚਿਤ ਕੀਤੀ ਹੈ:

**ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ॥**
**ਤਾ ਮੇਰੈ ਮਨਿ ਭਇਆ ਨਿਧਾਨਾ ॥**

*(ਗਉੜੀ ਮਹਲਾ ੫, ਪੰਨਾ 186)*

ਇਹ ਅਦੁੱਤੀ ਖ਼ਜ਼ਾਨਾ ਸੱਚਮੁੱਚ ਅਮੁੱਲਾ ਹੈ। ਇਸ ਦਾ ਮੁੱਲ ਅੰਕਿਤ ਨਹੀਂ ਹੋ ਸਕਦਾ। ਫਿਰ ਵੀ ਗੁਰੂ ਨਾਨਕ ਸਾਹਿਬ ਦੀ ਸਾਹਿਤਕ ਪ੍ਰਤਿਭਾ ਦੇ ਕੁਝ ਜ਼ਰੂਰੀ ਪੱਖ ਵਿਚਾਰ-ਗੋਚਰ ਕੀਤੇ ਜਾਂਦੇ ਹਨ।

–2–

## ਮੌਲਿਕਤਾ

ਹਰ ਪ੍ਰਤਿਭਾ ਤੱਤ ਰੂਪ ਵਿਚ ਮੌਲਿਕ ਹੁੰਦੀ ਹੈ। ਕੋਈ ਪ੍ਰਤਿਭਾ ਮੌਲਿਕਤਾ ਤੋਂ ਬਿਨਾਂ ਸ਼ਾਇਦ ਸੰਭਵ ਹੀ ਨਹੀਂ। ਇਕ ਅਦੁੱਤੀ ਅਨੂਠਾਪਨ ਤੇ ਅਸਾਧਾਰਨਤਾ ਇਸ ਦੀ ਤਹਿ ਵਿਚ ਹੁੰਦੀ ਹੈ। ਅਪੂਰਵਤਾ ਜਿਸ ਨੂੰ ਕੁਦਰਤ ਦਾ ਇਕ ਵੱਡਾ ਚਮਤਕਾਰ, ਇਕ ਮਹਾਨਤਮ ਘਟਨਾ (phenomenon) ਕਹਿ ਸਕਦੇ ਹਾਂ, ਪ੍ਰਤਿਭਾ ਦਾ ਇਕ ਜ਼ਰੂਰੀ ਲੱਛਣ ਹੁੰਦਾ ਹੈ।

ਗੁਰੂ ਨਾਨਕ ਸਾਹਿਬ ਵਿਚ ਇਸ ਸੰਸਾਰ ਦੇ ਹੋਰ ਮਹਾਂਪੁਰਸ਼ਾਂ ਵਾਂਗ ਇਹ ਅੰਸ਼ ਅਤਿ ਅਧਿਕ ਸੀ। ਕੋਈ ਰਸਮੀਪਨ, ਭਾਵੇਂ ਧਾਰਮਿਕ ਆਸ਼ੇ ਦਾ ਹੋਵੇ ਜਾਂ ਸਾਂਸਕ੍ਰਿਤਕ, ਸਾਹਿਤਕ ਹੋਵੇ ਜਾਂ ਵਿਚਾਰਾਤਮਕ, ਉਹਨਾਂ ਦੇ ਜੀਵਨ-ਅਨੁਭਵ, ਇਤਿਹਾਸਕ ਕਰਤੱਵ ਅਤੇ ਸਾਹਿਤਕ ਪ੍ਰਗਟਾ ਵਿਚ ਉੱਕਾ ਹੀ ਪ੍ਰਤੀਤ ਨਹੀਂ ਹੁੰਦਾ। ਉਹਨਾਂ ਦਾ ਜੀਵਨ, ਸੰਸਾਰ ਅਤੇ ਅਣਦਿਸਦੇ ਮੰਡਲਾਂ ਬਾਰੇ ਦ੍ਰਿਸ਼ਟੀਕੋਣ ਅਤੇ ਵਿਚਾਰ-ਅਨੁਭਵ ਅਸਲੋਂ ਹੀ ਨਵਾਂ ਸੀ। ਜਿਵੇਂ ਪੱਛਮ ਦੇ ਅਮਰੀਕਨ ਰਹੱਸਵਾਦੀ ਥੋਰੋ (Thoreau) ਬਾਰੇ ਕਿਹਾ ਜਾਂਦਾ ਹੈ ਕਿ ਉਸ ਦਾ ਅਨੁਭਵ ਏਨਾ ਨਵੀਨ ਤੇ

ਅਛੋਹ ਸੀ, ਏਨਾ ਅਦੁੱਤੀ ਤੇ ਅਪੂਰਵ ਕਿ ਮਾਨੋ ਆਪਣੀ ਪੂਰੀ ਸ਼ਖ਼ਸੀਅਤ ਲੈ ਕੇ ਇੰਨ-ਬਿੰਨ ਸਾਖਿਆਤ, ਅਦ੍ਰਿਸ਼ਟ ਮੰਡਲਾਂ ਵਿਚੋਂ ਇਸ ਭੌਤਿਕ ਸੰਸਾਰ ’ਤੇ ਆ ਗਿਆ ਹੋਵੇ, ਧਰਤੀ ਦੀਆਂ ਸਾਧਾਰਨ ਲੋੜਾਂ ਤੇ ਊਣਤਾਈਆਂ ਤੋਂ ਉੱਕਾ ਹੀ ਅਭਿੱਜ, ਜਿਵੇਂ ਉਹ ਨਿਰੋਲ ਕੋਈ ਆਤਮਕ ਤੱਤ ਹੋਵੇ ਤੇ ਸਰੀਰਕ ਬੰਧਨ ਉਸ ਲਈ ਕੋਈ ਅਰਥ ਨਾ ਰੱਖਦਾ ਹੋਵੇ—ਕੁਝ ਅਜਿਹੀ ਸਥਿਤੀ ਅਸੀਂ ਗੁਰੂ ਨਾਨਕ ਸਾਹਿਬ ਬਾਰੇ ਚਿਤਵ ਸਕਦੇ ਹਾਂ, ਸ਼ਾਇਦ ਇਸ ਤੋਂ ਵੀ ਵਧੇਰੇ ਮੂਲਕ ਰੂਪ ਵਿਚ ਕਿਉਂਕਿ ਗੁਰੂ ਨਾਨਕ ਸਾਹਿਬ ਯੁੱਗ-ਪੁਰਸ਼ ਸਨ ਅਤੇ ਨਾ ਕੇਵਲ ਭਾਰਤ ਸਗੋਂ ਸਾਰੇ ਵਿਸ਼ਵ ਦੇ ਕਲਿਆਣ ਦੇ ਸਮਰੱਥ ਹਨ।

ਗੁਰੂ ਨਾਨਕ ਸਾਹਿਬ ਨੇ ਜੀਵਨ ਅਸਲੀਅਤ ਨੂੰ ਮੌਲਿਕ ਰੂਪ ਵਿਚ ਅਨੁਭਵ ਕੀਤਾ ਤੇ ਪ੍ਰਗਟ ਕੀਤਾ ਅਤੇ ਜਿਥੇ ਕਿਤੇ ਕੋਈ ਸਮਾਜਕ ਜਾਂ ਵਿਅਕਤੀਗਤ ਦੋਸ਼ ਨਜ਼ਰ ਆਇਆ, ਉਸ ਉੱਤੇ ਕਿੰਤੂ ਕੀਤਾ, ਉਸ ਦੇ ਸੁਧਾਰ ਲਈ ਆਵਾਜ਼ ਉਠਾਈ, ਉਸ ਨੂੰ ਲੋੜ ਅਨੁਸਾਰ ਤਿੱਖੇ ਜਾਂ ਮੱਧਮ ਢੰਗ ਨਾਲ ਭੰਡਿਆ। ਕਿਸੇ ਸਮਾਜ-ਸ਼੍ਰੇਣੀ ਦੀ ਇਸ ਗੱਲ ਵਿਚ ਛੋਟ ਨਹੀਂ, ਲਿਹਾਜ਼ ਨਹੀਂ ਕੀਤਾ। ਇਥੋਂ ਤਕ ਕਿ ਰਾਜੇ ਤੇ ਬ੍ਰਾਹਮਣ, ਉੱਚ ਸ਼੍ਰੇਣੀਆਂ ਦੇ ਪਰਮ ਅਧਿਕਾਰੀ ਜੋ ਸਦਾ ਆਲੋਚਨਾ ਤੋਂ ਪਰੇ ਮੰਨੇ ਜਾਂਦੇ ਸਨ, ਗੁਰੂ ਸਾਹਿਬ ਦੀ ਕਰੜੀ ਆਲੋਚਨਾ ਦਾ ਪਾਤਰ ਬਣੇ।

ਜਿਥੇ ਹੋਰ ਧਾਰਮਿਕ ਤੇ ਸਮਾਜਕ ਆਗੂ ਜੀਵਨ ਨਾਲ ਸਮਝੌਤਾ ਕਰਦੇ ਸਨ, ਸਮਾਜ ਨੂੰ ਬਦਲਣ ਦੀ ਦਲੇਰੀ ਨਹੀਂ ਰੱਖਦੇ ਸਨ, ਉਥੇ ਗੁਰੂ ਸਾਹਿਬ ਨਿਸ਼ੰਗ ਤੇ ਨਿਧੜਕ ਹੋ ਕੇ ਅਜਿਹੇ ਕਰਤੱਵ ਲਈ ਤਤਪਰ ਰਹਿੰਦੇ ਸਨ।

ਇਹ ਕਿਹਾ ਜਾ ਸਕਦਾ ਹੈ ਕਿ ਸਮਾਜ ਸ਼ਾਸਤਰ ਦੇ ਸਾਰੇ ਇਤਿਹਾਸ ਵਿਚ ਸ਼ਾਇਦ ਕੋਈ ਵਿਅਕਤੀ ਏਨਾ ਕ੍ਰਾਂਤੀਕਾਰੀ ਨਹੀਂ ਹੋਇਆ, ਜਿਸ ਹੱਦ ਤਕ ਕਿ ਗੁਰੂ ਨਾਨਕ ਸਾਹਿਬ ਸਨ। ਉਨ੍ਹੀਵੀਂ ਸਦੀ ਵਿਚ ਹੋਏ ਕਾਰਲ ਮਾਰਕਸ ਨਾਲ ਗੁਰੂ ਸਾਹਿਬ ਦੀ ਤੁਲਨਾ ਇਸ ਪੱਖ ਦੀ ਪੂਰਤੀ ਲਈ ਦੇਣਾ ਅਨੁਚਿਤ ਹੋਵੇਗਾ ਕਿਉਂਕਿ ਜਿਥੇ ਮਾਰਕਸ ਦਾ ਆਸ਼ਾ ਕੇਵਲ ਪਦਾਰਥ ਸੀ ਅਤੇ ਆਰਥਕ ਸੰਘਰਸ਼ ਦੀ ਵਿਆਖਿਆ ਕਰਨ ’ਤੇ ਹੀ ਉਸ ਨੇ ਜ਼ੋਰ ਦਿੱਤਾ ਹੈ, ਉਥੇ ਗੁਰੂ ਨਾਨਕ ਸਾਹਿਬ ਸਮਾਜਕ ਸੰਸਕ੍ਰਿਤੀ ਅਤੇ ਮਨੁੱਖ ਦੀਆ ਆਤਮਕ ਸਥਿਤੀਆਂ ਨੂੰ ਬਦਲਣ ਦਾ ਉਪਰਾਲਾ ਤੇ ਪਰੀਸ਼ਰਮ ਵੀ ਕਰਦੇ ਹਨ।

ਸਾਹਿਤਕ ਖੇਤਰ ਵਿਚ ਗੁਰੂ ਸਾਹਿਬ ਦੀ ਇਸ ਅਦੁੱਤੀ ਮੌਲਿਕਤਾ ਨੇ ਪੰਜਾਬੀ ਸਾਹਿਤ ਦੀ ਮਾਨੋ ਕਾਇਆ ਕਲਪ ਕਰ ਦਿੱਤੀ। ਉਹਨਾਂ ਤੋਂ ਪਹਿਲਾਂ ਦਾ ਰਚਿਆ ਪੰਜਾਬੀ ਸਾਹਿਤ ਬਹੁਤੇ ਵੱਡੇ ਆਕਾਰ ਦਾ ਨਹੀਂ ਸੀ ਪਰ ਜੋ ਵੀ ਸੀ, ਉਸ ਦਾ ਆਸ਼ਾ ਬਦਲ ਦਿੱਤਾ ਅਤੇ ਉਸ ਨੂੰ ਇਕ ਨਵੀਂ ਸੇਧ ਦਿੱਤੀ, ਜੋ ਸਦੀਵ ਕਾਲ ਤਕ ਪੰਜਾਬੀ ਸਾਹਿਤ ਦੀ ਅਗਵਾਈ ਦਾ ਇਕ ਵੱਡਾ ਸਾਧਨ ਹੈ।

ਗੁਰੂ ਨਾਨਕ ਸਾਹਿਬ ਦਾ ਆਪਣਾ ਰਚਿਆ ਸਾਹਿਤ ਸਾਰੇ ਦਾ ਸਾਰਾ ਹੋਰ

ਜ਼ਰੂਰੀ ਲੱਛਣਾਂ ਦੇ ਨਾਲ ਸੱਚ ਤੋਂ ਵੱਧ ਸ਼ਾਇਦ ਮੌਲਿਕਤਾ ਦਾ ਲਖਾਇਕ ਹੈ। ਇਉਂ ਜਾਪਦਾ ਹੈ ਕਿ ਜਿਥੇ ਪਹਿਲਾਂ ਅਣਹੋਂਦ ਸੀ, ਉਥੇ ਗੁਰੂ ਸਾਹਿਬ ਅਸਲੋਂ ਨਵੀਂ ਸਾਹਿਤਕ ਹੋਂਦ ਪੈਦਾ ਕਰ ਰਹੇ ਸਨ, ਛੋਟੇ ਆਕਾਰ ਦੇ ਸ਼ਬਦ, ਲੰਮੇ ਆਕਾਰ ਦੀਆਂ ਰਚਨਾਵਾਂ, ਬਹੁਤ ਸਾਰੀਆਂ ਵੰਨਗੀਆਂ ਕਾਵਿਕ ਕ੍ਰਿਤਾਂ, ਅਣਗਿਣਤ ਨਵੀਨ ਲਿਖਣ ਢੰਗ, ਅਸਲੋਂ ਮੌਲਿਕ ਸ਼ੈਲੀ ਤੱਤ ਪੰਜਾਬੀ ਸਾਹਿਤ ਨੂੰ ਪ੍ਰਦਾਨ ਕਰ ਰਹੇ ਸਨ। ਰੂਪਕ ਪੱਖ ਦੀ ਮੌਲਿਕਤਾ ਤੋਂ ਵੱਧ ਸ਼ਾਇਦ ਉਹਨਾਂ ਦੀ ਮੌਲਿਕਤਾ ਵਿਚਾਰ ਅਤੇ ਵਿਸ਼ੇ ਪੱਖ ਤੋਂ ਹੈ ਪਰ ਉਸ ਦਾ ਅਨੁਮਾਨ ਇਸ ਛੋਟੇ ਜਿਹੇ ਆਕਾਰ ਦੇ ਲੇਖ ਵਿਚ ਲਗਾਉਣਾ ਅਸੰਭਵ ਹੈ।

## ਲੋਕ ਤੱਤ

ਲੋਕ ਬੋਲੀ ਵਿਚ ਸਾਹਿਤ ਰਚਣਾ ਸਾਡੇ ਦੇਸ਼ ਦੇ ਪੁਰਾਤਨ ਸਾਹਿਤਾਚਾਰੀਆਂ ਦੀ ਇਕ ਸਾਧਾਰਨ ਪਰਿਪਾਟੀ ਨਹੀਂ ਸੀ, ਸਗੋਂ ਲੋਕ ਬੋਲੀ ਵਿਚ ਰਚਣਾ ਇਕ ਅਣਸਾਹਿਤਕ ਕਰਮ ਸਮਝਿਆ ਜਾਂਦਾ ਸੀ। ਸਾਹਿਤ ਰਚਨਾ ਕੇਵਲ ਕਿਸੇ ਪਰੰਪਰਾਸ਼ੀਲ, ਪ੍ਰਮਾਣਿਕ ਤੇ ਸਨਮਾਨਿਤ ਬੋਲੀ ਜਿਵੇਂ ਕਿ 'ਸੰਸਕ੍ਰਿਤ' ਸਮਝਦੀ ਜਾਂਦੀ ਸੀ, ਵਿਚ ਹੀ ਉਚਿਤ ਖ਼ਿਆਲ ਕੀਤਾ ਜਾਂਦਾ ਸੀ। ਲੋਕ ਸ਼ੈਲੀ ਆਮ ਤੌਰ 'ਤੇ ਇਕ ਸਥਾਨਕ ਜਾਂ ਪ੍ਰਾਂਤਿਕ ਬੋਲੀ ਮਿਥੀ ਜਾਂਦੀ ਸੀ। ਇਸ ਲਈ ਉਸ ਵਿਚ ਰਚਨਾ ਪ੍ਰਤਿਭਾ ਦੀ ਘਾਟ ਦਾ ਪ੍ਰਮਾਣ ਗਿਣਿਆ ਜਾਂਦਾ ਸੀ।

ਮਹਾਤਮਾ ਬੁੱਧ ਨੇ ਪਾਲੀ ਪ੍ਰਾਕ੍ਰਿਤ ਵਿਚ ਜਦ ਆਪਣਾ ਉਪਦੇਸ਼ ਜਨ ਸਾਧਾਰਨ ਦੇ ਕਲਿਆਣ ਲਈ ਪ੍ਰਗਟ ਕੀਤਾ ਤਾਂ ਬ੍ਰਾਹਮਣ ਸ਼੍ਰੇਣੀ ਅਵੱਸ਼ ਇਸ 'ਤੇ ਨੱਕ ਚਾੜ੍ਹਦੀ ਸੀ। ਜਦ ਬੁੱਧ ਧਰਮ ਦਾ ਜ਼ੋਰ ਕੁਝ ਸਦੀਆਂ ਬਾਅਦ ਘਟ ਗਿਆ ਤੇ ਬ੍ਰਾਹਮਣਵਾਦ ਦਾ ਬੋਲਬਾਲਾ ਹੋ ਗਿਆ, ਇਹ ਇਕ ਤਰ੍ਹਾਂ ਸੰਸਕ੍ਰਿਤ ਭਾਸ਼ਾ ਦੀ ਦਿੱਗ-ਵਿਜੈ ਸੀ। ਇਹ ਕੰਮ ਸਭ ਤੋਂ ਵੱਧ ਸ਼ੰਕਰਾਚਾਰੀਆ ਨੇ ਕੀਤਾ। ਲੋਕ ਤੱਤ ਦੇ ਹੱਕ ਵਿਚ ਯਾਰ੍ਹਵੀਂ-ਬਾਰ੍ਹਵੀਂ ਸਦੀ ਵਿਚ ਜੋ ਭਾਰੀ ਅੰਦੋਲਨ ਤੇ ਧਾਰਮਿਕ ਪਰਿਵਰਤਨ ਭਗਤੀ ਲਹਿਰ ਦੇ ਰੂਪ ਵਿਚ ਮਹਾਨ ਚਿੰਤਕ ਰਾਮਾਨੁਜ ਨੇ ਕੀਤਾ, ਭਾਰਤ ਦੇ ਇਤਿਹਾਸ ਵਿਚ ਇਹ ਬੜੀ ਮਹਾਨ ਕੀਮਤ ਰੱਖਦਾ ਹੈ। ਗੁਰੂ ਨਾਨਕ ਸਾਹਿਬ ਵੀ ਇਸੇ ਲੋਕ ਆਸ਼ੇ ਦੇ ਧਾਰਨੀ ਸਨ। ਹੋਰ ਸਾਰੇ ਭਗਤਾਂ ਨਾਲੋਂ ਲੋਕ ਆਸ਼ੇ ਦੀ ਪੂਰਤੀ ਗੁਰੂ ਨਾਨਕ ਸਾਹਿਬ ਨੇ ਸਭ ਤੋਂ ਵੱਧ ਕੀਤੀ, ਜਿਸ ਦਾ ਕਾਰਨ ਉਹਨਾਂ ਵਿਚ ਸਮਾਜਕ ਅੰਸ਼ ਦੀ ਅਧਿਕਤਾ ਦਾ ਹੋਣਾ ਸੀ।

ਭਾਵੇਂ ਗੁਰੂ ਸਾਹਿਬ ਆਪਣੇ ਉਪਦੇਸ਼ ਲਈ ਸਰਬ ਭਾਰਤ ਦੇ ਵਿਸ਼ਾਲ ਖੇਤਰ ਅਪਣਾਉਂਦੇ ਹਨ ਤੇ ਆਪਣੀ ਕਵਿਤਾ ਵਿਚ ਸਾਧ ਭਾਸ਼ਾ ਦੀ ਵਰਤੋਂ ਇਸੇ ਲਈ ਕਰਦੇ ਹਨ ਤਾਂ ਜੋ ਹਰ ਭਾਰਤੀ ਉਹਨਾਂ ਦਾ ਆਸ਼ਾ ਗ੍ਰਹਿਣ ਕਰ ਸਕੇ। ਫਿਰ ਵੀ ਇਸ ਮਜਬੂਰੀ ਦੇ ਬਾਵਜੂਦ ਆਪਣੀ ਸਥਾਨਕ ਬੋਲੀ ਨੂੰ ਉਹਨਾਂ ਨੇ ਵੱਧ ਤੋਂ ਵੱਧ

ਵਡਿਆਇਆ ਤੇ ਪ੍ਰਚਾਰਿਆ। ਉਹਨਾਂ ਦੀ ਕਵਿਤਾ ਦੀ ਬੋਲੀ ਮੂਲਕ ਤੌਰ ’ਤੇ ਪੰਜਾਬੀ ਹੀ ਸੀ, ਜਿਸ ਨੂੰ ਹੋਰ ਭਾਸ਼ਾਵਾਂ ਦੀ ਸ਼ਬਦਾਵਲੀ ਤੇ ਲਿਖਣ ਢੰਗ ਸ਼ਾਮਲ ਕਰ ਕੇ ਉਹਨਾਂ ਨੇ ਇਕ ਅਮੀਰ ਤੇ ਸਾਹਿਤਕ ਬੋਲੀ ਦਾ ਰੂਪ ਦਿੱਤਾ, ਜਿਸ ਦਾ ਪ੍ਰਭਾਵ ਦੂਰ ਦੂਰ ਤਕ ਫੈਲਿਆ ਤੇ ਜਿਸ ਦੀ ਕੀਮਤ ਵੱਧ ਤੋਂ ਵੱਧ ਨਿਸਚਿਤ ਕੀਤੀ ਜਾ ਸਕਦੀ ਹੈ।

ਨਿਰੋਲ ਪੰਜਾਬੀ ਬੋਲੀ ਦਾ ਅੰਸ਼ ਗੁਰੂ ਨਾਨਕ ਸਾਹਿਬ ਦੀ ਬੋਲੀ ਵਿਚ ਕਾਫ਼ੀ ਹੈ। ਇਹ ਅੰਸ਼ ਭਾਸ਼ਾਈ ਪੱਖ ਤੋਂ ਅਪਭ੍ਰੰਸ਼ਾਂ ਤੇ ਪ੍ਰਾਕ੍ਰਿਤਾਂ ਦੇ ਨਿਰੋਲ ਤੇ ਸਾਰਥਕ ਲਿਖਣ ਢੰਗ ਵਰਤਣ ’ਤੇ ਨਿਰਭਰ ਸੀ, ਜਿਸ ਦਾ ਸਿੱਟਾ ਇਹ ਹੈ ਕਿ ਗੁਰੂ ਸਾਹਿਬ ਦੀ ਬੋਲੀ ਹੋਰ ਭਾਰਤੀ ਬੋਲੀਆਂ ਨਾਲੋਂ ਤੇ ਸੰਸਕ੍ਰਿਤ ਨਾਲੋਂ ਵੀ ਵਧੇਰੇ ਪੰਝੀ ਸੌ ਸਾਲ ਪਹਿਲਾਂ ਦੀ ਪੁਰਾਤਨ ਭਾਰਤੀ ਆਰੀਅਨ ਬੋਲੀ ਵੈਦਿਕ ਬੋਲੀ ਦੇ ਨੇੜੇ ਸੀ।

ਬੋਲੀ ਤੋਂ ਛੁੱਟ ਗੁਰੂ ਸਾਹਿਬ ਨੇ ਲੋਕ-ਕਾਵਿ ਦੇ ਕਈ ਪ੍ਰਚੱਲਤ ਨਮੂਨੇ ਆਪਣੀ ਅਧਿਆਤਮਕ ਕਵਿਤਾ ਦੇ ਪ੍ਰਗਟਾਅ ਲਈ ਵਰਤ ਕੇ ਲੋਕ ਤੱਤ ਨੂੰ ਹੋਰ ਵੀ ਉਜਾਗਰ ਕੀਤਾ। ਸਾਹਿਤ ਅਵੱਸ਼ ਲੋਕਾਂ ਲਈ ਹੁੰਦਾ ਹੈ, ਜਨ ਸਾਧਾਰਨ ਲਈ ਜਾਂ ਲੋਕ ਸਮੂਹ ਲਈ। ਇਹ ਕਦੀ ਵੀ ਵਿਅਕਤੀ ਦੀ ਸਮੱਸਿਆ ਨਹੀਂ ਹੁੰਦਾ। ਇਸ ਲਈ ਗੁਰੂ ਸਾਹਿਬ ਨੇ ਜਿਥੇ ਆਪਣੀ ਬੋਲ ਵਿਚ ਅਣਗਿਣਤ ਮੁਹਾਵਰੇ ਤੇ ਅਖਾਣ ਵਰਤੇ ਸਨ, ਸਗੋਂ ਲੋਕੋਕਤੀ ਰੂਪ ਨਵੇਂ ਅਖਾਣ ਤੇ ਮੁਹਾਵਰੇ ਸਥਾਪਤ ਕੀਤੇ ਸਨ, ਉਥੇ ਵਾਰਾਂ, ਸਤਵਾਰੇ, ਅਲਾਹੁਣੀਆਂ, ਬਾਰਾਂਮਾਹ, ਪਟੀ, ਗੋਸਟਾਂ ਆਦਿ ਵਰਤ ਕੇ ਆਪਣੇ ਉਪਦੇਸ਼ ਨੂੰ ਬਹੁਤ ਪ੍ਰਭਾਵਸ਼ਾਲੀ ਬਣਾਇਆ। ਉਹਨਾਂ ਨੇ ਬਹੁਤ ਸਾਰੇ ਲੋਕ-ਛੰਦ ਵੀ ਵਰਤੇ। ਇਹ ਸਾਰਾ ਕੁਝ ਮੌਲਿਕ ਤੇ ਨਵੀਨ ਸੀ। ਗੁਰੂ ਸਾਹਿਬ ਇਕ ਬਹੁਤ ਵੱਡੇ ਮੋਢੀ ਕਲਾਕਾਰ ਸਨ ਜੋ ਆਪਣੇ ਨਵੀਨ ਤਜਰਬੇ ਲੋਕ ਪੱਧਰ ’ਤੇ ਕਰਦੇ ਸਨ। ਉਹਨਾਂ ਦੇ ਜੀਵਨ ਦਾ ਇਕ-ਇਕ ਪਲ ਲੋਕ ਕਲਿਆਣ ਲਈ ਅਰਪਿਤ ਸੀ। ਇਸ ਲਈ ਉਹਨਾਂ ਦਾ ਆਤਮਕ ਪ੍ਰਭਾਵ ਸਾਰੇ ਪੰਜਾਬ ਤੇ ਭਾਰਤ ਸਗੋਂ ਭਾਰਤ ਤੋਂ ਵੀ ਅਗੇਰੇ ਦੂਰ-ਦੂਰ ਤਕ ਫੈਲਿਆ ਹੋਇਆ ਸੀ। ਕਿਉਂਕਿ ਅਸਲ ਲੋਕਤਾ ਸਰਬਸਾਂਝੀ ਮਨੁੱਖਤਾ ਦੀ ਹੈ, ਕਿਸੇ ਇਕ ਸਥਾਨ ਦੀ ਨਹੀਂ। ਬਗ਼ਦਾਦ ਵਿਚ ਜਿਥੇ ਲੋਕ ਉਹਨਾਂ ਦੀ ਬੋਲੀ ਨਹੀਂ ਸਕਝਦੇ ਸਨ, ਦੱਸਿਆ ਜਾਂਦਾ ਹੈ ਕਿ ਉਹਨਾਂ ਦੀ ਮਿੱਠੀ ਸੰਗੀਤਕ ਲੈਅ ਸੁਣ ਕੇ ਉਥੋਂ ਦੇ ਲੋਕ ਉਹਨਾਂ ਦੀ ਸ਼ਖ਼ਸੀਅਤ ਦੇ ਜਾਦੂਮਈ ਪ੍ਰਭਾਵ ਨਾਲ ਕੀਲੇ ਗਏ, ਹਾਲਾਂਕਿ ਉਹਨਾਂ ਲੋਕਾਂ ਦੇ ਧਰਮ ਵਿਚ ਸੰਗੀਤ ਵਿਵਰਜਿਤ ਸੀ।

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਨਾਨਕ ਸਾਹਿਬ ਦੀ ਵਿਰਾਟ ਪ੍ਰਤਿਭਾ ਇਕੋ ਵਕਤ ਦੋ ਵਿਰੋਧੀ ਪਰ ਇਕ ਦੂਜੇ ਦੇ ਪੂਰਕ ਜੀਵਨ ਤੱਤਾਂ ਜਾਂ ਜੀਵਨ ਪੱਖਾਂ ਨੂੰ ਸੰਜੁਗਤ ਤੇ ਸੰਮਿਲਤ ਕਰਨ ਵਾਲੀ ਪ੍ਰਤਿਭਾ ਸੀ ਅਰਥਾਤ ਇਕ ਪਾਸੇ ਰਾਜਸੀ ਤੇ ਸਭਿਆਚਾਰਕ ਕਰਤੱਵਾਂ ਦੀ ਅਮਲੀ ਪ੍ਰੇਰਨਾ ਤੇ ਦੂਜੇ ਪਾਸੇ

ਅਧਿਆਤਮਕ ਤੇ ਰਹੱਸਵਾਦੀ ਅਨੁਭਵ ਦੀ ਆਦਰਸ਼ਕਤਾ। ਇਹ ਦੋਵੇਂ ਪੱਖ ਗੁਰੂ ਸਾਹਿਬ ਦੀ ਸਾਹਿਤਕਤਾ ਵਿਚ ਇਕੱਤਰਤ ਤੇ ਸੰਗਠਤ ਹੋਏ ਸੰਪੂਰਨ ਰੂਪ ਵਿਚ ਮਿਲਦੇ ਹਨ।

## ਹਵਾਲੇ ਅਤੇ ਟਿੱਪਣੀਆਂ

1. Genius is not a single power but a combination of great powers, Whipple.
2. ਇਹ ਵਿਚਾਰ ਪਹਿਲੀ ਵਾਰ ਡਾ. ਤਾਰਨ ਸਿੰਘ ਨੇ ਆਪਣੀ ਪੁਸਤਕ **ਗੁਰੂ ਨਾਨਕ ਚਿੰਤਨ ਤੇ ਕਲਾ**, (1963) ਵਿਚ ਅੰਕਿਤ ਕੀਤਾ ਹੈ।
3. ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗਿ ਚਾਨਣੁ ਹੋਆ।
   ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪੇ ਅੰਧੇਰੁ ਪਲੋਆ।
   ਸਿੰਘ ਬੁਕੇ ਮ੍ਰਿਗਾਵਲੀ ਭੰਨੀ ਜਾਇ ਨ ਧੀਰ ਧਰੋਆ। *(ਵਾਰ 1, ਪਉੜੀ 27)*
4. ਸੱਚ ਕਹਿਣ ਦੀ ਦਲੇਰੀ ਸੱਚ ਨੂੰ ਪਿਆਰਨ ’ਤੇ ਨਿਰਭਰ ਹੈ, ਜਿਵੇਂ ਗੋਇਟੇ ਨੇ ਕਿਹਾ ਹੈ: “ਪਹਿਲੀ ਤੇ ਆਖ਼ਰੀ ਗੱਲ ਜੋ ਪ੍ਰਤਿਭਾ ਲਈ ਆਵੱਸ਼ਕ ਹੈ, ਉਹ ਸੱਚ ਦਾ ਪਿਆਰ ਹੀ ਹੈ।”
5. No man is so terrible as a man of genius. Disraeli.

# ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ 'ਤੇ ਚੱਲਣ ਦੀ ਲੋੜ

**-ਅਵਤਾਰ ਸਿੰਘ ਸਪਰਿੰਗਫੀਲਡ**

(ਯੂ. ਐਸ. ਏ.)

ਇਸ ਸਮੇਂ ਸਾਰੇ ਸੰਸਾਰ ਵਿੱਚ ਸਿੱਖ ਧਰਮ ਦੇ ਬਾਨੀ ਤੇ ਦੁਨੀਆਂ ਦੇ ਰਹਿਬਰ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਅਵਤਾਰ ਪੁਰਬ ਸਾਰੇ ਸੰਸਾਰ ਵਿੱਚ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਗੁਰੂ ਜੀ ਨੇ ਉਸ ਸਮੇਂ ਕੁਰਾਹੈ ਪਈ ਹੋਈ ਲੋਕਾਈ ਨੂੰ ਸੇਧ ਦੇਣ ਲਈ ਨਾ ਕੇਵਲ ਭਾਰਤ ਸਗੋਂ ਅਜੋਕਾ ਪਾਕਿਸਤਾਨ, ਅਫ਼ਗਾਨਿਸਤਾਨ, ਸ੍ਰੀ ਲੰਕਾ, ਬਰਮਾ (ਅਜੋਕਾ ਮਾਇਨਮਾਰ), ਤੁਰਕੀ, ਈਰਾਨ, ਸੀਰੀਆ, ਰੂਸ ਤੇ ਹੋਰ ਅਰਬ ਦੇਸ਼ਾਂ ਦੀ ਯਾਤਰਾ ਕੀਤੀ। ਉਸ ਸਮੇਂ ਭਾਰਤੀ ਸਮਾਜ ਵੱਖ-ਵੱਖ ਵਰਗਾਂ ਵਿੱਚ ਵੰਡਿਆ ਹੋਇਆ ਸੀ। ਅਨੇਕਾਂ ਦੇਵੀ ਦੇਵਤਿਆਂ ਦੀ ਪੂਜਾ ਕੀਤੀ ਜਾਂਦੀ ਸੀ। ਹਿੰਦੂ ਸਮਾਜ ਚਾਰ ਵਰਣਾਂ ਵਿੱਚ ਵੰਡਿਆ ਹੋਇਆ ਸੀ। ਉਨ੍ਹਾਂ ਨੇ ਸਾਰੇ ਸੰਸਾਰ ਨੂੰ ਸਮਝਾਇਆ ਕਿ ਪਰਮਾਤਮਾ ਇੱਕ ਹੈ, ਇਹ ਸਾਰਾ ਸੰਸਾਰ ਉਸ ਦਾ ਹੀ ਪੈਦਾ ਕੀਤਾ ਹੋਇਆ ਹੈ। ਉਹ ਕਾਲ ਤੋਂ ਰਹਿਤ ਹੈ। ਉਸ ਨੂੰ ਸਿਮਰਨ ਨਾਲ ਹੀ ਪਾਇਆ ਜਾ ਸਕਦਾ ਹੈ। ਤੀਰਥਾਂ ਤੇ ਜਾ ਕੇ ਇਸ਼ਨਾਨ ਕਰਨੇ, ਪਿਤਰਾਂ ਦੀ ਪੂਜਾ ਕਰਨੀ, ਮੂਰਤੀ ਪੂਜਾ ਕਰਨੀ, ਵਰਤ ਰੱਖਣੇ ਆਦਿ ਫੋਕਟ ਕਰਮ ਹਨ। ਇਨ੍ਹਾਂ ਨਾਲ ਉਸ ਅਕਾਲ ਪੁਰਖ ਨੂੰ ਪਾਇਆ ਨਹੀਂ ਜਾ ਸਕਦਾ। ਪਰ ਅੱਜ ਅਸੀਂ ਵੇਖਦੇ ਹਾਂ ਕਿ ਸਾਰਾ ਸੰਸਾਰ ਇਨ੍ਹਾਂ ਕਰਮਕਾਂਡਾਂ ਵਿੱਚ ਫਸਿਆ ਹੋਇਆ ਹੈ। ਵੇਖੋ ਵੇਖੀ ਕਈ ਸਿੱਖ ਵੀ ਕਰਵਾ ਚੌਥ ਦਾ ਵਰਤ ਰੱਖਣ ਲੱਗ ਪਏ ਹਨ। ਉਹ ਵੀ ਵੱਖ-ਵੱਖ ਤੀਰਥਾਂ 'ਤੇ ਜਾ ਕੇ ਇਸ਼ਨਾਨ ਕਰਨ ਜਾ ਰਹੇ ਹਨ। ਗੁਰੂ ਜੀ ਨਾਮ ਦੇ ਤੀਰਥ ਵਿਚ ਇਸ਼ਨਾਨ ਕਰਨ ਨੂੰ ਕਹਿੰਦੇ ਹਨ। ਅੱਜ ਵੱਖ-ਵੱਖ ਧਰਮਾਂ ਵਿੱਚ ਵਖਰੇਵੇਂ ਆ ਗਏ ਹਨ। ਨਫ਼ਰਤ ਦੀ ਰਾਜਨੀਤੀ ਚੱਲ ਰਹੀ ਹੈ, ਜਦ ਕਿ ਗੁਰੂ ਜੀ ਦਾ ਫੁਰਮਾਨ ਹੈ ਕਿ ਸਭ ਮਨੁੱਖ ਪ੍ਰਮਾਤਮਾ ਦੇ ਪੈਦਾ ਕੀਤੇ ਹੋਏ ਹਨ। ਇਨ੍ਹਾਂ ਵਿੱਚ ਕੋਈ ਤੇਰ ਮੇਰ ਨਹੀਂ। ਜਾਤ-ਪਾਤ, ਊਚ-

ਨੀਚ ਨੂੰ ਦੂਰ ਕਰਨ ਲਈ ਗੁਰੂ ਨਾਨਕ ਦੇਵ ਜੀ ਨੇ ਲੰਗਰ ਦੀ ਪ੍ਰਥਾ ਸ਼ੁਰੂ ਕੀਤੀ ਜਿਸ ਦੀ ਮਿਸਾਲ ਕਿਸੇ ਹੋਰ ਧਰਮ ਵਿੱਚ ਨਹੀਂ ਮਿਲਦੀ।

ਸਾਰੇ ਦੁਨੀਆਂ ਵਿੱਚ ਲੋਕ ਵੱਡਿਆਂ ਨਾਲ ਮੇਲ-ਮਿਲਾਪ ਕਰਨ, ਸਾਂਝ ਭਿਆਲੀ ਪਾਉਣ ਵਿੱਚ ਵਿਸ਼ਵਾਸ ਰੱਖਦੇ ਹਨ, ਪਰ ਗੁਰੂ ਜੀ ਨੇ ਇਨ੍ਹਾਂ ਨੂੰ ਨਕਾਰਦਿਆਂ ਕਿਹਾ ਕਿ ਉਹ ਦਬੇ-ਕੁਚਲੇ ਲੋਕਾਂ ਨਾਲ ਹਨ। ਉਨ੍ਹਾਂ ਦਾ ਫੁਰਮਾਨ ਹੈ:

**ਨੀਚਾ ਅੰਦਰ ਨੀਚ ਜਾਤਿ ਨੀਚੀ ਹੂ ਅਤਿ ਨੀਚ॥**
**ਨਾਨਕ ਤਿਨ ਕੈ ਸੰਗਿ ਸਾਥ ਵਡਿਆ ਸਿਉ ਕੀਆ ਰੀਸ॥**
**ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥**

*(ਪੰਨਾ 15)*

ਉਸ ਸਮੇਂ ਔਰਤ ਦੀ ਹਾਲਤ ਬੜੀ ਮਾੜੀ ਸੀ। ਉਸ ਨਾਲ ਦੂਜੇ ਦਰਜਾ ਦਾ ਵਰਤਾਅ ਕੀਤਾ ਜਾਂਦਾ ਸੀ। ਗੁਰੂ ਜੀ ਨੇ ਔਰਤ ਦੇ ਹੱਕ ਵਿੱਚ ਦਾ ਹਾਅ ਦਾ ਨਾਹਰਾ ਮਾਰਿਆ ਤੇ ਕਿਹਾ ਕਿ ਔਰਤ ਨਾਲ ਹੀ ਸਾਰਾ ਸੰਸਾਰ ਚਲ ਰਿਹਾ ਹੈ। ਰਾਜਿਆਂ ਨੂੰ ਜਨਮ ਦੇਣ ਵਾਲੀ ਨੂੰ ਮੰਦਾ ਨਹੀਂ ਕਹਿਣਾ ਚਾਹੀਦਾ:

**ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣ ਵੀਆਹੁ॥**
**ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥**
**ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨ॥**
**ਸੋ ਕਿਉ ਮੰਦਾ ਆਖੀਐ ਜਿਤ ਜੰਮਹਿ ਰਾਜਾਨ॥**

*(ਪੰਨਾ 473)*

ਜੇ ਅਸੀਂ ਅੱਜ ਵੀ ਵੀ ਵੇਖੀਏ ਤਾਂ ਔਰਤ ਨੂੰ ਬਰਾਬਰੀ ਵਾਲਾ ਸਥਾਨ ਨਹੀਂ ਮਿਲ ਰਿਹਾ। ਔਰਤ ਨੂੰ ਜੰਮਣ ਤੋਂ ਪਹਿਲਾਂ ਕੁੱਖ ਵਿੱਚ ਹੀ ਮਾਰ ਦਿੱਤਾ ਜਾਂਦਾ ਹੈ। ਬਲਾਤਕਾਰ ਹੋ ਰਹੇ ਹਨ। ਉਹ ਆਪਣੇ ਘਰ ਵਿੱਚ ਹੀ ਸੁਰੱਖਿਅਤ ਨਹੀਂ। ਗੁਰੂ ਜੀ ਨੇ ਉਸ ਸਮੇਂ ਦੇ ਸਿੱਧ ਪੀਰ, ਯੋਗੀ, ਸੰਨਿਆਸੀ, ਨਾਥ ਪੰਥੀ, ਸ਼ੈਵ, ਵੈਸ਼ਨਵ ਆਦਿ ਵਿੱਚ ਜਿਹੜੀ ਵੀ ਕਮਜ਼ੋਰੀ ਵੇਖੀ ਉਸ ਨੂੰ ਦੂਰ ਕਰਨ ਦਾ ਉਪਰਾਲਾ ਕੀਤਾ। ਏਸੇ ਲਈ ਉਨ੍ਹਾਂ ਨੇ ਵੱਖ-ਵੱਖ ਧਰਮਾਂ ਦੇ ਆਗੂਆਂ ਨਾਲ ਗੋਸ਼ਟੀਆਂ ਕੀਤੀਆਂ। ਇਸ ਤਰ੍ਹਾਂ ਉਨ੍ਹਾਂ ਨੇ ਉਸ ਸਮੇਂ ਦੇ ਧਰਮਾਂ ਵਿੱਚ ਇੱਕ ਸਮਾਨਤਾ ਲਿਆਉਣ ਦਾ ਯਤਨ ਕੀਤਾ। ਗੁਰੂ ਜੀ ਨੇ ਕਿਰਤ ਨੂੰ ਪਹਿਲ ਦਿੱਤੀ। ਆਪ ਕਿਰਤ ਕੀਤੀ ਤੇ ਦੂਸਰਿਆਂ ਨੂੰ ਕਿਰਤ ਕਰਨ ਦਾ ਉਪਦੇਸ਼ ਦਿੱਤਾ। ਮਲਿਕ ਭਾਗੋ ਤੇ ਭਾਈ ਲਾਲੋ ਦੀ ਸਾਖੀ ਤੋਂ ਇਹੋ ਹੀ ਗਿਆਨ ਮਿਲਦਾ ਹੈ। ਉਨ੍ਹਾਂ ਨੇ ਸੇਵਾ ਸਿਮਰਨ, ਸੰਗਤ-ਪੰਗਤ ਦੀ ਰੀਤ ਚਲਾਈ। ਜਿੱਥੇ ਲੰਗਰ ਦੀ ਪ੍ਰਥਾ ਚਲਾਈ ਉੱਥੇ ਧਰਮਸ਼ਾਲਾਵਾਂ ਬਣਾਈਆਂ।ਆਪਣੀ ਨੇਕ ਕਮਾਈ ਵਿੱਚੋਂ ਦੂਜਿਆਂ ਦੀ ਸਹਾਇਤਾ ਲਈ ਦਾਨ ਕਰਨ ਦਾ ਉਪਦੇਸ਼ ਦਿੱਤਾ। ਅੱਜ ਜਦ ਕਿ ਸੰਸਾਰ ਦੇ ਵੱਖ-ਵੱਖ ਦੇਸ਼

ਇੱਕ ਦੂਜੇ ਦੇ ਵਿਰੁੱਧ ਨਫ਼ਰਤ ਦੀ ਰਾਜਨੀਤੀ ਵਿੱਚ ਲੱਗੇ ਹੋਏ ਹਨ। ਸਾਰਾ ਸੰਸਾਰ ਬਰੂਦ ਦੇ ਢੇਰ 'ਤੇ ਬੈਠਾ ਹੋਇਆ ਹੈ। ਮਾਰੂ ਹਥਿਆਰਾਂ 'ਤੇ ਅੰਨੇ ਵਾਹ ਖ਼ਰਚ ਕੀਤਾ ਜਾ ਰਿਹਾ ਹੈ, ਦੂਸਰੇ ਪਾਸੇ ਕਈ ਮੁਲਕ ਭੁੱਖ ਮਰੀ ਦਾ ਸ਼ਿਕਾਰ ਹਨ। ਪੇਟ ਭਰਨ ਲਈ ਅਨਾਜ ਨਹੀਂ, ਤਨ 'ਤੇ ਕੱਪੜਾ ਨਹੀਂ, ਰਹਿਣ ਲਈ ਮਕਾਨ ਨਹੀਂ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਾਂਝੀਵਾਲਤਾ ਦੇ ਉਪਦੇਸ਼ ਨਾਲ ਇਨ੍ਹਾਂ ਨੂੰ ਹੱਲ ਕੀਤਾ ਜਾ ਸਕਦਾ ਹੈ।

# ਜਪੁਜੀ ਸਾਹਿਬ ਦਾ ਸਚਿਆਰੁ ਸੰਕਲਪ

**—ਪ੍ਰੋ. ਬ੍ਰਹਮ ਜਗਦੀਸ਼ ਸਿੰਘ**

ਜਪੁਜੀ ਵਿਚ ਅਧਿਆਤਮਕ ਸਾਧਨਾ ਦਾ ਲਕਸ਼ 'ਸਚਿਆਰੁ' ਹੋਣਾ ਮਿਥਿਆ ਗਿਆ ਹੈ। ਜਪੁਜੀ ਦੀ ਪਹਿਲੀ ਪਉੜੀ ਵਿਚ ਹੀ ਸੰਬਾਦਿਕ ਸ਼ੈਲੀ ਦੇ ਮਾਧਿਅਮ ਦੁਆਰਾ ਗੁਰੂ ਨਾਨਕ ਦੇਵ ਜੀ ਨੇ ਇਸ ਸੰਕਲਪ ਨੂੰ ਪਰਿਭਾਸ਼ਿਤ ਕਰ ਦਿੱਤਾ ਸੀ। ਆਪ ਫ਼ੁਰਮਾਉਂਦੇ ਹਨ :

**ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥**
**ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥**

ਜਪੁਜੀ ਵਿਚ ਹੋਰ ਕਈ ਪਉੜੀਆਂ ਵਿਚ ਵੀ 'ਸਚਿਆਰੁ' ਸ਼ਬਦ ਦਾ ਪ੍ਰਯੋਗ ਹੋਇਆ ਮਿਲਦਾ ਹੈ। ਇਸ ਪ੍ਰਸੰਗ ਵਿਚ ਦੇਖੋ :

**ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥**
**ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥**

ਅਤੇ

**ਧੌਲੁ ਧਰਮੁ ਦਇਆ ਕਾ ਪੂਤੁ ॥**
**ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥**
**ਜੇ ਕੋ ਬੁਝੈ ਹੋਵੈ ਸਚਿਆਰੁ ॥**
**ਧਵਲੈ ਉਪਰਿ ਕੇਤਾ ਭਾਰੁ ॥**

ਉਪਰੋਕਤ ਪਉੜੀਆਂ ਵਿਚ ਗੁਰੂ ਨਾਨਕ ਦੇਵ ਜੀ ਨੇ 'ਸਚਿਆਰੁ' ਪਦ ਦੀ ਪ੍ਰਾਪਤੀ ਲਈ ਕਰਨਯੋਗ ਵਿਧੀਆਂ ਨੂੰ ਬੜੇ ਸਪੱਸ਼ਟ ਰੂਪ ਵਿਚ ਬਿਆਨ ਕਰ ਦਿੱਤਾ ਹੈ ਪਹਿਲੀ ਪਉੜੀ ਅਨੁਸਾਰ ਜਿਹੜਾ ਵਿਅਕਤੀ ਪਰਮਾਤਮਾ ਦੇ ਹੁਕਮ ਅਥਵਾ ਰਜ਼ਾ ਵਿਚ ਚੱਲਦਾ ਹੈ, ਉਹ ਸਚਿਆਰੁ ਪਦ ਦੀ ਪ੍ਰਾਪਤੀ ਕਰ ਲੈਂਦਾ ਹੈ। ਚੌਥੀ ਪਉੜੀ ਵਿਚ ਗੁਰੂ ਜੀ ਫ਼ੁਰਮਾਉਂਦੇ ਹਨ ਕਿ ਪਰਮਾਤਮਾ ਦੀ ਕਿਰਪਾ ਦ੍ਰਿਸ਼ਟੀ ਨਾਲ ਮੁਕਤੀ ਦਾ ਦਰਵਾਜ਼ਾ ਖੁੱਲ੍ਹ ਜਾਂਦਾ ਹੈ ਅਤੇ ਵਿਅਕਤੀ ਨੂੰ ਉਸ ਸੱਚੇ ਪਰਮਾਤਮਾ ਦੀ ਅਨੰਤਤਾ ਦਾ ਬੋਧ ਪ੍ਰਾਪਤ ਹੋ ਜਾਂਦਾ ਹੈ।

ਸੋਲ੍ਹਵੀਂ ਪਉੜੀ ਅਨੁਸਾਰ ਧਰਮ ਰੂਪੀ ਬੈਲ ਦਇਆ ਦਾ ਪੁੱਤਰ ਹੈ। ਅਕਾਲ ਪੁਰਖ ਨੇ ਆਪਣੀ ਕਿਰਪਾ ਦੁਆਰਾ ਸ੍ਰਿਸ਼ਟੀ ਨੂੰ ਟਿਕੀ ਰਹਿਣ ਵਾਸਤੇ ਧਰਮ ਰੂਪੀ ਨਿਯਮ ਬਣਾ ਦਿੱਤਾ ਹੈ। ਅੱਗੋਂ ਇਸ ਧਰਮ ਨੇ ਆਪਣੀ ਮਰਿਆਦਾ ਅਨੁਸਾਰ ਸੰਤੋਖ ਨੂੰ ਜਨਮ ਦੇ ਦਿੱਤਾ ਹੈ। ਜੇ ਕੋਈ ਮਨੁੱਖ ਇਸ ਵਿਚਾਰ-ਪ੍ਰਣਾਲੀ ਨੂੰ ਸਮਝ ਲੈਂਦਾ ਹੈ ਤਾਂ ਉਹ ਸਚਿਆਰੁ ਬਣ ਜਾਂਦਾ ਹੈ ਅਰਥਾਤ ਉਸ ਅੰਦਰ ਅਕਾਲ ਪੁਰਖ ਦਾ ਪ੍ਰਕਾਸ਼ ਹੋ ਜਾਂਦਾ ਹੈ। ਉਕਤ ਪਉੜੀਆਂ ਵਿਚ ਵਰਤੇ ਗਏ ਸਚਿਆਰੁ ਪਦ ਦੇ ਪ੍ਰਯੋਗ ਦੁਆਰਾ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਸਚਿਆਰੁ ਦਾ ਅਰਥ ਹੈ, ਅਕਾਲ ਪੁਰਖ ਦਾ ਜੀਵ ਦੀ ਅੰਤਰ-ਆਤਮਾ ਵਿਚ ਉਪਸਥਿਤ ਹੋ ਕੇ ਇਸ ਨੂੰ ਪ੍ਰਕਾਸ਼ਮਾਨ ਕਰ ਦੇਣਾ। ਸਚਿਆਰਾ ਬਣਨ ਲਈ ਜੀਵ ਨੂੰ ਆਪਣੀ ਅੰਤਰ-ਆਤਮਾ ਵਿਚ ਉਸਰੀ ਕੂੜ (ਅਵਿੱਦਿਆ, ਅਗਿਆਨ ਅਥਵਾ ਹਉਮੈ) ਦੀ ਦੀਵਾਰ ਢਾਹੁਣੀ ਪੈਂਦੀ ਹੈ। ਇਸ ਦੀਵਾਰ ਦੇ ਢਹਿੰਦਿਆਂ ਹੀ ਅੰਤਰ-ਆਤਮਾ ਵਿਚ ਪ੍ਰਭੂ ਦਾ ਪ੍ਰਕਾਸ਼ ਫੈਲ ਜਾਂਦਾ ਹੈ ਅਤੇ ਉਸ ਦੀ ਜੀਵਨ-ਯਾਤਰਾ ਸਫਲ ਹੋ ਜਾਂਦੀ ਹੈ।

ਮਾਨਵ ਜੀਵਨ ਦੇ ਲਕਸ਼—ਸਚਿਆਰਾ ਹੋਣ, ਦੀ ਪ੍ਰਾਪਤੀ ਕਿਵੇਂ ਹੋਵੇ—ਜਪੁ ਬਾਣੀ ਦੀ ਕੇਂਦਰੀ ਸਮੱਸਿਆ ਇਹੋ ਹੈ। ਇਸ ਪ੍ਰਸੰਗ ਵਿਚ ਗੁਰੂ ਜੀ ਨੇ ਸਭ ਤੋਂ ਪਹਿਲਾਂ ਉਹਨਾਂ ਕਰਮ-ਕਾਂਡਾਂ ਅਤੇ ਪਾਖੰਡ-ਰੀਤਾਂ ਦੀ ਨਿਰਾਰਥਕਤਾ ਵੱਲ ਸੰਕੇਤ ਕੀਤਾ ਹੈ, ਜਿਹਨਾਂ ਨੇ ਉਸ ਸਮੇਂ ਜਾਂ ਉਸ ਤੋਂ ਪਹਿਲਾਂ ਲੋਕਾਂ ਨੂੰ ਭਰਮ-ਭੁਲੇਖਿਆਂ ਵਿਚ ਪਾਇਆ ਹੋਇਆ ਸੀ। ਗੁਰੂ ਨਾਨਕ ਦੇਵ ਜੀ ਅਨੁਸਾਰ ਸਚਿਆਰਾ ਉਹ ਹੈ ਜਿਸ ਨੂੰ ਇਸ ਗੱਲ ਦੀ ਪੂਰਨ ਪ੍ਰਤੀਤੀ ਹੋ ਗਈ ਹੈ ਕਿ ਦਇਆ ਵਿਚੋਂ ਜਨਮਿਆ ਅਤੇ ਸੰਤੋਖ ਦੁਆਰਾ ਨਿਯੰਤਰਿਤ ਧਰਮ ਹੀ ਸ੍ਰਿਸ਼ਟੀ ਦੀ ਸੰਚਲਕ-ਸ਼ਕਤੀ ਹੈ ਅਤੇ ਜੀਵ ਦੀ ਜਗਤ-ਯਾਤਰਾ ਦਾ ਮੰਤਵ ਇਸ ਧਰਮ ਦੀ ਪਾਲਣਾ ਕਰਨਾ ਹੈ। ਇਸ ਪ੍ਰਸੰਗ ਵਿਚ ਡਾ. ਜੋਗਿੰਦਰ ਸਿੰਘ ਲਿਖਦੇ ਹਨ, "ਆਤਮਿਕ ਉੱਨਤੀ ਦੇ ਪਹਿਲੇ ਪੜਾਅ 'ਧਰਮ ਖੰਡ' ਵਿਚ ਸਚਿਆਰੁ ਪੁਰਸ਼ ਧਰਮ-ਕਰਮ ਵਿਚ ਪੂਰਾ ਹੁੰਦਾ ਹੈ। ਦੂਜੇ ਪੜਾਅ 'ਗਿਆਨ ਖੰਡ' ਵਿਚ ਉਹ ਗਿਆਨ ਦੁਆਰਾ ਪ੍ਰਭੂ ਦੀ ਭਰਪੂਰਤਾ ਨਾਲ ਇਕਮਿਕ ਹੁੰਦਾ ਹੈ। ਤੀਜੇ ਪੜਾਅ 'ਸਰਮ ਖੰਡ' ਵਿਚ ਸਾਧਕ ਦੀ ਸੁਰਤਿ, ਮਤਿ, ਮਨ ਅਤੇ ਬੁੱਧ ਸਾਧੇ ਜਾਂਦੇ ਹਨ ਅਤੇ ਉਹ ਭਗਤੀ ਵਿਚ ਲੀਨ ਰਹਿਣ ਲੱਗਦਾ ਹੈ। ਇਸ ਬਖ਼ਸ਼ਿਸ਼ ਦੇ ਸਿੱਟੇ ਵਜੋਂ ਪੰਜਵੇਂ ਪੜਾਅ 'ਸਚਖੰਡ' ਵਿਚ ਵਾਸ ਮਿਲਦਾ ਹੈ।... ਸਚਖੰਡ ਸਚਿਆਰੁ ਵਿਅਕਤੀ ਦੀ ਆਖ਼ਰੀ ਮੰਜ਼ਲ ਹੈ ਜਿਸ ਵਿਚ ਪੁੱਜ ਕੇ ਉਹ ਪ੍ਰਭੂ ਦਾ ਰੂਪ ਹੋ ਜਾਂਦਾ ਹੈ। (**ਜਪੁ ਵਿਚਾਰ ਅਤੇ ਸਾਹਿਤ ਚਿੰਤਨ,** ਪੰਨਾ 40)

ਪ੍ਰੋ. ਸਾਹਿਬ ਸਿੰਘ 'ਸਚਿਆਰਾ' ਸ਼ਬਦ ਦੀ ਉੱਤਪਤੀ ਸਚ + ਆਲਯ ਤੋਂ ਕਰਦੇ ਹਨ ਜਿਸ ਦੇ ਅਰਥ ਹਨ—ਸੱਚ ਦਾ ਘਰ, ਸੱਚ ਦੇ ਪ੍ਰਕਾਸ਼ ਹੋਣ ਲਈ ਯੋਗ। ਜਪੁਜੀ ਅਤੇ ਗੁਰਬਾਣੀ ਵਿਚ ਸਚੁ ਜਾਂ ਸਤਿ ਸ਼ਬਦ ਪਰਮਾਤਮਾ ਦੇ ਵਜੂਦ ਵੱਲ

ਸੰਕੇਤ ਕਰਦਾ ਹੈ ਮੂਲ-ਮੰਤਰ ਵਿਚ ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਦੀ ਇਕ ਪਹਿਚਾਣ 'ਸਤਿ ਨਾਮੁ' ਦੇ ਰੂਪ ਵਿਚ ਕਰਵਾਈ ਹੈ। ਜਪੁਜੀ ਦੇ ਆਰੰਭ ਵਿਚ ਦਿੱਤੇ ਗਏ ਸਲੋਕ ਵਿਚ ਵੀ ਪਰਮਾਤਮਾ ਲਈ 'ਸਚੁ' ਸ਼ਬਦ ਦਾ ਪ੍ਰਯੋਗ ਕੀਤਾ ਗਿਆ ਹੈ:

**ਆਦਿ ਸਚੁ ਜੁਗਾਦਿ ਸਚੁ ॥**
**ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥**

'ਸਚ' ਸੰਸਕ੍ਰਿਤ ਸ਼ਬਦ 'ਸਤਯ' ਦਾ ਪ੍ਰਕਿਰਤ ਰੂਪ ਹੈ ਜਿਸ ਦਾ ਧਾਤੂ 'ਅਸ' ਹੈ। ਅਸ ਦਾ ਅਰਥ ਹੈ ਹੋਣਾ। ਅਰਥਾਤ ਉਹ ਪਰਮਾਤਮਾ ਸ੍ਰਿਸ਼ਟੀ ਦੇ ਆਰੰਭ ਵਿਚ ਵੀ 'ਹੈ' ਸੀ, ਜੁਗਾਂ ਦੇ ਆਰੰਭ ਵਿਚ ਵੀ ਮੌਜੂਦ ਸੀ। ਉਹ ਹੁਣ ਵੀ ਮੌਜੂਦ ਹੈ ਅਤੇ ਭਵਿੱਖ ਵਿਚ ਵੀ ਮੌਜੂਦ ਰਹੇਗਾ। ਜਿਹੜਾ ਵਿਅਕਤੀ ਆਪਣੀ ਅੰਤਰ-ਆਤਮਾ ਨੂੰ ਇਸ ਸਚੁ ਰੂਪੀ ਪਰਮਾਤਮਾ ਦਾ ਟਿਕਾਣਾ ਅਥਵਾ ਘਰ ਬਣਾ ਲੈਂਦਾ ਹੈ, ਉਹ ਸਚਿਆਰਾ (ਸਚਆਲਯ) ਬਣ ਜਾਂਦਾ ਹੈ। ਸਮੁੱਚੀ ਜਪੁਜੀ ਵਿਚ ਸਚਿਆਰਾ ਬਣਨ ਦੀ ਵਿਧੀ ਦੀਆਂ ਵੱਖ-ਵੱਖ ਪਉੜੀਆਂ ਦੇ ਮਾਧਿਅਮ ਦੁਆਰਾ ਕ੍ਰਮ ਅਨੁਸਾਰ ਦਿੱਤੀ ਗਈ ਹੈ।

'ਸਚਿਆਰੁ' ਪਦ ਦੀ ਇਕ ਹੋਰ ਵਿਆਖਿਆ ਡਾ. ਗੁਰਨਾਮ ਕੌਰ ਬੇਦੀ ਨੇ ਕੀਤੀ ਹੈ। ਉਹਨਾਂ ਅਨੁਸਾਰ, "ਧਰਮ ਸਾਧਨਾ ਦਾ ਲਕਸ਼ ਇਹ ਮੰਨਿਆ ਜਾਂਦਾ ਹੈ ਕਿ ਆਚਰਣਕ ਅਨੁਸ਼ਾਸਨ ਅਤੇ ਚਿੱਤ-ਵ੍ਰਿਤੀਆਂ ਦੇ ਨਿਰੋਧ ਦੁਆਰਾ ਵਿਅਕਤੀਗਤ ਵਜੂਦ ਵਿਚ ਇਕ ਅਜਿਹਾ ਸੂਖਮ ਉਤਕਰਸ਼ ਪੈਦਾ ਕੀਤਾ ਜਾਵੇ ਜਿਸ ਦੇ ਨਤੀਜੇ ਵਜੋਂ ਮਨੁੱਖ ਹੋਂਦ ਪੂਰਨਤਾ ਦੇ ਵੱਧ ਤੋਂ ਵੱਧ ਗੁਣਾਂ ਨੂੰ ਧਾਰਨ ਕਰ ਸਕੇ। ਪੂਰਨਤਾ ਦੀ ਪ੍ਰਾਪਤੀ ਹੀ ਮਾਨਵੀ ਜੀਵਨ ਦਾ ਮੰਤਵ ਹੈ। ਵੱਖੋ-ਵੱਖਰੇ ਧਾਰਮਿਕ ਵਿਸ਼ਵਾਸਾਂ ਅਨੁਸਾਰ ਵਿਅਕਤੀਗਤ ਹੋਂਦ ਦੀ ਪੂਰਨਤਾ ਨੂੰ ਪ੍ਰਗਟ ਕਰਨ ਵਾਲੇ ਵੱਖਰੇ-ਵੱਖਰੇ ਸ਼ਬਦ ਪ੍ਰਯੋਗ ਕੀਤੇ ਗਏ ਹਨ ਪਰ ਸਭ ਦਾ ਪ੍ਰਯੋਜਨ ਜਾਂ ਮੰਤਵ ਇਕੋ ਹੀ ਹੈ। ਗੁਰੂ ਨਾਨਕ ਦੁਆਰਾ ਪ੍ਰਸਤੁਤ ਜਪੁਜੀ ਅਨੁਸਾਰ ਸਚਿਆਰਤਾ ਆਤਮਿਕ ਉੱਨਤੀ ਦੀ ਇਕ ਸੂਖਮ ਅਤੇ ਉੱਦਾਤ ਅਵਸਥਾ ਦਾ ਨਾਮ ਹੈ। ਵਾਸਤਵ ਵਿਚ ਆਤਮਿਕ ਪੂਰਨਤਾ ਨੂੰ ਹੀ ਜਪੁਜੀ ਵਿਚ 'ਸਚਿਆਰਤਾ' ਸ਼ਬਦ ਰਾਹੀਂ ਬਿਆਨ ਕੀਤਾ ਗਿਆ ਹੈ। ਜਪੁਜੀ ਅਨੁਸਾਰ ਸਚਿਆਰਤਾ ਇਕ ਮੰਜ਼ਲ ਹੈ ਜਿਥੋਂ ਤਕ ਪਹੁੰਚਣਾ ਸੁਹਿਰਦ ਅਤੇ ਸੋਚਵਾਨ ਸਾਧਕ ਦਾ ਕਰਤੱਵ ਹੈ।" (**ਜਪੁਜੀ : ਸਚਿਆਰ ਸੰਕਲਪ,** ਪੰਨਾ 43)

ਇਸ ਸਚਿਆਰੁ ਸੰਕਲਪ ਦੀ ਪ੍ਰਾਪਤੀ ਅਥਵਾ ਸਚਿਆਰਾ ਬਣਨ ਲਈ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਦੀਆਂ ਪਉੜੀਆਂ ਵਿਚ ਇਕ ਮੁਕੰਮਲ ਅਤੇ ਸਰਬਾਂਗੀ ਵਿਧੀ-ਵਿਧਾਨ ਪੇਸ਼ ਕੀਤਾ ਹੈ। ਸਰਵ ਪ੍ਰਥਮ ਉਹਨਾਂ ਦਾ ਉਪਦੇਸ਼ ਹੈ ਕਿ

ਕਰਮ-ਕਾਂਡਾਂ ਦੇ ਮਾਧਿਅਮ ਰਾਹੀਂ ਸਚਿਆਰਾ ਬਣਨ ਦੇ ਪ੍ਰਯਤਨ ਨਿਸਫਲ ਰਹਿੰਦੇ ਹਨ ਕਿਉਂਕਿ ਇਹ ਇਕ ਸਾਧਕ ਦੇ ਮਨ ਅਤੇ ਆਤਮਾ ਨੂੰ ਭਟਕਾ ਕੇ ਦੁਨਿਆਵੀ ਸੁਖਾਂ ਅਤੇ ਪਦਾਰਥਕ ਪ੍ਰਾਪਤੀਆਂ ਦੀ ਦਿਸ਼ਾ ਵੱਲ ਲੈ ਜਾਂਦੇ ਹਨ। ਗੁਰੂ ਸਾਹਿਬ ਅਨੁਸਾਰ 'ਹੁਕਮਿ ਰਜਾਈ ਚਲਣਾ' ਇਕ ਅਜਿਹਾ ਬ੍ਰਹਮ ਅਸਰ ਹੈ ਜੋ ਸਾਧਕ ਨੂੰ ਮੰਜ਼ਲ ਤਕ ਪਹੁੰਚਾ ਦਿੰਦਾ ਹੈ। ਆਮ ਤੌਰ 'ਤੇ ਆਦਮੀ 'ਹੁਕਮਿ ਰਜਾਈ' ਦੇ ਮਾਰਗ ਉਪਰ ਚੱਲਣ ਤੋਂ ਘਬਰਾਉਂਦਾ ਹੈ ਅਤੇ ਆਪਣੀ ਮਾਮੂਲੀ ਹਸਤੀ ਨੂੰ ਨਾ ਪਹਿਚਾਣਦਾ ਹੋਇਆ ਐਵੇਂ ਇਧਰ-ਉਧਰ ਹੱਥ ਪੈਰ ਮਾਰ ਕੇ ਪ੍ਰਭੂ ਦੀ ਅਵੱਗਿਆ ਦੇ ਮਾਰਗ ਉੱਤੇ ਚੱਲ ਪੈਂਦਾ ਹੈ। ਅਜੋਕੇ ਪਦਾਰਥਵਾਦੀ ਸੰਸਾਰ ਵਿਚ ਬਹੁਤੇ (ਲਗਭਗ ਸਾਰੇ) ਲੋਕ ਆਪਣੇ ਹਾਲ (ਵਰਤਮਾਨ) ਨਾਲ ਸੰਤੁਸ਼ਟ ਨਹੀਂ ਹੁੰਦੇ। ਉਹ ਹੋਰ ਬਹੁਤ ਕੁਝ (ਦੁਨਿਆਵੀ ਪਦਾਰਥ) ਪ੍ਰਾਪਤ ਕਰਨ ਦੀ ਲਾਲਸਾ ਅਤੇ ਲਾਲਚ ਵਿਚ ਫਸੇ ਰਹਿੰਦੇ ਹਨ। ਇਹ ਮਾਰਗ ਆਤਮਿਕ ਪਤਨ ਦੀ ਦਿਸ਼ਾ ਵੱਲ ਜਾਂਦਾ ਹੈ। ਜਿਵੇਂ-ਜਿਵੇਂ ਉਹ ਇਸ ਮਾਰਗ ਉੱਤੇ ਅੱਗੇ, ਹੋਰ ਅੱਗੇ ਵਧਦੇ ਜਾਂਦੇ ਹਨ, ਤਿਵੇਂ-ਤਿਵੇਂ ਉਹਨਾਂ ਦੀ ਅੰਤਰ-ਆਤਮਾ ਦੇ ਚਾਰੇ ਤਰਫ਼ ਕੂੜ ਦੀ ਦੀਵਾਰ ਵਧੇਰੇ ਪੱਕੀ ਅਤੇ ਮਜ਼ਬੂਤ ਹੁੰਦੀ ਚਲੀ ਜਾਂਦੀ ਹੈ। ਅੰਤ ਉਹ ਕੂੜਿਆਰ ਬਣ ਕੇ ਇਸ ਨਾਸ਼ਮਾਨ ਸੰਸਾਰ ਤੋਂ ਰੁਖ਼ਸਤ ਹੋ ਜਾਂਦੇ ਹਨ। ਉਹਨਾਂ ਦਾ ਇਸ ਸੰਸਾਰ ਵਿਚ ਆਉਣਾ ਨਿਸਫਲ ਹੋ ਜਾਂਦਾ ਹੈ। ਜਿਤਨੇ ਵਰ੍ਹੇ ਵੀ ਉਹ ਜਿਊਂਦੇ ਰਹੇ, ਉਹ ਧਰਤੀ ਉੱਤੇ ਇਕ ਭਾਰ ਬਣੇ ਰਹੇ। ਇਸੇ ਲਈ ਗੁਰੂ ਜੀ ਫ਼ੁਰਮਾਉਂਦੇ ਹਨ:

**ਅਸੰਖ ਕੂੜਿਆਰ ਕੂੜੇ ਫਿਰਾਹਿ ॥**
**ਅਸੰਖ ਮਲੇਛ ਮਲੁ ਭਖਿ ਖਾਹਿ ॥**
**ਅਸੰਖ ਨਿੰਦਕ ਸਿਰਿ ਕਰਹਿ ਭਾਰੁ ॥**
**ਨਾਨਕੁ ਨੀਚੁ ਕਹੈ ਵੀਚਾਰੁ ॥**

ਗੁਰੂ ਨਾਨਕ ਦੇਵ ਜੀ ਦੁਆਰਾ ਪ੍ਰਸਤੁਤ ਇਸ ਪ੍ਰਸੰਗ ਨੂੰ ਸ਼ੇਖ਼ ਫ਼ਰੀਦ ਜੀ ਦੇ ਸ਼ਬਦਾਂ-ਸਲੋਕਾਂ ਵਿਚ ਵੀ ਵੇਖਿਆ ਜਾ ਸਕਦਾ ਹੈ:

**ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ ॥**
**ਵਿਸਰਿਆ ਜਿਨ੍ ਨਾਮੁ ਤੇ ਭੁਇ ਭਾਰੁ ਥੀਏ ॥**

*(ਰਾਗ ਆਸਾ ਸੇਖ਼ ਫ਼ਰੀਦ ਜੀਉ ਕੀ ਬਾਣੀ, ਪੰਨਾ 488)*

ਅਜੋਕੇ ਸਮਾਜ ਵਿਚ ਬਹੁਤ ਸਾਰੇ ਢੋਂਗੀ ਅਤੇ ਭੋਲੇ-ਭਾਲੇ (ਦੋਵੇਂ ਤਰ੍ਹਾਂ ਦੇ) ਲੋਕ ਇਹ ਕਹਿੰਦੇ ਹੋਏ ਮਿਲ ਜਾਣਗੇ ਕਿ ਉਹ 'ਹੁਕਮਿ ਰਜਾਈ' ਵਿਚ ਚੱਲਦੇ ਹਨ ਪਰੰਤੂ ਇਹ ਕਾਰਜ ਏਨਾ ਸੌਖਾ ਨਹੀਂ ਹੈ ਅਤੇ ਕਹਿ ਦੇਣ ਨਾਲ ਹੀ ਪੂਰਾ ਨਹੀਂ ਹੋ ਜਾਂਦਾ। ਇਸ ਪ੍ਰਸੰਗ ਵਿਚ ਇਕ ਸ਼੍ਰੇਣੀ ਤਾਂ ਉਹਨਾਂ ਲੋਕਾਂ ਦੀ ਹੈ ਜੋ ਹਰ ਜਾਇਜ਼-ਨਾਜਾਇਜ਼ ਢੰਗ ਨਾਲ ਪਦਾਰਥਕ ਸੁਖ-ਸੁਵਿਧਾਵਾਂ ਨੂੰ ਇਕੱਠੇ ਕਰਨ

ਵਿਚ ਰੁੱਝੇ ਰਹਿੰਦੇ ਹਨ। ਇਸ ਸ਼੍ਰੇਣੀ ਵਿਚ ਸਾਡੀ ਦੁਨੀਆਂ ਦੇ ਤਿੰਨ-ਚੌਥਾਈ (75%) ਲੋਕ ਆ ਜਾਂਦੇ ਹਨ। ਬਾਕੀ ਦੀ ਇਕ ਚੌਥਾਈ ਵਿਚ ਉਹ ਲੋਕ ਆ ਜਾਂਦੇ ਹਨ ਜੋ ਪਰਾਇਆ ਹੱਕ ਨਹੀਂ ਖਾਂਦੇ, ਪਾਪ ਨਹੀਂ ਕਮਾਉਂਦੇ ਪਰ ਆਪਣੇ ਪੁਰਸ਼ਾਰਥ ਨੂੰ ਪਦਾਰਥਕ ਪ੍ਰਾਪਤੀਆਂ ਵੱਲ ਹੀ ਸੇਧੀ ਰੱਖਦੇ ਹਨ। ਬੇਸ਼ੱਕ ਅਜਿਹੇ ਲੋਕ ਪੁੰਨ ਦੀ ਕਮਾਈ ਖਾਂਦੇ ਹਨ ਪਰੰਤੂ ਰੱਬੀ ਰਜ਼ਾ ਵਿਚ ਇਸ ਸ਼੍ਰੇਣੀ ਦੇ ਲੋਕ ਵੀ ਰਾਜ਼ੀ ਨਹੀਂ ਹਨ। ਉਹ ਵੀ ਰੱਬੀ ਇੱਛਾ ਨੂੰ ਮੋੜਨ-ਤੋੜਨ ਵਿਚ ਆਪਣਾ ਸਮੁੱਚਾ ਜੀਵਨ ਅਰਪਿਤ ਕਰ ਦਿੰਦੇ ਹਨ। ਅਜਿਹੇ ਲੋਕਾਂ ਨੂੰ ਵੀ 'ਸਚਿਆਰਿਆਂ' ਦੀ ਸ਼੍ਰੇਣੀ ਵਿਚ ਨਹੀਂ ਰੱਖਿਆ ਜਾ ਸਕਦਾ। ਅਸਲ ਵਿਚ ਪਰਮਾਤਮਾ ਦੀ ਅਨੰਤਤਾ, ਉਸ ਦੀ ਵੈਰਾਟਤਾ, ਉਸ ਦੀ ਸਖ਼ਾਵਤ ਅਤੇ ਮਿਹਰਬਾਣੀ ਕੁਝ ਅਜਿਹੇ ਵਿਸ਼ੇ ਹਨ, ਜਿਹਨਾਂ ਵੱਲ ਆਮ ਆਦਮੀ ਦਾ ਧਿਆਨ ਹੀ ਨਹੀਂ ਜਾਂਦਾ। ਉਹ ਕਦੇ ਸੋਚ ਵੀ ਨਹੀਂ ਸਕਦਾ ਕਿ ਪਰਮਾਤਮਾ ਨੇ ਉਸ ਨੂੰ ਜਿਸ ਤਰ੍ਹਾਂ ਦਾ ਜੀਵਨ ਦਿੱਤਾ ਹੈ, ਉਸੇ ਵਿਚ ਰਹਿ ਕੇ ਹੀ ਉਹ ਪ੍ਰਭੂ ਦੀ ਪ੍ਰਾਪਤੀ ਕਰ ਸਕਦਾ ਹੈ। ਪ੍ਰਭੂ ਦੀ ਪ੍ਰਾਪਤੀ ਪਦਾਰਥਕ ਸੁਖਾਂ ਦੇ ਇਕੱਠੇ ਕਰਨ ਨਾਲ ਨਹੀਂ ਹੁੰਦੀ, ਬਲਕਿ ਇਨ੍ਹਾਂ ਨੂੰ ਛੱਡਣ ਨਾਲ, ਇਹਨਾਂ ਦੇ ਤਿਆਗ ਦੁਆਰਾ ਹੀ ਹੁੰਦੀ ਹੈ। ਪਰੰਤੂ ਇਉਂ ਕਰਨਾ ਸੌਖਾ ਕਾਰਜ ਨਹੀਂ ਹੈ ਅਤੇ ਇਸ ਤਰ੍ਹਾਂ ਕਰਨ ਵਾਲੇ ਵਿਅਕਤੀ ਨੂੰ ਦੁਨੀਆਂ 'ਦੀਵਾਨਾ' ਜਾਂ 'ਪਾਗਲ' ਮੰਨਦੀ ਹੈ। ਖ਼ੁਦ ਗੁਰੂ ਨਾਨਕ ਦੇਵ ਜੀ ਨੂੰ ਦੁਨਿਆਵੀ ਲੋਕਾਂ ਦੇ ਅਜਿਹੇ ਦੁਰਬਚਨਾਂ ਦਾ ਸ਼ਿਕਾਰ ਹੋਣਾ ਪਿਆ ਸੀ।

'ਹੁਕਮਿ ਰਜਾਈ' ਵਿਚ ਚੱਲਣ ਵਾਲੇ ਮਨੁੱਖ ਨੂੰ ਤਿਆਰ ਕਰਨ ਵਾਸਤੇ ਹੀ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਦੀਆਂ ਅਠੱਤੀ ਪਉੜੀਆਂ ਦੀ ਰਚਨਾ ਕੀਤੀ। ਵਰਨਾ ਮੂਲ ਸਮੱਸਿਆ ਅਤੇ ਉਸ ਦਾ ਸਮਾਧਾਨ ਤਾਂ ਪਹਿਲੀ ਪਉੜੀ ਵਿਚ ਹੀ ਪੇਸ਼ ਕਰ ਦਿੱਤਾ ਸੀ ਕਿ ਪਰਮਾਤਮਾ ਦੇ ਹੁਕਮ ਵਿਚ ਚੱਲੋ, ਜਿਹੜਾ ਜਗਤ ਦੇ ਮੁੱਢ ਤੋਂ ਲੈ ਕੇ ਹੁਣ ਤਕ ਇਸ ਸੰਸਾਰ ਵਿਚ ਵਰਤਦਾ ਆ ਰਿਹਾ ਹੈ। ਗੁਰੂ ਜੀ ਜਾਣੀ-ਜਾਣ ਸਨ। ਉਹਨਾਂ ਨੂੰ ਪਤਾ ਸੀ ਕਿ ਅਜਿਹਾ ਮਨੁੱਖ ਤਿਆਰ ਕਰਨ ਵਾਸਤੇ ਉਸ ਨੂੰ ਅੰਦਰੋਂ ਅਤੇ ਬਾਹਰੋਂ ਦੋਵੇਂ ਪਾਸਿਉਂ ਬਦਲਣਾ ਪਵੇਗਾ। ਜਪੁਜੀ ਦੀਆਂ ਸਮੂਹ ਪਉੜੀਆਂ ਇਸੇ ਤਿਆਰੀ ਦਾ ਇਕ ਅਧਿਆਤਮਕ ਸੈਮੀਨਾਰ ਹਨ। ਗੁਰੂ ਜੀ ਫ਼ੁਰਮਾਉਂਦੇ ਹਨ ਕਿ ਸਭ ਤੋਂ ਪਹਿਲਾਂ ਵਿਅਕਤੀ ਨੂੰ ਪਰਮਾਤਮਾ ਦਾ ਜੱਸ ਸੁਣਨਾ ਪਵੇਗਾ। ਇਸ ਜੱਸ ਸੁਣਨ ਨਾਲ ਹੀ ਉਸ ਨੂੰ ਬੋਧ ਹੋਵੇਗਾ ਕਿ ਦੁਨੀਆਂ ਵਿਚ ਸਮੂਹ ਦੇਵੀ-ਦੇਵਤੇ, ਰਿਸ਼ੀ-ਮੁਨੀ, ਸਾਧ-ਸੰਤ, ਪੀਰ-ਪੈਗ਼ੰਬਰ, ਗਿਆਨੀ-ਧਿਆਨੀ ਅਤੇ ਆਕਾਸ਼-ਪਾਤਾਲ ਉਸੇ ਪਰਮਾਤਮਾ ਦੇ ਹੁਕਮ ਵਿਚ ਕਾਰਜਸ਼ੀਲ ਹਨ। ਨਾਮ ਸੁਣਨ ਦੀ ਪ੍ਰਕਿਰਿਆ, ਉਸ ਨੂੰ ਇਕ ਆਮ ਆਦਮੀ ਦੇ ਦੁਨਿਆਵੀ ਮਾਰਗ ਉੱਤੇ ਚੱਲਣ ਦੀ ਇੱਛਾ ਨਾਲੋਂ ਤੋੜੇਗੀ ਅਤੇ ਅਧਿਆਤਮਕ ਮਾਰਗ ਉੱਤੇ ਚੱਲਣ ਵਾਸਤੇ ਪਰੇਰੇਗੀ।

ਨਾਮ ਸੁਣਨ ਦੀ ਪ੍ਰਕਿਰਿਆ ਨਾਲ ਜੁੜਿਆ ਅਗਲਾ ਬਿਰਤਾਂਤ ਨਾਮ ਨੂੰ ਸੁਣ ਕੇ ਮਨ ਵਿਚ ਵਸਾਉਣ ਦੇ ਕਾਰਜ ਦਾ ਬੋਧ ਕਰਵਾਉਂਦਾ ਹੈ। ਆਮ ਆਦਮੀ ਬਹੁਤੇ ਕਥਨ ਓਪਰੇ ਭਾਵ ਨਾਲ ਸੁਣਦਾ ਹੈ। ਉਹ ਵਕਤਾ ਦੇ ਬਿਰਤਾਂਤ ਨੂੰ ਸੱਚ ਨਹੀਂ ਸਮਝਦਾ ਬਲਕਿ ਇਸ ਨੂੰ ਉਸ ਦੇ ਨਿੱਜੀ ਮੰਤਵ ਦੀ ਪੂਰਤੀ ਹਿੱਤ ਕੀਤੀ ਜਾ ਰਹੀ ਇਕ ਸਾਜ਼ਿਸ਼ ਤੋਂ ਵੱਧ ਕੋਈ ਅਹਿਮੀਅਤ ਨਹੀਂ ਦਿੰਦਾ। ਇਸ ਤਰ੍ਹਾਂ ਸੁਣਨ ਅਤੇ ਮੰਨਣ ਵਿਚ ਸੰਬੰਧ ਟੁੱਟ ਜਾਂਦਾ ਹੈ। ਇਸੇ ਲਈ ਗੁਰੂ ਨਾਨਕ ਦੇਵ ਜੀ ਨੇ ਸੁਣਨ ਦੇ ਨਾਲ-ਨਾਲ ਮੰਨਣ ਦੇ ਮਹੱਤਵ ਨੂੰ ਵੀ ਦ੍ਰਿੜ੍ਹ ਕਰਵਾਇਆ ਹੈ। ਗੁਰੂ ਜੀ ਅਨੁਸਾਰ ਮੰਨਣ ਵਾਲੇ ਵਿਅਕਤੀ ਦੀ ਗਤਿ-ਮਿਤਿ ਬਹੁਤ ਉਚੇਰੀ ਹੋ ਜਾਂਦੀ ਹੈ। ਉਸ ਦੀ ਸਥਿਤੀ ਨੂੰ ਲਿਖ ਕੇ ਜਾਂ ਬੋਲ ਕੇ ਬਿਆਨ ਨਹੀਂ ਕੀਤਾ ਜਾ ਸਕਦਾ। ਮੰਨਣ ਵਾਲੇ ਵਿਅਕਤੀ ਨੂੰ ਵਿਸ਼ਾਲ ਬ੍ਰਹਿਮੰਡ ਦੀ ਸੋਝੀ ਹੋ ਜਾਂਦੀ ਹੈ। ਇਸ ਨਾਲ ਉਹ ਵਿਕਾਰਾਂ ਵਾਲੇ ਮਾਰਗ ਨੂੰ ਤਜ ਕੇ ਸਤਿ-ਮਾਰਗ ਉੱਤੇ ਚੱਲ ਨਿਕਲਦਾ ਹੈ। ਹੁਣ ਉਸ ਦੇ ਰਸਤੇ ਵਿਚ ਕੋਈ ਰੁਕਾਵਟ ਨਹੀਂ ਪੈਂਦੀ। ਉਹ ਆਪ ਵੀ ਆਪਣੀ ਮੰਜ਼ਲ ਉੱਤੇ ਪਹੁੰਚ ਜਾਂਦਾ ਹੈ ਅਤੇ ਉਸ ਦੀ ਸੰਗਤ ਕਰਨ ਵਾਲੇ ਹੋਰ ਲੋਕਾਂ ਦਾ ਵੀ ਪਾਰ-ਉਤਾਰਾ ਹੋ ਜਾਂਦਾ ਹੈ। ਇਸ ਪ੍ਰਥਾਇ ਗੁਰਵਾਕ ਵੇਖੋ:

**ਮੰਨੈ ਪਾਵਹਿ ਮੋਖੁ ਦੁਆਰੁ ॥**
**ਮੰਨੈ ਪਰਵਾਰੈ ਸਾਧਾਰੁ ॥**
**ਮੰਨੈ ਤਰੈ ਤਾਰੇ ਗੁਰੁ ਸਿਖ ॥**
**ਮੰਨੈ ਨਾਨਕ ਭਵਹਿ ਨ ਭਿਖ ॥**
**ਐਸਾ ਨਾਮੁ ਨਿਰੰਜਨੁ ਹੋਇ ॥**
**ਜੇ ਕੋ ਮੰਨਿ ਜਾਣੈ ਮਨਿ ਕੋਇ ॥੧੫॥**

ਗੁਰੂ ਨਾਨਕ ਦੇਵ ਜੀ ਨੇ ਜਪੁਜੀ ਦੇ ਸਮੁੱਚੇ ਪ੍ਰਬੰਧ ਵਿਚ ਆਪਣੇ ਪ੍ਰਵਚਨ ਨੂੰ ਇਸੇ ਵਿਸ਼ੈ ਉੱਤੇ ਕੇਂਦਰਿਤ ਰੱਖਿਆ ਹੈ ਕਿ ਕਿਵੇਂ ਨਾ ਕਿਵੇਂ ਵਿਅਕਤੀ ਨੂੰ ਪਰਮਾਤਮਾ ਦੀ ਅਨੰਤਤਾ, ਬੇਅੰਤਤਾ, ਵੈਰਾਟਤਾ ਅਤੇ ਸਰਬੱਗਤਾ ਦਾ ਬੋਧ ਹੋ ਜਾਵੇ। ਇਸ ਬੋਧ ਨੂੰ ਸੰਭਵ ਬਣਾਉਣ ਲਈ ਆਪ ਹਰ ਪਉੜੀ ਵਿਚ ਪਰਮਾਤਮਾ ਦੀ ਸਾਜੀ ਹੋਈ ਸ੍ਰਿਸ਼ਟੀ ਦੀ ਵਿਵਿਧਤਾ ਅਤੇ ਵਚਿੱਤਰਤਾ ਦਾ ਬਿਆਨ ਕਰਦੇ ਹਨ ਅਤੇ ਨਾਲੋ-ਨਾਲ ਇਹ ਵੀ ਦਰਸਾਉਂਦੇ ਰਹਿੰਦੇ ਹਨ ਕਿ ਸ੍ਰਿਸ਼ਟੀ ਦਾ ਸਮੁੱਚਾ ਕਾਰ-ਵਿਹਾਰ ਪ੍ਰਭੂ ਦੇ ਅਪਾਰ ਹੁਕਮ ਅਧੀਨ ਹੀ ਚੱਲ ਰਿਹਾ ਹੈ। ਇਹਨਾਂ ਦੋਹਾਂ ਵਿਧੀਆਂ ਨੂੰ ਇਕ-ਦੂਜੀ ਦੇ ਸਮਾਨਾਂਤਰ ਰੱਖ ਕੇ ਗੁਰੂ ਜੀ ਪਰਮਾਤਮਾ ਦੇ ਸਰੂਪ ਦਾ ਬੋਧ ਕਰਵਾਉਂਦੇ ਹਨ। ਗੁਰੂ ਜੀ ਜਾਣਦੇ ਹਨ ਕਿ ਅਧਿਆਤਮਕ ਮਾਰਗ ਧਨੂੰ ਤਰਕ ਅਤੇ ਵਿਵੇਦ ਦੀ ਭਾਵਨਾ ਨਾਲ ਜਾਣਨਾ-ਸਮਝਣਾ ਕਠਿਨ ਹੈ। ਇਸ ਵਾਸਤ ਆਪ ਵਿਸਮਾਦ-ਭਾਵ ਦੇ ਮਾਧਿਅਮ ਨਾਲ ਵਿਅਕਤੀ ਨੂੰ ਇਸ ਮਾਰਗ

ਦੀ ਸੋਝੀ ਕਰਵਾਉਣ ਦਾ ਮਹਾਨ ਕਾਰਜ ਕਰਦੇ ਹਨ। ਕੁਦਰਤ ਨਾਲ ਸੰਬੰਧਤ ਪਉੜੀਆਂ ਵਿਚ ਗੁਰੂ ਜੀ ਇਸ ਭਾਵ ਦਾ ਨਿਰੂਪਣ ਕਰਦੇ ਹਨ। ਦੇਖੋ :

**ਕੇਤਾ ਤਾਣੁ ਸੁਆਲਿਹੁ ਰੂਪੁ ॥**
**ਕੇਤੀ ਦਾਤਿ ਜਾਣੈ ਕੌਣੁ ਕੂਤੁ ॥**
**ਕੀਤਾ ਪਸਾਉ ਏਕੋ ਕਵਾਉ ॥**
**ਤਿਸ ਤੇ ਹੋਏ ਲਖ ਦਰੀਆਉ ॥**
**ਕੁਦਰਤਿ ਕਵਣ ਕਹਾ ਵੀਚਾਰੁ ॥**
**ਵਾਰਿਆ ਨ ਜਾਵਾ ਏਕ ਵਾਰ ॥**
**ਜੋ ਤੁਧੁ ਭਾਵੈ ਸਾਈ ਭਲੀ ਕਾਰ ॥**
**ਤੂ ਸਦਾ ਸਲਾਮਤਿ ਨਿਰੰਕਾਰ ॥੧੬॥**

ਇਸੇ ਤਰ੍ਹਾਂ 'ਸੋ ਦਰੁ' ਵਾਲੀ ਪਉੜੀ, 'ਆਦੇਸੁ' ਵਾਲੀਆਂ ਚਾਰ ਪਉੜੀਆਂ ਅਤੇ ਪੰਜ ਖੰਡਾਂ ਨਾਲ ਸੰਬੰਧਤ ਪਉੜੀਆਂ ਵਿਚ ਵੀ ਗੁਰੂ ਜੀ ਵੱਲੋਂ ਕਾਦਰ ਅਤੇ ਕੁਦਰਤ ਪ੍ਰਤੀ ਪ੍ਰਗਟਾਏ ਗਏ ਵਿਸਮਾਦ ਭਾਵ ਦ੍ਰਿਸ਼ਟੀਗੋਚਰ ਹੁੰਦੇ ਹਨ। 'ਵਿਸਮਾਦ' ਭਾਵ ਬਾਰੇ ਵਿਚਾਰ ਕਰਦੇ ਹੋਏ ਡਾ. ਜਸਵੰਤ ਸਿੰਘ ਨੇਕੀ ਲਿਖਦੇ ਹਨ, "ਵਿਸਮਾਦ ਗੁਰੂ ਨਾਨਕ ਦੇਵ ਜੀ ਦੀ ਅਧਿਆਤਮਕ ਪਰੰਪਰਾ ਦਾ ਬੁਨਿਆਦੀ ਮਨੋਭਾਵ ਹੈ।... ਉਹਨਾਂ ਨੂੰ ਪੌਣ ਤੇ ਪਾਣੀ, ਧਰਤ ਤੇ ਅਗਨੀ, ਖਾਣੀਆਂ ਤੇ ਰਤਨ, ਮਨੁੱਖ ਤੇ ਦੇਵਤੇ, ਰਿਖੀ ਅਤੇ ਯੋਧੇ, ਸੁੰਦਰੀਆਂ ਅਤੇ ਸਤਵੰਤੀਆਂ, ਸਾਰੇ ਖੰਡ, ਸਾਰੇ ਮੰਡਲ, ਸਾਰਾ ਬ੍ਰਹਿਮੰਡ ਹੀ ਸਿਰਜਣਹਾਰ ਦੇ ਪਾਵਨ ਦਰ 'ਤੇ ਗਾਉਂਦਾ ਪ੍ਰਤੀਤ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਦੀ ਦੈਵੀ ਸੁਰਤ ਨੂੰ ਤਾਂ ਸਿਰਜਣਾ ਦੇ ਆਰੰਭ ਤੋਂ ਹੀ ਹਰ ਥਾਂ ਵਿਸਮਾਦ ਪੱਸਰਿਆ ਨਜ਼ਰ ਆਉਂਦਾ ਸੀ।" (**ਗੁਰੂ ਨਾਨਕ ਧਰਮ ਚਿੰਤਨ,** ਪੰਨਾ 7) ਡਾ. ਨੇਕੀ ਦਾ ਮਤ ਹੈ ਕਿ ਗੁਰੂ ਨਾਨਕ ਦੇਵ ਜੀ ਵਿਅਕਤੀ ਦੀ ਅੰਤਰ-ਆਤਮਾ ਵਿਚ ਮੌਜੂਦ ਵਿਸਮਾਦ-ਚੇਤਨਾ ਨੂੰ ਟੁੰਬ ਕੇ ਜਗਾਉਂਦੇ ਹਨ। ਇਹੀ ਚੇਤਨਾ ਉਸ ਨੂੰ ਅਧਿਆਤਮਕ ਮੰਜ਼ਲ ਵੱਲ ਅੱਗੇ ਵਧਣ ਲਈ ਝੰਜੋੜਦੀ ਹੈ।

ਜਪੁਜੀ ਦੇ ਸਮੁੱਚੇ ਪ੍ਰਬੰਧ ਦਾ ਵਿਸ਼ਲੇਸ਼ਣ ਕਰਨ ਉਪਰੰਤ ਇਹ ਤੱਥ ਭਲੀ-ਭਾਂਤ ਉਜਾਗਰ ਹੋ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਉਦੇਸ਼ ਗੁਰਸਿੱਖਾਂ ਨੂੰ 'ਸਚਿਆਰੇ' ਬਣਾਉਣਾ ਹੈ ਕਿਉਂਕਿ 'ਸਚਿਆਰਾ' ਵਿਅਕਤੀ ਹੀ ਆਪਣੀ ਹੋਂਦ ਅਤੇ ਅਸਤਿੱਤਵ ਦੀ ਸਾਰਥਿਕਤਾ ਨੂੰ ਪ੍ਰਮਾਣਿਤ ਕਰ ਸਕਦਾ ਹੈ। ਸਚਿਆਰਾ ਹੋਣਾ ਵਿਅਕਤੀ ਦੇ ਜਾਗਰੂਕ ਅਤੇ ਚੇਤੰਨ ਹੋਣ ਦੀ ਅਸਲ ਕਸੌਟੀ ਹੈ।

# ਜਪੁਜੀ ਸਾਹਿਬ ਦੇ ਪੰਜ ਖੰਡ

**—ਪ੍ਰੋ. ਬ੍ਰਹਮ ਜਗਦੀਸ਼ ਸਿੰਘ**

ਗੁਰੂ ਨਾਨਕ ਦੇਵ ਜੀ ਦੇ ਬ੍ਰਹਮ-ਸ਼ਾਸਤਰ ਵਿਚ ਜਪੁਜੀ ਦੇ ਪੰਜ ਖੰਡ ਬਹੁਤ ਮਹੱਤਵਪੂਰਨ ਹਨ। ਇਹ ਪੰਜ ਖੰਡ ਜਪੁਜੀ ਦੀਆਂ ਚਾਰ ਪਉੜੀਆਂ (34-37) ਵਿਚ ਵਰਣਿਤ ਕੀਤੇ ਗਏ ਹਨ। ਗੁਰੂ ਜੀ ਨੇ ਇਹਨਾਂ ਪੰਜ ਖੰਡਾਂ ਦੇ ਨਾਮ ਰੱਖੇ ਹਨ :

1. ਧਰਮ ਖੰਡ
2. ਗਿਆਨ ਖੰਡ
3. ਸਰਮ ਖੰਡ
4. ਕਰਮ ਖੰਡ
5. ਸਚਖੰਡ

ਵੱਖ-ਵੱਖ ਕੋਸ਼ਾਂ ਅਤੇ ਗੁਰਮਤਿ ਸਟੀਕਾਂ ਵਿਚ ਇਹਨਾਂ ਖੰਡਾਂ ਦੇ ਅਰਥ ਅਤੇ ਪ੍ਰਕਿਰਤੀ ਨੂੰ ਸਮਝਣ ਵਾਸਤੇ ਗੰਭੀਰ ਪ੍ਰਯਤਨ ਕੀਤੇ ਗਏ ਹਨ। ਪੰਡਿਤ ਤਾਰਾ ਸਿੰਘ ਨਿਰੋਤਮ ਨੇ **ਗੁਰੂ ਗ੍ਰੰਥ ਗਿਰਾਰਥ ਕੋਸ਼** ਵਿਚ 'ਖੰਡ' ਦੇ ਅਰਥ ਟੁਕੜਾ ਕੀਤੇ ਹਨ। ਭਾਈ ਕਾਨ੍ਹ ਸਿੰਘ ਨਾਭਾ ਨੇ **ਮਹਾਨ ਕੋਸ਼** ਵਿਚ 'ਖੰਡ' ਦੇ ਅਰਥ ਟੁਕੜਾ, ਘਾਟਾ, ਭਾਗ, ਦੇਸ਼, ਕਾਂਡ ਆਦਿ ਦੱਸੇ ਹਨ। ਖ਼ਾਸਾ ਟ੍ਰੈਕਟ ਸੋਸਾਇਟੀ ਵੱਲੋਂ ਪ੍ਰਕਾਸ਼ਿਤ **ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼** ਵਿਚ 'ਖੰਡ' ਦੇ ਅਰਥ ਹਿੱਸਾ ਜਾਂ ਭਾਗ ਦਰਸਾਏ ਗਏ ਹਨ। ਭਾਸ਼ਾ ਵਿਭਾਗ ਪੰਜਾਬ ਵੱਲੋਂ ਪ੍ਰਕਾਸ਼ਤ **ਪੰਜਾਬੀ ਕੋਸ਼** (ਜਿਲਦ ਤੀਜੀ) ਵਿਚ 'ਖੰਡ' ਦੇ ਆਰ ਇਸ ਤਰ੍ਹਾਂ ਕੀਤੇ ਗਏ ਹਨ : ਟੁਕੜਾ, ਭਾਗ, ਕਾਂਡ, ਇਲਾਕਾ, ਦਰਜਾ, ਮੰਜ਼ਿਲ, ਅਸਥਾਨ, ਕਮੀ, ਘਾਟਾ ਅਤੇ ਧਾਰਾ।

ਗੁਰਮਤਿ ਵਿਚਾਰਧਾਰਾ ਅਤੇ ਦਰਸ਼ਨ ਨੂੰ ਸਮਝਣ-ਸਮਝਾਉਣ ਵਾਲੇ ਟੀਕਾਕਾਰਾਂ ਨੇ ਵੀ 'ਖੰਡ' ਦੀ ਪ੍ਰਕਿਰਤੀ ਅਤੇ ਰਹੱਸ ਨੂੰ ਖੋਲ੍ਹਣ ਵਾਸਤੇ ਮਹੱਤਵਪੂਰਨ ਯਤਨ ਕੀਤੇ ਹਨ। ਭਾਈ ਵੀਰ ਸਿੰਘ ਨੇ **ਸੰਥਿਆ ਪੋਥੀ** ਵਿਚ ਲਿਖਿਆ ਹੈ ਕਿ ਇਹ ਪੰਜੇ ਖੰਡ ਲੋਕ ਹਨ, ਇਹ ਇਕ ਦੂਜੇ ਦੇ ਉਪਰ ਅਲਮਾਰੀ ਦੇ ਤਖ਼ਤਿਆਂ ਵਾਂਗ ਨਹੀਂ ਪਰ ਇਕ ਦੂਜੇ ਦੇ ਵਿਚ ਹਨ, ਜਿਵੇਂ ਇਕ ਬਰਤਨ

ਵਿਚ ਰੇਤ ਹੋਵੇ, ਰੇਤ ਦੇ ਕਿਣਕਿਆਂ ਦੇ ਵਿਚਾਲੇ ਹਵਾ ਹੁੰਦੀ ਹੈ, ਪਾਣੀ ਪਾਉ ਤਾਂ ਵਿਚੇ ਸਮਾ ਜਾਂਦਾ ਹੈ। ਇਹ ਮਸਾਲ ਸਥੂਲ ਪ੍ਰਕਿਰਤੀ ਦੀ ਹੈ। ਅੱਗੋਂ ਪ੍ਰਕਿਰਤੀ ਸੂਖਮ ਤੇ ਹੋਰ ਸੂਖਮ ਹੈ। ਸੋ ਸੂਖਮ ਪ੍ਰਕਿਰਤੀ ਸਥੂਲ ਦੇ ਅੰਤਰਗਤ ਹੈ। ਫਿਰ ਉਸ ਤੋਂ ਉਪਰ ਵੀ ਹੈ। ਇਸ ਪ੍ਰਿਥਵੀ ਤੋਂ ਅਗਲੇ ਲੋਕਾਂ—ਗਿਆਨ ਖੰਡ ਆਦਿ ਵਿਚ ਸੂਖਮਤਾ ਵੱਧਦੀ ਚਲੀ ਜਾਂਦੀ ਹੈ। ਇਹ ਪੰਜੇ ਖੰਡ ਅੱਡ-ਅੱਡ ਹਨ ਪਰ ਸੰਮਿਲਤ ਵੀ ਹਨ। ਅੰਤਰਗਤ ਵੀ ਹਨ ਅਤੇ ਫਿਰ ਸੂਖਮ-ਸਥੂਲ ਤੋਂ ਅਗੇਰੇ ਵੀ ਹਨ। (ਪੰਨਾ 170)

ਵੇਦਾਂਤੀ ਪ੍ਰਭਾਵ ਵਾਲੇ ਟੀਕਾਕਾਰਾਂ ਨੇ ਇਹਨਾ ਖੰਡਾਂ ਦੇ ਕਰਮ-ਕਾਂਡੀ ਅਰਥ ਕੀਤੇ ਹਨ। ਮਹਾਂਕਵੀ ਸੰਤੋਖ ਸਿੰਘ ਤੋਂ ਲੈ ਕੇ ਵੀਹਵੀਂ ਸਦੀ ਦੇ ਅੱਧ ਤਕ ਅਜਿਹੇ ਅਰਥਾਂ ਦੀ ਇਕ ਪਰੰਪਰਾ ਨਿਰੰਤਰ ਚੱਲਦੀ ਆਈ ਹੈ। ਇਹਨਾਂ ਅਰਥਾਂ ਵਿਚ ਖੰਡਾਂ ਨੂੰ ਅਧਿਆਤਮਕ ਜੀਵਨ ਦੀ ਸਾਧਨਾ ਦੀਆਂ ਵਿਧੀਆਂ ਵਜੋਂ ਦਰਸਾਇਆ ਗਿਆ ਹੈ।

ਡਾ. ਮੋਹਨ ਸਿੰਘ ਦੀਵਾਨਾ ਨੇ ਖੰਡਾਂ ਦੀ ਵਿਆਖਿਆ ਵਾਹਿਗੁਰੂ ਦੇ ਵਿਭਿੰਨ ਗੁਣਾਂ ਦੇ ਆਸਰੇ ਕੀਤੀ ਹੈ: ਵਾਹਿਗੁਰੂ ਦਾ ਆਸਣ, ਦਰਬਾਰ ਹਰੇਕ ਖੰਡ ਵਿਚ ਹੈ। ਧਰਮ ਖੰਡ ਵਿਚ ਉਸ ਦਾ ਸਰੂਪ ਕਰਮ-ਫਲ ਦਾਤਾ ਹੈ।... ਇਸ ਪਉੜੀ ਵਿਚ ਪ੍ਰਭੂ ਦੇ ਧਰਮ, ਨਿਆਂ, ਦਇਆ, ਨਦਰ ਦੀ ਵਡਿਆਈ ਹੈ। (**ਪੰਜਾਬੀ ਭਾਸ਼ਾ ਅਤੇ ਗੁਰਮਤਿ ਗਿਆਨ,** ਪੰਨੇ 85-86)

ਡਾ. ਸ਼ੇਰ ਸਿੰਘ 'ਪੰਜ ਡੰਡਿਆਂ ਵਾਲੀ ਪਉੜੀ' ਅਤੇ ਮਾਨਸਿਕ ਵਿਕਾਸ ਦਾ ਜ਼ਿਕਰ ਕਰਦੇ ਹਨ। ਡਾ. ਭਾਈ ਜੋਧ ਸਿੰਘ 'ਆਤਮਿਕ ਦਰਜਿਆਂ' ਦਾ ਵਾਕੰਸ਼ ਵਰਤ ਕੇ ਵਿਕਾਸਵਾਚੀ ਸ਼੍ਰੇਣੀ ਨਾਲ ਸਾਂਝ ਪਾਉਂਦੇ ਹਨ। ਪ੍ਰਿੰਸੀਪਲ ਤੇਜਾ ਸਿੰਘ ਨੇ ਖੰਡਾਂ ਨੂੰ ਆਚਰਣ-ਉਸਾਰੀ ਦਾ ਰਸਤਾ ਦੱਸਿਆ ਹੈ। ਪ੍ਰੋ. ਸਾਹਿਬ ਸਿੰਘ ਨੇ ਖੰਡਾਂ ਦੇ ਅਰਥ ਸਪੱਸ਼ਟ ਤੌਰ 'ਤੇ 'ਅਵਸਥਾ' ਦੇ ਕੀਤੇ ਹਨ। ਉਹਨਾਂ ਖੰਡਾਂ ਨੂੰ 'ਆਤਮਿਕ ਮਾਰਗ' ਦਾ ਨਾਮ ਵੀ ਦਿੱਤਾ ਹੈ। ਡਾ. ਤਾਰਨ ਸਿੰਘ ਦੁਆਰਾ ਵਰਤਿਆ ਸ਼ਬਦ 'ਪੜਾਅ' ਹੋਰ ਵੀ ਨਿੱਖਰਵਾਂ ਹੈ। ਉਹਨਾਂ ਅਨੁਸਾਰ, "ਇਥੋਂ ਸ਼ੁਰੂ ਹੋ ਕੇ ਉਹਨਾਂ ਪੰਜਾਂ ਪਉੜੀਆਂ (ਪੜਾਵਾਂ) ਦਾ ਵਿਸਤਾਰ ਹੈ, ਜਿਹਨਾਂ 'ਤੇ ਵਾਰੀ ਵਾਰੀ ਚੜ੍ਹ ਕੇ ਜਗਿਆਸੂ ਜੀਵਨ ਦੀ ਸਿਖਰ 'ਤੇ ਜਾ ਪੁੱਜਦਾ ਹੈ। ਇਹਨਾਂ ਪਉੜੀਆਂ ਨੂੰ ਖੰਡ ਕਿਹਾ ਗਿਆ ਹੈ।" (**ਨਾਨਕ ਬਾਣੀ ਪ੍ਰਕਾਸ਼,** ਭਾਗ ਪਹਿਲਾ, ਪੰਨਾ 50)

ਗੁਰੂ ਨਾਨਕ ਦੇਵ ਜੀ ਦੁਆਰਾ ਪੇਸ਼ ਕੀਤੇ ਪੰਜਾਂ ਖੰਡਾਂ ਨਾਲ ਮਿਲਦੇ-ਜੁਲਦੇ ਸੰਕਲਪ ਕੁਝ ਹੋਰ ਧਰਮ-ਗ੍ਰੰਥਾਂ ਅਤੇ ਮਤਾਂ-ਮਤਾਂਤਰਾਂ ਵਿਚ ਵੀ ਦ੍ਰਿਸ਼ਟੀਗੋਚਰ ਹੁੰਦੇ ਹਨ। ਕੁਮਾਰੀ ਅੰਡਰਹਿੱਲ (E. Underhill) ਨੇ ਈਸਾਈ ਰਹੱਸਵਾਦ ਬਾਰੇ ਚਰਚਾ ਕਰਦਿਆਂ ਹੋਇਆਂ ਇਸ ਦੇ ਪੰਜ ਆਤਮਿਕ ਪੜਾਵਾਂ ਬਾਰੇ ਚਰਚਾ ਕੀਤੀ ਹੈ।

ਇਹ ਪੜਾਅ ਹਨ :

1. ਆਤਮ ਜਾਗ੍ਰਿਤੀ (Awakening of the self)
2. ਆਤਮ-ਸ਼ੁੱਧੀ (Purgation)
3. ਆਤਮ-ਪ੍ਰਕਾਸ਼ (Illumination)
4. ਆਤਮਿਕ-ਅੰਧਕਾਰ (Dark night of the soul)
5. ਆਤਮਿਕ ਸੰਜੋਗ (Unioin)

ਇਸੇ ਤਰ੍ਹਾਂ ਸੂਫ਼ੀ ਮੱਤ ਵਿਚ ਸ਼ਰੀਅਤ, ਤਰੀਕਤ, ਮਾਰਫ਼ਤ ਅਤੇ ਹਕੀਕਤ ਇਹਨਾਂ ਚਾਰ ਅਵਸਥਾਵਾਂ ਬਾਰੇ ਉਲੇਖ ਕੀਤਾ ਗਿਆ ਹੈ। ਵੇਦਾਂਤ ਵਿਚ ਪੰਜ ਕੋਸ਼ਾਂ ਦਾ ਸਿਧਾਂਤ ਦ੍ਰਿਸ਼ਟੀਗੋਚਰ ਹੁੰਦਾ ਹੈ। ਇਹ ਕੋਸ਼ ਆਤਮਾ ਦੇ ਨਿਵਾਸ ਹਨ। ਇਹਨਾਂ ਕੋਸ਼ਾਂ ਦੇ ਨਾਮ ਇਸ ਪ੍ਰਕਾਰ ਹਨ :

## 1. ਅੰਨਮਯ ਕੋਸ਼

ਇਹ ਸਥੂਲ ਸਰੀਰ ਹੈ ਜੋ ਪੰਜ ਭੌਤਿਕ ਹੈ। ਨਾ ਜਨਮ ਤੋਂ ਪਹਿਲਾਂ ਇਸ ਦੀ ਕੋਈ ਹੋਂਦ ਹੁੰਦੀ ਹੈ, ਨਾ ਮਰਨ ਪਿੱਛੋਂ। ਇਹ ਪ੍ਰਕਿਰਤੀ ਦਾ ਭੌਤਿਕ ਭਾਗ ਹੈ।

## 2. ਪ੍ਰਾਣਮਯ ਕੋਸ਼

ਇਹ ਪਹਿਲੇ ਨਾਲੋਂ ਵਧੇਰੇ ਸੂਖਮ ਹੈ। ਪ੍ਰਾਣ ਗਰਭ ਤੋਂ ਉਪਰੰਤ ਸਰੀਰ ਵਿਚ ਦਾਖ਼ਲ ਹੁੰਦਾ ਹੈ ਅਤੇ ਮੌਤ ਸਮੇਂ ਨਿਕਲ ਜਾਂਦਾ ਹੈ। ਇਹ ਸਰੀਰ ਨੂੰ ਕ੍ਰਿਆ ਲਈ ਉਤੇਜਿਤ ਕਰਦਾ ਹੈ ਅਤੇ ਉਸ ਦੀਆਂ ਸਾਰੀਆਂ ਕ੍ਰਿਆਵਾਂ ਨੂੰ ਕਿਸੇ ਨਿਸਚਿਤ ਪ੍ਰਯੋਜਨ ਅਧੀਨ ਚਲਾਉਂਦਾ ਹੈ।

## 3. ਮਨੋਮਯ ਕੋਸ਼

ਇਹ ਮਨੁੱਖੀ ਮਨ ਨਾਲ ਸੰਬੰਧਤ ਹੈ। ਗਿਆਨ-ਇੰਦਰੀਆਂ ਬਾਹਰੋਂ ਜੋ ਸੰਕੇਤ ਲਿਆਉਂਦੀਆਂ ਹਨ, ਮਨ ਉਹਨਾਂ ਦੀ ਪਹਿਚਾਣ ਕਰਦਾ ਹੈ। ਬਾਹਰਲੇ ਜਗਤ ਵਿਚ ਨਾਮ-ਰੂਪ ਦੇ ਜੋ ਭੇਦ ਹਨ, ਮਨ ਹੀ ਉਹਨਾਂ ਵਿਚਲੇ ਨਖੇੜ ਪਹਿਚਾਣਦਾ ਹੈ।

## 4. ਵਿਗਿਆਨਮਯ ਕੋਸ਼

ਇਸ ਦਾ ਸੰਬੰਧ ਬੁੱਧੀ ਨਾਲ ਹੈ। ਬੁੱਧੀ ਅੰਤਹਕਰਣ ਦੀ ਉਹ ਪ੍ਰਕਿਰਿਆ ਹੈ, ਜਿਸ ਦੁਆਰਾ ਨਿਰਣੇ ਕੀਤੇ ਜਾਂਦੇ ਹਨ। ਬੁੱਧੀ ਹੈ ਤਾਂ ਜੜ੍ਹ ਪਰ ਆਤਮਾ ਨੂੰ

ਪ੍ਰਤੀਬਿੰਬਤ ਕਰਨ ਕਰਕੇ ਚੇਤੰਨ ਪ੍ਰਤੀਤ ਹੁੰਦੀ ਹੈ। ਵਿਗਿਆਨਮਯ ਕੋਸ਼ ਵਿਚ ਜੀਵ ਦੁੱਖ-ਸੁਖ ਦਾ ਅਨੁਭਵ ਕਰਦਾ ਹੈ।

## 5. ਆਨੰਦਮਯ ਕੋਸ਼

ਇਹ ਆਤਮਾ ਦਾ ਹੀ ਦੂਜਾ ਨਾਮ ਹੈ। ਇਹ ਆਨੰਦ ਸਾਧਾਰਨ ਗਿਆਨ ਦਾ ਵਿਸ਼ਾ ਨਹੀਂ। ਨਾ ਹੀ ਇਹ ਬੁੱਧੀ ਅਤੇ ਸ਼ਬਦਾਂ ਦੀ ਪਕੜ ਵਿਚ ਆ ਸਕਦਾ ਹੈ। ਇਹ ਅਨਿਰਵਚਨੀਯ ਹੈ। ਜਦ ਮਨੁੱਖ ਦੀ ਅੰਤਰ-ਆਤਮਾ ਵਿਚ ਬ੍ਰਹਮ ਦਾ ਪ੍ਰਕਾਸ਼ ਹੁੰਦਾ ਹੈ ਤਾਂ ਆਨੰਦ ਦਾ ਅਨੁਭਵ ਵੀ ਹੁੰਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਪੰਜਾਂ ਖੰਡਾਂ ਦੁਆਰਾ ਗੁਰਮਤਿ ਰਹੱਸਵਾਦ ਦਾ ਇਕ ਨਵਾਂ ਮਾਡਲ ਪੇਸ਼ ਕੀਤਾ ਹੈ। ਜਪੁਜੀ ਵਿਚ ਇਹਨਾਂ ਵੱਖ-ਵੱਖ ਖੰਡਾਂ ਦੀ ਪ੍ਰਕਿਰਤੀ ਅਤੇ ਲੱਛਣ ਇਸ ਤਰ੍ਹਾਂ ਰੂਪਮਾਨ ਹੁੰਦੇ ਹਨ:

## 1. ਧਰਮ ਖੰਡ

**ਰਾਤੀ ਰੁਤੀ ਥਿਤੀ ਵਾਰ ॥**
**ਪਵਣ ਪਾਣੀ ਅਗਨੀ ਪਾਤਾਲ ॥**
**ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ ॥**
**ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥**
**ਤਿਨ ਕੇ ਨਾਮ ਅਨੇਕ ਅਨੰਤ ॥**
**ਕਰਮੀ ਕਰਮੀ ਹੋਇ ਵੀਚਾਰੁ ॥**
**ਸਚਾ ਆਪਿ ਸਚਾ ਦਰਬਾਰੁ ॥**
**ਤਿਥੈ ਸੋਹਨਿ ਪੰਚ ਪਰਵਾਣੁ ॥**
**ਨਦਰੀ ਕਰਮਿ ਪਵੈ ਨੀਸਾਣੁ ॥**
**ਕਚ ਪਕਾਈ ਓਥੈ ਪਾਇ ॥**
**ਨਾਨਕ ਗਇਆ ਜਾਪੈ ਜਾਇ ॥੩੪॥**
**(ਧਰਮ ਖੰਡ ਕਾ ਏਹੋ ਧਰਮੁ ॥)**

ਭਾਵੇਂ ਜਪੁਜੀ ਦੀ ਚੌਂਤੀਵੀਂ ਪਉੜੀ ਵਿਚ ਧਰਮ ਖੰਡ ਦਾ ਨਾਮ ਨਹੀਂ ਆਇਆ ਪਰੰਤੂ ਪੈਂਤੀਵੀਂ ਪਉੜੀ ਦੀ ਪਹਿਲੀ ਪੰਕਤੀ ਤੋਂ ਸੂਚਨਾ ਮਿਲ ਜਾਂਦੀ ਹੈ ਕਿ ਧਰਮ ਖੰਡ ਦੀ ਪ੍ਰਕਿਰਤੀ ਅਤੇ ਲੱਛਣ ਕੈਸੇ ਹਨ। ਉਕਤ ਪਉੜੀ ਦੀਆਂ ਪਹਿਲੀਆਂ ਪੰਜ ਪੰਕਤੀਆਂ ਵਿਚ ਪਰਮਾਤਮਾ ਦੀ ਸਰਵ-ਸ਼ਕਤੀਮਾਨਤਾ ਬਾਰੇ ਸੂਚਨਾ ਪ੍ਰਦਾਨ ਕੀਤੀ ਗਈ ਹੈ। ਗੁਰੂ ਜੀ ਅਨੁਸਾਰ ਪਰਮਾਤਮਾ ਨੇ ਦਿਨ ਰਾਤ, ਰੁੱਤਾਂ, ਥਿੱਤਾਂ, ਵਾਰ, ਪੌਣ, ਪਾਣੀ, ਅਗਨੀ, ਸੁਰਗ, ਮਾਤ ਅਤੇ ਪਾਤਾਲ ਲੋਕ

ਦੀ ਸਿਰਜਣਾ ਕਰ ਕੇ ਧਰਤੀ ਨੂੰ ਮਨੁੱਖਾਂ ਦੇ ਰਹਿਣ ਲਈ ਇਕ ਧਰਮਸ਼ਾਲਾ ਵਾਂਗ ਸਾਜਿਆ ਹੈ। ਉਹ ਮਨੁੱਖ-ਮਾਤਰ ਤੋਂ ਤਵੱਕਉ ਰੱਖਦਾ ਹੈ ਕਿ ਉਹ ਇਸ ਧਰਮਸ਼ਾਲਾ ਵਿਚ ਰਹਿੰਦੇ ਹੋਏ ਮਨੁੱਖੀ ਧਰਮ ਦਾ ਪੂਰੀ ਤਰ੍ਹਾਂ ਪਾਲਣ ਕਰਨ। ਪਰਮਾਤਮਾ ਨੇ ਇਸ ਧਰਤੀ 'ਤੇ ਅਨੇਕ ਪ੍ਰਕਾਰ ਦੇ ਪ੍ਰਾਣੀ ਪੈਦਾ ਕੀਤੇ ਹਨ। ਇਸ ਧਰਤੀ 'ਤੇ ਰਹਿੰਦਾ ਹੋਇਆ ਮਨੁੱਖ ਕਈ ਤਰ੍ਹਾਂ ਦੇ ਕਰਮ ਕਰਦਾ ਹੈ। ਪਰਮਾਤਮਾ ਦੇ ਸੱਚੇ ਦਰਬਾਰ ਵਿਚ, ਉਸ ਦੀ ਕਚਹਿਰੀ ਵਿਚ ਮਨੁੱਖ ਤੇ ਕਰਮਾਂ ਨੂੰ 'ਸੱਚ' ਦੀ ਕਸਵੱਟੀ ਉੱਤੇ ਪਰਖਿਆ ਜਾਵੇਗਾ। ਮਨੁੱਖ ਦੇ ਕਰਮਾਂ ਦੀ ਪ੍ਰਕਿਰਤੀ ਅਨੁਸਾਰ ਉਸ ਨੂੰ ਉਹਨਾਂ ਦਾ ਫਲ ਵੀ ਭੋਗਣਾ ਪਵੇਗਾ। ਜਿਹੜੇ ਮਨੁੱਖਾਂ ਨੇ ਸ਼ੁਭ (ਸਚਿਆਰੇ) ਕਰਮ ਕੀਤੇ ਹੋਣਗੇ, ਉਹਨਾਂ ਨੂੰ ਉਸ ਸਮੇਂ ਦਰਬਾਰ ਵਿਚ ਪ੍ਰਵਾਨਗੀ ਮਿਲੇਗੀ ਅਤੇ ਅਸ਼ੁਭ (ਕੂੜੇ) ਕਰਮ ਕਰਨ ਵਾਲਿਆਂ ਨੂੰ ਅਪ੍ਰਵਾਨ ਕਰ ਦਿੱਤਾ ਜਾਵੇਗਾ। ਅਜਿਹੇ ਲੋਕ ਉਸ ਸੱਚੇ ਦਰਬਾਰ ਦੀ ਸ਼ੋਭਾ ਨਹੀਂ ਬਣ ਸਕਣਗੇ। ਪਰੰਤੂ ਮਨੁੱਖ ਕੇਵਲ ਨਿੱਜੀ ਪੁਰਸ਼ਾਰਥ ਦੁਆਰਾ ਹੀ ਸੱਚੇ ਦਰਬਾਰ ਵਿਚ ਪ੍ਰਵਾਨ ਹੋ ਸਕਣ ਦਾ ਦਾਅਵਾ ਨਹੀਂ ਕਰ ਸਕਦਾ ਕਿਉਂਕਿ ਪਰਮਾਤਮਾ ਦੀ ਬਖ਼ਸ਼ਿਸ਼ ਅਤੇ ਕਿਰਪਾ ਤੋਂ ਬਿਨਾਂ ਉਸ ਨੂੰ ਪ੍ਰਵਾਨਗੀ ਨਹੀਂ ਮਿਲ ਸਕੇਗੀ। ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਮਨੁੱਖੀ ਧਰਮ ਅਤੇ ਪਰਮਾਤਮਾ ਦੀ ਬਖ਼ਸ਼ਿਸ਼ ਨੂੰ ਇਕ ਦੂਜੇ ਦੇ ਪੂਰਕ ਬਣਾ ਦਿੱਤਾ ਹੈ।

## 2. ਗਿਆਨ ਖੰਡ

**(ਧਰਮ ਖੰਡ ਕਾ ਏਹੋ ਧਰਮੁ ॥)**
**ਗਿਆਨ ਖੰਡ ਕਾ ਆਖਹੁ ਕਰਮੁ ॥**
**ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ ॥**
**ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ॥**
**ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ ॥**
**ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ॥**
**ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ ॥**
**ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ ॥**
**ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ ॥**
**ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ ॥੩੫॥**
**(ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥**
**ਤਿਥੈ ਨਾਦ ਬਿਨੋਦ ਕੋਡ ਅਨੰਦੁ ॥)**

ਗੁਰੂ ਨਾਨਕ ਦੇਵ ਜੀ ਨੇ ਗਿਆਨ ਖੰਡ ਵਾਲੀ ਪੈਂਤੀਵੀਂ ਪਉੜੀ ਵਿਚ ਪਿਛਲੀ ਪਉੜੀ ਵਾਲੇ ਸੱਚੇ ਦਰਬਾਰ ਦੇ ਬਿੰਬ ਨੂੰ ਕਾਇਮ ਰੱਖਿਆ ਹੈ। ਧਰਮ

ਖੰਡ ਵਿਚ ਪਰਮਾਤਮਾ ਦੇ ਸੱਚੇ ਦਰਬਾਰ ਦਾ ਚਿੱਤਰ ਪੇਸ਼ ਕੀਤਾ ਗਿਆ ਸੀ, ਗਿਆਨ ਖੰਡ ਵਿਚ ਉਸੇ ਚਿੱਤਰ ਦਾ ਇਕ ਹੋਰ ਪਾਸਾਰ ਦ੍ਰਿਸ਼ਟੀਗੋਚਰ ਹੁੰਦਾ ਹੈ। ਇਥੇ ਉਹਨਾਂ ਦਰਸਾਇਆ ਹੈ ਕਿ ਪਰਮਾਤਮਾ ਦੇ ਦਰਬਾਰ ਵਿਚ ਕਿਤਨੇ ਹੀ ਦੇਵੀ-ਦੇਵਤੇ, ਸਿੱਧ-ਪੁਰਖ, ਸੰਤ ਭਗਤ ਅਤੇ ਪ੍ਰਕਿਰਤੀ ਦੀਆਂ ਪ੍ਰਮੁੱਖ ਸ਼ਕਤੀਆਂ ਹਾਜ਼ਰ ਰਹਿੰਦੀਆਂ ਹਨ। ਪਰਮਾਤਮਾ ਇਹਨਾਂ ਸਭਨਾਂ ਦਾ ਸਿਰਜਕ ਅਤੇ ਸੰਚਾਲਕ ਹੈ। ਗਿਆਨ ਖੰਡ ਵਿਚ ਪਹੁੰਚ ਕੇ ਮਨੁੱਖ ਨੂੰ ਇਹ ਸੋਝੀ ਹੋ ਜਾਂਦੀ ਹੈ ਕਿ ਪਰਮਾਤਮਾ ਦੀ ਵੈਰਾਨ ਅਤੇ ਵਚਿੱਤਰ ਲੀਲ੍ਹਾ ਵਿਚ ਉਸ ਦੀ ਹਸਤੀ ਬਿਨਕੁਲ ਨਿਗੂਣੀ ਜਿਹੀ ਹੈ। ਉਸ ਨੂੰ ਆਪਣੀ ਲਘੂਤਾ ਦਾ ਸਹਿਜ-ਬੋਧ ਪ੍ਰਾਪਤ ਹੋ ਜਾਦਾ ਹੈ ਕਿਉਂਕਿ ਅਨੰਤ ਪ੍ਰਾਣੀਆਂ ਅਤੇ ਪ੍ਰਕਿਰਤਿਕ ਸ਼ਕਤੀਆਂ ਦੇ ਸਮੂਹ ਵਿਚ ਉਸ ਦੀ ਸ਼ਮੂਲੀਅਤ ਹੋਵੇ ਨਾ ਹੋਵੇ—ਕਾਇਨਾਤ ਨੂੰ ਇਸ ਨਾਲ ਕੋਈ ਫ਼ਰਕ ਨਹੀਂ ਪੈਣ ਲੱਗਾ।

ਛੱਤੀਵੀ ਪਉੜੀ ਦੀਆਂ ਆਰੰਭਕ ਦੋ ਪੰਕਤੀਆਂ ਵਿਚ ਵੀ ਗੁਰੂ ਜੀ ਨੇ ਗਿਆਨ ਖੰਡ ਦੀ ਅਵਸਥਾ ਦਾ ਬਿਆਨ ਜਾਰੀ ਰੱਖਿਆ ਹੈ। ਆਪ ਅਨੁਸਾਰ ਗਿਆਨ ਖੰਡ ਦੀ ਅਵਸਥਾ ਵਿਚ ਮਨੁੱਖ ਦਾ ਗਿਆਨ ਪ੍ਰਚੰਡ ਹੋ ਜਾਂਦਾ ਹੈ। ਗਿਆਨ ਦੀ ਇਸ ਪ੍ਰਚੰਡ ਅਵਸਥਾ ਵਿਚ ਅਨਹਦ ਨਾਦ ਸੁਣਾਈ ਦੇਣ ਲੱਗਦਾ ਹੈ, ਜਿਸ ਦੁਆਰਾ ਮਨੁੱਖ ਨੂੰ ਬ੍ਰਹਮ ਅਨੰਦ ਦੀ ਪ੍ਰਾਪਤੀ ਹੋ ਜਾਂਦੀ ਹੈ। ਇਸ ਅਵਸਥਾ ਦੀ ਵਿਆਖਿਆ ਕਰਦੇ ਹੋਏ ਡਾ. ਰਾਮ ਸਿੰਘ ਲਿਖਦੇ ਹਨ, "ਜਦ ਸਾਧਕ ਬੇਅੰਤਤਾ ਦੇ ਰੂਬਰੂ ਹੋ ਖੜ੍ਹੋਂਦਾ ਹੈ ਤਾਂ ਉਸ ਦਾ ਸੁਭਾਵਿਕ ਪ੍ਰਤੀਕਰਮ ਆਨੰਦ ਦਾ ਹੁੰਦਾ ਹੈ। ਇਹ ਆਨੰਦ ਇਕ ਤਰ੍ਹਾਂ ਦਾ ਸੁਹਜਾਤਮਕ ਅਨੁਭਵ ਹੈ। ਬੇਅੰਤਤਾ ਜਦੋਂ ਬਹੁਤ ਇਕਾਗਰ ਰੂਪ ਵਿਚ ਪੇਸ਼ ਹੋਵੇ ਤਾਂ ਸੁੰਦਰਤਾ ਦਾ ਪ੍ਰਭਾਵ ਦੇਂਦੀ ਹੈ। ਸੁੰਦਰਤਾ ਬੇਅੰਤਤਾ ਦਾ ਮਾਨੋ ਇਕ ਰੂਪਾਂਤਰ ਹੈ।" (**ਜਪੁਜੀ ਦੇ ਪੰਜ ਖੰਡਾਂ ਦਾ ਬਹੁਪੱਖੀ ਅਧਿਐਨ,** ਪੰਨਾ 155)

## 3. ਸਰਮ ਖੰਡ

**ਸਰਮ ਖੰਡ ਕੀ ਬਾਣੀ ਰੂਪੁ ॥**
**ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ ॥**
**ਤਾ ਕੀਆ ਗਲਾ ਕਥੀਆ ਨਾ ਜਾਹਿ ॥**
**ਜੇ ਕੋ ਕਹੈ ਪਿਛੈ ਪਛੁਤਾਇ ॥**
**ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥**
**ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥੩੬॥**

ਇਸ ਪਉੜੀ ਵਿਚ 'ਸਰਮ' ਸ਼ਬਦ ਉਚੇਚੇ ਧਿਆਨ ਦੀ ਮੰਗ ਕਰਦਾ ਹੈ।

ਪ੍ਰਿੰਸੀਪਲ ਤੇਜਾ ਸਿੰਘ, ਪ੍ਰੋ. ਸਾਹਿਬ ਸਿੰਘ ਅਤੇ ਡਾ. ਤਾਰਨ ਸਿੰਘ ਆਦਿਕ ਵਿਦਵਾਨਾਂ ਨੇ 'ਸਰਮ' ਦੇ ਅਰਥ 'ਉੱਦਮ' (ਪਰਿਸ਼੍ਰਮ) ਕੀਤੇ ਹਨ। ਇਹਨਾਂ ਅਨੁਸਾਰ ਇਸ ਅਵਸਥਾ ਵਿਚ ਪਹੁੰਚ ਕੇ ਵਿਅਕਤੀ ਉੱਦਮ ਦੁਆਰਾ ਆਪਣੇ ਮਨ ਵਿਚ ਨੇਕੀ ਦੀ ਭਾਵਨਾ ਨੂੰ ਜਾਗਰਿਤ ਕਰ ਲੈਂਦਾ ਹੈ। ਇਸ ਪ੍ਰਸੰਗ ਵਿਚ ਪ੍ਰੋ. ਸਾਹਿਬ ਸਿੰਘ ਆਪਣਾ ਮਤਿ ਪੇਸ਼ ਕਰਦੇ ਹੋਏ ਲਿਖਦੇ ਹਨ, "ਗਿਆਨ ਅਵਸਥਾ ਦੀ ਬਰਕਤ ਨਾਲ ਜਿਉਂ-ਜਿਉਂ ਸਾਰਾ ਜਗਤ ਇਕ ਸਾਂਝਾ ਟੱਬਰ ਦਿੱਸਦਾ ਹੈ, ਜੀਵ ਖ਼ਲਕਤ ਦੀ ਸੇਵਾ ਨੂੰ ਮਿਹਨਤ (ਸਰਮ) ਨਾਲ ਸਿਰ 'ਤੇ ਚੁੱਕਦਾ ਹੈ। ਮਨ ਦੀ ਪਹਿਲੀ ਤੰਗਦਿਲੀ ਹਟਾ ਕੇ ਵਿਸ਼ਾਲਤਾ ਤੇ ਉਦਾਰਤਾ ਦੀ ਘਾੜਤ ਵਿਚ ਮਨ ਨਵੇਂ ਸਿਰੇ ਸੋਹਣਾ ਘੜਿਆ ਜਾਂਦਾ ਹੈ।" (**ਜਪੁ ਸਾਹਿਬ ਸਟੀਕ,** ਪੰਨਾ 154)

ਸਰਮ ਖੰਡ ਦੀ ਇਕ ਹੋਰ ਪ੍ਰਭਾਵਸ਼ਾਲੀ ਵਿਆਖਿਆ ਡਾ. ਸ਼ੇਰ ਸਿੰਘ ਨੇ ਪੇਸ਼ ਕੀਤੀ ਹੈ। ਉਹਨਾਂ ਅਨੁਸਾਰ, "ਪ੍ਰਤੱਖ ਅਨੁਭਵ ਅਤੇ ਗਿਆਨ ਅਨੁਭਵ ਦੁਆਰਾ ਜਦੋਂ ਸਚਿਆਰਥੀ ਦੀ ਮਾਨਸਿਕ ਉਸਾਰੀ ਮੁਕੰਮਲ ਹੋ ਜਾਂਦੀ ਹੈ ਤਾਂ ਉਹ ਰਚਨਾਤਮਕ ਰੁਚੀਆਂ ਨੂੰ ਵਿਕਸਿਤ ਕਰਨ ਵਾਲੇ ਸਰਮ ਖੰਡ ਵਿਚ ਆਉਂਦਾ ਹੈ। ਪਿਛਲੀਆਂ ਦੋਹਾਂ ਅਵਸਥਾਵਾਂ ਵਿਚ ਜਾਣਕਾਰੀ ਪ੍ਰਾਪਤ ਕੀਤੀ ਸੀ। ਹੁਣ ਉਸ ਨੂੰ ਅਮਲੀ ਰੂਪ ਦੇਣ ਦੀ ਸਟੇਜ ਆਉਂਦੀ ਹੈ। ਸਾਰੀਆਂ ਆਵਿਸ਼ਕਾਰਾਂ, ਕਾਢਾਂ ਤੇ ਈਜਾਦਾਂ ਮਨ ਦੀ ਸਰਮ-ਖੰਡੀ ਦਸ਼ਾ ਵਿਚ ਹੀ ਹੁੰਦੀਆ ਹਨ। ਚਾਹੇ ਮਾਰਕਸ ਦਾ ਦਵੰਦਾਤਮਕ ਪਦਾਰਥਵਾਦ ਹੋਵੇ ਜਾਂ ਅਫ਼ਲਾਤੂਨ ਦਾ ਖ਼ਿਆਲਵਾਦ, ਬੁੱਧ ਦਾ ਅਸ਼ਟਾਂਗ ਮਾਰਗ ਹੋਵੇ ਜਾਂ ਗੁਰੂ ਗੋਬਿੰਦ ਸਿੰਘ ਜੀ ਦਾ ਅੰਮ੍ਰਿਤਧਾਰੀ ਖ਼ਾਲਸਾ। ਇਹ ਸਭ ਸਰਮ ਖੰਡੀ ਰਚਨਾਵਾਂ ਹਨ।" (**ਜਪੁਜੀ ਦਰਸ਼ਨ,** ਪੰਨਾ 55)

ਗੁਰੂ ਨਾਨਕ ਦੇਵ ਜੀ ਸਰਮ ਖੰਡ ਦੇ ਲੱਛਣ ਬਿਆਨ ਕਰਦੇ ਹੋਏ ਇਸ ਪਉੜੀ ਵਿਚ ਲਿਖਦੇ ਹਨ ਕਿ ਸਰਮ ਖੰਡ ਦਾ ਮੁੱਖ ਲੱਛਣ, ਰੂਪਾਂਤਰਣ ਕਰਨਾ ਹੈ। ਇਸ ਖੰਡ ਵਿਚ ਮਨੁੱਖੀ ਚੇਤਨਾ ਦਾ ਪੁਨਰ ਨਿਰਮਾਣ ਕੀਤਾ ਜਾਂਦਾ ਹੈ। ਇਥੇ ਸੁਰਤਿ, ਮਤਿ, ਮਨ ਅਤੇ ਬੁੱਧ ਦੀ ਨਵੀਂ ਘਾੜਤ ਘੜੀ ਜਾਂਦੀ ਹੈ। ਦੇਵਤਿਆਂ ਅਤੇ ਸਿੱਧ ਪੁਰਖਾਂ ਦੀ ਚੇਤਨਾ ਦਾ ਨਿਰਮਾਣ ਵੀ ਇਥੇ ਹੀ ਕੀਤਾ ਜਾਂਦਾ ਹੈ। ਇਸ ਤਰ੍ਹਾਂ ਸਰਮ ਖੰਡ ਕੇਵਲ ਸੁੰਦਰ ਤੇ ਨਵੀਆਂ ਘਾੜਤਾਂ ਘੜੇ ਜਾਣ ਦਾ ਹੀ ਖੰਡ ਨਹੀਂ, ਪੁਰਾਣੀਆਂ ਘਾੜਤਾਂ ਦੇ ਢਹਿਣ ਦੀ ਅਵਸਥਾ ਵੀ ਹੈ।

## 4. ਕਰਮ ਖੰਡ

**ਕਰਮ ਖੰਡ ਕੀ ਬਾਣੀ ਜੋਰੁ ॥**
**ਤਿਥੈ ਹੋਰੁ ਨ ਕੋਈ ਹੋਰੁ ॥**
**ਤਿਥੈ ਜੋਧ ਮਹਾਬਲ ਸੂਰ ॥**

**ਤਿਨ ਮਹਿ ਰਾਮੁ ਰਹਿਆ ਭਰਪੂਰ ॥**
**ਤਿਥੈ ਸੀਤੋ ਸੀਤਾ ਮਹਿਮਾ ਮਾਹਿ ॥**
**ਤਾ ਕੇ ਰੂਪ ਨ ਕਥਨੇ ਜਾਹਿ ॥**
**ਨਾ ਓਹਿ ਮਰਹਿ ਨ ਠਾਗੇ ਜਾਹਿ ॥**
**ਜਿਨ ਕੈ ਰਾਮੁ ਵਸੈ ਮਨ ਮਾਹਿ ॥**
**ਤਿਥੈ ਭਗਤ ਵਸਹਿ ਕੇ ਲੋਅ ॥**
**ਕਰਹਿ ਅਨੰਦੁ ਸਚਾ ਮਨਿ ਸੋਇ ॥**

ਇਸ ਪਉੜੀ ਨਾਲ ਸੰਬੰਧਿਤ 'ਕਰਮ-ਖੰਡ' ਦੇ ਅਰਥਾਂ ਬਾਰੇ ਵਿਦਵਾਨਾਂ ਵਿਚ ਕਈ ਰਾਵਾਂ ਹਨ। ਕੁਝ ਵਿਦਵਾਨਾਂ ਨੇ 'ਕਰਮ' ਨੂੰ ਸੰਸਕ੍ਰਿਤ ਸ਼ਬਦ ਮੰਨ ਕੇ ਇਸ ਦੇ ਅਰਥ ਕੰਮ, ਉੱਦਮ, ਕਰਣੀ ਆਦਿ ਕੀਤੇ ਹਨ। ਪ੍ਰਿੰਸੀਪਲ ਤੇਜਾ ਸਿੰਘ ਨੇ ਕਰਮ ਖੰਡ ਨੂੰ 'ਅਮਲ ਦਾ ਦਰਜਾ' ਦੱਸਿਆ ਹੈ। ਭਾਈ ਸ਼ੇਰ ਸਿੰਘ (ਕਸ਼ਮੀਰ) ਨੇ ਇਸ ਨੂੰ 'ਕਰਮਾਂ ਦੇ ਅੰਤ ਦਾ ਖੰਡ' ਕਿਹਾ ਹੈ। ਭਾਈ ਵੀਰ ਸਿੰਘ ਨੇ 'ਕਰਮ' ਦੇ ਅਰਥ ਫ਼ਾਰਸੀ ਵਾਲੇ ਕੀਤੇ ਹਨ। ਇਸ ਲਈ ਉਹਨਾਂ ਨੇ ਇਸ ਨੂੰ 'ਫ਼ਜ਼ਲ ਦਾ ਖੰਡ' ਮੰਨਿਆ ਹੈ ਡਾ. ਸ਼ੇਰ ਸਿੰਘ ਨੇ ਵੀ ਇਹੀ ਅਰਥ ਕੀਤੇ ਹਨ। ਉਹਨਾਂ ਅਨੁਸਾਰ, "ਬਖ਼ਸ਼ਿਸ਼ ਦੇ ਖੰਡ ਦਾ ਮਾਧਿਅਮ ਆਤਮਿਕ ਬਲ ਹੈ।" ਇਥੇ ਕਿਸੇ ਕਿਸਮ ਦੀ ਕੋਈ ਦਵੈਤ ਨਹੀਂ ਬਚਦੀ। ਇਥੇ ਉਹੋ ਜਿਹੇ ਮਹਾਂਬਲੀ, ਯੋਧੇ ਅਤੇ ਸੂਰਬੀਰ ਪਹੁੰਚਦੇ ਹਨ ਜਿਹਨਾਂ ਦੇ ਮਨਾਂ ਵਿਚ ਪਰਮਾਤਮਾ ਦੇ ਨਾਮ ਦੀ ਜੋਤੀ ਸਦਾ ਪ੍ਰਜਵੱਲਿਤ ਰਹਿੰਦੀ ਹੈ। ਇਸ ਖੰਡ ਵਿਚ ਪਹੁੰਚ ਕੇ ਮਨੁੱਖ ਦੈਵੀ ਗੁਣਾਂ ਵਿਚ ਇਸ ਤਰ੍ਹਾਂ ਰੰਗਿਆ ਜਾਂਦਾ ਹੈ ਕਿ ਉਹ ਸੰਪੂਰਨ ਹੋ ਜਾਂਦਾ ਹੈ। ਇਸ ਤਰ੍ਹਾਂ ਦਾ ਮਨੁੱਖ ਜਨਮ-ਮਰਨ ਦੇ ਬੰਧਨ ਤੋਂ ਮੁਕਤ ਹੋ ਜਾਂਦਾ ਹੈ। ਮਾਇਆ ਵੀ ਉਸ ਨੂੰ ਠੱਗ ਨਹੀਂ ਸਕਦੀ। ਇਸ ਪੜਾਉ 'ਤੇ ਪਰਮਾਤਮਾ ਦੇ ਸੱਚੇ ਭਗਤ ਨਿਵਾਸ ਕਰਦੇ ਹਨ। ਉਹਨਾਂ ਨੂੰ ਆਨੰਦ ਦੀ ਪ੍ਰਾਪਤੀ ਹੋ ਜਾਂਦੀ ਹੈ ਅਤੇ ਸੱਚੇ ਪਰਮਾਤਮਾ ਨੂੰ ਆਪਣੇ ਮਨਾਂ ਵਿਚ ਵਸਾ ਕੇ ਉਹ ਪਰਮਾਨੰਦ ਦੀ ਅਵਸਥਾ ਵਿਚ ਅਡੋਲ ਟਿਕੇ ਰਹਿੰਦੇ ਹਨ।

## 5. ਸਚਖੰਡ

**ਸਚ ਖੰਡਿ ਵਸੈ ਨਿਰੰਕਾਰੁ ॥**
**ਕਰਿ ਕਰਿ ਵੇਖੈ ਨਦਰਿ ਨਿਹਾਲ ॥**
**ਤਿਥੈ ਖੰਡ ਮੰਡਲ ਵਰਭੰਡ ॥**
**ਜੇ ਕੋ ਕਥੈ ਤ ਅੰਤ ਨ ਅੰਤ ॥**
**ਤਿਥੈ ਲੋਅ ਲੋਅ ਆਕਾਰ ॥**

**ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥**
**ਵੇਖੈ ਵਿਗਸੈ ਕਰਿ ਵੀਚਾਰੁ ॥**
**ਨਾਨਕ ਕਥਨਾ ਕਰੜਾ ਸਾਰੁ ॥੩੭॥**

ਸਚਖੰਡ, ਆਤਮਿਕ ਅਵਸਥਾ ਦੀ ਸਭ ਤੋਂ ਉੱਚੀ ਪਉੜੀ ਦਾ ਨਾਮ ਹੈ। ਕਰਮ ਖੰਡ ਤੇ ਸਚਖੰਡ ਭਾਵੇਂ ਇਕੋ ਪਉੜੀ ਵਿਚ ਦਰਜ ਹਨ ਪਰੰਤੂ ਉਹਨਾਂ ਵਿਚਲਾ ਫ਼ਰਕ ਬਿਲਕੁਲ ਪ੍ਰਤੱਖ ਹੈ। ਸਚਖੰਡ ਵਿਚ ਬਹੁਤਾ ਵਿਸਤਾਰ ਨਿਰੰਕਾਰ ਅਤੇ ਉਸ ਦੇ ਕਰਤੱਵਾਂ ਦਾ ਹੈ ਜਦੋਂ ਕਿ ਕਰਮ ਖੰਡ ਵਿਚ ਮਨੁੱਖ ਅਤੇ ਉਸ ਦੀ ਪੂਰਨਤਾ ਨੂੰ ਬਿਆਨ ਕੀਤਾ ਗਿਆ ਹੈ। (ਦੇਖੋ ਡਾ. ਰਾਮ ਸਿੰਘ **ਜਪੁਜੀ ਦੇ ਪੰਜ ਖੰਡਾਂ ਦਾ ਬਹੁਪੱਖੀ ਅਧਿਐਨ,** ਪੰਨਾ 269)

ਗੁਰੂ ਨਾਨਕ ਦੇਵ ਜੀ ਸਚਖੰਡ ਨੂੰ ਪਰਿਭਾਸ਼ਿਤ ਕਰਦੇ ਹੋਏ ਫ਼ੁਰਮਾਉਂਦੇ ਹਨ ਕਿ ਇਹ ਖੰਡ ਪਰਮਾਤਮਾ ਦਾ ਸਥਾਈ ਟਿਕਾਣਾ ਹੈ। ਇਥੋਂ ਹੀ ਉਹ ਜੀਵਨ ਦੀ ਅਨਿਕਮੁਖੀ ਲੀਲ੍ਹਾ ਨੂੰ ਸੰਚਾਲਿਤ ਕਰਦਾ ਹੈ। ਸਮੁੱਚੇ ਬ੍ਰਹਿਮੰਡ ਅਤੇ ਇਸ ਦੇ ਖੰਡ-ਮੰਡਲਾਂ ਦਾ ਬੋਧ ਇਸੇ ਸਚਖੰਡ ਵਿਚੋਂ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਖੰਡ ਦੀ ਮਹਿਮਾ ਅਨਿਵਾਰਨੀਯ ਹੈ। ਇਸ ਖੰਡ ਵਿਚ ਪਹੁੰਚ ਕੇ ਮਨੁੱਖੀ ਆਤਮਾ ਨੂੰ ਇਸ ਸਚਾਈ ਦਾ ਸਹਿਜ-ਆਭਾਸ ਹੋ ਜਾਂਦਾ ਹੈ ਕਿ ਸਮੁੱਚੀ ਸ੍ਰਿਸ਼ਟੀ ਵਿਚ ਵੱਸਣ ਵਾਲੇ ਪ੍ਰਾਣਧਾਰੀ ਜੀਵ ਅਤੇ ਬਨਸਪਤੀ ਆਦਿਕ ਪਰਮਾਤਮਾ ਦੇ ਹੁਕਮ ਅਧੀਨ ਹੀ ਆਪਣਾ ਜੀਵਨ ਬਤੀਤ ਕਰ ਰਹੇ ਹਨ। ਪਰਮਾਤਮਾ ਦੀ ਬੇਅੰਤ ਲੀਲ੍ਹਾ ਨੂੰ ਵੇਖ ਕੇ ਮਨੁੱਖੀ ਆਤਮਾ ਵਿਗਾਸ (ਖੇੜੇ) ਦੀ ਸਥਿਤੀ ਵਿਚ ਜਾ ਪਹੁੰਚਦੀ ਹੈ ਅਤੇ ਇਸ ਅਵਸਥਾ ਦੇ ਆਨੰਦ ਨੂੰ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ।

ਕਰਮ ਖੰਡ ਅਤੇ ਸਚਖੰਡ ਦੇ ਆਪਸੀ ਸੰਬੰਧਾਂ ਬਾਰੇ ਵਿਚਾਰ ਕਰਦੇ ਹੋਏ ਡਾ. ਰਾਮ ਸਿੰਘ ਲਿਖਦੇ ਹਨ, "ਕਰਮ ਖੰਡ ਤੇ ਸਚਖੰਡ ਦਾ ਫ਼ਰਕ ਬੜਾ ਮਹੱਤਵਪੂਰਨ ਹੈ ਤੇ ਇਸ ਦਾ ਸੰਬੰਧ ਇਹਨਾਂ ਖੰਡਾਂ ਦੇ ਅੰਦਰਲੇ ਰਹੱਸਵਸਦੀ ਅਨੁਭਵਾਂ ਨਾਲ ਹੈ। ਇਸ ਫ਼ਰਕ ਨੂੰ ਚੰਗੀ ਤਰ੍ਹਾਂ ਤਾਂ ਹੀ ਗ੍ਰਹਿਣ ਕੀਤਾ ਜਾ ਸਕਦਾ ਹੈ ਜੇ 'ਗੁਰ ਜੋਤਿ' ਦੇ ਸੰਕਲਪ ਨੂੰ ਸਪੱਸ਼ਟਤਾ ਨਾਲ ਸਮਝ ਲਈਏ। ਇਹ ਗੁਰ ਜੋਤਿ ਉਹ ਕੁਝ ਹੀ ਹੈ ਜਿਸ ਨੂੰ ਮੋਟੇ ਤੌਰ 'ਤੇ ਅਸੀਂ ਪਰਮਾਤਮਾ, ਪਰਮੇਸ਼ਰ ਜਾਂ ਰੱਬ ਕਹਿੰਦੇ ਹਾਂ। ਜੇ 'ਨਾਮ' ਨੂੰ ਸ੍ਰਿਸ਼ਟੀ ਦਾ ਕਰਤਾ ਮੰਨਣ ਵਿਚ ਸਾਨੂੰ ਕੋਈ ਹੈਰਾਨੀ ਨਹੀਂ ਹੁੰਦੀ ਤਾਂ 'ਸ਼ਬਦ', 'ਗੁਰਸ਼ਬਦ' ਜਾਂ 'ਗੁਰ ਜੋਤਿ' ਨੂੰ ਸਿਰਜਣਹਾਰ ਮੰਨਣ ਵਿਚ ਵੀ ਸਾਨੂੰ ਕੋਈ ਹੈਰਾਨੀ ਨਹੀਂ ਹੋਣੀ ਚਾਹੀਦੀ। ਹੈਰਾਨੀ ਤਦੇ ਹੋਵੇਗੀ ਜੇ ਅਸੀਂ 'ਗੁਰ ਜੋਤਿ' ਨੂੰ ਇਤਿਹਾਸਕ ਗੁਰੂ ਵਿਅਕਤੀਆਂ ਤੋਂ ਵੱਖ ਕਰ ਕੇ ਨਹੀਂ ਸੋਚ ਸਕਾਂਗੇ। ਇਤਿਹਾਸਕ ਗੁਰੂ ਇਸ 'ਗੁਰੂ ਜੋਤਿ' ਦਾ ਦੇਸ਼-ਕਾਲ ਵਿਚ ਪ੍ਰਗਟਾ

ਹੁੰਦੇ ਹਨ। ਉਹ ਪ੍ਰਗਟ ਤੇ ਅਪ੍ਰਗਟ ਹੁੰਦੇ ਰਹਿੰਦੇ ਹਨ ਪਰ ਗੁਰ ਜੋਤਿ ਸਦਾ ਟਿਕੀ ਰਹਿੰਦੀ ਹੈ।"

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਸਿੱਖ ਦਰਸ਼ਨ ਦੇ ਪ੍ਰਸੰਗ ਵਿਚ ਪੰਜ ਖੰਡਾਂ ਦਾ ਮਹੱਤਵ ਨਿਰਵਿਵਾਦ ਹੈ। ਗੁਰੂ ਨਾਨਕ ਦੇਵ ਜੀ ਨੇ ਜਪੁਜੀ ਦੇ ਅੰਤ ਵਿਚ ਇਹਨਾਂ ਪੰਜ ਖੰਡਾਂ ਦਾ ਬਿਉਰਾ ਪੇਸ਼ ਕਰ ਕੇ ਸਾਧਕ ਦਾ ਸਹੀ-ਸਹੀ ਦਿਸ਼ਾ ਨਿਰਦੇਸ਼ ਕਰ ਦਿੱਤਾ ਹੈ। ਜਪੁਜੀ ਦਾ ਕੇਂਦਰੀ ਵਿਸ਼ਾ ਹੈ ਮਨੁੱਖ ਦਾ ਸਚਿਆਰ ਪਦ ਤਕ ਪਹੁੰਚਣਾ। ਸਚਿਆਰੁ ਬਣਨ ਲਈ ਅਥਵਾ ਸੰਪੂਰਨ ਮਨੁੱਖ ਦੀ ਪਦਵੀ ਤਕ ਪਹੁੰਚਣ ਲਈ ਉਸ ਨੂੰ ਧਰਮ, ਗਿਆਨ, ਸਰਮ ਅਤੇ ਕਰਮ ਖੰਡ ਵਿਚੋਂ ਹੀ ਗੁਜ਼ਰਦੇ ਹੋਏ ਸਚਖੰਡ ਤਕ ਪਹੁੰਚਣ ਦਾ ਉਪਰਾਲਾ ਕਰਨਾ ਪੈਂਦਾ ਹੈ। ਪਰਮਾਤਮਾ ਦਾ ਨਾਮ ਅਤੇ ਉਸ ਦੀ ਕਿਰਪਾ, ਗੁਰੂ ਦੀ ਅਗਵਾਈ, ਸਾਧ ਸੰਗਤ ਦਾ ਸਹਿਯੋਗ ਇਸ ਮੰਜ਼ਲ ਵੱਲ ਜਾਣ ਲਈ ਮਨੁੱਖ ਦੀ ਸਹਾਇਤਾ ਕਰਦੇ ਹਨ। ਪੰਜਾਂ ਖੰਡਾਂ ਵਿਚ ਗੁਰਸਿੱਖੀ ਜੀਵਨ ਜਾਚ ਦਾ ਰਹੱਸ ਛਿਪਿਆ ਹੋਇਆ ਹੈ।

# ਆਸਾ ਦੀ ਵਾਰ : ਅਧਿਆਤਮਿਕ ਪਰਿਪੇਖ

**—ਪ੍ਰੋ. ਬਿਕਰਮ ਸਿੰਘ ਘੁੰਮਣ**

ਆਸਾ ਦੀ ਵਾਰ ਵਿਚ ਜਿਥੇ ਨਾਮ, ਸਮਾਜਿਕ ਜੀਵਨ ਦੀ ਉਸਾਰੀ ਲਈ ਅਤੇ ਮਨੁੱਖ ਨੂੰ ਸਰੇਸ਼ਠ ਬਣਾਉਣ ਲਈ ਵਿਚਾਰ ਦਰਜ ਹਨ, ਉਥੇ ਨਾਲ ਨਾਲ ਹੀ ਅਧਿਆਤਮਿਕ ਦ੍ਰਿਸ਼ਟੀਕੋਣ ਜਾਂ ਦਾਰਸ਼ਨਿਕ ਤੱਥਾਂ ਅਤੇ ਰਹੱਸਵਾਦੀ ਸੱਤਾ ਦੇ ਸਰੂਪ ਸੰਬੰਧ ਵੀ ਜਾਣਕਾਰੀ ਕਰਵਾਈ ਗਈ ਹੈ। ਇਹ ਵਿਚਾਰ ਪਉੜੀਆਂ ਅਤੇ ਸਲੋਕ ਦੋਹਾਂ ਵਿਚ ਮਿਲਦੇ ਹਨ। ਇਸ ਤਰ੍ਹਾਂ 'ਆਸਾ ਦੀ ਵਾਰ' ਇਕ ਅਧਿਆਤਮਕ ਵਾਰ ਹੈ। 'ਇਸ ਵਾਰ ਦਾ ਵਿਸ਼ਾ ਅਧਿਆਤਮਿਕ ਹੈ, ਜਿਸ ਰਾਹੀਂ ਸਤਿਗੁਰੂ ਮਨੁੱਖ ਨੂੰ ਪਸ਼ੂਤਾ ਤੋਂ ਉੱਪਰ ਉਠਾ ਕੇ ਮਨੁੱਖਤਾ ਤੱਕ ਪਹੁੰਚਾ ਕੇ ਅੰਤ ਰਬਤਾ ਨੂੰ ਪ੍ਰਾਪਤ ਕਰਨ ਦੀ ਜ਼ਬਰਦਸਤ ਪ੍ਰੇਰਣਾ ਦੇਂਦੇ ਹਨ।[2]' ਗੁਰੂ ਨਾਨਕ ਸਾਹਿਬ ਦਾ ਮੂਲ ਮੰਤਵ ਸਾਧਾਰਨ ਮਨੁੱਖ ਨੂੰ ਗੁਰਮੁਖ ਬਣਾਉਣਾਤੇ ਉਸਦਾ ਪ੍ਰਭੂ ਨਾਲ ਸਤਿਗੁਰੂ ਰਾਹੀਂ ਮੇਲ ਕਰਵਾਉਣਾ ਹੈ।

ਇਸ ਵਾਰ ਦਾ ਆਰੰਭ ਹੀ ਪਰਮਾਤਮਾ ਦੇ ਸਰੂਪ ਵਰਣਨ ਨਾਲ ਹੋਇਆ ਹੈ:

**ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ**
**ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥**

ਇਸ ਤਰ੍ਹਾਂ ਆਸਾ ਦੀ ਵਾਰ ਵਿਚ ਪ੍ਰਭੂ ਦਾ ਸਰੂਪ 'ਜਪੁਜੀ' ਵਾਲਾ ਹੀ ਹੈ। ਉਹ ਕੇਵਲ ਇਕੋ ਹਸਤੀ ਹੈ, ਕਰਤਾ ਪੁਰਖ ਹੈ, ਇਸ ਸੰਸਾਰ ਦਾ ਨਿਰਮਾਣ ਕਰਕੇ ਅੱਗੋਂ ਚਲਾਉਣ ਵਾਲਾ ਹੈ। ਉਹ ਸਭ ਕੁਝ ਆਪਣੀ ਮਰਜ਼ੀ ਮੁਤਾਬਿਕ ਕਰਦਾ ਹੈ। ਉਹ ਨਿਰਭਉ ਹੈ ਅਰਥਾਤ ਭੈ ਤੋਂ ਰਹਿਤ ਹੈ ਤੇ ਉਸ ਦੇ ਭੈ ਵਿਚ ਹੀ ਸਾਰੀ ਸ੍ਰਿਸ਼ਟੀ ਚਲਦੀ ਹੈ। ਉਹ ਆਪਣੀ ਸ੍ਰਿਸ਼ਟੀ ਮੌਜੂਦ ਹੈ। ਉਹ ਬਿਨਾ ਕਿਸੇ ਡਰ ਤੇ ਬਿਨਾਂ ਕਿਸੇ ਵੈਰ ਦੇ ਹੈ। ਉਹ ਸਰਵ ਉੱਚ ਤੇ ਅਟੱਲ ਸ਼ਕਤੀ ਹੈ। ਉਸ ਦੇ ਭਾਵੇਂ ਅਨੇਕ ਨਾਂ ਹਨ, ਪਰ ਉਹ ਹੈ ਇਕੋ :

**ਸਚਾ ਸਾਹਿਬੁ ਏਕੁ ਤੂੰ ਜਿਨਿ ਸਚੋ ਸਚੁ ਵਰਤਾਇਆ॥**

ਉਹ ਜਨਮ ਜਨਮਾਂਤਰਾਂ ਜਾਂ ਜਨਮ ਮਰਨ ਤੋਂ ਰਹਿਤ ਹੈ। ਉਸ ਦਾ ਪ੍ਰਕਾਸ਼

ਆਪਣੇ ਆਪ ਤੋਂ ਹੋਣਾ ਹੈ। ਉਸ ਦੀ ਪ੍ਰਾਪਤੀ ਸਤਿਗੁਰੂ ਜਾਂ ਸੱਚੇ ਗੁਰੂ ਦੀ ਕਿਰਪਾ ਨਾਲ ਹੋ ਸਕਦੀ ਹੈ। ਉਹ ਜਾਣੀ ਜਾਣ ਹੈ ਤੇ ਆਪਣੀ ਮਰਜ਼ੀ ਮੁਤਾਬਿਕ ਹੀ ਸਭ ਕੁਝ ਦਿੰਦਾ ਲੈਂਦਾ ਹੈ। ਉਸ ਨੂੰ ਪਾਉਣ ਲਈ ਗੁਰੂ ਦੀ ਕਿਰਪਾਂ ਤੋਂ ਉਪਰੰਤ ਉਸ ਦੇ ਨਾਮ ਸਿਮਰਨ ਦੀ ਵੀ ਲੋੜ ਹੈ:

**ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮ੍ਾਲੀਐ ॥**

ਇਸ ਤਰ੍ਹਾਂ ਗੁਰੂ ਨਾਨਕ ਨੇ ਅਵਤਾਰਵਾਦ ਦਾ ਖੰਡਨ ਕਰਦੇ ਹੋਏ ਪ੍ਰਭੂ ਦੇ ਏਕੋਸ਼ਵਰਵਾਦੀ ਸਰੂਪ ਨੂੰ ਮੰਨਿਆ ਹੈ ਤੇ ਉਹਨਾਂ ਨੇ ਸਾਰੇ ਧਰਮਾਂ ਵਿਚ ਏਕਤਾ ਲਿਆਉਣ ਦੀ ਕੋਸ਼ਿਸ਼ ਕੀਤੀ ਹੈ।

ਗੁਰੂ ਨਾਨਕ ਸਾਹਿਬ ਨੇ 'ਆਸਾ ਦੀ ਵਾਰ' ਰਾਹੀਂ ਸਤਿਗੁਰੂ ਦੀ ਮਹੱਤਾ ਉੱਤੇ ਬਹੁਤ ਜ਼ੋਰ ਦਿੱਤਾ ਹੈ। ਉਹਨਾਂ ਨੇ ਪ੍ਰਗਟ ਕੀਤਾ ਹੈ ਕਿ ਪ੍ਰਭੂ ਦੀ ਪ੍ਰਾਪਤੀ ਕੇਵਲ ਗੁਰੂ ਰਾਹੀਂ ਹੀ ਹੋ ਸਕਦੀ ਹੈ। ਉਹ ਹੀ ਬੇੜੇ ਪਾਰ ਕਰ ਸਕਦਾ ਹੈ। 'ਸਤਿਗੁਰ ਇਕ ਉਹ ਇਲਾਹੀ ਨੂਰ ਹੈ ਜੋ ਖਾਕੀ (ਮਿੱਟੀ ਦਾ ਪੁਤਲਾ) ਨੂੰ ਨਾਰੀ ਤੋਂ ਨੂਰ ਬਣਾ ਦਿੰਦਾ ਹੈ[13]' ਗੁਰੂ ਨਾਨਕ ਇਹ ਵਿਚਾਰ ਇੰਜ ਪੇਸ਼ ਕਰਦੇ ਹਨ:

**ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥**
**ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥**

ਗੁਰੂ ਦੀ ਮਹੱਤਾ ਨੂੰ ਪ੍ਰਗਟਾਂਦੇ ਹੋਏ ਗੁਰੂ ਅੰਗਦ ਦੇਵ ਜੀ ਕਹਿੰਦੇ ਹਨ ਕਿ ਉਸ ਦਾ ਕੋਈ ਵੀ ਸਾਨੀ ਨਹੀਂ ਹੈ:

**ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥**
**ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥**

ਪਰ ਅਜੇਹਾ ਗੁਰੂ ਚੰਗੇ ਭਾਗਾਂ ਵਾਲੇ ਨੂੰ ਹੀ ਮਿਲਦਾ ਹੈ ਤੇ ਅਜੇਹਾ ਗੁਰੂ ਮਿਲ ਜਾਣ ਨਾਲ ਮਨ ਵੀ ਦੁਨਿਆਈ ਵਿਕਾਰਾਂ ਵਿਚ ਨਹੀਂ ਫੱਸਦਾ। ਇਸ ਤਰ੍ਹਾਂ ਸਾਧਕ ਦੀ ਸਫ਼ਲਤਾ ਯਕੀਨੀ ਹੋ ਜਾਂਦੀ ਹੈ ਕਿਉਂਕਿ ਗੁਰੂ, ਵਿਅਕਤੀ ਦਾ ਮਨ ਸ਼ੁੱਧ ਕਰ ਦਿੰਦਾ ਹੈ:

**ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥**

ਇਥੇ ਗੁਰੂ ਨਾਨਕ ਸਾਹਿਬ ਨੇ ਸਪੱਸ਼ਟ ਕੀਤਾ ਹੈ ਕਿ ਅਜੇਹਾ ਸੱਚਾ ਗੁਰੂ ਜਨਮਾਂ ਜਨਮਾਂਤਰਾਂ ਦੇ ਚੱਕਰਾਂ ਤੋਂ ਪਿੱਛੋਂ ਕੇਵਲ ਪ੍ਰਭੂ ਦੀ ਮਿਹਰ ਸਦਕਾ ਹੀ ਮਿਲਦਾ ਹੈ:

**ਨਦਰਿ ਕਰਹਿ ਜੇ ਆਪਣੀ**
**ਤਾ ਨਦਰੀ ਸਤਿਗੁਰੁ ਪਾਇਆ ॥**
**ਏਹੁ ਜੀਉ ਬਹੁਤੇ ਜਨਮ ਭਰੰਮਿਆ**
**ਤਾ ਸਤਿਗੁਰਿ ਸਬਦੁ ਸੁਣਾਇਆ ॥**

ਸਤਿਗੁਰ ਵਿਚ ਕਿਉਂਕਿ ਪ੍ਰਭੂ ਦਾ ਸੱਚ ਦੀ ਜੋਤਿ ਜਾਗਦੀ ਹੈ। ਇਸ ਲਈ

ਸਤਿਗੁਰੂ ਹੀ ਉਸ ਤੱਕ ਪਹੁੰਚਾਉਣ ਦਾ ਠੀਕ ਸਾਧਨ ਹੈ। ਸੱਚੇ ਗੁਰੂ ਦੀ ਪ੍ਰਾਪਤੀ ਨਾਲ ਮਨੁੱਖ ਦੇ ਮਨ ਵਿਚ ਸੱਚ ਦੀ ਸਥਾਪਨਾ ਹੋ ਜਾਂਦੀ ਹੈ। ਸੱਚ ਦੀ ਸਥਾਪਨਾ ਨਾਲ ਹੀ ਪ੍ਰਭੂ ਮਿਲ ਸਕਦਾ ਹੈ:

**ਬਿਨੁ ਸਤਿਗੁਰ ਕਿਨੈ ਨ ਪਾਇਓ ॥**
**ਬਿਨੁ ਸਤਿਗੁਰ ਕਿਨੈ ਨ ਪਾਇਆ ॥**
**ਸਤਿਗੁਰ ਵਿਚਿ ਆਪੁ ਰਖਿਓਨੁ**
**ਕਰਿ ਪਰਗਟੁ ਆਖਿ ਸੁਣਾਇਆ ॥**
**ਸਤਿਗੁਰਿ ਮਿਲਿਐ ਸਚੁ ਪਾਇਆ**
**ਜਿਨ੍ ਕੈ ਹਿਰਦੈ ਸਚੁ ਵਸਾਇਆ ॥**

ਡਾ. ਦੀਵਾਨ ਸਿੰਘ ਅਨੁਸਾਰ ਗੁਰੂ ਦੇ ਦੱਸੇ ਰਸਤੇ ਤੇ ਚਲਣਾ ਸੱਚੇ ਮੁਰੀਦ ਦਾ ਧਰਮ ਹੈ। ਇਹੋ ਜੀਵਨ ਸਫ਼ਲਤਾ ਦੀ ਕੁੰਜੀ ਹੈ। ਗੁਰੂ ਹੀ ਸੰਸਾਰ ਦੇ ਰੋਗਾਂ ਨੂੰ ਦੂਰ ਕਰਨ ਦਾ ਉਪਰਾਲਾ ਕਰਦਾ ਹੈ। ਕੁਰਾਹੇ ਜਾਂਦੀ ਦੁਨੀਆਂ ਨੂੰ ਠੀਕ ਰਾਹੇ ਪਾਣਾ ਉਸੇ ਦਾ ਕੰਮ ਹੈ। ਭਾਵੇਂ ਉਹ ਆਪ ਅਰੋਗ ਤੇ ਰੋਗ ਰਹਿਤ ਹੈ ਪਰ ਮਹਾਂ ਪਰਉਪਕਾਰੀ ਤੇ ਪਰਮ-ਦਿਆਲੂ ਹੋਣ ਕਰਕੇ ਦੂਜਿਆਂ ਦਾ ਦੁੱਖ ਵੇਖ ਨਹੀਂ ਸਕਦਾ ਤੇ ਉਹਨਾਂ ਦੇ ਰੋਗ ਹਰਨ ਦਾ ਜਤਨ ਕਰਦਾ ਹੈ। ਗੁਰ ਡੁੱਬਦਿਆਂ ਨੂੰ ਤਾਰਦਾ ਹੈ ਤੇ ਡਿੱਗਿਆਂ ਢੱਠਿਆਂ ਦੀ ਸਾਰ ਲੈਂਦਾ ਹੈ। ਅਗਿਆਨਤਾ ਦਾ ਹਨੇਰਾ ਮਨੁੱਖ ਨੂੰ ਕੁਝ ਸੁਝਣ ਨਹੀਂ ਦਿੰਦਾ। ਗੁਰੂ ਆਪਣੀ ਕਿਰਪਾ ਨਾਲ ਗਿਆਨ ਦਾ ਸੁਰਮਾ ਦੇ ਕੇ ਮਨ ਦੀਆਂ ਅੱਖਾਂ ਰੋਸ਼ਨ ਕਰਕੇ ਸਭ ਹਨੇਰੇ ਦੂਰ ਕਰਦਾ ਹੈ। ਗੁਰੂ ਅਰਜਨ ਜੀ ਦੇ ਮਹਾਂ ਵਾਕ ਅਨੁਸਾਰ[4]:

**ਗਿਆਨ ਅੰਜਨੁ ਗੁਰਿ ਦੀਆ**
**ਅਗਿਆਨ ਅੰਧੇਰ ਬਿਨਾਸੁ ॥**
**ਹਰਿ ਕਿਰਪਾ ਤੇ ਸੰਤ ਭੇਟਿਆ**
**ਨਾਨਕ ਮਨਿ ਪਰਗਾਸੁ ॥**

ਇਸ ਤਰ੍ਹਾਂ ਸਤਿਗੁਰੂ ਮਨੁੱਖ ਨੂੰ ਜਨਮ-ਮਰਨ ਦੇ ਚੱਕਰ ਤੋਂ ਮੁਕਤ ਕਰਵਾ ਦਿੰਦਾ ਹੈ ਕਿਉਂਕਿ ਗੁਰੂ ਦੀ ਸ਼ਰਣ ਵਿਚ ਜਾਣ ਨਾਲ ਹੀ ਪ੍ਰਭੂ ਦੀ ਯਾਦ ਆਉਂਦੀ ਹੈ, ਗਿਆਨ ਦਾ ਸੁਰਮਾ ਮਿਲਦਾ ਹੈ ਜੋ ਮਨ ਦੀਆਂ ਅੱਖਾਂ ਵਿਚ ਵਿਚ ਪਾ ਕੇ ਪ੍ਰਭੂ ਦੇ ਦਰਸ਼ਨ ਕੀਤੇ ਜਾਂਦੇ ਹਨ। ਇਸ ਲਈ ਗੁਰੂ ਨਾਨਕ ਸਾਹਿਬ ਅਨੁਸਾਰ ਉਸ ਗੁਰੂ ਦੀ ਜਿਤਨੀ ਵੀ ਉਪਮਾ ਕੀਤੀ ਜਾਵੇ ਥੋੜ੍ਹੀ ਹੈ:

**ਸਤਿਗੁਰ ਵਿਟਹੁ ਵਾਰਿਆ**
**ਜਿਤੁ ਮਿਲਿਐ ਖਸਮੁ ਸਮਾਲਿਆ ॥**
**ਸਤਿਗੁਰੁ ਵਡਾ ਕਰਿ ਸਾਲਾਹੀਐ**
**ਜਿਸੁ ਵਿਚਿ ਵਡੀਆ ਵਡਿਆਈਆ ॥**

ਸਪੱਸ਼ਟ ਹੈ ਕਿ 'ਜੇ ਮਨੁੱਖ ਅਸਲੀ ਜੀਵਨ ਜੀਉਣਾ ਚਾਹੁੰਦਾ ਹੈ ਤਦ ਉਸ ਨੂੰ ਗੁਰੂ ਦੀ ਸ਼ਰਨ ਵਿਚ ਜਾਣਾ ਚਾਹੀਦਾ ਹੈ। ਬਿਨਾ ਸਤਿਗੁਰ ਦੀ ਸ਼ਰਨ ਗਿਆ ਉਸ ਦੇ ਗਿਆਨ ਧਿਆਨ ਬਹੁਤ ਹੀ ਸੀਮਤ ਰਹਿ ਜਾਂਦੇ ਹਨ ਤੇ ਉਹ ਮੁਕਤ ਪਦਾਰਥ ਤੋਂ ਵਾਂਜਿਓ ਰਹੇਗਾ੫। ਇਸ ਤਰ੍ਹਾਂ ਗੁਰੂ ਨਾਨਕ ਨੇ ਸਾਧਾਰਨ ਮਨੁੱਖੀ ਜੀਵਨ ਦੀ ਉਸਾਰੀ ਕਰ ਕੇ ਉਸ ਨੂੰ ਹੁਕਮੀ ਬੰਦਾ, ਸੱਚਾ ਸੇਵਕ ਤੇ ਵਾਹਿਗੁਰੂ ਦੀ ਰਜ਼ਾ ਵਿਚ ਰਲ ਕੇ ਆਵਾਗਾਉਣ ਦੇ ਜਾਲ ਨੂੰ ਕੱਟਣ ਵਾਲਾ ਜੀਉੜਾ ਬਣਾ ਦਿੱਤਾ ਹੈ੬। ਪ੍ਰਭੂ ਦਾ ਭਾਣਾ ਮੰਨਣਾ ਜਾਂ ਉਸ ਦੇ ਹੁਕਮ ਵਿਚ ਰਹਿਣਾ ਹੀ ਸਭ ਤੋਂ ਉੱਤਮ ਜੀਵਨ ਦਰਸ਼ਨ ਹੈ।

ਇਹ ਸ੍ਰਿਸ਼ਟੀ ਕਦੋਂ ਤੇ ਕਿਵੇਂ ਹੋਂਦ ਵਿਚ ਆਈ ? ਇਸ ਗੱਲ ਬਾਰੇ ਅਨੇਕਾਂ ਵਿਦਵਾਨਾਂ ਨੇ ਖੋਜ ਕੀਤੀ ਹੈ । ਜਦੋਂ ਦਾ ਮਨੁੱਖ ਸੰਸਾਰ ਵਿਚ ਆਇਆ ਹੈ ਉਹ ਇਸ ਬੁਝਾਰਤ ਨੂੰ ਸਮਝਣ ਲਈ ਯਤਨ ਕਰ ਰਿਹਾ ਹੈ ਪਰ ਹਾਲੇ ਤਕ ਕਿਸੇ ਇਕ ਅੰਤਿਮ ਸਿੱਟੇ ਉੱਤੇ ਨਹੀਂ ਪੁੱਜ ਸਕਿਆ । ਭਾਰਤੀ ਵੇਦਾਂਤ ਅਨੁਸਾਰ ਇਹ ਸ੍ਰਿਸ਼ਟੀ ਹੀ ਪ੍ਰਭੂ ਦਾ ਨਿਵਾਸ ਸਥਾਨ ਹੈ ਤੇ ਉਸ ਨੇ ਆਪਣੇ ਸ਼ੁਗਲ ਲਈ ਇਸ ਨੂੰ ਰਚਿਆ ਹੈ । ਗੁਰੂ ਜੀ ਇਸ ਮੱਤ ਨੂੰ ਮੰਨਦੇ ਹੋਏ ਲਿਖਦੇ ਹਨ :

**ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ ॥**
**ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥**

ਗੁਰੂ ਨਾਨਕ ਸਾਹਿਬ ਇਸ ਜਗਤ ਵਿਚ ਜੀਵਨ ਬਤੀਤ ਕਰਦੇ ਰਹੇ ਹਨ । ਜਪੁਜੀ ਵਿਚ ਜਿਥੇ ਉਹਨਾਂ ਨੇ ਬ੍ਰਹਮੰਡ ਦੀ ਵਿਸ਼ਾਲਤਾ ਦਾ ਸਿਧਾਂਤ ਪੇਸ਼ ਕੀਤਾ ਹੈ ਉਥੇ 'ਆਸਾ ਦੀ ਵਾਰ' ਵਿਚ ਕੁਦਰਤ ਦੀ ਅਸਲੀਅਤ, ਵਡਿਆਈ, ਸੁੰਦਰਤਾ, ਸਮਰੱਥਾ ਸ਼ਕਤੀ ਤੇ ਪ੍ਰਬੰਧ ਦੇ ਪੱਖ ਨੂੰ ਬੜੇ ਸੁਚੱਜੇ ਢੰਗ ਨਾਲ ਚਿਤ੍ਰਿਆ ਹੈ । ਉਹਨਾਂ ਨੇ ਇਸ ਸ੍ਰਿਸ਼ਟੀ ਨੂੰ ਸੱਚੇ ਮੰਨਦੇ ਹੋਏ ਕਿਹਾ ਹੈ :

**ਸਚੇ ਤੇਰੇ ਖੰਡ ਸਚੇ ਬ੍ਰਹਮੰਡ ॥**
**ਸਚੇ ਤੇਰੇ ਲੋਅ ਸਚੇ ਆਕਾਰ ॥**
**ਸਚੇ ਤੇਰੇ ਕਰਣੇ ਸਰਬ ਬੀਚਾਰ ॥**
**ਸਚਾ ਤੇਰਾ ਅਮਰੁ ਸਚਾ ਦੀਬਾਣੁ ॥**
**ਸਚੀ ਤੇਰੀ ਸਿਫਤਿ ਸਚੀ ਸਾਲਾਹ ॥**
**ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥**

ਸਪੱਸ਼ਟ ਹੈ ਕਿ ਜੋ ਕੁਝ ਦਿੱਸਦਾ ਹੈ ਉਹ ਕੋਈ ਮਾਇਆ ਜਾਂ ਛਲਾਵਾ ਨਹੀਂ ਹੈ, ਸਗੋਂ ਸੱਚ ਹੈ । ਤੇ ਗੁਰੂ ਜੀ ਨੇ ਸ੍ਰਿਸ਼ਟੀ ਨੂੰ ਵਿਸਮਾਦ-ਮਈ ਵੀ ਮੰਨਿਆ ਹੈ :

**ਵਿਸਮਾਦੁ ਨਾਦ ਵਿਸਮਾਦੁ ਵੇਦ ॥ ਵਿਸਮਾਦੁ ਜੀਅ ਵਿਸਮਾਦੁ ਭੇਦ ॥**
**ਵਿਸਮਾਦੁ ਰੂਪ ਵਿਸਮਾਦੁ ਰੰਗ ॥ ਵਿਸਮਾਦੁ ਨਾਗੇ ਫਿਰਹਿ ਜੰਤ ॥**

ਤੇ ਇਹ ਸਭ ਸੁੰਦਰਤਾ (ਵਿਸਮਾਦੁ) ਪ੍ਰਭੂ ਦੀ ਆਪਣੀ ਹੀ ਤਾਂ ਹੈ। ਗੁਰੂ

ਨਾਨਕ ਅਨੁਸਾਰ ਪ੍ਰਭੂ ਇਸ ਰਚਨਾ ਵਿਚ ਵੱਸਦਾ ਹੈ। ਇਸ ਲਈ ਇਹ ਕੋਈ ਬੇਮੁਲੀ ਜਾਂ ਮਾਮੂਲੀ ਵਸਤੂ ਨਹੀਂ ਹੈ:

**ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥**

ਤੇ ਪ੍ਰਭੂ ਨੇ ਇਸ ਰਚਨਾ ਯੋਗ ਪ੍ਰਬੰਧ ਲਈ ਧਰਮ ਰਾਜ ਦੀ ਸਥਾਪਨਾ ਕੀਤੀ ਹੈ ਜੋ ਕਰਮਾਂ ਅਨੁਸਾਰ ਸੁਖ ਦੁਖ ਦਿੰਦਾ ਹੈ। ਭਾਵ ਝੂਠ ਸੱਚ ਦੀ ਪਛਾਣ ਕਰਕੇ ਸਜ਼ਾ ਦਿੰਦਾ ਹੈ:

**ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ ॥**
**ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ ॥**

ਅਸਲ ਗੱਲ ਇਹ ਹੈ ਕਿ ਪ੍ਰਭੂ ਖ਼ੁਦ ਕੁਦਰਤ, ਸੰਸਾਰ ਜਾਂ ਸ੍ਰਿਸ਼ਟੀ ਵਿਚ ਵੱਸਦਾ ਹੈ। ਇਹ ਸਾਰੇ ਸੱਚੇ ਹਨ ਜਿਵੇਂ ਪਰਮਾਤਮਾ ਦਾ ਨਾਮ ਸੱਚਾ ਹੈ, ਕਿਉਂਕਿ ਪ੍ਰਭੂ ਅਮਰ ਹੈ ਤੇ ਉਹ ਜਗਤ ਜਾਂ ਕੁਦਰਤ ਵਿਚ ਵੱਸਦਾ ਹੈ। ਇਸ ਲਈ ਜਗਤ, ਸ੍ਰਿਸ਼ਟੀ ਤੇ ਕੁਦਰਤ ਸਾਰੇ ਸਤਿ ਤੇ ਅਟੱਲ ਹਨ। ਇਸ ਤਰ੍ਹਾਂ ਗੁਰਮਤਿ ਅਨੁਸਾਰ ਜਗਤ ਪ੍ਰਭੂ ਦਾ ਨਿਵਾਸ ਸਥਾਨ ਹੈ। ਇਸ ਲਈ ਇਨਸਾਨ ਉਸ ਦੀ ਰਚਨਾ ਵਿਚ ਹੀ ਉਸ ਦੇ ਦਰਸ਼ਨ ਕਰ ਸਕਦਾ ਹੈ। ਕੁਦਰਤ ਨੂੰ ਉਸ ਨੇ ਆਪਣੇ ਹੁਕਮ ਅਨੁਸਾਰ ਰੱਖਿਆ ਹੈ ਤੇ ਸਾਰੀ ਕੁਦਰਤ ਵਿਚ ਹੀ ਉਹ ਦਿੱਸਦਾ ਹੈ:

**ਕੁਦਰਤਿ ਦਿਸੈ ਕੁਦਰਤਿ ਸੁਣੀਐ**
**ਕੁਦਰਤਿ ਭਉ ਸੁਖ ਸਾਰੁ ॥**
**ਕੁਦਰਤਿ ਪਾਤਾਲੀ ਆਕਾਸੀ**
**ਕੁਦਰਤਿ ਸਰਬ ਆਕਾਰੁ ॥**

ਸੰਸਾਰ ਦੀ ਹਰ ਵਸਤੂ ਉਸ ਦੇ ਡਰ ਵਿਚ ਹੈ। ਵੱਡਾ ਪ੍ਰਬੰਧਕ ਵੀ ਉਸਦੇ ਵੀ ਉਸਦੇ ਅਧੀਨ ਜਾਂ ਭੈ ਵਿਚ ਹੈ। ਸਪੱਸ਼ਟ ਹੈ ਕਿ ਸਾਰਾ ਵਿਸ਼ਾਲ ਬ੍ਰਹਮੰਡ ਉਸ ਦੇ ਪ੍ਰਬੰਧ ਤੇ ਹੁਕਮ ਵਿਚ ਚੱਲ ਰਿਹਾ ਹੈ:

**ਭੈ ਵਿਚਿ ਪਵਣੁ ਵਹੈ ਸਦਵਾਉ ॥**
**ਭੈ ਵਿਚਿ ਚਲਹਿ ਲਖ ਦਰੀਆਉ ॥**
**ਭੈ ਵਿਚਿ ਅਗਨਿ ਕਢੈ ਵੇਗਾਰਿ ॥**
**ਭੈ ਵਿਚਿ ਧਰਤੀ ਦਬੀ ਭਾਰਿ ॥**

ਕੁਦਰਤ ਦਾ ਪਾਸਾਰਾ ਬੇਅੰਤ ਹੈ ਤੇ ਪ੍ਰਭੂ ਉਸ ਨੂੰ ਸੰਭਾਲਣ ਦੇ ਸਮਰੱਥ ਹੈ:

**ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ ॥**
**ਨਾਨਕ ਜੰਤ ਉਪਾਇ ਕੈ ਸੰਮਾਲੇ ਸਭਨਾਹ ॥**

ਇਸ ਲਈ ਪ੍ਰਭੂ ਦਾ ਹੁਕਮ ਮੰਨਣਾ ਚਾਹੀਦਾ ਹੈ। ਭਾਵ ਉਸ ਦਾ ਭਾਣਾ ਮੰਨਣਾ ਚਾਹੀਦਾ ਹੈ, ਉਸ ਦੀ ਰਜ਼ਾ ਵਿਚ ਰਾਜ਼ੀ ਰਹਿ ਕੇ ਜੀਵਨ ਬਿਤਾਉਣਾ ਹੀ ਯੋਗ ਹੈ। ਜਿਹੜਾ ਇਨਸਾਨ ਉਸ ਦੇ ਹੁਕਮ ਨੂੰ ਪਛਾਣ ਲੈਂਦਾ ਹੈ ਤੇ ਉਸ

ਦੀ ਰਜ਼ਾ ਵਿਚ ਜੀਵਨ ਬਤੀਤ ਕਰਨ ਲੱਗ ਜਾਂਦਾ ਹੈ, ਉਹ ਆਪਣੇ ਅਸਲੇ ਨੂੰ ਆਸਾਨੀ ਨਾਲ ਜਾਣ ਲੈਂਦਾ ਹੈ:

**ਸੋ ਸੇਵਕੁ ਸੇਵਾ ਕਰੇ ਜਿਸ ਨੋ ਹੁਕਮੁ ਮਨਾਇਸੀ॥**
**ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ॥**

ਗੁਰੂ ਨਾਨਕ ਨੇ ਪ੍ਰਭੂ ਦੀ ਸੱਚੀ ਚਾਕਰੀ, ਸੇਵਾ ਤੇ ਭਗਤੀ ਦੇ ਪੱਖ ਨੂੰ ਪੇਸ਼ ਕਰਦੇ ਹੋਏ ਕਿਹਾ ਹੈ ਕਿ ਉਸ ਦੀ ਰਜ਼ਾ ਵਿਚ ਰਹਿੰਦੇ ਹੋਏ ਜੀਵਨ ਬਤੀਤ ਕਰਨਾ ਚਾਹੀਦਾ ਹੈ। ਉਸ ਦੀ ਬਰਾਬਰੀ ਕਰਨੀ ਬਿਲਕੁਲ ਯੋਗ ਨਹੀਂ ਹੈ:

**ਚਾਕਰੁ ਲਗੈ ਚਾਕਰੀ ਜੇ ਚਲੈ ਖਸਮੈ ਭਾਇ॥**
**ਹੁਰਮਤਿ ਤਿਸ ਨੋ ਅਗਲੀ ਓਹੁ ਵਜਹੁ ਭਿ ਦੂਣਾ ਖਾਇ॥**
**ਖਸਮੈ ਕਰੇ ਬਰਾਬਰੀ ਫਿਰਿ ਗੈਰਤਿ ਅੰਦਰਿ ਪਾਇ॥**
**ਵਜਹੁ ਗਵਾਏ ਅਗਲਾ ਮੁਹੇ ਮੁਹਿ ਪਾਣਾ ਖਾਇ॥**

ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਨੇ ਖਸਮ ਦੀ ਭਾਵ ਮਾਲਕ ਦੀ ਬਰਾਬਰੀ ਕਰਨ ਨੂੰ ਨਿੰਦਿਆ ਹੈ ਅਤੇ ਮਾਲਕ ਦੀ ਰਜ਼ਾ ਵਿਚ ਚੱਲਣ ਲਈ ਕਿਹਾ ਹੈ। ਗੁਰੂ ਅੰਗਦ ਦੇਵ ਇਸ ਗੱਲ ਦੀ ਪੁਸ਼ਟੀ ਇੰਜ ਕਰਦੇ ਹਨ:

**ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ॥**
**ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ॥**
**ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ॥**
**ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ ॥**

ਉਸ ਦੀ ਇੱਛਾ ਅਨੁਸਾਰ ਸਭ ਕੁਝ ਵਾਪਰਦਾ ਹੈ। ਸਾਰੀ ਸ੍ਰਿਸ਼ਟੀ ਉਸ ਦੇ ਹੁਕਮ ਅਨੁਸਾਰ ਕੰਮ ਕਰ ਰਹੀ ਹੈ। ਇਸ ਲਈ ਮਨੁੱਖ ਵਾਸਤੇ ਉਸ ਦੇ ਗੁੱਝੇ ਭੇਦਾਂ ਨੂੰ ਸਮਝਣਾ ਅਸੰਭਵ ਹੈ, ਕੇਵਲ ਕੋਈ ਵਡਭਾਗਾ ਹੀ ਉਸ ਦੇ ਰਹੱਸ ਨੂੰ ਸਮਝ ਸਕਦਾ ਹੈ:

**ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰਿ ਰਹਿਆ॥**
**ਕਹੁ ਨਾਨਕ ਕਰਤੇ ਕੀਆ ਬਾਤਾ ਜੋ ਕਿਛੁ ਕਰਣਾ ਸੁ ਕਰਿ ਰਹਿਆ॥**

ਪ੍ਰਭੂ ਹਰ ਵਕਤ ਮਨੁੱਖ ਦੀ ਆਤਮਾ ਵਿਚ ਮੌਜੂਦ ਰਹਿੰਦਾ ਹੈ। ਇਸ ਲਈ ਇਨਸਾਨ ਆਪਣੀ ਆਤਮਾ ਨੂੰ ਪਛਾਣ ਕੇ ਹੀ ਪ੍ਰਭੂ ਨੂੰ ਜਾਣ ਸਕਦਾ ਹੈ। ਅਖ਼ੀਰ ਉੱਤੇ ਇਹ ਆਤਮਾ ਪਰਮਾਤਮਾ ਨਾਲ ਮਿਲ ਜਾਂਦੀ ਹੈ। ਗੁਰੂ ਨਾਨਕ ਨੇ ਅਫ਼ਸੋਸ ਪ੍ਰਗਟ ਕੀਤਾ ਹੈ ਕਿ ਇਨਸਾਨ ਦੁਨੀਆਂ ਵਿਚ ਵੱਡਾ ਦੁਨੀਦਾਰ ਬਣ ਬੈਠਦਾ ਹੈ ਤੇ ਆਪਣਾ ਬਹੁਮੁਲਾ ਜਨਮ ਗਵਾ ਬੈਠਦਾ ਹੈ:

**ਆਪੀਨੈ੍ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ॥**
**ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ॥**
**ਮਨਿ ਅੰਧੈ ਜਨਮੁ ਗਵਾਇਆ ॥**

ਗੁਰੂ ਜੀ ਫ਼ਰਮਾਉਂਦੇ ਹਨ ਕਿ ਕੋਈ ਗਿਆਨ ਵਾਲਾ ਇਨਸਾਨ ਹੀ ਉਸ ਨੂੰ ਸਮਝ ਸਕਦਾ ਹੈ। ਸਰੀਰ ਭੇਸ ਬਦਲਦਾ ਰਹਿੰਦਾ ਹੈ ਤੇ ਪ੍ਰਭੂ ਉਹਨਾਂ ਵਿਚ ਮੌਜੂਦ ਰਹਿੰਦਾ ਹੈ। ਉਹ ਪ੍ਰਭੂ ਹੀ ਇਸ ਸਰੀਰ ਰੂਪੀ ਰਥ ਦਾ ਰਥਵਾਨ ਹੈ:

**ਨਾਨਕ ਮੇਰੁ ਸਰੀਰ ਕਾ ਇਕੁ ਰਥੁ ਇਕੁ ਰਥਵਾਹੁ॥**
**ਜੁਗੁ ਜੁਗੁ ਫੇਰਿ ਵਟਾਈਅਹਿ ਗਿਆਨੀ ਬੁਝਹਿ ਤਾਹਿ॥**

ਅਜਿਹੇ ਗਿਆਨ ਦੀ ਪ੍ਰਾਪਤੀ ਗੁਰੂ ਰਾਹੀਂ ਹੁੰਦੀ ਹੈ। ਤੇ ਗੁਰੂ ਬਿਨਾਂ ਗਿਆਨ ਅਸੰਭਵ ਹੈ:

**ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ॥**

ਸਪੱਸ਼ਟ ਹੈ ਕਿ ਗੁਰੂ ਦੁਆਰਾ ਪ੍ਰਾਪਤ ਗਿਆਨ ਰਾਹੀਂ ਹੀ ਮਨ ਪ੍ਰਭੂ ਦੇ ਚਰਨਾਂ ਵਿਚ ਲੀਨ ਹੋ ਸਕਦਾ ਹੈ।

ਗੁਰੂ ਨਾਨਕ ਜੀ ਦਾ ਵਿਚਾਰ ਹੈ ਕਿ ਤਿਲਕ, ਮਾਲਾ, ਆਸਨ, ਮੂਰਤੀ, ਪੂਜਾ ਤੇ ਜਨੇਊ ਆਦਿ ਕੁਝ ਨਹੀਂ ਸਾਰ ਸਕਦੇ। ਇਹ ਸਭ ਫੋਕੇ ਭਰਮ ਹਨ। ਇਸ ਘੋਰ ਕਲਜੁਗ ਵਿਚ ਪ੍ਰਭੂ ਨੂੰ ਪਾਉਣ ਦਾ ਕੇਵਲ ਇਕੋ ਇਕ ਸਾਧਨ ਹੈ-ਨਾਮ ਦਾ ਸਿਮਰਨ ਕਰਨਾ। ਉਸ ਦੇ ਜਾਪ ਨਾਲ ਮਨੁੱਖ ਨਰਕਾਂ ਤੋਂ ਬਚ ਸਕਦਾ ਹੈ:

**ਨਾਉ ਤੇਰਾ ਨਿਰੰਕਾਰੁ ਹੈ ਨਾਇ ਲਇਐ ਨਰਕਿ ਨ ਜਾਈਐ॥**

ਉਸ ਦੇ ਨਾਮ ਬਿਨਾਂ ਹੋਰ ਕਿਸੇ ਭੇਖ ਦਾ ਕੋਈ ਲਾਭ ਨਹੀਂ ਹੈ:

**ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗੁ॥**

ਤੇ ਨਾਮ ਸਿਮਰਨ ਨਾਲ ਸਾਰੇ ਸੁਖ ਮਿਲ ਸਕਦੇ ਹਨ:

**ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮ੍ਾਲੀਐ॥**

ਗੁਰਮਤਿ ਵਿਚ ਭਗਤੀ ਨੂੰ ਵੀ ਵਿਸ਼ੇਸ਼ ਸਥਾਨ ਪ੍ਰਾਪਤ ਹੈ ਪਰ ਉਹ ਪ੍ਰੇਮ ਪ੍ਰਧਾਨ ਹੋਣੀ ਚਾਹੀਦੀ ਹੈ। ਭਗਤੀ ਲਈ ਮਨੁੱਖ ਦੇ ਮਨ ਵਿਚ ਪ੍ਰਭੂ ਦਾ ਭੈ ਹੋਵੇ 'ਨਾਨਕ ਜਿਨ ਮਨਿ ਭਾਉ ਤਿਨਾ ਮਨਿ ਭਾਉ' ਭਾਵ ਗੁਰੂ ਜੀ ਨੇ 'ਭਾਉ ਭਗਤੀ' ਉੱਤੇ ਜ਼ੋਰ ਦਿੱਤਾ ਹੈ ਤੇ ਇਸ ਖੇਤਰ ਵਿਚ ਨਿਮ੍ਰਤਾ ਨੂੰ ਅਵੱਸ਼ਕ ਮੰਨਿਆ ਹੈ:

**ਭਉ ਭਗਤਿ ਕਰਿ ਨੀਚੁ ਸਦਾਏ॥ ਤਉ ਨਾਨਕ ਮੋਖੰਤਰੁ ਪਾਏ॥**

ਜੇ ਸਾਧਕ ਬਿਨਾਂ ਕਿਸੇ ਇੱਛਾ ਦੇ ਸੇਵਾ ਕਰੇਗਾ ਤਾਂ ਉਸ ਨੂੰ ਅਵੱਸ਼ ਹੀ ਫਲ ਮਿਲੇਗਾ। ਆਪਣੇ ਆਪ ਨੂੰ ਗਵਾ ਕੇ ਹੀ ਮਾਣ ਪ੍ਰਾਪਤ ਕੀਤਾ ਜਾ ਸਕਦਾ ਹੈ:

**ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ॥**

ਉਪਰੰਤ ਗੁਰੂ ਨਾਨਕ ਨੇ ਪ੍ਰਭੂ ਪ੍ਰਾਪਤੀ ਲਈ ਮਨੁੱਖ ਦੇ ਚੰਗੇ ਆਚਾਰ ਜਾਂ ਵਿਵਹਾਰ ਭਾਵ ਨੈਤਿਕ ਗੁਣਾਂ ਉੱਤੇ ਜ਼ੋਰ ਦਿੱਤਾ ਹੈ। ਉਹਨਾਂ ਨੇ ਹਉਮੈ, ਛਲ,

ਕਪਟ ਤੇ ਈਰਖਾ ਨੂੰ ਨਿੰਦਦੇ ਹੋਏ ਸੰਤੋਖ, ਹੰਕਾਰ, ਨਿਮ੍ਰਤਾ, ਮੌਤ, ਇਸ਼ਕ, ਸੇਵਕ ਆਦਿ ਵਿਸ਼ਿਆਂ ਉੱਤੇ ਸੁਚੱਜਾ ਚਾਨਣਾ ਪਾਇਆ ਹੈ।

ਗੁਰੂ ਨਾਨਕ ਨੇ ਆਪਣੀ ਰਚਨਾ ਵਿਚ 'ਹਉਮੈ ਦਾ ਜ਼ਿਕਰ ਕਈ ਥਾਵਾਂ ਤੇ ਕੀਤਾ ਹੈ। ਉਹਨਾਂ ਦਾ ਵਿਚਾਰ ਹੈ ਕਿ ਹਉਮੈ ਹੀ ਇਨਸਾਨ ਨੂੰ ਪ੍ਰਭੂ ਤੋਂ ਵੱਖ ਕਰਦੀ ਹੈ ਜਿਸ ਕਾਰਣ ਉਹ ਬਾਰ-ਬਾਰ ਜਨਮ ਮਰਨ ਦੇ ਚੱਕਰ ਵਿਚ ਭਟਕਦਾ ਫਿਰਦਾ ਹੈ:

**ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥**

ਭਾਵੇਂ ਇਹ ਭਿਆਨਕ ਰੋਗ ਹੈ ਪਰੰਤੂ ਦਾਰੂ ਵੀ ਇਸ ਵਿਚ ਹੀ ਹੈ:

**ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥**

'ਆਸਾ ਦੀ ਵਾਰ' ਇਕ ਤਰ੍ਹਾਂ ਨਾਲ ਹਉਮੈ ਦੇ ਵਿਸ਼ੇ ਉੱਤੇ ਇਕ ਖੋਜ ਪੱਤਰ ਹੈ। ਗੁਰੂ ਜੀ ਨੇ ਸਪੱਸ਼ਟ ਕੀਤਾ ਹੈ ਕਿ ਇਸ ਦੇ ਤਿਆਗ ਨਾਲ ਮਨੁੱਖ ਪ੍ਰਭੂ ਨੂੰ ਪਾ ਸਕਦਾ ਹੈ। ਗੁਰੂ ਸਾਹਿਬ ਨੇ ਕਈ ਪ੍ਰਕਾਰ ਦੀ ਹਉਮੈ ਦੱਸੀ ਹੈ। ਉਹਨਾਂ ਅਨੁਸਾਰ ਕਈ ਲੋਕ ਗ੍ਰੰਥ ਤਾਂ ਭਾਵੇਂ ਬਹੁਤ ਪੜ੍ਹਦੇ ਹਨ ਪਰ ਉਹਨਾਂ ਦਾ ਮਨ ਉੱਕਾ ਨਹੀਂ ਕਰਦੇ। ਅਜੇਹੇ ਲੋਕ ਵਿੱਦਿਆ ਤੇ ਹੰਕਾਰ ਕਾਰਣ ਹਉਮੈ ਦਾ ਸ਼ਿਕਾਰ ਹੋ ਜਾਂਦੇ ਹਨ:

**ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥**
**ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥**

ਅੱਗੇ ਆਸਾ ਦੀ ਵਾਰ ਵਿਚ ਕਿਹਾ ਗਿਆ ਹੈ:

**ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥**

ਕਈ ਵਾਰ ਇਨਸਾਨ ਆਪਣੇ ਆਪ ਨੂੰ ਤਪੀ, ਜੋਗੀ, ਜਾਂ ਬ੍ਰਹਮ ਗਿਆਨੀ ਸਮਝ ਬੈਠਦਾ ਹੈ ਤੇ ਉਹ ਹਉਮੈ ਦਾ ਸ਼ਿਕਾਰ ਹੋ ਜਾਂਦਾ ਹੈ। ਇਸੇ ਤਰ੍ਹਾਂ ਹਉਮੈ ਦੇ ਹੋਰ ਰੂਪ ਹਨ, ਕਰਮ ਕਾਂਡਾਂ ਸੰਬੰਧੀ ਹਉਮੈ, ਜਾਤੀ ਦੀ ਉੱਚਤਾ ਦੀ ਹਉਮੈ, ਸਰੀਰ ਦੀ ਸੁੰਦਰਤਾ ਦੀ ਹਉਮੈ ਜਾਂ ਹੋਰ ਲੋਕ ਪੈਸੇ ਟਕੇ ਭਾਵ ਧਨ, ਸੰਪਤੀ ਕਰਕੇ ਵੀ ਹਉਮੈ ਦੇ ਭਾਗੀ ਹੋ ਜਾਂਦੇ ਹਨ। ਧਾਰਮਿਕ ਹਉਮੈ ਨੂੰ ਗੁਰੂ ਜੀ ਨੇ ਸਭ ਤੋਂ ਬਲਵਾਨ ਮੰਨਦੇ ਹੋਏ ਇਸ ਨੂੰ ਸਭ ਤੋਂ ਭਿਆਨਕ ਵੀ ਦੱਸਿਆ ਹੈ। ਇਸ ਵਿਚ ਫਸਿਆ ਮਨੁੱਖ ਸਾਧਾਰਨ ਮਨੁੱਖ ਤੋਂ ਵਧੇਰੇ ਪਾਪਾਂ ਦਾ ਭਾਗੀ ਹੋ ਜਾਂਦਾ ਹੈ।

ਸਪੱਸ਼ਟ ਹੈ ਕਿ ਹਉਮੈ ਮਨੁੱਖ ਨੂੰ ਪ੍ਰਭੂ ਦੇ ਨੇੜੇ ਨਹੀਂ ਹੋਣ ਦਿੰਦੀ। ਗੁਰੂ ਨਾਨਕ ਨੇ 'ਭਾਉ ਭਗਤੀ' ਹੀ ਪਰਮਾਤਮਾ ਦੇ ਮੇਲ ਦਾ ਇਕੋ ਇਕ ਸਾਧਨ ਜਾਂ ਵਸੀਲਾ ਦੱਸਿਆ ਹੈ।

ਗੁਰੂ ਜੀ ਅਨੁਸਾਰ ਹਉਮੈ ਦੀ ਨਿਵਿਰਤੀ ਦੇ ਸਾਧਨ ਭਗਤੀ ਨਿਮ੍ਰਤਾ ਤੇ ਸਦਾਚਾਰ ਹਨ:

**ਭਉ ਭਗਤਿ ਕਰਿ ਨੀਚੁ ਸਦਾਏ॥ ਤਉ ਨਾਨਕ ਮੋਖੰਤਰੁ ਪਾਏ॥**

ਇਸ ਤੋਂ ਬਿਨਾਂ 'ਜਦ ਤਕ ਜੀਵ ਇਸ ਮੇਰ ਤੇਰ ਵਿਚ ਪਇਆ ਰਹੇਗਾ, ਇਸ ਦਾ ਛੁਟਕਾਰਾ ਨਹੀਂ ਹੋਵੇਗਾ, ਫਲਸਰੂਪ ਕਦੀ ਨਰਕ ਵਿਚ ਜਾਵੇਗਾ ਤੇ ਕਦੀ ਸਵਰਗ ਵਿਚ ਜਾਏਗਾ। ਆਵਾਗਵਨ ਦੇ ਗੇੜ ਵਿਚ ਪਿਆ ਹੀ ਰਹੇਗਾ। ਸੰਸਾਰ ਦੇ ਸਾਰੇ ਝਗੜੇ ਇਸ ਖੁਦੀ ਤੇ ਵੱਖਰੀ ਹੋਂਦ ਕਾਰਣ ਹਨ7 :

**ਹਉ ਵਿਚਿ ਆਇਆ ਹਉ ਵਿਚਿ ਗਇਆ॥**
**ਹਉ ਵਿਚਿ ਨਰਕਿ ਸੁਰਗਿ ਅਵਤਾਰੁ॥**
**ਹਉ ਵਿਚਿ ਜਾਤੀ ਜਿਨਸੀ ਖੋਵੈ॥**
**ਹਉਮੈ ਬੂਝੈ ਤਾ ਦਰੁ ਸੂਝੈ॥**

ਗੁਰੂ ਨਾਨਕ ਨੇ ਇਸ ਰਚਨਾ ਵਿਚ ਸੰਤੋਖ ਦੀ ਮਹੱਤਾ ਪ੍ਰਗਟਾਉਂਦੇ ਹੋਏ ਕਿਹਾ ਹੈ ਕਿ ਇਸ ਰਾਹੀਂ ਸਾਰੇ ਦੁੱਖ ਦੂਰ ਹੋ ਜਾਂਦੇ ਹਨ ਤੇ ਪ੍ਰਭੂ ਮਿਲ ਜਾਂਦਾ ਹੈ:

**ਸੇਵ ਕੀਤੀ ਸੰਤੋਖੀਈਂ ਜਿਨੀ ਸਚੋ ਸਚੁ ਧਿਆਇਆ॥**

ਉਹਨਾਂ ਨੇ ਮਨੁੱਖ ਨੂੰ ਮੌਤ ਦਾ ਡਰ ਯਾਦ ਕਰਾਇਆ ਹੈ ਤੇ ਸਪੱਸ਼ਟ ਕੀਤਾ ਹੈ ਕਿ ਹਰ ਇਕ ਨੇ ਇਕ ਨਾ ਇਕ ਦਿਨ ਖ਼ਤਮ ਹੋ ਜਾਣਾ ਹੈ। ਇਸ ਲਈ ਇਥੋਂ ਦੀ ਮਾਇਆ ਨਾਲ ਮੋਹ ਪਾਉਣਾ ਵਿਅਰਥ ਹੈ। ਭਾਵ ਮੋਹ ਮਾਇਆ ਤੋਂ ਨਿਰਲੇਪ ਰਹਿਣਾ ਚਾਹੀਦਾ ਹੈ। ਗੁਰੂ ਜੀ ਲਿਖਦੇ ਹਨ:

**ਤੁਰੇ ਪਲਾਣੇ ਪਉਣ ਵੇਗ ਹਰ ਰੰਗੀ ਹਰਮ ਸਵਾਰਿਆ॥**
**ਕੋਠੇ ਮੰਡਪ ਮਾੜੀਆ ਲਾਇ ਬੈਠੇ ਕਰਿ ਪਾਸਾਰਿਆ॥**

ਇਸ ਤਰ੍ਹਾਂ ਉਹਨਾਂ ਨੇ ਸਾਰੇ ਸੰਸਾਰ ਨੂੰ ਕੂੜਾ ਕਿਹਾ ਹੈ। ਮੌਤ ਪਿਛੋਂ ਹਰ ਇਕ ਦੇ ਕਰਮਾਂ ਦਾ ਨਿਰਣਾ ਅਵੱਸ਼ ਹੀ ਹੋਣਾ ਹੈ। ਚੰਗੇ ਕਰਮਾਂ ਨੂੰ ਦਰਗਾਹ ਵਿਚ ਸਤਿਕਾਰ ਤੇ ਬੁਰੇ ਕਰਮਾਂ ਦੀ ਸਜ਼ਾ ਮਿਲਣੀ ਹੈ:

**ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ॥**
**ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ॥**

ਉਹ ਨੇਕੀ ਕਰਨ ਉੱਤੇ ਜ਼ੋਰ ਦਿੰਦੇ ਹੋਏ ਕਹਿੰਦੇ ਹਨ ਕਿ ਹਰ ਇਕ ਨੇ ਇਕ ਦਿਨ ਨਾਸ਼ ਹੋ ਜਾਣਾ ਹੈ ਭਾਵ ਹਰ ਇਕ ਨੇ ਇਸ ਦੁਨੀਆਂ ਨੂੰ ਛੱਡ ਜਾਣਾ ਹੈ ਤੇ ਉਸ ਨੇ ਇਥੇ ਹੀ ਸਭ ਕੁਝ ਛੱਡ ਮਰਨਾ ਹੈ। ਇਸ ਲਈ ਇਨਸਾਨ ਨੂੰ ਮੰਦੇ ਕੰਮਾਂ ਤੋਂ ਲਾਂਭੇ ਰਹਿਣਾ ਚਾਹੀਦਾ ਹੈ। ਉਹ ਸੁਚੇਤ ਕਰਦੇ ਹਨ ਕਿ ਅੱਗੇ ਹਰ ਇਕ ਨੂੰ ਚੰਗੇ ਮੰਦੇ ਕੰਮਾਂ ਦਾ ਫਲ ਮਿਲਣਾ ਹੈ। ਭਾਵ ਆਪੋ ਆਪਣਾ ਕੀਤਾ ਹਰ ਇਕ ਨੇ ਪਾਵਣਾ ਹੈ:

**ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ॥**
**ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ॥**

ਮਨ ਦੀ ਮੈਲ ਦੂਰ ਕਰਨ ਲਈ ਗੁਰੂ ਨਾਨਕ ਸੰਤ ਮਹਾਤਮਾਵਾਂ ਦੀ ਸੰਗਤ

ਨੂੰ ਯੋਗ ਮੰਨਦੇ ਹਨ। ਇਸ ਲਈ ਉਹਨਾਂ ਦੇ ਸਤਿਕਾਰ ਵਜੋਂ ਗੁਰੂ ਜੀ ਕਹਿੰਦੇ ਹਨ:

**ਦਾਨੁ ਮਹਿੰਡਾ ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ॥**
**ਜੇ ਹੋਵੈ ਪੂਰਬਿ ਲਿਖਿਆ ਤਾ ਧੂੜਿ ਤਿਨ੍ਾ ਦੀ ਪਾਈਐ॥**

ਗੁਰੂ ਨਾਨਕ ਸੰਸਾਰ ਵਿਚ ਸੁੱਖ ਜਾਂ ਦੁੱਖ ਦੀ ਕੋਈ ਕੀਮਤ ਨਹੀਂ ਮੰਨਦੇ। ਉਹਨਾਂ ਨੇ ਸੁਖ ਨੂੰ ਰੋਗ ਤੇ ਦੁੱਖ ਨੂੰ ਦਾਰੂ ਫ਼ੁਰਮਾਇਆ ਤੇ ਉਹਨਾਂ ਦੱਸਿਆ ਹੈ ਕਿ ਪ੍ਰਭੂ ਸਭ ਕੁਝ ਆਪੇ ਹੀ ਕਰਨ ਕਰਾਵਨ ਵਾਲਾ ਹੈ:

**ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ ॥**
**ਤੂੰ ਕਰਤਾ ਕਰਣਾ ਮੈ ਨਾਹੀ ਜਾ ਹਉ ਕਰੀ ਨ ਹੋਈ॥**

ਗੁਰੂ ਅੰਗਦ ਜੀ ਨੇ ਹਮ ਉਮਰ ਤੇ ਹਮ ਖ਼ਿਆਲ ਦੀ ਦੋਸਤੀ ਨੂੰ ਹੀ ਉੱਤਮ ਮੰਨਿਆ ਹੈ। ਉਹਨਾਂ ਅਨੁਸਾਰ ਅਜੇਹੀ ਦੋਸਤੀ ਹੀ ਪੁੱਗ ਸਕਦੀ ਹੈ। ਨਿੱਕੇ ਜਾਂ ਵੱਡਿਆਂ ਦੀ ਦੋਸਤੀ ਬਾਰੇ ਉਹ ਕਹਿੰਦੇ ਹਨ ਕਿ ਉਹ ਪਾਣੀ ਵਿਚ ਲੀਕ ਬਰਾਬਰ ਹੁੰਦੀ ਹੈ। ਉਹਨਾਂ ਦਾ ਅਸਲ ਭਾਵ ਇਹ ਹੈ ਕਿ ਮਾਲਕ ਨਾਲ ਬਰਾਬਰੀ ਨਹੀਂ ਪੁੱਗਦੀ। ਉਸ ਦੀ ਰਜ਼ਾ ਵਿਚ ਰਹਿਣਾ ਹੀ ਯੋਗ ਹੈ:

**ਨਾਲਿ ਇਆਣੇ ਦੋਸਤੀ ਵਡਾਰੂ ਸਿਉ ਨੇਹੁ॥**
**ਪਾਣੀ ਅੰਦਰਿ ਲੀਕ ਜਿਉ ਤਿਸ ਦਾ ਥਾਉ ਨ ਥੇਹੁ॥**
**ਚਾਕਰੁ ਲਗੈ ਚਾਕਰੀ ਜੇ ਚਲੈ ਖਸਮੈ ਭਾਇ॥**

ਗੁਰੂ ਨਾਨਕ ਅਹੰਕਾਰ ਤੋਂ ਬਚਣ ਲਈ ਜ਼ੋਰ ਦੇਂਦੇ ਹੋਏ ਨਿਮ੍ਰਤਾ ਦੇ ਗੁਣ ਨੂੰ ਧਾਰਣ ਕਰਨ ਉੱਤੇ ਬਲ ਦੇਂਦੇ ਹਨ:

**ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥**

ਤੇ ਫਿੱਕਾ ਬੋਲਣ ਨਾਲ ਉਹ ਫ਼ਰਮਾਉਂਦੇ ਹਨ ਤਨ ਮਨ ਫਿੱਕਾ ਹੋ ਜਾਂਦਾ ਹੈ:

**ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ॥**

ਗੁਰੂ ਜੀ ਦਾ ਵਿਚਾਰ ਹੈ ਕਿ ਜਿਹਾ ਕੋਈ ਕੰਮ ਕਰਦਾ ਹੈ ਤਿਹਾ ਹੀ ਉਸ ਨੂੰ ਫਲ ਮਿਲਦਾ ਹੈ। ਜ਼ਹਿਰ ਬੀਜਣ ਵਾਲੇ ਨੂੰ ਅੰਮ੍ਰਿਤ ਦੀ ਆਸ ਨਹੀਂ ਰੱਖਣੀ ਚਾਹੀਦੀ। ਭਾਵ ਮਨੁੱਖੀ ਸੋਚ ਅਨੁਸਾਰ ਹੀ ਫਲ ਪ੍ਰਦਾਨ ਹੁੰਦਾ ਹੈ। ਚੰਗੇ ਕੰਮਾਂ ਦਾ ਫਲ ਚੰਗਾਂ ਤੇ ਮਾੜਿਆਂ ਦਾ ਮਾੜਾ ਹੁੰਦਾ ਹੈ:

**ਜੋ ਜੀਇ ਹੋਇ ਸੁ ਉਗਵੈ ਮੁਹ ਕਾ ਕਹਿਆ ਵਾਉ॥**
**ਬੀਜੇ ਬਿਖੁ ਮੰਗੈ ਅੰਮ੍ਰਿਤੁ ਵੇਖਹੁ ਏਹੁ ਨਿਆਉ॥**

ਸੇਵਕ ਦਾ ਫ਼ਰਜ਼ ਫ਼ਰਮਾਉਂਦੇ ਹੋਏ ਉਹ ਕਹਿੰਦੇ ਹਨ ਕਿ ਸੇਵਕ ਦੀ ਆਪਣੇ ਮਾਲਕ ਨਾਲ ਬਰਾਬਰੀ ਨਹੀਂ ਜੱਚਦੀ। ਉਸ ਨੂੰ ਚਾਹੀਦਾ ਹੈ ਕਿ ਉਹ ਆਪਣੇ ਆਪ ਨੂੰ ਨੀਵਾਂ ਜਾਣ ਕੇ ਗੁਰੂ ਦੀ ਸੇਵਾ ਕਰੇ। ਸੇਵਕ ਦੀ ਸੇਵਕਾਈ ਤਦ ਹੀ

ਲਗ ਸਕਦੀ ਹੈ ਜੇ ਉਹ ਗੁਰੂ ਦੀ ਮੱਤ ਅਨੁਸਾਰ ਚੱਲੇ:

**ਚਾਕਰੁ ਲਗੈ ਚਾਕਰੀ ਜੇ ਚਲੈ ਖਸਮੈ ਭਾਇ॥**
**ਨਾਨਕ ਹੁਕਮੁ ਨ ਚਲਈ ਨਾਲਿ ਖਸਮ ਚਲੈ ਅਰਦਾਸਿ॥**

ਗੁਰਮਤਿ ਅਨੁਸਾਰ ਆਸਾ ਦੀ ਵਾਰ ਵਿਚ ਪ੍ਰਭੂ ਨੂੰ ਪ੍ਰਾਪਤ ਕਰਨ ਦਾ ਸਭ ਤੋਂ ਯੋਗ ਸਾਧਨ ਇਸ਼ਕ ਜਾਂ ਪਿਆਰ ਹੀ ਦੱਸਿਆ ਗਿਆ ਹੈ:

**ਏਹ ਕਿਨੇਹੀ ਚਾਕਰੀ ਜਿਤੁ ਭਉ ਖਸਮ ਨ ਜਾਇ॥**
**ਨਾਨਕ ਸੇਵਕੁ ਕਾਢੀਐ ਜਿ ਸੇਤੀ ਖਸਮ ਸਮਾਇ॥**

ਗੁਰੂ ਜੀ ਨੇ ਮਨ ਦੀ ਪਵਿੱਤ੍ਰਤਾ ਉੱਤੇ ਜ਼ੋਰ ਦਿੱਤਾ ਹੈ। ਉਹ ਫ਼ਰਮਾਉਂਦੇ ਹਨ ਕਿ ਜਿਹੜੇ ਲੋਕ ਇਸ਼ਨਾਨ ਕਰ ਕੇ ਇਹ ਸਮਝਣ ਲੱਗ ਪੈਂਦੇ ਹਨ ਕਿ ਉਹ ਸੁੱਚੇ ਹਨ, ਇਹ ਗ਼ਲਤ ਹੈ:

**ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ॥**
**ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ॥**

ਅਸਲ ਵਿਚ ਸੁੱਚੇ ਉਹ ਹੀ ਹੋ ਸਕਦੇ ਹਨ ਜਿਨ੍ਹਾਂ ਦੇ ਮਨ ਅੰਦਰ ਉਸ ਦਾ ਵਾਸਾ ਹੋ ਜਾਂਦਾ ਹੈ ਭਾਵ ਉਸ ਦਾ ਜਾਪ ਕਰਦੇ ਹਨ।

ਮਨਮੁਖਾਂ ਬਾਰੇ ਜ਼ਿਕਰ ਕਰਦੇ ਹੋਏ ਗੁਰੂ ਜੀ ਕਹਿੰਦੇ ਹਨ ਕਿ ਅਜਿਹੇ ਲੋਕਾਂ ਦਾ ਸੰਸਾਰ ਵਿਚ ਆਉਣ ਦਾ ਕੋਈ ਲਾਭ ਨਹੀਂ ਹੈ। ਉਹ ਲੋਕ ਇਸ ਤਰ੍ਹਾਂ ਆਪਣਾ ਅਜਾਈ ਹੀ ਜਨਮ ਗਵਾ ਲੈਂਦੇ ਹਨ:

**ਮੂਰਖ ਸਚੁ ਨ ਜਾਣਨੑੀ ਮਨਮੁਖੀ ਜਨਮੁ ਗਵਾਇਆ॥**
**ਵਿਚਿ ਦੁਨੀਆ ਕਾਹੇ ਆਇਆ॥**

ਗੁਰੂ ਜੀ ਨੇ ਕਿਹਾ ਹੈ ਕਿ ਮਨੁੱਖ ਨੂੰ ਸੰਸਾਰ ਵਿਚ ਚੰਗੇ ਕਰਮ ਕਰਨੇ ਚਾਹੀਦੇ ਹਨ ਤੇ ਹੰਕਾਰ ਨਹੀਂ ਕਰਨਾ ਚਾਹੀਦਾ, ਸਗੋਂ ਨਿਮ੍ਰ ਭਾਵ ਨਾਲ ਰਹਿਣਾ ਚਾਹੀਦਾ ਹੈ:

**ਜੇ ਲੋੜਹਿ ਚੰਗਾ ਆਪਣਾ ਕਰਿ ਪੁੰਨਹੁ ਨੀਚੁ ਸਦਾਈਐ॥**

ਇਸ ਤਰ੍ਹਾਂ ਗੁਰੂ ਨਾਨਕ ਮਨੁੱਖ ਦੀ ਅਧਿਆਤਮਿਕ ਉਨਤੀ ਲਈ ਉਸ ਦੇ ਨੈਤਿਕ ਜੀਵਨ ਵਿਚ ਸੁਧਾਰ ਕਰਨਾ ਲੋੜਦੇ ਹਨ। ਸਪੱਸ਼ਟ ਹੈ ਕਿ ਜਦ ਸਾਡਾ ਆਚਰਣ ਸੁੱਚਾ ਜਾਂ ਪਵਿੱਤ੍ਰ ਹੋ ਜਾਵੇਗਾ ਤਦ ਅਸੀਂ ਪ੍ਰਭੂ ਨੂੰ ਆਸਾਨੀ ਨਾਲ ਪ੍ਰਾਪਤ ਕਰ ਸਕਾਂਗੇ। ਕਿਉਂਕਿ 'ਵਾਰ ਆਸਾ' ਵਿਚ ਸਮਕਾਲੀਨ ਜੀਵਨ ਦੀ ਅਧੋਗਤੀ ਨੂੰ ਹਰ ਪੱਖ ਤੋਂ ਗੁਰੂ ਸਾਹਿਬ ਨੇ ਵੇਖਿਆ ਹੈ, ਇਸ ਲਈ, ਇਹ ਆਪ ਦੀਆਂ ਸਾਰੀਆਂ ਰਚਨਾਵਾਂ ਵਿਚੋਂ ਵੱਧ ਸੁਧਾਰਕ ਤੇ ਇਨਕਲਾਬੀ ਰਚਨਾ ਵੀ ਹੈ। ਆਪ ਨੇ ਹਰ ਗਿਰਾਵਟ ਵੱਲ ਧਿਆਨ ਦਿਵਾ ਕੇ ਸੁਤੇ ਸਿਧ ਹੀ ਉਸ ਦੇ ਸੁਧਾਰ ਲਈ ਪ੍ਰੇਰਨਾ ਦਿੱਤੀ ਹੈ। ਉਸ ਸੁਧਰੇ ਹੋਏ ਜੀਵਨ ਨੂੰ ਹੀ ਆਪ ਨੇ ਨਾਮ ਜੀਵਨ ਕਿਹਾ ਹੈ। ਇਹ ਵਾਰ ਉਤਮ ਧਰਮ ਦਾ ਸਿਧਾਂਤ ਪੇਸ਼ ਕਰਦੀ ਹੈ।8

# ਹਵਾਲੇ ਤੇ ਟਿੱਪਣੀਆਂ

1. ਰਤਨ ਸਿੰਘ ਜੱਗੀ, **ਵਿਚਾਰਧਾਰਾ**, ਪੰਨਾ 149.
2. ਕਾਲਾ ਸਿੰਘ ਬੇਦੀ, **ਵਾਰਕਾਰ ਗੁਰੂ ਨਾਨਕ,** ਪੰਨਾ 37.
3. **ਉਹੀ,** ਪੰਨਾ 28.
4. **ਫਰੀਦ ਦਰਸ਼ਨ,** ਪੰਨਾ 61
5. ਕਾਲਾ ਸਿੰਘ ਬੇਦੀ, **ਵਾਰਕਾਰ ਗੁਰੂ ਨਾਨਕ,** ਪੰਨਾ 4.
6. ਸੇਵਾ ਸਿੰਘ ਸੇਵਕ, **ਗੁਰਮਤਿ ਪ੍ਰਕਾਸ਼** (ਗੁਰੂ ਨਾਨਕ ਬਾਣੀ ਅੰਕ), ਸਤੰਬਰ 1969, ਪੰਨਾ 26.
7. ਕਾਲਾ ਸਿੰਘ ਬੇਦੀ, **ਵਾਰਕਾਰ ਗੁਰੂ ਨਾਨਕ,** ਪੰਨਾ 63.
8. ਤਾਰਨ ਸਿੰਘ, **ਗੁਰੂ ਨਾਨਕ ਚਿੰਤਨ ਤੇ ਕਲਾ,** ਪੰਨਾ 120.

# ਆਸਾ ਕੀ ਵਾਰ ਦਾ ਸਮਾਜਿਕ ਪੱਖ

**—ਡਾ. ਚਰਨਜੀਤ ਸਿੰਘ ਗੁਮਟਾਲਾ**

ਪੰਜਾਬ ਦੀ ਭੂਗੋਲਿਕ ਸਥਿਤੀ ਕੁੱਝ ਐਸੀ ਹੈ ਕਿ ਇੱਥੋਂ ਦੇ ਵਸਨੀਕਾਂ ਨੂੰ ਆਦਿ-ਕਾਲ ਤੋਂ ਹੀ ਬਾਹਰਲੇ ਹੱਲਿਆਂ ਦਾ ਸਾਹਮਣਾ ਕਰਨਾ ਪੈਂਦਾ ਰਿਹਾ ਹੈ। ਇਸ ਲਈ ਬਹਾਦਰਾਂ ਨੂੰ ਯੁੱਧ ਖੇਤਰ ਵਿੱਚ ਜੂਝਣ ਦੀ ਪ੍ਰੇਰਣਾ ਦੇਣ ਲਈ ਅਤੇ ਵੱਧ ਚੜ੍ਹ ਕੇ ਬੀਰਤਾ ਦਿਖਾਉਣ ਵਾਲਿਆਂ ਦਾ ਜੱਸ ਗਾਉਣ ਲਈ ਬੀਰ-ਰਸੀ ਕਵਿਤਾ ਰਚੀ ਜਾਂਦੀ ਰਹੀ ਹੈ। ਮੱਧ ਕਾਲ ਦੇ ਪੰਜਾਬੀ ਸਾਹਿਤ ਦਾ ਸ਼੍ਰੋਮਣੀ ਤੇ ਪ੍ਰਸਿੱਧ ਰੂਪ ਵਾਰ ਹੀ ਹੈ।[1] ਵਿਦਵਾਨਾਂ ਦੀ ਬਹੁ- ਗਿਣਤੀ ਜਿਨ੍ਹਾਂ ਵਿਚ ਭਾਈ ਕਾਨ੍ਹ ਸਿੰਘ ਨਾਭਾ ਵੀ ਸ਼ਾਮਲ ਹੈ ਇਸ ਦੀ ਉਤਪਤੀ ਸੰਸਕ੍ਰਿਤ ਦੇ 'ਵ੍ਰਿ' ਧਾਤੂ ਤੋਂ ਮੰਨਦੀ ਹੈ । ਉਨ੍ਹਾਂ ਨੇ ਇਸ ਦੇ 31 ਅਰਥ ਲਿਖੇ ਹਨ।[2]

ਸੰਸਕ੍ਰਿਤ-ਸ਼ਬਦਾਰਥ ਦੇ ਸੰਗ੍ਰਹਿ- ਕਰਤਾ ਨੇ ਸੰਸਕ੍ਰਿਤ ਦੇ ਇਸ ਧਾਤੂ ਦੇ ਅਰਥ ਇਸ ਪ੍ਰਕਾਰ ਦਿੱਤੇ ਹਨ—(1) ਚੁਣਨਾ, ਛਾਣਨਾ (2) ਵਿਆਹ ਕਰਵਾਉਣ ਲਈ, ਚੁਣ ਕੇ ਪਸੰਦ ਕਰਨਾ (3) ਯਾਚਨਾ ਕਰਨਾ, ਸੰਗਣਾ (4) ਢੱਕਣਾ, ਛੁਪਾਉਣਾ, ਪੜਦਾ ਪਾਉਣਾ, ਲਪੇਟਣਾ (5) ਘੂਰਨਾ (6) ਰੋਕਣਾ (7) ਬਚਾਉਣਾ (8) ਅੜਚਣ ਪਾਉਣਾ, ਵਿਰੋਧ ਕਰਨਾ।[3]

ਡਾ. ਗੰਡਾ ਸਿੰਘ ਵੀ ਆਪਣੀ ਪੁਸਤਕ ਪੰਜਾਬ ਦੀਆਂ ਵਾਰਾਂ ਵਿਚ ਵਾਰ ਦਾ ਮੁੱਢ ਸੰਸਕ੍ਰਿਤ ਦੇ 'ਵ੍ਰਿ' ਧਾਤੂ ਤੋਂ ਬਣਿਆ ਮੰਨਦੇ ਹਨ। ਉਨ੍ਹਾਂ ਨੇ ਵੀ ਵਾਰ ਦੇ ਕਈ ਅਰਥ ਦਿੱਤੇ ਹਨ।ਉਨ੍ਹਾਂ ਅਨੁਸਾਰ ਪੰਜਾਬੀ ਬੋਲੀ ਵਿੱਚ 'ਵਾਰ' ਸ਼ਬਦ ਅਨੇਕਾਂ ਅਰਥਾਂ ਵਿੱਚ ਆਇਆ ਹੈ ਜਿਵੇਂ ਕਿ ਵੈਰ ਕੱਢਣਾ, ਹੱਲਾ ਕਰਨਾ, ਸੱਟ ਮਾਰਨਾ (ਵਾਰ ਕਰਨਾ) ਯੁੱਧ-ਜੰਗ ਵਿੱਚ ਘੇਰਾ ਜਾਂ ਵਲਗਣ ਬਣਾਉਣਾ, ਰੋਕ ਪਾਉਣਾ, ਵਾੜ ਦੇਣਾ (ਵਾਰ ਮਾਰਨਾ), ਬਦਲਾ ਲੈਣਾ (ਵਾਰੀ ਲਾਹੁਣਾ), ਦਰਵਾਜ਼ਾ

---

1. ਪਰਮਿੰਦਰ ਸਿੰਘ, ਕਿਰਪਾਲ ਸਿੰਘ ਕਸੇਲ ਤੇ ਗੋਬਿੰਦ ਸਿੰਘ ਲਾਂਬਾ, **ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ**, ਪੰਨਾ 79.
2. ਵਿਸਥਾਰ ਲਈ ਵੇਖੋ, **ਗੁਰੁਸ਼ਬਦ ਰਤਨਾਕਰ ਮਹਾਨ-ਕੋਸ਼**, ਪੰਨਾ-1091.
3. ਹਰਦੇਵ ਸਿੰਘ ਸੱਚਰ, **ਵਾਰਕਾਰ ਗੁਰੂ ਨਾਨਕ**, ਪੰਨਾ 9.

ਭੇੜਨਾ (ਵਾਰ ਜਾਂ ਬਾਰ ਬੰਦ ਕਰਨਾ), ਕੁਰਬਾਨ ਜਾਂ ਨਿਛਾਵਰ ਕਰਨਾ (ਵਾਰਨਾ), ਬਾਰ, ਬਾਰੀ (ਕਈ ਤੇ ਕਿਤਨੀ ਵਾਰੀ), ਦਿਨ (ਸੋਮਵਾਰ, ਮੰਗਲਵਾਰ) ਆਦਿ [14]

ਡਾ. ਰਤਨ ਸਿੰਘ ਜੱਗੀ ਅਨੁਸਾਰ, ਵਾਰ ਦਾ ਅਰਥ ਹੈ—ਸਾਹਮਣਾ ਕਰਨਾ, ਪਿੱਛੇ ਧੱਕਣਾ, ਪਰ੍ਹੇ ਹਟਾਉਣਾ, ਰੋਕਣਾ। ਇਹ ਸੰਸਕ੍ਰਿਤ ਦੇ ਸ਼ਬਦ 'ਵਾਰਣ' ਦਾ ਪੰਜਾਬੀ ਤਦ-ਭਾਵ ਰੂਪ ਹੈ। 'ਵਾਰ' ਨੂੰ ਕਈ ਦੋਹਰਾਉ ਦੇ ਅਰਥਾਂ ਵਿੱਚ ਵੀ ਲੈਂਦੇ ਹਨ ਕਿਉਂਕਿ ਇਸ ਵਿੱਚ ਵਰਣਿਤ ਵਿਸ਼ੇ ਦਾ ਪ੍ਰਭਾਵ ਪਾਉਣ ਲਈ ਕਈ ਘਟਨਾਵਾਂ ਦਾ ਵਾਰ ਵਾਰ ਜ਼ਿਕਰ ਆਉਂਦਾ ਹੈ। ਕਈਆਂ ਦਾ ਮਤ ਹੈ ਕਿ ਢਾਡੀ ਆਪਣੇ ਆਸਰਾਦਾਤਿਆਂ ਦੇ 'ਬਾਰਾਂ' (ਦਰਵਾਜ਼ਿਆਂ) 'ਤੇ ਜਾ ਕੇ ਉਨ੍ਹਾਂ ਦੀ ਸਿਫ਼ਤ ਕਰਦੇ ਸਨ, ਇਸ ਲਈ ਅਜੇਹਾ ਕਾਵਿ ਰੂਪ ਜਿਹੜਾ ਆਪਣੇ ਵਿੱਚ ਕਿਸੇ ਦੀ ਸਿਫ਼ਤ ਰੱਖੇ ਅਤੇ ਉਹ ਸਿਫ਼ਤ ਅਧਿਕਤਰ ਜੰਗ ਸੰਬੰਧੀ ਹੋਵੇ, 'ਵਾਰ' ਅਖਵਾਉਣ ਲੱਗ ਪਿਆ [15]

ਡਾ. ਜੱਗੀ ਅੱਗੇ ਲਿਖਦੇ ਹਨ ਕਿ 'ਵਾਰ' ਸ਼ਬਦ ਆਪਣੇ ਆਪ ਵਿੱਚ ਵਿਆਪਕ ਅਰਥ ਰੱਖਦਾ ਹੈ, ਕਿਸੇ ਬੰਧਨ ਅਧੀਨ ਨਹੀਂ। ਸਮੁੱਚੇ ਤੌਰ 'ਤੇ ਵਾਰ ਦਾ ਅਰਥ ਇਹ ਹੀ ਕੱਢਿਆ ਜਾ ਸਕਦਾ ਹੈ ਕਿ ਉਹ ਵਾਰਤਾ ਜੋ ਆਪਣੇ ਵਿੱਚ ਕਿਸੇ ਹੱਲੇ ਜਾਂ ਟੱਕਰ ਦਾ ਜ਼ਿਕਰ ਰੱਖਦੀ ਹੋਵੇ ਅਤੇ ਪਾਠਕਾਂ ਜਾਂ ਸਰੋਤਿਆਂ ਨੂੰ ਉਤਸ਼ਾਹਿਤ ਕਰੇ, ਪੰਜਾਬੀ ਕਾਵਿ-ਰੂਪ 'ਵਾਰ' ਹੈ। ਜੰਗ ਸਬੰਧੀ ਲਿਖੀਆਂ ਗਈਆਂ ਵਾਰਾਂ ਆਪਣੇ ਅੰਦਰ ਸਥੂਲ ਪੱਖ ਦੀ ਟੱਕਰ ਰੱਖਦੀਆਂ ਹਨ ਅਤੇ ਅਧਿਆਤਮਿਕ ਵਾਰਾਂ ਵਿੱਚ ਸੂਖ਼ਮ ਭਾਵਨਾਵਾਂ ਦੀ ਟੱਕਰ ਦਾ ਜ਼ਿਕਰ ਆਉਂਦਾ ਹੈ [16]

ਵਾਰ ਬਾਹਰ-ਮੁੱਖੀ ਕਵਿਤਾ ਦਾ ਇੱਕ ਰੂਪ ਹੈ ਤੇ ਬੀਰ-ਰਸ ਇਸਦਾ ਉਚੇਚਾ ਪ੍ਰਭਾਵ। ਇਸ ਵਿੱਚ ਕਿਸੇ ਯੋਧੇ ਦੀ ਬੀਰਤਾ ਤੇ ਬਿਆਨ ਦਾ ਜੱਸ ਹੁੰਦਾ ਹੈ। ਯੁੱਧ ਦਾ ਬ੍ਰਿਤਾਂਤ ਬੀਰਤਾ ਭਰਿਆ ਵਾਯੂ-ਮੰਡਲ ਤੇ ਨਾਇਕ ਦੀ ਬਹਾਦਰੀ ਦੀ ਪ੍ਰਸੰਸਾ ਕਰਕੇ, ਉਸ ਦੀ ਸ਼ਖ਼ਸੀਅਤ ਨੂੰ ਨਾਟਕੀ ਹੁਨਰ ਰਾਹੀਂ ਉਘਾੜਨਾ, ਇਸ ਦੇ ਵਿਸ਼ੇਸ਼ ਲੱਛਣ ਹਨ। ਪਰ ਬਹਾਦਰੀ ਜੱਸ ਦੀ ਪਾਤਰ ਜ਼ਰੂਰ ਹੋਵੇ। ਆਮ ਤੌਰ 'ਤੇ ਲੋਕਾਂ ਵਿੱਚ ਵਾਰ ਨੂੰ ਗਾ ਕੇ ਪੜ੍ਹਨ ਦਾ ਮਨੋਰਥ ਦੋ ਪ੍ਰਕਾਰ ਦਾ ਹੀ ਸੀ। ਇੱਕ ਲੋਕਾਂ ਦਾ ਦਿਲ ਪ੍ਰਚਾਵਾ ਕਰਨਾ ਅਤੇ ਸਰਦਾਰਾਂ ਦੀਆਂ ਵਾਰਾਂ ਬਣਾ ਕੇ ਉਨ੍ਹਾਂ ਤੋਂ ਇਨਾਮ ਪ੍ਰਾਪਤ ਕਰਨਾ। ਦੂਜਾ, ਯੋਧਿਆਂ ਦੇ ਕਾਰਨਾਮੇ ਸੁਣਾ ਕੇ ਲੋਕਾਂ ਵਿੱਚ ਬੀਰ-ਰਸ ਆਤਮਾ ਨੂੰ ਜਗਾਉਣਾ ਤੇ ਜਬਰ ਵਿਰੁੱਧ ਡੱਟ ਕੇ ਜੂਝ ਮਰਨ ਦੀ ਪ੍ਰੇਰਨਾ ਦੇਣੀ [17]

ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ 22 ਵਾਰਾਂ ਵਿੱਚੋਂ 9 ਵਾਰਾਂ ਅਜਿਹੀਆਂ ਹਨ,

---

4. **ਉਹੀ**, ਪੰਨਾ 10.
5. **ਵਿਚਾਰਧਾਰਾ**, ਪੰਨੇ 173-174.
6. **ਉਹੀ**, ਪੰਨਾ 174.
7. ਡਾ. ਪਰਮਿੰਦਰ ਸਿੰਘ, ਪ੍ਰੋ: ਕਿਰਪਾਲ ਸਿੰਘ ਕਸੇਲ ਤੇ ਡਾ. ਗੋਬਿੰਦ ਸਿੰਘ ਲਾਂਬਾ, **ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ**, ਪੰਨਾ 77.

ਜਿਨ੍ਹਾਂ ਨੂੰ ਵਾਰਾਂ ਦੀਆਂ ਧਾਰਨਾਵਾਂ ਉੱਤੇ ਗਾਉਣ ਦਾ ਉਪਦੇਸ਼ ਦਿੱਤਾ ਗਿਆ ਹੈ ਜਿਵੇਂ ਮਾਝ, ਆਸਾ ਤੇ ਮਲਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ, ਗੁਜਰੀ ਤੇ ਰਾਮਕਲੀ ਸ੍ਰੀ ਗੁਰੂ ਅਮਰਦਾਸ ਜੀ ਦੀਆਂ, ਵਡਹੰਸ, ਸਾਰੰਗ ਤੇ ਕਾਨੜਾ ਸ੍ਰੀ ਗੁਰੂ ਰਾਮਦਾਸ ਜੀ ਦੀਆਂ, ਗਉੜੀ ਦੀ ਵਾਰ ਸ੍ਰੀ ਗੁਰੂ ਅਰਜਨ ਦੇਵ ਜੀ ਦੀ [8]

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਧਿਆਤਮਿਕ ਵਾਰਾਂ ਲਿਖਣ ਦੀ ਪਿਰਤ ਪਾਈ। ਉਨ੍ਹਾਂ ਨੇ ਤਿੰਨ ਵਾਰਾਂ ਮਲਾਰ ਦੀ ਵਾਰ, ਮਾਝ ਦੀ ਵਾਰ ਅਤੇ ਆਸਾ ਕੀ ਵਾਰ ਲਿਖੀਆਂ। ਇਨ੍ਹਾਂ ਵਿੱਚੋਂ ਸਭ ਤੋਂ ਵੱਧ ਆਸਾ ਕੀ ਵਾਰ ਹੈ, ਜਿਸ ਦਾ ਪਾਠ ਸਵੇਰੇ ਸਵੇਰ ਸਭ ਗੁਰਦੁਆਰਿਆਂ ਵਿੱਚ ਗਾਇਣ ਕੀਤਾ ਜਾਂਦਾ ਹੈ। ਸਿੱਖ ਧਰਮ ਵਿਸ਼ਵਕੋਸ਼ ਅਨੁਸਾਰ, ਗੁਰੂ ਗ੍ਰੰਥ ਸਾਹਿਬ ਤਤਕਰੇ ਵਿੱਚ 'ਆਸਾ ਕੀ ਵਾਰ' ਦਰਜ ਹੈ ਜਿਸਦਾ ਸ਼ਬਦੀ ਅਰਥ ਹੈ ਆਸਾ ਰਾਗ ਵਿੱਚ ਇੱਕ ਵਾਰ। ਆਸਾ, ਸੂਰਜ ਚੜ੍ਹਨ ਤੋਂ ਪਹਿਲਾਂ ਦੇ ਸਮੇਂ ਦਾ ਰਾਗ ਹੈ ਅਤੇ ਇਸ ਵਾਰ ਨੂੰ ਅੰਮ੍ਰਿਤ ਗਾਇਨ ਦੀ ਪ੍ਰੰਪਰਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਮੰਨੀ ਜਾਂਦੀ ਹੈ। ਇਹ ਕਿਹਾ ਜਾਂਦਾ ਹੈ ਕਿ ਭਾਈ ਲਹਿਣਾ ਜੀ (ਮਗਰੋਂ ਸ੍ਰੀ ਗੁਰੂ ਅੰਗਦ ਦੇਵ ਜੀ) ਪਹਿਲੇ ਵਿਅਕਤੀ ਸਨ ਜਿਨ੍ਹਾਂ ਨੇ ਇਸ ਦਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹਾਜ਼ਰੀ ਵਿੱਚ ਗਾਇਨ ਕੀਤਾ। ਉਸ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਚੌਂਵੀ ਪਉੜੀਆਂ ਸਨ ਅਤੇ ਜਦੋਂ ਇਸ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਕੀਤਾ ਗਿਆ ਸੀ ਤਾਂ ਜਿਵੇਂ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਿਰਲੇਖ ਵਿੱਚ ਦਿੱਤਾ ਹੈ ਕਿ ਕੁੱਝ ਸਲੋਕ ਵੀ ਮਹਲੇ ਪਹਿਲੇ ਕੇ (ਸ੍ਰੀ ਗੁਰੂ ਨਾਨਕ ਦੇਵ ਜੀ) ਦੇ ਲਿਖੇ ਸਨ। ਇਸ ਦੇ ਵਰਤਮਾਨ ਰੂਪ ਵਿੱਚ ਚੌਂਵੀ ਪਾਉੜੀਆਂ ਅਤੇ ਕੁੱਲ ਉਨਾਹਠ ਸਲੋਕ ਹਨ, ਜਿਨ੍ਹਾਂ ਵਿੱਚੋਂ 44 ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਅਤੇ 15 ਸ੍ਰੀ ਗੁਰੂ ਅੰਗਦ ਦੇਵ ਜੀ ਦੁਆਰਾ ਰਚੇ ਗਏ ਹਨ। ਇਸ ਦਾ ਗਾਇਨ ਕਰਨ ਸਮੇਂ ਰਾਗੀ ਸਿੰਘ ਸਲੋਕਾਂ ਤੋਂ ਪਹਿਲਾਂ ਸ੍ਰੀ ਗੁਰੂ ਰਾਮਦਾਸ ਜੀ ਦੇ ਚਾਰ ਪੰਕਤੀਆਂ ਵਾਲੇ ਸਲੋਕ ਪੜ੍ਹਦੇ ਹਨ ਜੋ ਕਿ ਵੱਖਰੇ ਤੌਰ 'ਤੇ ਰਾਗ ਆਸਾ ਵਿੱਚ ਦਰਜ ਹਨ ਅਤੇ ਜਿਨ੍ਹਾਂ ਨੂੰ ਛਕੇ ਕਿਹਾ ਜਾਂਦਾ ਹੈ। ਇਸ ਸਭ ਦੇ ਗਾਇਨ ਦੇ ਵਿਚਕਾਰ ਪ੍ਰਮਾਣਾਂ ਵਜੋਂ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਸ਼ਬਦਾਂ ਦਾ ਭਾਈ ਗੁਰਦਾਸ ਜੀ ਅਤੇ ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ ਵਿੱਚੋਂ ਵੀ ਸ਼ਬਦ ਗਾਇਨ ਕਰਦੇ ਹਨ। ਵਾਰ ਦੇ ਆਰੰਭ ਵਿੱਚ ਸ੍ਰੀ ਗੁਰੂ ਅਰਜਨ ਦੇਵ ਦੁਆਰਾ ਅੰਕਿਤ ਕੀਤੀ ਗਈ ਸੰਗੀਤਕ ਹਿਦਾਇਤ ਅਨੁਸਰ ਇਹ ਬਾਣੀ ਇੱਕ ਪੁਰਾਤਨ ਲੋਕ ਵਾਰ ਦੀ ਧੁਨੀ 'ਤੇ ਗਾਇਨ ਕਰਨ ਲਈ ਹੈ, ਜਿਸਦਾ ਨਾਇਕ ਇੱਕ ਸ਼ਹਿਜ਼ਾਦਾ ਸੀ, ਜਿਸਦਾ ਨਾਂ (ਹੱਥ ਵੱਢਿਆ ਹੋਣ ਕਰਕੇ) ਟੁੰਡਾ ਅਸਰਾਜ ਸੀ [9]

---

8. **ਉਹੀ,** ਪੰਨਾ 78.
9. ਪੰਨਾ 204.

## ਪਉੜੀ ਤੇ ਸਲੋਕ

ਸੱਤੇ ਬਲਵੰਡ ਦੀ ਵਾਰ ਤੋਂ ਸਿਵਾਏ ਬਾਕੀ ਸਭ ਵਾਰਾਂ ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ ਜਿਨ੍ਹਾਂ ਵਿੱਚੋਂ ਸ੍ਰੀ ਗੁਰੂ ਨਾਨਕ ਦੇਵ ਜੀ ਰਚਿਤ ਆਸਾ ਕੀ ਵਾਰ ਵਿਸ਼ੇਸ਼ ਪਦਵੀ ਰੱਖਦੀ ਹੈ, ਹੋਰ ਕਵੀਆਂ ਦੀਆਂ ਵਾਰਾਂ ਨਾਲੋਂ ਭਿੰਨ ਹਨ ਕਿ ਇਨ੍ਹਾਂ ਵਿੱਚ ਪਉੜੀਆਂ ਦੇ ਨਾਲ ਸਲੋਕ ਸ਼ਾਮਲ ਕੀਤੇ ਗਏ ਹਨ, ਜਿਸ ਨਾਲ ਉਹ ਭੁਲੇਖਾ ਪੈਣ ਦੀ ਸੰਭਾਵਨਾ ਹੈ ਕਿ ਵਾਰ ਦੀ ਬਣਤਰ ਵਿੱਚ ਪਉੜੀਆਂ ਅਤੇ ਸਲੋਕ ਦੋਵਾਂ ਦੀ ਆਵਸ਼ੱਕਤਾ ਹੈ। ਇਹ ਵੀ ਨਿਰਣਾ ਕਰਨ ਦੀ ਲੋੜ ਹੈ ਕਿ ਪਉੜੀਆਂ ਦੇ ਨਾਲ ਸਲੋਕ ਕਿਉਂ ਤੇ ਕਦੋਂ ਸ਼ਾਮਲ ਕੀਤੇ ਗਏ ।ਇਸ ਸਬੰਧੀ ਪ੍ਰੋ. ਦੀਵਾਨ ਸਿੰਘ ਨੇ ਬੜੇ ਵਿਸਥਾਰ ਨਾਲ ਚਾਨਣਾ ਪਾਇਆ ਹੈ ।[10]

ਹਰ ਵਾਰ ਵਿੱਚ ਪਉੜੀਆਂ ਦੀ ਵਰਤੋਂ ਏਸ ਹੱਦ ਤੱਕ ਜ਼ਰੂਰੀ ਮੰਨੀ ਗਈ ਹੈ ਕਿ ਵਾਰ ਤੇ ਪਉੜੀ ਸਮਾਨਅਰਥਕ ਸ਼ਬਦ ਬਣ ਗਏ ਹਨ। ਵਾਰ ਦੇ ਛੰਦ ਵਿੱਚ ਜਿੱਥੇ ਪਉੜੀ ਦੀ ਵਰਤੋਂ ਏਨੀ ਜ਼ਰੂਰੀ ਹੈ, ਉੱਥੇ ਸਲੋਕ ਦੀ ਵਾਰ ਦੀ ਤਕਨੀਕ ਨਾਲ ਕੋਈ ਸੰਬੰਧ ਨਹੀਂ ਹੁੰਦਾ ਪਰ ਇਹ ਇੱਕ ਇਤਿਹਾਸਿਕ ਤੱਥ ਹੈ ਕਿ ਵਾਰ ਦੀ ਬਣਤਰ ਤੋਂ ਤਕਨੀਕ ਵਿੱਚ ਪਉੜੀ ਤੇ ਸਲੋਕ ਨੂੰ ਆਪਸ ਵਿੱਚ ਇੱਕ ਸਮੇਂ ਜੋੜ ਦਿੱਤਾ ਗਿਆ। ਇਹ ਕਾਵਿ-ਕਲਾ ਤੇ ਕਾਵਿ-ਰੂਪ ਦੀ ਅਦੁੱਤੀ ਕਾਢ ਗੁਰਮਤਿ ਦੇ ਮਹਾਨ ਸਾਹਿਤਕਾਰ ਤੇ ਕਵੀ ਸ੍ਰੀ ਗੁਰੂ ਅਰਜਨ ਦੇਵ ਦੇ ਹੱਥੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵੇਲੇ 1604 ਈ: ਵਿੱਚ ਹੋਂਦ ਵਿੱਚ ਆਈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀਆਂ ਅਤੇ ਪਹਿਲੇ, ਤੀਜੇ ਅਤੇ ਚੌਥੇ ਗੁਰੂ ਸਾਹਿਬਾਨ ਦੀਆਂ

ਵਾਰਾਂ ਵਿੱਚ ਹਰ ਵਾਰ ਦੀ ਪਉੜੀ ਤੋਂ ਪਹਿਲਾਂ, ਇਕ ਜਾਂ ਦੋ ਸਲੋਕ ਵਧਾ ਦਿੱਤੇ। ਵਾਰ ਦੇ ਸਿਰਲੇਖ ਵਿੱਚ ਵੀ ਕਈ ਥਾਂ ਇਹ ਸਪਸ਼ਟ ਕਰ ਦਿੱਤਾ ਗਿਆ ਕਿ ਸਲੋਕ ਵੀ ਓਸੇ ਗੁਰੂ-ਵਿਅਕਤੀ ਦੇ ਹੀ ਵਧਾਏ ਹਨ ਜਿਨ੍ਹਾਂ ਨੇ ਕਿ ਇਹ ਵਾਰ ਰਚੀ ਹੈ। ਉਦਾਹਰਨ ਵਜੋਂ ਆਸਾ ਕੀ ਵਾਰ ਰਚਿਤ ਸ੍ਰੀ ਗੁਰੂ ਨਾਨਕ ਸਾਹਿਬ

ਦਾ ਸਿਰਲੇਖ ਇਸ ਪ੍ਰਕਾਰ ਦਿੱਤਾ ਹੈ : ਆਸਾ ਮਹਲਾ ੧ ॥ ਵਾਰ ਸਲੋਕਾ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ ਟੁੰਡੇ ਅਸ ਰਾਜੈ ਕੀ ਧੁਨੀ ॥

ਸਲੋਕ ਪਉੜੀਆਂ ਤੋਂ ਪਹਿਲੇ ਦੇਣ ਨਾਲ ਇਹ ਸਲੋਕ ਇੱਕ ਤਰ੍ਹਾਂ ਪਉੜੀ ਦੀ ਭੂਮਿਕਾ ਜਾਂ ਵਿਆਖਿਆ ਦਾ ਕੰਮ ਦੇਂਦੇ ਹਨ। ਇਨ੍ਹਾਂ ਸਲੋਕਾਂ ਦੀ ਸਮੁੱਚੀ ਗਿਣਤੀ ਨਹੀਂ ਕੀਤੀ ਗਈ, ਕੇਵਲ ਗੁਰੂਵਿਅਕਤੀ ਦੀ ਪਛਾਣ ਲਈ ਸਲੋਕ ਦੇ ਆਰੰਭ ਵਿੱਚ ਮਹਲਾ ੧ ਜਾਂ ਮਹਲਾ ੨ ਆਦਿ ਵਧਾ ਦਿੱਤੇ ਗਏ ਹਨ। ਹਾਂ, ਪਉੜੀਆਂ ਦੀ ਗਿਣਤੀ ਜ਼ਰੂਰ ਕ੍ਰਮਵਾਰ ਦੇ ਦਿੱਤੀ ਹੈ, ਜਿਸ ਤੋਂ ਸਾਫ਼ ਸਿੱਧ ਹੋ ਜਾਂਦਾ ਹੈ ਕਿ

---

10 ਪ੍ਰੋ. ਬਿਕਰਮ ਸਿੰਘ ਘੁੰਮਣ, **ਆਸਾ ਦੀ ਵਾਰ, ਬਾਣੀ ਚਿੰਤਨ ਤੇ ਵਿਚਾਰ**, ਪੰਨੇ v-vi.

ਵਾਰ ਦੀ ਅਸਲੀ ਵਸਤੂ ਪਉੜੀ ਹੈ ਸਲੋਕ ਨਹੀਂ। ਸਲੋਕ ਤਾਂ ਕੇਵਲ ਕਿਸੇ ਲੋੜ ਅਨੁਸਾਰ ਵਧਾਏ ਹੋਏ ਹਨ। ਨਾ ਉਹ ਪਉੜੀ ਦੇ ਆਸ਼ੇ ਨੂੰ ਬਦਲ ਸਕਦੇ ਹਨ, ਨਾ ਹੀ ਪਉੜੀ ਦੀ ਥਾਂ ਲੈ ਸਕਦੇ ਹਨ। ਜਿੱਥੇ ਪਉੜੀ ਦਾ ਅੰਕ ਦਰਜ ਹੈ, ਉੱਥੋਂ ਇੱਕ ਤਰ੍ਹਾਂ ਸਲੋਕਾਂ ਦੇ ਰੂਪ ਵਿੱਚ ਨਵੀਂ ਪਉੜੀ ਸ਼ੁਰੂ ਹੋ ਜਾਂਦੀ ਹੈ। ਹਰ ਵਾਰ ਦੀ ਪਹਿਲੀ ਪਉੜੀ ਤਾਂ ਉਂਜ ਹੀ ਸਲੋਕਾਂ ਤੋਂ ਸ਼ੁਰੂ ਕੀਤੀ ਗਈ ਹੈ।ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀਆਂ ਵਾਰਾਂ ਦਾ ਪਾਠ ਕਰਨ ਲਈ (ਖ਼ਾਸ ਕਰਕੇ 'ਵਾਕ' ਲੈਣ ਲਈ) ਉੱਪਰ ਲਿਖੀ ਗੱਲ ਦਾ ਧਿਆਨ ਰੱਖਣਾ ਜ਼ਰੂਰੀ ਹੈ, ਕਿ ਪਾਠ ਵਾਰ ਦੇ ਵਿਚਕਾਰ ਸਲੋਕ ਤੋਂ ਸ਼ੁਰੂ ਕਰਨਾ ਹੈ ਨਾ ਕਿ ਪਉੜੀ ਤੋਂ। ਦੂਜੇ ਸ਼ਬਦਾਂ ਵਿੱਚ ਵਾਰ ਦਾ ਪਾਠ ਹਰ ਸੂਰਤ ਸਲੋਕ ਤੋਂ ਸ਼ੁਰੂ ਕਰਨਾ ਹੈ ਤੇ ਪਉੜੀ ਤੇ ਖ਼ਤਮ ਕਰਨਾ ਹੈ। ਸ੍ਰੀ ਗੁਰੂ ਅਰਜਨ ਸਾਹਿਬ ਅਗੰਮੀ ਪੁਰਸ਼ ਸਨ। ਵਾਰ ਦੇ ਨਾਲ ਸਲੋਕ ਵਧਾਉਣ ਦਾ ਉਨ੍ਹਾਂ ਦਾ ਆਸ਼ਾ ਉਹ ਆਪ ਹੀ ਜਾਣਦੇ ਸਨ, ਕਿਸੇ ਦੀ ਕੁੱਝ ਕਹਿਣ ਦੀ ਸਮਰੱਥਾ ਨਹੀਂ ਹੋ ਸਕਦੀ। ਫਿਰ ਵੀ ਅਨੁਮਾਨ ਇਹ ਜਾਪਦਾ ਹੈ ਕਿ ਗੁਰੂ ਸਾਹਿਬ ਨੇ ਦੋ ਗੱਲਾਂ ਨੂੰ ਮੁੱਖ ਰੱਖ ਕੇ ਅਜਿਹਾ ਕੀਤਾ ਹੋਵੇਗਾ। ਪਹਿਲੀ ਗੱਲ ਇਹ ਕਿ ਵਾਰਾਂ ਰਚਨ ਦਾ ਮੁੱਢਲਾ ਆਸ਼ਾ ਗੁਰਮਤਿ ਪ੍ਰਚਾਰ ਦਾ ਸੀ। ਇਸ ਲਈ ਪ੍ਰਚਾਰ ਜਾਂ ਉਪਦੇਸ਼ ਨੂੰ ਮੁੱਖ ਰੱਖ ਕੇ ਵਾਰਾਂ ਦੀਆਂ ਪਉੜੀਆਂ ਦੇ ਨਾਲ ਸ਼ਲੋਕ ਵਧਾਏ ਗਏ ਹੋਣਗੇ ਤਾਂ ਜੋ ਸਿੱਖ ਸੰਗਤ ਨੂੰ ਉਪਦੇਸ਼ ਵਜੋਂ ਭਰਪੂਰ ਤੇ ਬਹੁ-ਪੱਖੀ ਸਿੱਖਿਆ ਤੇ ਉਹ ਵੀ ਕੀਰਤਨ ਦੇ ਰੰਗ-ਢੰਗ ਵਿੱਚ ਪ੍ਰਾਪਤ ਹੋ ਜਾਵੇ।

ਦੂਜਾ ਅਨੁਮਾਨ ਇਹ ਹੋ ਸਕਦਾ ਹੈ ਕਿ ਗੁਰੂ ਸਾਹਿਬਾਨ ਆਪਣੇ ਜੀਵਨ ਦੇ ਸਾਧਾਰਨ ਤੇ ਵਿਸ਼ੇਸ਼ ਅਵਸਰਾਂ ਤੇ ਪ੍ਰਸੰਗ ਵਜੋਂ 'ਪਰਥਾਇ ਸਾਖੀ ਮਹਾਂਪੁਰਖ ਬੋਲਦੇ' ਅਨੁਸਾਰ ਜੋ ਵਿਚਾਰ ਪ੍ਰਗਟ ਕਰਦੇ ਸਨ ਉਹ ਸਲੋਕਾਂ ਦੇ ਰੂਪ ਵਿੱਚ ਹੀ ਹੁੰਦਾ ਸੀ, ਕਿਉਂਕਿ ਸਲੋਕ ਪੁਰਾਤਨ ਸਮਿਆਂ ਤੋਂ ਪ੍ਰਚਲਿਤ ਇੱਕ ਛੋਟੇ ਆਕਾਰ ਦੀ (ਦੋ ਤੋਂ ਲੈ ਕੇ ਕੁੱਝ ਤੁੱਕਾਂ ਵਿੱਚ ਸੀਮਤ) ਕਵਿਤਾ ਹੁੰਦੀ ਸੀ। ਅਜਿਹੇ ਸਲੋਕਾਂ ਦੀ ਬਹੁਤ ਭਾਰੀ ਗਿਣਤੀ ਗੁਰੂ ਸਾਹਿਬਾਨ ਦੇ ਜੀਵਨ ਵਿੱਚ ਸਹਿਜ ਸੁਭਾਅ ਹੀ ਰਚੀ ਹੋਈ ਇਕੱਠੀ ਹੋ ਗਈ ਸੀ ਜਿਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵੇਲੇ ਸ੍ਰੀ ਗੁਰੂ ਅਰਜਨ ਸਾਹਿਬ ਨੇ ਇੱਕ ਥਾਂ ਇਕੱਠੀ ਦਰਜ ਕਰਨ ਦੀ ਥਾਂ ਵਾਰਾਂ ਦੇ ਨਾਲ ਸ਼ਾਮਲ ਕਰ ਦਿੱਤਾ ਅਤੇ ਜੋ ਸਲੋਕ ਵਾਰਾਂ ਤੋਂ ਵੱਧ ਗਏ ਉਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਅੰਤ ਵਿੱਚ 'ਸਲੋਕ ਵਾਰਾਂ ਤੇ ਵਧੀਕ' ਸਿਰਲੇਖ ਹੇਠ ਦਰਜ ਕਰ ਦਿੱਤਾ। ਅਜਿਹਾ ਕਰਨਾ ਕਲਾਤਮਾਤਾ ਤੇ ਸਾਰਥਕਤਾ ਦੀ ਸਿਖ਼ਰ ਸੀ। ਵਾਰਾਂ ਦਾ ਆਸ਼ਾ, ਜੋ ਉਪਦੇਸ਼ ਦਾ ਸੀ, ਸਲੋਕਾਂ ਦੇ ਸੰਮਿਲਤ ਹੋਣ ਨਾਲ ਬਹੁਤ ਵੱਧ ਗਿਆ ਅਤੇ ਨਾਲ ਹੀ, ਸਾਹਿਤਕ ਸੁਹਜ ਅਤੇ ਵਿਸ਼ੇ ਦੇ ਪੱਖੋਂ, ਰਸ ਤੇ ਵੰਨਗੀ ਪੈਦਾ ਹੋ ਗਈ ।

ਆਸਾ ਦੀ ਵਾਰ ਵਿੱਚ ਗੁਰਮਤਿ ਦੇ ਮੁੱਖ ਸਿਧਾਂਤਾਂ ਨੂੰ ਵਿਆਖਿਆਤਮਕ ਸ਼ੈਲੀ ਵਿੱਚ ਪ੍ਰਗਟਾਇਆ ਗਿਆ ਹੈ। ਪ੍ਰਮਾਤਮਾ ਦੇ ਏਕਤਾ ਦੇ ਭਾਵ ਨੂੰ ਇਸ ਵਾਰ

ਵਿੱਚ ਦ੍ਰਿੜ੍ਹ ਕਰਵਾਇਆ ਗਿਆ ਹੈ। ਸਾਰੀ ਸ੍ਰਿਸ਼ਟੀ ਅਤੇ ਜੀਵਾਂ ਦਾ ਰਚਨਹਾਰਾ ਉਹੋ ਹੀ ਇੱਕ ਹੈ। ਰਚਨਾ ਕਰਕੇ ਆਪ ਹੀ ਸਭ ਦੀ ਚਿੰਤਾ ਕਰਦਾ ਹੈ। ਸਭ ਨੂੰ ਰਿਜ਼ਕ ਦਿੰਦਾ ਹੈ, ਪਾਲਦਾ ਹੈ ਅਤੇ ਸੰਭਾਲਦਾ ਹੈ। ਅਰਥਾਤ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵਜੀ ਵਾਲੇ ਤਿੰਨੇ ਗੁਣ ਉਸ ਵਿੱਚ ਹਨ :[11]

**ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ॥**
**ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥**
**ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥**

*(ਪੰਨਾ 463)*

**ਨਾਨਕ ਜੰਤ ਉਪਾਇ ਕੈ ਸੰਮਾਲੇ ਸਭਨਾਹ ॥**
**ਜਿਨਿ ਕਰਤੈ ਕਰਣਾ ਕੀਆ ਚਿੰਤਾ ਭਿ ਕਰਣੀ ਤਾਹ ॥** *(ਪੰਨਾ ੪੬੭)*

**ਆਪੇ ਸਾਜੇ ਕਰੇ ਆਪਿ ਜਾਈ ਭਿ ਰਖੈ ਆਪਿ॥**
**ਤਿਸੁ ਵਿਚਿ ਜੰਤ ਉਪਾਇ ਕੈ ਦੇਖੈ ਥਾਪਿ ਉਥਾਪਿ॥**
**ਕਿਸ ਨੋ ਕਹੀਐ ਨਾਨਕਾ ਸਭੁ ਕਿਛੁ ਆਪੇ ਆਪਿ॥੨॥** *(ਪੰਨਾ ੪੭੫)*

ਵੇਦਾਂਤ ਦੇ ਉਲਟ ਗੁਰੂ ਜੀ ਨੇ ਇਹ ਵਿਚਾਰ ਦਿੱਤਾ ਹੈ ਕਿ ਰਚਨਾ ਭਰਮ ਨਹੀਂ ਹੈ। ਇਹ ਤਾਂ ਸੱਚੇ ਪ੍ਰਭੂ ਦੀ ਸੱਚੀ ਕਿਰਤ ਹੈ:[12]

**ਸਚਾ ਸਾਹਿਬੁ ਏਕੁ ਤੂੰ ਜਿਨਿ ਸਚੋ ਸਚੁ ਵਰਤਾਇਆ** *(ਅੰਗ ੪੬੭)*

**ਸਚੇ ਤੇਰੇ ਖੰਡ ਸਚੇ ਬ੍ਰਹਮੰਡ॥**
**ਸਚੇ ਤੇਰੇ ਲੋਅ ਸਚੇ ਆਕਾਰ॥** *(ਪੰਨਾ ੪੬੩)*

ਜਪੁ ਜੀ ਵਿਚਲੇ ਹੁਕਮ ਦੇ ਵਿਚਾਰ ਦੀ ਆਸਾ ਦੀ ਵਾਰ ਵਿੱਚ ਵਿਆਖਿਆ ਹੈ। ਪ੍ਰਭੂ ਤੋਂ ਬਿਨਾਂ ਹੋਰ ਕੋਈ ਸ਼ਕਤੀ ਨਹੀਂ। ਉਸ ਦੀ ਆਗਿਆ ਨਾਲ, ਉਸ ਦੇ ਨਿਸ਼ਚਿਤ ਵਿਧਾਨ ਅਨੁਸਾਰ ਅਤੇ ਉਸੇ ਦੀ ਇੱਛਾ ਅਨੁਸਾਰ ਸੰਸਾਰ ਦੀ ਖੇਡ ਚੱਲ ਰਹੀ ਹੈ। ਜੀਵ ਉਸ ਦੇ ਹੁਕਮ ਵਿੱਚ ਉਪਜਦਾ, ਕਾਰਜ ਕਰਦਾ ਹੋਇਆ ਇਸ ਸੰਸਾਰ-ਮੰਚ ਤੋਂ ਚਲਾ ਜਾਂਦਾ ਹੈ:

**ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ॥** (*ਪੰਨਾ ੪੭੨)*

**ਇਕਨ੍ਾ ਹੁਕਮਿ ਸਮਾਇ ਲਏ ਇਕਨ੍ਾ ਹੁਕਮੇ ਕਰੇ ਵਿਣਾਸੁ॥**
**ਇਕਨ੍ਾ ਭਾਣੈ ਕਢਿ ਲਏ ਇਕਨ੍ਾ ਮਾਇਆ ਵਿਚਿ ਨਿਵਾਸੁ॥**

*(ਪੰਨਾ ੪੬੩)*

---

11. ਡਾ. ਦਲੀਪ ਸਿੰਘ ਦੀਪ, **ਗੁਰਬਾਣੀ ਚਿੰਤਨ (ਸਿਧਾਂਤ ਤੇ ਸਾਧਨਾ)** ,ਪੰਨੇ 276-277
12 **ਉਹੀ**, ਪੰਨਾ 277.

ਇਸ ਸੰਬੰਧੀ ਡਾ. ਰਤਨ ਸਿੰਘ ਜੱਗੀ ਦਾ ਵੀ ਇਹੋ ਵਿਚਾਰ ਹੈ। ਉਹ ਲਿਖਦੇ ਹਨ ਕਿ ਇਸ ਤਰ੍ਹਾਂ 'ਆਸਾ ਦੀ ਵਾਰ' ਵਿੱਚ ਜਿੱਥੇ ਸਮਾਜਿਕ ਜੀਵਨ ਦੀ ਉਸਾਰੀ ਲਈ ਅਤੇ ਮਨੁੱਖ ਨੂੰ ਸ੍ਰੇਸ਼ਠ ਮਨੁੱਖ ਬਨਾਉਣ ਲਈ ਵਿਚਾਰ ਦਰਜ ਹਨ, ਉੱਥੇ ਨਾਲ ਨਾਲ ਹੀ ਅਧਿਆਤਮਿਕ ਦ੍ਰਿਸ਼ਟੀਕੋਣ ਜਾਂ ਗੁਰਮਤਿ ਦੇ ਦਾਰਸ਼ਨਿਕ ਤੱਥਾਂ ਅਤੇ ਰਹੱਸਵਾਦੀ ਸੱਤਾ ਦੇ ਸਰੂਪ ਸੰਬੰਧੀ ਵੀ ਜਾਣਕਾਰੀ ਕਰਵਾਈ ਗਈ ਹੈ। ਪ੍ਰਮਾਤਮਾ ਸੰਬੰਧੀ ਦ੍ਰਿਸ਼ਟੀਕੋਣ ਜਪੁ ਜੀ ਵਾਲਾ ਹੈ। ਪ੍ਰਭੂ ਦਾ ਸਭ ਤੋਂ ਪਹਿਲਾ ਗੁਣ ਨਿਰਭਉ ਅਰਥਾਤ ਭੈ ਤੋਂ ਰਹਿਤ ਹੈ। ਉਪਨਿਸ਼ਦਾਂ ਵਿੱਚ ਪ੍ਰਮਾਤਮਾ ਨੂੰ 'ਅਭੈ' ਮੰਨਿਆ ਗਿਆ ਹੈ, ਨਿਰਭਉ ਉਸੇ ਦਾ ਪ੍ਰਯਾਯ ਜਾਂ ਸਮਾਨਾਰਥਕ ਸ਼ਬਦ ਹੈ। ਆਸਾ ਕੀ ਵਾਰ ਵਿੱਚ ਪ੍ਰਮਾਤਮਾ ਦੇ ਭੈ ਵਿੱਚ ਸਾਰੀ ਦ੍ਰਿਸ਼ਟੀ ਦਾ ਸੰਚਾਲਨ ਮੰਨਿਆ ਗਿਆ ਹੈ:[13]

**ਭੈ ਵਿਚਿ ਪਵਣੁ ਵਹੈ ਸਦ ਵਾਉ॥**
**ਭੈ ਵਿਚਿ ਚਲਹਿ ਲਖ ਦਰੀਆਉ॥**
**ਭੈ ਵਿਚਿ ਅਗਨਿ ਕਢੈ ਵੇਗਾਰਿ॥**
**ਭੈ ਵਿਚਿ ਧਰਤੀ ਦਬੀ ਭਾਰਿ॥**
**ਭੈ ਵਿਚਿ ਇੰਦੁ ਫਿਰੈ ਸਿਰ ਭਾਰ॥**
**ਭੈ ਵਿਚਿ ਰਾਜਾਧਰਮ ਦੁਆਰੁ॥**
**ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥** *(ਪੰਨਾ ੪੬੪ )*

ਪ੍ਰਭੂ ਦਾ ਦੂਜਾ ਗੁਣ ਕਰਨ-ਕਾਰਨ ਸਮਰਥ ਜਾਂ ਕਰਤਾ ਰੂਪ ਹੈ (ਦਾਤਾ ਕਰਤਾ ਆਪਿ ਤੂੰ)। ਪ੍ਰਭੂ ਇਸ ਸੰਸਾਰ ਦਾ ਨਿਰਮਾਣ ਕਰਕੇ ਇਸ ਦਾ ਉਚਿਤ ਰੂਪ ਵਿੱਚ ਸੰਚਾਲਨ ਵੀ ਕਰਦਾ ਹੈ।[14]

**ਜਿਨਿ ਕਰਤੈ ਕਰਣਾ ਕੀਆ ਚਿੰਤਾ ਭਿ ਕਰਣੀ ਤਾਹ॥**
**ਸੋ ਕਰਤਾ ਚਿੰਤਾ ਕਰੇ ਜਿਨਿ ਉਪਾਇਆ ਜਗੁ॥ ॥** *(ਪੰਨਾ ੪੬੭*

ਪ੍ਰਮਾਤਮਾ ਦਾ ਤੀਜਾ ਲੱਛਣ ਆਪਣੇ ਆਪ ਤੋਂ ਹੋਂਦ ਹੈ। ਜਪੁ ਜੀ ਦੇ ਸੈਭੰ ਦਾ ਵੀ ਇਹੀ ਭਾਵ ਹੈ। ਇਸ ਵਾਰ ਵਿੱਚ ਇਹੀ ਗੱਲ 'ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ' ਤੁਕ ਦੁਆਰਾ ਪ੍ਰਗਟਾਈ ਗਈ ਹੈ।[15] ਇਸ ਵਾਰ ਵਿੱਚ ਗੁਰੂ ਦੀ ਮਹੱਤਤਾ ਬਹੁਤ ਦਰਸਾਈ ਗਈ ਹੈ ਕਿਉਂਕਿ ਸੱਚਾ ਗੁਰੂ ਹੀ ਪ੍ਰਮਾਤਮਾ ਨਾਲ ਮੇਲ ਕਰਾਉਂਦਾ ਹੈ। ਉਹੋ ਹੀ ਮਨੁੱਖਾਂ ਨੂੰ ਦੇਵਤੇ ਬਣਾਉਂਦਾ ਹੈ ਤੇ ਦੇਵਤੇ ਬਣਾਉਂਦਿਆਂ ਰਤਾ ਜਿਨ੍ਹਾਂ ਚਿਰ ਨਹੀਂ ਲੱਗਦਾ:

---

13. **ਵਿਚਾਰਧਾਰਾ,** ਪੰਨਾ 149.
14. **ਉਹੀ**, ਪੰਨਾ 150.
15. ਉਹੀ.

**ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥**
**ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥੧॥**

*(ਪੰਨਾ ੪੬੨)*

ਸ੍ਰੀ ਗੁਰੂ ਅੰਗਦ ਦੇਵ ਜੀ ਫੁਰਮਾਉਂਦੇ ਹਨ ਕਿ ਭਾਵੇਂ ਕਿ ਇੱਕ ਸੌ ਚੰਦ੍ਰਮਾਂ ਤੇ ਏਨੇ ਹੀ ਸੂਰਜ ਚੜ੍ਹ ਜਾਣ, ਗੁਰੂ ਬਿਨਾਂ ਘੁੱਪ ਹਨੇਰਾ ਹੈ[16]:

**ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜ਼ਾਰ॥**
**ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥੨॥** *(ਪੰਨਾ ੪੬੩)*

ਇਸ ਸੰਬੰਧੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ ਕਿ ਜੋ ਗੁਰੂ ਨੂੰ ਚੇਤੇ ਨਹੀਂ ਕਰਦੇ ਤੇ ਆਪਣੇ ਆਪ ਵਿੱਚ ਚਤੁਰ ਹਨ, ਉਹ ਇਉਂ ਹਨ ਜਿਵੇਂ ਕਿਸੇ ਸੁੰਞੀ ਪੈਲੀ ਵਿੱਚ ਅੰਦਰੋਂ ਸੜੇ ਤਿਲ ਨਿਖਸਮੇ ਪਏ ਹੋਏ ਹਨ:

**ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ॥**
**ਛੁਟੇ ਤਿਲ ਬੂਆੜ ਜਿਉਂ ਸੁੰਞੇ ਅੰਦਰਿ ਖੇਤ॥**
**ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ॥**
**ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ॥੩॥** *(ਪੰਨਾ ੪੬੩)*

ਇਸ ਵਾਰ ਵਿੱਚ ਉਸ ਸਮੇਂ ਦੇ ਸਮਾਜਿਕ ਜੀਵਨ ਬਾਰੇ ਵੀ ਚਰਚਾ ਮਿਲਦੀ ਹੈ। ਜਦ ਅਸੀਂ ਇਤਿਹਾਸਿਕ ਪਿਛੋਕੜ 'ਤੇ ਝਾਤ ਮਰਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਪੰਦਰਵੀਂ ਸੋਲ੍ਹਵੀਂ ਸਦੀ ਦੇ ਪੰਜਾਬ ਵਿੱਚ ਹੀ ਨਹੀਂ ਬਲਕਿ ਸਾਰੇ ਭਾਰਤ ਵਿੱਚ ਸਮਾਜਿਕ ਤੇ ਇਤਿਹਾਸਿਕ ਮਹਾਨਤਾ ਵਿੱਚ ਸ੍ਰੀ ਗੁਰੂ ਨਾਨਕ ਸਾਹਿਬ ਦੀ ਉੱਚਤਾ ਤੱਕ ਅੱਪੜਨ ਵਾਲੀ ਕੋਈ ਹੋਰ ਹਸਤੀ ਨਹੀਂ ਹੋਈ। ਰਾਮਾ ਨੰਦ ਜੀ, ਭਗਤ ਕਬੀਰ ਜੀ ਆਦਿ ਭਗਤੀ ਲਹਿਰ ਦੇ ਪ੍ਰਸਿੱਧ ਆਗੂਆਂ ਨੇ ਕਈ ਪੱਖਾਂ ਤੋਂ ਮਜ਼੍ਹਬ ਤੇ ਸਮਾਜ-ਸੁਧਾਰ ਦੇ ਕਾਰਜ ਵਿੱਚ ਮਹੱਤਵਪੂਰਨ ਹਿੱਸਾ ਪਾਇਆ ਪਰ ਇਨ੍ਹਾਂ ਵਿੱਚੋਂ ਨਾ ਤਾਂ ਕਿਸੇ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਜਿਤਨੀ ਦੇਸ਼ ਦੇਸ਼ਾਂਤਰਾਂ ਦੀ ਲੰਮੀ ਚੌੜੀ ਬਿਖਮ ਯਾਤਰਾ ਕਰਕੇ ਵਿਸ਼ਾਲ ਵਾਕਫ਼ੀ ਤੇ ਨਿੱਜੀ ਅਨੁਭਵ ਪ੍ਰਾਪਤ ਕੀਤਾ, ਨਾ ਹੀ ਧਾਰਮਿਕ ਤੇ ਸਮਾਜਿਕ ਘੇਰੇ ਤੋਂ ਬਾਹਰ ਨਿਕਲ ਕੇ ਸਮਾਜ ਦੇ ਰਾਜਸੀ ਤੇ ਇਤਿਹਾਸਕ ਪ੍ਰਸ਼ਨਾਂ ਦੇ ਹੱਲ ਲੱਭਣ ਵਿੱਚ ਕੋਈ ਖਾਸ ਹਿੱਸਾ ਪਾਇਆ। ਉਸ ਵੇਲੇ ਪੰਜਾਬ ਵਿੱਚ ਹਿੰਦੂ ਧਰਮ ਤੇ ਮੁਸਲਮਾਨੀ ਧਰਮ ਪ੍ਰਚਲਤ ਸਨ। ਹਿੰਦੂ ਮੱਤ ਦੀਆਂ ਅੱਗੋਂ ਕਈ ਸ਼ਾਖਾਵਾਂ ਹੋ ਗਈਆਂ ਸਨ ਜਿਵੇਂ ਜੈਨ ਮੱਤ, ਬੁੱਧ ਮੱਤ, ਨਾਥ ਮੱਤ, ਸਿੱਧ ਮੱਤ ਆਦਿ। ਇਹਨਾਂ ਵੱਖ-ਵੱਖ ਮੱਤਾਵਾਂ ਦੇ ਧਾਰਮਿਕ ਪ੍ਰਚਾਰਕਾਂ ਨੇ ਲੋਕਾਂ ਨੂੰ ਕਈ ਧਾਰਮਿਕ ਤੇ ਸਮਾਜਿਕ ਵਹਿਮਾਂ ਭਰਮਾਂ ਤੇ ਰਸਮਾਂ ਰਿਵਾਜਾਂ ਵਿੱਚ ਜਕੜਿਆ ਹੋਇਆ ਸੀ। ਰਾਮਾ ਨੰਦ ਜੀ ਤੇ ਕਬੀਰ ਜੀ ਦੁਨੀਆਂ ਤੋਂ ਉਪਰਾਮ ਲੋਕਾਂ ਨੂੰ ਭਗਤੀ

16. ਪ੍ਰੋਫ਼ੈਸਰ ਸਾਹਿਬ ਸਿੰਘ, **ਆਸਾ ਦੀ ਵਾਰ ਸਟੀਕ**, ਪੰਨਾ 22.

ਦਾ ਉਪਦੇਸ਼ ਦੇ ਰਹੇ ਸਨ। ਸਿੱਧ ਤੇ ਜੋਗੀ ਸੰਸਾਰ ਦੇ ਲੋਕਾਂ ਨੂੰ ਤਿਆਗ ਦਾ ਉਪਦੇਸ਼ ਦੇਂਦੇ। ਬ੍ਰਾਹਮਣਵਾਦ ਨੇ ਲੋਕਾਂ ਨੂੰ ਵਹਿਮਾਂ ਭਰਮਾਂ ਦੇ ਪੰਜੇ ਵਿੱਚ ਗ੍ਰਹਿਸਿਆ ਹੋਇਆ ਸੀ। ਗੱਲ ਕੀ ਜਾਤ ਪਾਤ ਤੇ ਛੂਤ ਛਾਤ ਦਾ ਪੂਰਾ ਬੋਲ ਬਾਲਾ ਸੀ। ਅਵਤਾਰਵਾਦ ਦੀ ਪ੍ਰਥਾ ਜ਼ੋਰਾਂ ਤੇ ਸੀ। ਮੜ੍ਹੀ ਮਸਾਣ ਦੀ ਪੂਜਾ ਹੁੰਦੀ ਸੀ। ਧਰਮ ਦਾ ਮਹੱਤਵ ਕੋਈ ਨਹੀਂ ਜਾਣਦਾ ਸੀ। ਭੁੱਲੀ ਭਟਕੀ ਜਨਤਾ ਕੁਰਾਹੇ ਪਈ ਹੋਈ ਸੀ। ਬ੍ਰਾਹਮਣ ਆਪਣੇ ਪੇਟ ਦੀ ਖ਼ਾਤਰ ਲੋਕਾਂ ਨੂੰ ਉਲਟੇ ਰਸਤੇ ਪਾ ਰਹੇ ਸਨ। ਧਰਮ ਦੇ ਫ਼ਰਜਾਂ ਬਾਰੇ ਕਿਸੇ ਨੂੰ ਕੁਝ ਪਤਾ ਨਹੀਂ ਸੀ। ਲੋਕੀਂ ਰੱਬ ਦੀ ਭਾਲ ਲਈ ਗ੍ਰਿਹਸਥ ਧਰਮ ਦਾ ਤਿਆਗ ਕਰਕੇ ਪਿੰਡੇ ਤੇ ਸੁਆਹ ਮਲ, ਕੰਨ ਪੜਵਾ ਕੇ ਜੰਗਲਾਂ ਵਿੱਚ ਟੁਰ ਪੈਂਦੇ ਅਤੇ ਉਹ ਰੱਬ ਨੂੰ ਮਿਲਣ ਲਈ ਕਈ ਯਤਨ ਕਰਦੇ, ਚਿਲੇ ਕੱਦਦੇ, ਪੁੱਠੇ ਲਟਕਦੇ ਪਰ ਪ੍ਰਾਪਤੀ ਫਿਰ ਵੀ ਨਾ ਹੁੰਦੀ। ਲੋਕ ਹਉਮੈ ਗ੍ਰਸਤ ਸਨ। ਕਰਮ ਕਾਂਡਾਂ ਵਿੱਚ ਵਿਸ਼ਵਾਸ ਰੱਖਦੇ ਸਨ ਅਤੇ ਚੰਗੇ ਅਮਲ ਉਨ੍ਹਾਂ ਤੋਂ ਬਹੁਤ ਦੂਰ ਸਨ। ਦੇਸ਼ ਭਰ ਵਿੱਚ ਸ਼ਰਮ ਧਰਮ ਅਲੋਪ ਹੋ ਚੁੱਕੇ ਸਨ। ਮੂਰਤੀ ਪੂਜਾ ਤੇ ਹੋਰ ਪਾਖੰਡ ਵਧੇ ਹੋਏ ਸਨ।ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਜੇਹੀ ਹਾਲਤ ਵੇਖ ਕੇ ਇੱਕ ਨਰੋਏ ਤੇ ਸਿੱਧੇ ਸਾਦੇ ਧਾਰਮਿਕ ਤੇ ਸਮਾਜਿਕ ਜੀਵਨ ਦੀ ਲੋੜ ਮਹਿਸੂਸ ਕੀਤੀ। ਉਨ੍ਹਾਂ ਦਾ ਇਹ ਵਿਸ਼ਵਾਸ ਸੀ ਕਿ ਧਰਮ ਜਾਂ ਇਹ ਮਨੁੱਖੀ ਜੀਵਨ ਅਜਿਹਾ ਹੋਵੇ ਜੋ ਸਭ ਲੋਕਾਂ ਭਾਵ ਮਨੁੱਖੀ ਜਾਤੀ ਜਾਂ ਸਮੁੱਚੀ ਮਾਨਵਤਾ ਲਈ ਉਪਯੋਗੀ ਹੋਵੇ।[17]

ਸ੍ਰੀ ਗੁਰੂ ਨਾਨਕ ਦੇਵ ਜੀ ਸਮੇਂ ਮੁਸਲਿਮ ਸਾਮਰਾਜ ਕਾਇਮ ਹੋ ਚੁੱਕਾ ਸੀ। ਹਾਕਮਾਂ ਦਾ ਉਦੇਸ਼ ਇਸਲਾਮ ਦਾ ਪ੍ਰਚਾਰ ਕਰਨਾ ਸੀ ਤੇ ਹਰ ਇਕ ਮੁਸਲਮਾਨ ਦਾ ਮੁੱਖ ਕਰਤੱਵ ਸੀ ਇਸ ਦੀ ਪਾਲਣਾ ਕਰਨੀ। ਅਜਿਹੀ ਰਾਜ ਵਿਵਸਥਾ ਵਿੱਚ ਕਾਜ਼ੀਆਂ ਤੇ ਮੁੱਲਾਂ ਨੂੰ ਉੱਚੀ ਪਦਵੀ ਮਿਲੀ ਹੋਈ ਸੀ। ਉਹ ਕੁਰਾਨ ਅਤੇ ਹਕੀਮ ਅਨੁਸਾਰ ਦੇਸ਼ ਦੀਆਂ ਸਮੱਸਿਆਵਾਂ ਨੂੰ ਹੱਲ ਕਰਦੇ ਸਨ। ਇਸਲਾਮ ਦੀ ਨਜ਼ਰ ਵਿੱਚ ਸਭ ਤੋਂ ਵੱਡਾ ਕੁਫ਼ਰ ਮੂਰਤੀ ਪੂਜਾ ਸੀ। ਇਸ ਲਈ ਮੂਰਤੀ ਪੂਜਕਾਂ ਲਈ ਦੋ ਹੀ ਰਸਤੇ ਸਨ ਜਾਂ ਤਾਂ ਇਸਲਾਮ ਨੂੰ ਗ੍ਰਹਿਣ ਕਰਨਾ ਜਾਂ ਮੌਤ। ਹਿੰਦੂਆਂ ਤੇ ਜਜ਼ੀਆ (ਕਰ) ਲਾਇਆ ਗਿਆ ਸੀ। ਇਸ ਲਈ ਅਨੇਕਾਂ ਹਿੰਦੂ ਮੁਸਲਮਾਨ ਬਣ ਗਏ। ਹਿੰਦੂ ਜਨਤਾ ਦੇ ਰਹਿਣ ਬਹਿਣ ਵਿੱਚ ਇੰਨੀ ਗ਼ੁਲਾਮੀ ਆ ਗਈ ਕਿ ਉਨ੍ਹਾਂ ਨੀਲਾ ਬਾਣਾ ਪਾ ਕੇ, ਤੁਰਕਾਂ ਪਠਾਣਾਂ ਦੇ ਪਿੱਛੇ ਲੱਗ ਕੇ ਉਸੇ ਤਰ੍ਹਾਂ ਰਹਿਣਾ ਸ਼ੁਰੂ ਕਰ ਦਿੱਤਾ। ਅਸਲ ਵਿੱਚ ਧਿੰਗੋਜੋਰੀ ਦੇ ਕਾਰਨ ਲੋਕਾਂ ਦੇ ਮਨਾਂ ਵਿੱਚ ਮਕਾਰੀ, ਧੋਖਾ, ਕਮਜ਼ੋਰੀ ਤੇ ਅਣਹੋਣੀ ਗ਼ੁਲਾਮੀ ਨੁਮਾ ਨਿਮ੍ਰਤਾ ਘਰ ਕਰ ਗਈ ਸੀ।[18]

---

17. ਪ੍ਰੋ.ਬਿਕਰਮ ਸਿੰਘ ਘੁੰਮਣ, **ਆਸਾ ਦੀ ਵਾਰ:ਬਾਣੀ,ਚਿੰਤਨ ਤੇ ਵਿਚਾਰ**, ਪੰਨਾ 42.
18. ਪ੍ਰੋ. ਆਸ਼ਾ ਨੰਦ ਵੋਹਰਾ, **ਆਸਾ ਦੀ ਵਾਰ (ਇੱਕ ਸਾਂਸਕ੍ਰਿਤਿਕ ਅਧਿਐਨ)**, ਪੰਨੇ 56-57.

**ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲ ਕੀਆ॥**

(ਪੰਨਾ ੪੭੦)

**ਮਾਣਸ ਖਾਣੇ ਕਰਹਿ ਨਿਵਾਜ॥**
**ਛੁਰੀ ਵਗਾਇਨਿ ਤਿਨ ਗਲਿ ਤਾਗ॥**
**ਤਿਨ ਘਰ ਬ੍ਰਾਹਮਣ ਪੂਰਹਿ ਨਾਦ॥**
**ਉਨ੍ਹਾਂ ਭਿ ਆਵਹਿ ਓਈ ਸਾਦ॥** (ਪੰਨਾ ੪੭੧)

ਸਿਧਾਂਤ ਅਮਲ ਵਿੱਚੋਂ ਬੋਲਣਾ ਚਾਹੀਦਾ ਹੈ। ਮਨੁੱਖ ਉਹ ਕੁੱਝ ਨਹੀਂ, ਜੋ ਉਹ ਕਹਿੰਦਾ ਹੈ। ਉਸ ਨੂੰ ਅਮਲ ਵਿੱਚੋਂ ਹੀ ਵੇਖਣਾ ਚਾਹੀਦਾ ਹੈ ਅਤੇ ਉਸ ਤੋਂ ਵਧੇਰੇ ਅਮਲ ਪਿੱਛੇ ਉਸ ਦੀ ਭਾਵਨਾ ਜਾਂ ਉਸ ਦੀ ਨਿਯਤ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਾਰੀ ਬਾਣੀ ਚੰਗੀ ਭਾਵਨਾ ਸਹਿਤ ਅਮਲ 'ਤੇ ਜ਼ੋਰ ਦੇਂਦੀ ਹੈ, ਪਰ 'ਆਸਾ ਕੀ ਵਾਰ' ਵਿੱਚ ਇਸ ਦਾ ਵਿਸ਼ੇਸ਼ ਉਲੇਖ ਹੋਇਆ ਹੈ। ਆਸਾ ਕੀ ਵਾਰ ਦੇ ਕਰਤਾ ਨੇ ਇਸ ਰਚਨਾ ਵਿੱਚ ਉਨ੍ਹਾਂ ਲੋਕਾਂ ਦੇ ਚਿੱਤਰ ਪੇਸ਼ ਕੀਤੇ ਹਨ, ਜਿਨ੍ਹਾਂ ਦੇ ਆਧਾਰ ਅਤੇ ਪ੍ਰਚਾਰ ਵਿੱਚ ਵਿਰੋਧ ਸੀ। ਕਿੰਨਾ ਹਾਸੋਹੀਣਾ ਦ੍ਰਿਸ਼ ਹੈ ਧਾਰਮਿਕ ਆਗੂ ਬ੍ਰਾਹਮਣ ਦਾ ਜੋ ਧਾਰਮਿਕ ਆਗੂ ਗ੍ਰੰਥਾਂ ਦਾ ਪਾਠ ਕਰ ਰਿਹਾ ਹੈ। ਸੰਧਿਆ ਅੱਖਾਂ ਮੀਟ-ਮੀਟ ਕਰਦਾ ਹੈ, ਗਿਆਨ-ਚਰਚਾ ਕਰਕੇ ਆਪਣੀ ਵਿਦਵਤਾ ਜਤਾਉਂਦਾ ਹੈ। ਮੂਰਤੀਆਂ ਦੀ ਪੂਜਾ ਕਰਦਾ ਬਗਲਿਆਂ ਵਰਗੀ ਸਮਾਧੀ ਲਗਾਉਂਦਾ ਹੈ, ਝੂਠ ਨੂੰ ਸੱਚ ਬਣਾ ਕੇ ਦੱਸਦਾ ਹੈ। ਉਸ ਦੇ ਮਨ ਗੱਲ ਵਿੱਚ ਮਾਲਾ ਸ਼ੋਭਨੀਕ ਹੈ। ਮੱਥੇ ਉੱਤੇ ਤਿਲਕ ਹੈ, ਦੋ ਧੋਤੀਆਂ ਆਪਣੇ ਪਾਸ ਰੱਖਦਾ ਹੈ, ਸੰਧਿਆ ਵੇਲੇ ਸਿਰ 'ਤੇ ਪਰਨਾ ਕਰਦਾ ਹੈ, ਪਰ ਅੰਦਰ ਨਿਸ਼ਚੇ ਤੋਂ ਸੱਖਣਾ ਹੈ। ਲੋਕਾਂ ਨੂੰ ਭਰਮਾਉਣ ਲਈ ਕੇਵਲ ਦਿਖਾਵਾ ਕਰਦਾ ਹੈ:[19]

**ਪੜਿ ਪੁਸਤਕ ਸੰਧਿਆ ਬਾਦੰ॥**
**ਸਿਲ ਪੂਜਸਿ ਬਗੁਲ ਸਮਾਧੰ॥**
**ਮੁਖਿ ਝੂਠ ਬਿਭੂਖਣ ਸਾਰੰ॥**
**ਤ੍ਰੈਪਾਲ ਤਿਹਾਲ ਬਿਚਾਰੰ॥**
**ਗਲਿ ਮਾਲਾ ਤਿਲਕ ਲਿਲਾਟੰ॥**
**ਦੁਇ ਧੋਤੀ ਬਸਤ੍ਰ ਕਪਾਟੰ॥**
**ਜੇ ਜਾਣਸਿ ਬ੍ਰਹਮੰ ਕਰਮੰ॥** (ਪੰਨਾ ੪੭੦)

**ਮੱਥੇ ਟਿਕਾ ਤੇੜਿ ਧੋਤੀ ਕਖਾਈ॥**
**ਹਥ ਛੁਰੀ ਜਗਤ ਕਾਸਾਈ॥** (ਪੰਨਾ ੪੭੧)

---

19. ਡਾ. ਦਲੀਪ ਸਿੰਘ ਦੀਪ, **ਗੁਰਬਾਣੀ ਤੇ ਚਿੰਤਨ (ਸਿਧਾਂਤ ਤੇ ਸਾਧਨਾ),** ਪੰਨਾ 210.

ਦੂਜੇ ਪਾਸੇ ਕਾਜ਼ੀ ਮੁਲਾਣੇ ਨਮਾਜ਼ਾਂ ਪੜ੍ਹਦੇ ਹਨ, ਪਰ ਹਨ ਵੱਢੀ ਖੋਰ , ਲੋਕਾਂ ਦਾ ਲਹੂ ਪੀਣ ਵਾਲੇ। ਇਨ੍ਹਾਂ ਦੇ ਅਹਿਲਦਾਰ ਖੱਤਰੀ ਜ਼ੁਲਮ ਦੀ ਛੁਰੀ ਨਾਲ ਲੋਕ-ਘਾਤ ਕਰ ਰਹੇ ਹਨ, ਪਰ ਆਪਣੇ ਆਪ ਨੂੰ ਧਰਮਾਤਮਾ ਅਤੇ ਸ਼੍ਰੇਸ਼ਟ ਜਤਾਉਣ ਲਈ ਗਲ਼ ਵਿੱਚ ਜੰਞੂ ਪਾਈ ਬੈਠੇ ਹਨ। ਅੱਗੋਂ ਇਨ੍ਹਾਂ ਜ਼ਾਲਮ ਖ਼ਤਰੀਆਂ ਦੇ ਘਰ ਬ੍ਰਾਹਮਣ ਆਉਂਦੇ ਹਨ, ਸੰਖ ਵਜਾਉਂਦੇ ਹਨ। ਉਨ੍ਹਾਂ ਦੇ ਘਰੋਂ ਭੋਜਨ ਛੱਕ ਕੇ ਉਹੋ ਜਿਹਾ ਸੁਆਦ ਮਾਣਦੇ ਹਨ, ਉਹੋ ਜਿਹੀ ਬਿਰਤੀ ਵਾਲੇ ਬਣ ਜਾਂਦੇ ਹਨ। ਝੂਠ ਬੋਲ-ਬੋਲ ਕੇ ਆਪਣੀ ਰੋਜ਼ੀ ਦਾ ਆਧਾਰ ਪ੍ਰਾਪਤ ਕਰਦੇ ਹਨ। ਚੌਂਕੇ ਦੁਆਲੇ ਲਕੀਰ ਪਾ ਕੇ ਚੌਂਕੇ ਦੀ ਪਵਿੱਤਰਤਾ ਦਰਸਾਉਂਦੇ ਹਨ ਪਰ ਉਸੇ ਚੌਂਕੇ ਵਿੱਚ ਮੁਸਲਮਾਨਾਂ ਦਾ ਹਲਾਲ ਕੀਤਾ ਬੱਕਰਾ ਖ਼ਾਂਦੇ ਹਨ। ਕਿਸੇ ਦੇ ਪ੍ਰਛਾਵੇਂ ਨਾਲ ਚੌਂਕੇ ਨੂੰ ਭਿੱਟਿਆ ਸਮਝਦੇ ਹਨ ਪਰ ਆਪ ਕੁਕਰਮੀ ਅਤੇ ਅਪਵਿੱਤਰ ਹਨ। ਮਨ ਤਾਂ ਝੂਠ ਅਤੇ ਜ਼ੁਲਮ ਨਾਲ ਜੂਠਾ ਹੈ, ਪਾਣੀ ਦੀਆਂ ਚੁਲੀਆਂ ਕਰ ਕਰ ਕੇ ਪਵਿੱਤਰਤਾ ਦਰਸਾਉਂਦੇ ਹਨ:[20]

**ਮਾਣਸ ਖਾਣੇ ਕਰਹਿ ਨਿਵਾਜ॥**
**ਛੁਰੀ ਵਗਾਇਨਿ ਤਿਨ ਗਲਿ ਤਾਗ॥**
**ਤਿਨ ਘਰਿ ਬ੍ਰਾਹਮਣ ਪੂਰਹਿ ਨਾਦ॥**
**ਓਨਾ ਭਿ ਆਵਹਿ ਓਈ ਸਾਦ॥**
**ਕੂੜੀ ਰਾਸਿ ਕੂੜਾ ਵਾਪਾਰੁ॥**
**ਕੂੜੁ ਬੋਲਿ ਕਰਹਿ ਆਹਾਰੁ॥**
**ਸਰਮ ਧਰਮ ਦਾ ਡੇਰਾ ਦੂਰਿ॥**
**ਨਾਨਕ ਕੂੜੁ ਰਹਿਆ ਭਰਪੂਰਿ॥** *(ਪੰਨਾ ੪੭੧)*

ਹਿੰਦੂ ਮੁਰਦੇ ਨੂੰ ਸਾੜਦੇ ਹਨ ਪਰ ਮੁਸਲਮਾਨ ਇਸ ਨੂੰ ਚੰਗਾ ਨਹੀਂ ਸਮਝਦੇ। ਗੁਰੂ ਜੀ ਅਨੁਸਾਰ ਸੜਦਾ ਮੁਸਲਮਾਨ ਦਾ ਸਰੀਰ ਵੀ ਹੈ। ਮੁਸਲਮਾਨ ਨੂੰ ਕਬਰ ਵਿੱਚ ਦਫ਼ਨਾਇਆ ਜਾਂਦਾ ਹੈ ਤਾਂ ਉਸ ਦੀ ਮਿੱਟੀ ਦੇ ਜਦ ਘੁਮਿਆਰ ਭਾਂਡੇ ਬਣਾਉਂਦਾ ਹੈ ਤਾਂ ਉਹ ਭੱਠੀ ਪਕਾਉਂਦਾ ਹੈ ਤਾਂ ਸਰੀਰ ਦੇ ਤੱਤ ਵੀ ਉਸ ਵਿੱਚ ਮਿਲੇ ਹੋਣ ਕਰਕੇ ਸੜਦੇ ਹਨ:

**ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ॥**
**ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ॥** *(ਪੰਨਾ-੪੬੬)*

ਹਿੰਦੂਆਂ ਵਿੱਚ ਜਨੇਊ ਪਾਉਣ ਦਾ ਰਿਵਾਜ਼ ਸੀ।ਜਨੇਊ ਪਾਉਣਾ ਵੀ ਉਸ ਸਮੇਂ ਦਾ ਇੱਕ ਸੰਸਕਾਰ ਸੀ। ਜਦ ਪਾਂਧਾ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਜਨੇਊ ਪਾਉਣ ਲਈ ਕਹਿੰਦਾ ਹੈ ਤਾਂ ਉਹ ਇਸ ਨੂੰ ਵਿਖਾਵਾ ਤੇ ਬੇਲੋੜਾ ਦੱਸਦੇ ਹਨ ਕਿਉਂਕਿ ਸੂਤਰ ਦਾ ਬਣਿਆ ਜਨੇਊ ਮਰਨ ਸਮੇਂ ਉਸ ਦੇ ਸਰੀਰ ਨਾਲ ਸੜ ਜਾਂਦਾ ਹੈ, ਉਹ ਐਸਾ

20. **ਉਹੀ**, ਪੰਨਾ 291.

ਜਨੇਊ ਪਾਉਣ ਲਈ ਕਹਿੰਦੇ ਹਨ ਜੋ ਮਰਨ ਸਮੇਂ ਨਾਲ ਜਾਵੇ। ਗੁਰੂ ਜੀ ਆਚਰਣਕ ਉੱਚਤਾ 'ਤੇ ਜ਼ੋਰ ਦੇਂਦੇ ਹੋਏ ਫੁਰਮਾਉਂਦੇ ਹਨ:

**ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥**
**ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥**
**ਨ ਏਹੁ ਤੁਟੈ ਨ ਮਲੁ ਲਗੈ ਨਾ ਇਹੁ ਜਲੈ ਨ ਜਾਇ॥**
**ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥** *(ਪੰਨਾ ੪੭੧)*

ਗੁਰੂ ਸਾਹਿਬ ਸਮੇਂ ਸੂਤਕ ਦਾ ਵਹਿਮ ਬੜਾ ਪ੍ਰਚਲਿਤ ਸੀ। ਗੁਰੂ ਜੀ ਇਸ ਦੀ ਨਿਖੇਧੀ ਕੀਤੀ। ਜੇ ਜਨਮ ਮਰਨ ਨਾਲ ਸੂਤਕ ਪੈਦਾ ਹੁੰਦਾ ਹੈ ਤਾਂ ਸੂਤਕ ਸਭ ਥਾਈਂ ਪਿਆ ਹੈ। ਗੋਹੇ ਅਤੇ ਲਕੜੀ ਜਿਨ੍ਹਾਂ ਦੀ ਆਮ ਵਰਤੋਂ ਕੀਤੀ ਜਾਂਦੀ ਹੈ ਵਿੱਚ ਵੀ ਕੀੜੇ ਹੁੰਦੇ ਹਨ। ਕਹਿਣ ਦਾ ਭਾਵ ਕਿ ਇਹ ਜੀਵ ਜੰਮਦੇ ਮਰਦੇ ਰਹਿੰਦੇ ਹਨ। ਜਿੰਨੇ ਦਾਣੇ ਹਨ, ਜੀਅ ਤੋਂ ਬਿਨਾਂ ਕੋਈ ਅੰਨ ਦਾਣਾ ਨਹੀਂ ਹੈ। ਸਭ ਤੋਂ ਪਹਿਲਾਂ ਪਾਣੀ ਜੀਵ ਹੈ, ਜਿਸ ਨੇ ਇਸ ਕੁਦਰਤ ਵਿੱਚ ਹਰਿਆਲੀ ਪੈਦਾ ਕੀਤੀ ਹੈ। ਇਸ ਤਰ੍ਹਾਂ ਸੂਤਕ ਤਾਂ ਸਾਡੀ ਰਸੋਈ ਵਿੱਚ ਹੈ:

**ਜੇ ਕਰ ਸੂਤਕ ਮੰਨੀਐ ਸਭ ਤੇ ਸੂਤਕੁ ਹੋਇ॥**
**ਗੋਹੇ ਅਤੇ ਲਕੜੀ ਅੰਦਰਿ ਕੀੜਾ ਹੋਇ॥**
**ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ॥**
**ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥**
**ਸੂਤਕ ਕਿਉਂ ਕਰ ਰਖੀਐ ਸੂਤਕੁ ਪਵੈ ਰਸੋਇ॥** *(ਪੰਨਾ ੪੭੨)*

ਗੁਰੂ ਜੀ ਅੱਗੇ ਇਸ ਦਾ ਹੱਲ ਵੀ ਦੱਸਦੇ ਹਨ ਕਿ ਇਹ ਸੂਤਕ ਗਿਆਨ ਨਾਲ ਹੀ ਉਤਰ ਸਕਦਾ ਹੈ:

**ਨਾਨਕ ਸੂਤਕ ਏਵ ਨ ਉਤਰੈ ਗਿਆਨ ਉਤਾਰੇ ਧੋਇ॥** *(ਅੰਗ ੪੭੨)*

ਮਨ ਦਾ ਸੂਤਕ ਤਾਂ ਲੋਭ ਹੈ ਤੇ ਜੀਭ ਦਾ ਸੂਤਕ ਝੂਠ ਬੋਲਣਾ। ਅੱਖਾਂ ਦਾ ਸੂਤਕ ਬਿਗਾਨੀਆਂ ਔਰਤਾਂ ਤੇ ਬਿਗਾਨੇ ਧਨ ਵੱਲ ਤੱਕਣਾ ਹੈ। ਜਿਨ੍ਹਾਂ ਦੇ ਕੰਨਾਂ ਵਿੱਚ ਸੂਤਕ ਹੈ ਜਿਹੜੇ ਚੁਗਲੀ ਸੁਣਦੇ ਹਨ, ਅਜਿਹੇ ਮਨੁੱਖਾਂ ਲਈ ਗੁਰੂ ਜੀ ਫੁਰਮਾਉਂਦੇ ਹਨ ਕਿ ਅਜਿਹੇ ਵਿਅਕਤੀ ਭਾਵੇਂ ਹੰਸਾਂ ਵਰਗੇ ਵੇਖਣ ਨੂੰ ਕਿਉਂ ਨਾ ਹੋਣ, ਉਹ ਵੀ ਬੱਧੇ ਹੋਏ ਨਰਕਾਂ ਨੂੰ ਜਾਣਗੇ:-

**ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕ ਕੂੜੁ॥**
**ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ॥**
**ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ॥**
**ਨਾਨਕ ਹੰਸਾ ਆਦਮੀ ਬਧੇ ਜਮ ਪੁਰ ਜਾਹਿ॥੨॥** *(ਪੰਨਾ ੪੭੨)*

ਗੁਰੂ ਜੀ ਸਪੱਸ਼ਟ ਕਰਦੇ ਹਨ ਕਿ ਸੂਤਕ ਤਾਂ ਨਿਰਾ ਭਰਮ ਹੈ ਜੋ ਕਿ ਮਾਇਆ ਵਿੱਚ ਫਸੇ ਮਨੁੱਖਾਂ ਨੂੰ ਆ ਲੱਗਦਾ ਹੈ। ਪਰਮਾਤਮਾ ਦੇ ਹੁਕਮ ਨਾਲ ਹੀ ਜੀਅ ਜੰਮਦਾ ਤੇ ਮਰਦਾ ਹੈ। ਖਾਣਾ ਪੀਣਾ ਪਵਿੱਤਰ ਹੈ। ਪ੍ਰਮਾਤਮਾ ਨੇ ਹੀ ਸਾਰਾ ਰਿਜ਼ਕ ਜੀਆਂ ਨੂੰ ਇਕੱਠਾ ਕਰਕੇ ਦਿੱਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਜਿਨ੍ਹਾਂ ਵਿਅਕਤੀਆਂ ਨੇ ਇਹ ਸਮਝ ਲਿਆ ਹੈ, ਉਨ੍ਹਾਂ ਨੂੰ ਸੂਤਕ ਨਹੀਂ ਲੱਗਦਾ:

**ਸਭੋ ਸੂਤਕੁ ਭਰਮੁ ਹੈ ਦੂਜੇ ਲਗੈ ਜਾਇ॥**
**ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ॥....**
**ਨਾਨਕ ਜਿਨੀ ਗੁਰਮੁਖਿ ਬੁਝਿਆ ਤਿਨਾ ਸੂਤਕੁ ਨਾਹਿ॥ ੨॥**

*(ਪੰਨਾ ੪੭੨)*

ਬ੍ਰਾਹਮਣਾਂ ਨੇ ਆਪਣੇ ਖਾਣ ਪੀਣ ਲਈ ਸਰਾਧਾਂ ਦੀ ਰਸਮ ਚਲਾਈ ਹੋਈ ਸੀ। ਗੁਰੂ ਜੀ ਕਹਿੰਦੇ ਹਨ ਕਿ ਜੇ ਕੋਈ ਠੱਗੀ ਮਾਰ ਆਪਣੇ ਪਿਤਰਾਂ ਦੇ ਲਈ ਸਰਾਧ ਕਰਦਾ ਹੈ ਤਾਂ ਪ੍ਰਲੋਕ ਵਿਚ ਵੀ ਉਹ ਸਮਾਨ ਪਛਾਣਿਆ ਜਾਂਦਾ ਹੈ। ਇਸ ਤਰ੍ਹਾਂ ਮਨੁੱਖ ਪਿਤਰਾਂ ਨੂੰ ਵੀ ਚੋਰ ਬਣਾਉਂਦਾ ਹੈ। ਗੁਰੂ ਜੀ ਕਹਿੰਦੇ ਹਨ ਕਿ ਅੱਗੇ ਤਾਂ ਉਹੋ ਕੁੱਝ ਹੀ ਮਿਲਣਾ ਹੈ ਜੋ ਮਨੁੱਖ ਆਪ ਕਮਾਉਂਦਾ ਹੈ:

**ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ॥**
**ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ॥** *(ਪੰਨਾ ੪੭੨)*

ਉਸ ਸਮੇਂ ਔਰਤ ਦੀ ਹਾਲਤ ਬਹੁਤ ਮਾੜੀ ਸੀ। ਸਤੀ ਪ੍ਰਥਾ ਸੀ। ਵਿਧਵਾ ਵਿਆਹ ਦੀ ਮਨਾਹੀ ਸੀ। ਗੁਰੂ ਜੀ ਨੇ ਔਰਤ ਦੇ ਹੱਕ ਵਿੱਚ ਆਵਾਜ਼ ਉਠਾਈ ਤੇ ਉਸ ਦੀ ਮਹਾਨਤਾ ਤੋਂ ਸੰਸਾਰ ਨੂੰ ਜਾਣੂ ਕਰਵਾਇਆ। ਉਨ੍ਹਾਂ ਅਨੁਸਾਰ ਹਰ ਜੀਅ ਇਸਤਰੀ ਤੋਂ ਜਨਮ ਲੈਂਦਾ ਹੈ। ਉਸ ਦੇ ਰਾਹੀਂ ਕੁੜਮਾਈ ਤੇ ਵਿਆਹ ਹੁੰਦਾ ਹੈ। ਦੂਸਰਿਆਂ ਨਾਲ ਰਿਸ਼ਤੇਦਾਰੀ ਕਾਇਮ ਹੁੰਦੀ ਹੈ। ਜੇ ਇਸਤਰੀ ਅਕਾਲ ਚਲਾਣਾ ਕਰ ਜਾਵੇ ਤਾਂ ਮੁੜ ਇਸਤਰੀ ਦੀ ਭਾਲ ਕਰੀਦੀ ਹੈ। ਉਸ ਤੋਂ ਔਰਤ ਜਨਮ ਲੈਂਦੀ ਹੈ। ਕੇਵਲ ਪ੍ਰਭੂ ਹੈ ਜਿਹੜਾ ਉਸ ਤੋਂ ਨਹੀਂ ਜਨਮਿਆ। ਪੁਰਸ਼ ਹੋਵੇ ਜਾਂ ਇਸਤਰੀ ਜਿਹੜਾ ਵੀ ਆਪਣੇ ਮੁੱਖ ਨਾਲ ਪ੍ਰਭੂ ਦੇ ਗੁਣ ਗਾਉਂਦਾ ਹੈ, ਉਹੋ ਹੀ ਮੁੱਖ ਪ੍ਰਮਾਤਮਾ ਦੇ ਦਰਬਾਰ ਵਿੱਚ ਸੋਹਣਾ ਲੱਗਦਾ ਹੈ:

**ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵਿਆਹੁ॥**
**ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥**
**ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥**
**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥**
**ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ॥**
**ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ॥**

**ਜਿਤੁ ਮੁਖਿ ਸਦਾ ਸਲਾਹੀਐ ਭਾਗਾ ਰਤੀ ਚਾਰਿ॥**
**ਨਾਨਕ ਤੇ ਮੁਖ ਉਜਲੇ ਤਿਤੁ ਸਚੈ ਦਰਬਾਰਿ॥੨॥** *(ਪੰਨਾ 473)*

ਉਸ ਸਮੇਂ ਹਿੰਦੂ ਗਾਂ ਦੇ ਗੋਹੇ ਨਾਲ ਚੌਂਕੇ ਵਿੱਚ ਪੋਚਾ ਲਾ ਕੇ ਇਹ ਸਮਝਦੇ ਸਨ ਕਿ ਉਹ ਪਵਿੱਤਰ ਹੋ ਕੇ ਇਸ ਸੰਸਾਰ ਤੋਂ ਤਰ ਜਾਣਗੇ ਪਰ ਉਸ ਸਮੇਂ ਦਰਿਆ ਪਾਰ ਕਰਨ ਸਮੇਂ ਗਊਆਂ ਅਤੇ ਬ੍ਾਹਮਣਾਂ 'ਤੇ ਮਸੂਲ ਲੱਗਦਾ ਸੀ। ਇਸ ਤਰ੍ਹਾਂ ਗੁਰੂ ਜੀ ਫੁਰਮਾਉਂਦੇ ਹਨ ਕਿ ਜਿਹੜੀ ਗਊ ਇਕ ਦਰਿਆ ਨਹੀਂ ਪਾਰ ਕਰਾ ਸਕਦੀ ਉਹ ਇਸ ਸੰਸਾਰ ਤੋਂ ਕਿਵੇਂ ਪਾਰ ਕਰਵਾਏਗੀ:

**ਗਊ ਬਿਰਾਹਮਣ ਕਰੁ ਕਰੁ ਲਾਵਹੁ, ਗੋਬਰਿ ਤਰਣ ਨ ਜਾਈ॥**
*(ਪੰਨਾ 471)*

ਇਸ ਸਲੋਕ ਵਿੱਚ ਅੱਗੇ ਬ੍ਾਹਮਣ ਦੀ ਉਸ ਸਮੇਂ ਹੀ ਅਵਸਥਾ ਬਿਆਨ ਕੀਤੀ ਹੈ ਕਿ ਉਹ ਧੋਤੀ ਪਹਿਨਦਾ ਹੈ, ਮੱਥੇ ਤੇ ਟਿੱਕਾ ਲਗਾਉਂਦਾ ਹੈ ਤੇ ਮਾਲਾ ਫੇਰਦਾ ਹੈ ਪਰ ਪਦਾਰਥ ਮੁਸਲਮਾਨਾਂ ਦਾ ਖਾਂਦਾ ਹੈ। ਉਸ ਸਮੇਂ ਦੇ ਤੁਰਕ ਹਾਕਮਾਂ ਤੋਂ ਚੋਰੀ ਅੰਦਰ ਵੜ ਕੇ ਪੂਜਾ ਕਰਦਾ ਹੈ ਤੇ ਮੁਸਲਮਾਨਾਂ ਨੂੰ ਵਿਖਾਵੇ ਲਈ ਬਾਹਰ ਕੁਰਾਨ ਆਦਿ ਪੜ੍ਹਦਾ ਹੈ ਤੇ ਰਹਿਤ ਵੀ ਉਸ ਨੇ ਮੁਸਲਮਾਨਾਂ ਵਾਲੀ ਰੱਖੀ ਹੋਈ ਹੈ। ਗੁਰੂ ਸਾਹਿਬ ਉਸ ਨੂੰ ਸਮਝਾਉਂਦੇ ਹਨ ਕਿ ਤੇਰਾ ਇਸ ਤਰ੍ਹਾਂ ਪਾਰ ਉਤਾਰਾ ਨਹੀਂ ਹੋਣਾ। ਇਹ ਪਾਖੰਡ ਛੱਡ ਦੇ ਤੇ ਪ੍ਮਾਤਮਾ ਦਾ ਸਿਮਰਨ ਕਰਿਆ ਕਰ ਤਾਂ ਹੀ ਇਸ ਸੰਸਾਰ ਤੋਂ ਪਾਰ ਹੋਣਾ ਹੈ:

**ਧੋਤੀ ਟਿਕਾ ਤੇ ਜਪਮਾਲੀ ਧਾਨੁ ਮਲੇਛਾਂ ਖਾਈ॥**
**ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ॥**
**ਛੋਡੀਐ ਪਾਖੰਡ॥**
**ਨਾਮ ਲਇਐ ਜਾਹਿ ਤਰੰਦਾ॥੧॥** *(ਪੰਨਾ 471)*

ਜਗੀਰਦਾਰ ਸਮਾਜ ਵਿੱਚ ਨਿੱਜੀ ਧਨ, ਜ਼ਾਤੀ ਤੇ ਮਜ਼ਬੀ ਤੌਰ ਉੱਤੇ ਹਰ ਕੋਈ ਆਪਣੇ ਆਪ ਨੂੰ ਉੱਚਾ ਤੇ ਦੂਜਿਆਂ ਨੂੰ ਨੀਵਾਂ ਸਿੱਧ ਕਰਨ ਉਤੇ ਜ਼ੋਰ ਲਾਉਂਦਾ ਹੈ। ਉਸ ਸਮੇਂ ਸਾਰਾ ਸਮਾਜ ਜ਼ਾਤ ਪਾਤ ਸਦਕਾ ਨਿੱਕੀਆਂ ਨਿੱਕੀਆਂ ਜ਼ਾਤਾਂ ਵਿੱਚ ਵੰਡਿਆ ਜਾਂਦਾ ਸੀ। ਇਹੋ ਹਾਲਤ ਗੁਰੂ ਜੀ ਦੇ ਸਮੇਂ ਸੀ। ਉਸ ਵੇਲੇ ਦੇ ਬ੍ਾਹਮਣ ਆਪਣੇ ਆਪ ਨੂੰ ਉੱਚੀ ਕੁਲ ਜਾਂ ਜ਼ਾਤੀ ਦੇ ਦੱਸਦੇ ਸਨ। ਉਨ੍ਹਾਂ ਦਾ ਉਸ ਵੇਲੇ ਸਾਰੇ ਸਮਾਜ ਵਿੱਚ ਬੋਲਬਾਲਾ ਸੀ, ਚੌਧਰ ਸੀ। ਉਹ ਸੰਸਕ੍ਰਿਤ ਵੀ ਪੜ੍ਹੇ ਹੋਏ ਹੁੰਦੇ ਸਨ। ਉਸ ਵੇਲੇ ਦੀ ਖ਼ਾਸ ਗੱਲ ਵਰਣਨਯੋਗ ਇਹ ਹੈ ਕਿ ਉਸ ਸਮੇਂ ਜੇ ਕਿਸੇ ਉੱਚੀ ਜ਼ਾਤੀ, ਬ੍ਾਹਮਣ ਆਦਿ ਦੇ ਕਿਸੇ ਵਿਅਕਤੀ ਪਾਸੋਂ ਗੁਨਾਹ ਵੀ ਹੋ ਜਾਂਦਾ ਸੀ ਤਾਂ ਝੱਟ ਪੱਟ ਮੁਆਫ਼ ਹੋ ਜਾਂਦਾ ਸੀ ਤੇ ਇਸ ਦੇ ਉਲਟ ਨੀਵੀਆਂ ਜ਼ਾਤਾਂ ਦੇ ਲੋਕਾਂ ਨੂੰ ਚੰਗੇ ਚੰਗੇ ਕੰਮ ਕਰਨ ਉਤੇ ਵੀ ਮਾਰ ਹੀ ਪੈਂਦੀ ਸੀ। ਗੁਰੂ ਜੀ ਨੇ ਜ਼ਾਤ-ਪਾਤ ਦਾ ਜ਼ੋਰਦਾਰ

ਸ਼ਬਦਾਂ ਵਿੱਚ ਖੰਡਨ ਕੀਤਾ ਹੈ ਅਤੇ ਇਹ ਸਪੱਸ਼ਟ ਕੀਤਾ ਹੈ ਕਿ ਪ੍ਰਭੂ ਦੀ ਦਰਗਾਹ ਵਿੱਚ ਹਮੇਸ਼ਾਂ ਗੁਣਾਂ ਦਾ ਹੀ ਮੁੱਲ ਪੈਂਦਾ ਹੈ। ਉੱਥੇ ਕਿਸੇ ਦੀ ਜ਼ਾਤ, ਪੜ੍ਹਾਈ ਜਾਂ ਉੱਚ ਘਰਾਣੇ ਆਦਿ ਦਾ ਕੋਈ ਖਿਆਲ ਨਹੀਂ ਰੱਖਿਆ ਜਾਂਦਾ। ਉੱਥੇ ਮਾੜੇ ਕਰਮ ਕਰਨ ਵਾਲੇ ਜਾਂ ਪ੍ਰਭੂ ਦੀ ਰਜ਼ਾ ਤੋਂ ਉਲਟ ਕੇਵਲ ਆਪਣੀ ਹੀ ਮੱਤ ਨਾਲ ਚੱਲਣ ਵਾਲਿਆਂ ਨੂੰ ਹਮੇਸ਼ਾਂ ਮਾਰ ਪੈਂਦੀ ਹੈ:[21]

**ਪੜ੍ਹਿਆ ਹੋਵੈ ਗੁਨਹਗਾਰੁ ਤਾ ਓਮੀ ਸਾਧੁ ਨ ਮਾਰੀਐ॥**
**ਜੇਹੀ ਘਾਲੇ ਘਾਲਣਾ ਤੇਵੇਹੋ ਨਾਉ ਪਚਾਰੀਐ॥**
**ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ॥**
**ਪੜਿਆ ਅਤੈ ਓਮੀਆ ਵੀਚਾਰੁ ਅਗੈ ਵੀਚਾਰੀਐ॥**
**ਮੁਹਿ ਚਲੈ ਸੁ ਅਗੈ ਮਾਰੀਐ॥ ੧੨॥** *(ਪੰਨਾ 469)*

ਉਸ ਸਮੇਂ ਤੀਰਥ ਇਸ਼ਨਾਨ ਨੂੰ ਬਹੁਤ ਮਹੱਤਵ ਦਿੱਤਾ ਗਿਆ ਸੀ। ਪਰ ਗੁਰੂ ਜੀ ਫੁਰਮਾਉਂਦੇ ਹਨ ਕਿ ਇਸ਼ਨਾਨ ਕਰਨ ਨਾਲ ਕੋਈ ਸੁੱਚਾ ਨਹੀਂ ਹੋ ਸਕਦਾ। ਸੁੱਚੇ ਉਹ ਹਨ ਜਿਨ੍ਹਾਂ ਦੇ ਮਨ ਵਿੱਚ ਪ੍ਰਮਾਤਮਾ ਵੱਸਿਆ ਹੋਇਆ ਹੈ:

**ਸੂਚੇ ਇਹ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ॥**
**ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ॥੨॥** *(ਪੰਨਾ 472)*

ਉਸ ਸਮੇਂ ਕਈ ਕਰਮ ਕਾਂਡ ਸਨ ਜਿਵੇਂ ਤੀਰਥ ਯਾਤਰਾ ਕਰਨਾ, ਮੋਨ ਧਾਰਨਾ, ਅੰਨ ਨਾ ਖਾਣਾ ਭਾਵ ਵਰਤ ਰੱਖਣਾ, ਨੰਗੇ ਪੈਰੀਂ ਚਲਣਾ, ਸਿਰ 'ਤੇ ਸੁਆਹ ਪਾਉਣਾ, ਜੰਗਲਾਂ ਵਿੱਚ ਰਹਿਣਾ, ਨੰਗੇ ਰਹਿਣਾ ਆਦਿ। ਗੁਰੂ ਜੀ ਅਜਿਹੇ ਕਰਮ ਕਾਂਡ ਕਰਨ ਵਾਲਿਆਂ ਨੂੰ ਮੂਰਖ ਕਿਹਾ ਹੈ ਜਿਹੜੇ ਆਪਣੀ ਇੱਜ਼ਤ ਆਪ ਗੁਆਉਂਦੇ ਹਨ। ਅਸਲੀ ਸੁੱਖ ਉਹੋ ਹੀ ਪਾਉਂਦਾ ਹੈ ਜਿਸ ਨੂੰ ਸੱਚਾ ਗੁਰੂ ਮਿਲ ਗਿਆ ਹੈ:

**ਲਿਖਿ ਲਿਖ ਪੜਿਆ ਤੇਤਾ ਕੜਿਆ॥**
**ਬਹੁ ਤੀਰਥ ਭਵਿਆ ਤੇਤੋ ਲਵਿਆ॥**
**ਬਹੁ ਭੇਖ ਕੀਆ ਦੇਹੀ ਦੁਖੁ ਦੀਆ॥**
**ਸਹੁ ਵੇ ਜੀਆ ਆਪਣਾ ਕੀਆ॥...**
**ਅਲੁ ਮਲੁ ਖਾਈ ਸਿਰਿ ਛਾਈ ਪਾਈ॥**
**ਮੂਰਖ ਅੰਧੈ ਪਤਿ ਗਵਾਈ॥...**
**ਸਤਿਗੁਰੁ ਭੇਟੇ ਸੋ ਸੁਖ ਪਾਵੇ॥**
**ਹਰਿ ਕਾ ਨਾਮ ਮਨਿ ਵਸਾਏ॥** *(ਪੰਨਾ 467)*

ਇਸ ਸੰਸਾਰ ਨੂੰ ਗੁਰੂ ਜੀ ਨੇ ਕੂੜ ਕਿਹਾ ਹੈ। ਸੰਸਾਰ ਦੀਆਂ ਸਾਰੀਆਂ ਚੀਜ਼ਾਂ

---

21. ਪ੍ਰੋ.ਬਿਕਰਮ ਸਿੰਘ ਘੁੰਮਣ, **ਆਸਾ ਦੀ ਵਾਰ:ਬਾਣੀ,ਚਿੰਤਨ ਤੇ ਵਿਚਾਰ**, ਪੰਨਾ 47

ਕੂੜ ਹਨ। ਪ੍ਰਮਾਤਮਾ ਤੋਂ ਬਿਨਾਂ ਇਹ ਸੰਸਾਰ ਇੱਕ ਛਲਾਵਾ ਹੈ:-

**ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰ॥**
**ਕੂੜ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ॥...**
**ਕਿਸ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ॥...**
**ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜ॥੧॥**

*(ਪੰਨਾ 468)*

ਗੁਰੂ ਜੀ ਨੇ ਹੱਕ ਹਲਾਲ ਦੀ ਕਮਾਈ ਕਰਨ ਦੀ ਸਿੱਖਿਆ ਦਿੱਤੀ ਕਿਉਂਕਿ ਉਸ ਸਮੇਂ ਦੂਸਰੇ ਦਾ ਹੱਕ ਮਾਰਨਾ ਆਮ ਗੱਲ ਸੀ।ਰਾਗ ਮਾਝ ਵਿਚ ਉਹ ਇਸ ਦੀ ਘੋਰ ਨਿੰਦਿਆ ਕਰਦੇ ਹੋਏ ਫੁਰਮਾਉਂਦੇ ਹਨ:

**ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥**
**ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰ ਨ ਖਾਇ॥** *(ਪੰਨਾ 141)*

ਡਾ. ਤਾਰਨ ਸਿੰਘ ਨੇ ਠੀਕ ਹੀ ਲਿਖਿਆ ਹੈ ਕਿ ਇਸ ਰਚਨਾ ਵਿੱਚ ਦਾਰਸ਼ਨਿਕ ਤੇ ਧਾਰਮਿਕ ਵਿਚਾਰ ਤਾਂ ਉਹ ਹੀ ਹਨ ਜੋ ਕਿ ਗੁਰੂ ਸਾਹਿਬ ਦੀਆਂ ਹੋਰ ਰਚਨਾਵਾਂ ਵਿੱਚ ਦਿੱਤੇ ਹੋਏ ਹਨ ਪਰ ਰਸਮਾਂ ਤੇ ਕਰਮ ਕਾਂਡਾਂ ਬਾਰੇ, ਰਾਜਸੀ ਤੇ ਸਭਿਆਚਾਰਿਕ ਅਧੋਗਤੀ ਬਾਰੇ, ਜਿੰਨੀ ਦ੍ਰਿੜ੍ਹਤਾ ਅਤੇ ਦ੍ਰਿਸ਼ਟੀਕੋਣ ਇਸ ਰਚਨਾ ਵਿੱਚ ਦਿੱਤੇ ਗਏ ਹਨ, ਸਮੁੱਚੇ ਤੌਰ 'ਤੇ ਕਿਸੇ ਹੋਰ ਰਚਨਾ ਵਿੱਚ ਨਹੀਂ ਦਿੱਤੇ ਗਏ।[22] ਡਾ.ਰਤਨ ਸਿੰਘ ਜੱਗੀ ਅਨੁਸਾਰ ਉੱਚਾ ਸਮਾਜਿਕ ਵਿਅਕਤੀ ਬਣਨ ਲਈ ਧਰਮੋਂ-ਸਮਾਜਿਕ ਪਾਖੰਡਾਂ ਦਾ ਤਿਆਗ ਕਰਨਾ ਅਤਿ ਆਵੱਸ਼ਕ ਹੈ। ਗੁਰੂ ਜੀ ਨੇ ਆਪਣੇ ਸਮੇਂ ਦੇ ਧਰਮੋਂ-ਸਮਾਜਿਕ ਪਾਖੰਡਾਂ 'ਤੇ ਬਹੁਤ ਕਰੜੀ ਚੋਟ ਕੀਤੀ ਹੈ। ਰਹੱਸਵਾਦੀ ਸੱਤਾ ਦੀ ਪ੍ਰਾਪਤੀ ਲਈ ਕੁਝ ਇੱਕ ਚਿੰਨ੍ਹਾਤਮਕ ਕਾਰਵਾਈਆਂ ਦਾ ਧਾਰਮਿਕ ਅਤੇ ਸਮਾਜਿਕ ਦੋਹਰਾ ਰੂਪ ਹੈ। ਜਿਗਿਆਸੂ ਨੂੰ ਉਹ ਸਮਾਜਿਕ ਖੇਤਰ ਵਿੱਚੋਂ ਚੁੱਕ ਕੇ ਧਾਰਮਿਕ ਖੇਤਰ ਵੱਲ ਲੈ ਜਾਂਦੀਆਂ ਹਨ। ਉਨ੍ਹਾਂ ਦਾ ਪ੍ਰਮੁੱਖ ਕਾਰਜ ਮਨੁੱਖ ਦੀ ਸਮਾਜਿਕ ਉੱਨਤੀ ਕਰਨਾ ਹੈ ਜਾਂ ਮਨੁੱਖੀ ਗੁਣਾਂ ਦੇ ਵਿਕਾਸ ਨਿਮਿਤ ਉਨ੍ਹਾਂ ਦਾ ਪ੍ਰਚਲਨ ਹੁੰਦਾ ਹੈ। ਜਿਸ ਵੇਲੇ ਮਨੁੱਖ ਅਤੇ ਧਰਮ ਦੇ ਪ੍ਰਤਿਨਿਧ ਉਨ੍ਹਾਂ ਮਨੁੱਖੀ ਗੁਣਾਂ ਦੀ ਅਸਲੀਅਤ ਨੂੰ ਅੱਖੋਂ ਉਹਲੇ ਕਰ ਦਿੰਦੇ ਹਨ ਤਾਂ ਉਹ ਕਾਰਵਾਈਆਂ (ਰਸਮਾਂ) ਮਨੁੱਖੀ ਗੁਣਾਂ ਨੂੰ ਵਿਕਾਸ ਦੇਣ ਦੀ ਥਾਂ ਰਾਹ ਦਾ ਰੋੜਾ ਬਣਦੀਆਂ ਹਨ।[23]

ਇਸ ਤਰ੍ਹਾਂ ਆਸਾ ਦੀ ਵਾਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿੱਥੇ ਪ੍ਰਮਾਤਮਾ ਦੇ ਸਰੂਪ, ਉਸ ਦੀਆਂ ਵਡਿਆਈਆਂ ਤੇ ਉਸ ਨੂੰ ਪਾ ਕੇ ਕੂੜ ਦੀ ਦੀਵਾਰ ਤੋੜ ਕੇ ਜਨਮ ਮਰਨ ਦੇ ਚਕਰ ਤੋਂ ਮੁਕਤ ਹੋਣ ਦਾ ਹਰ ਪ੍ਰਾਣੀ ਨੂੰ ਰਸਤਾ ਵਿਖਾਇਆ

---

22 ਉਹੀ,ਪੰਨਾ 53.

23 ਵਿਚਾਰਧਾਰਾ, ਪੰਨਾ 146.

ਹੈ, ਉੱਥੇ ਉਸ ਸਮੇਂ ਦੇ ਸਮਾਜ ਬਾਰੇ ਭਰਪੂਰ ਜਾਣਕਾਰੀ ਦਿੱਤੀ ਹੈ। ਗੁਰੂ ਜੀ ਦੀ ਇਹ ਰਚਨਾ ਭਾਰਤੀ ਇਤਿਹਾਸ ਵਿਚ ਇਕ ਮੀਲ ਪੱਥਰ ਸਾਬਤ ਹੋਈ ਹੈ।

## ਸਹਾਇਕ ਪੁਸਤਕ ਸੂਚੀ


ਸੱਚਰ, ਹਰਦੇਵ ਸਿੰਘ, **ਵਾਰਕਾਰ ਗੁਰੂ ਨਾਨਕ,** ਸਿੰਘ ਬ੍ਰਦਰਜ਼ ਅੰਮ੍ਰਿਤਸਰ, 2018.

**ਸ੍ਰੀ ਗੁਰੂ ਗ੍ਰੰਥ ਸਾਹਿਬ**, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ।

ਸਾਹਿਬ ਸਿੰਘ, ਪ੍ਰੋਫ਼ੈਸਰ, **ਆਸਾ ਦੀ ਵਾਰ ਸਟੀਕ,** ਸਿੰਘ ਬ੍ਰਦਰਜ਼, ਅੰਮ੍ਰਿਤਸਰ, 2016.

ਘੁੰਮਣ, ਪ੍ਰੋ.ਬਿਕਰਮ ਸਿੰਘ, **ਆਸਾ ਦੀ ਵਾਰ:ਬਾਣੀ,ਚਿੰਤਨ ਤੇ ਵਿਚਾਰ,** ਵਾਰਿਸ ਸ਼ਾਹ ਫ਼ਾਉਂਡੇਸ਼ਨ,ਅੰਮ੍ਰਿਤਸਰ, 2013.

ਜੱਗੀ, ਰਤਨ ਸਿੰਘ, **ਵਿਚਾਰਧਾਰਾ,** ਮਦਾਨ ਪਬਲਿਸ਼ਰਜ਼ ਐਂਡ ਬੁਕ ਸੈਲਰਜ਼, ਪਟਿਆਲਾ, 1966.

ਜੋਧ ਸਿੰਘ (ਮੁੱਖ ਸੰਪਾਦਕ) **ਪੰਜਾਬੀ ਰੂਪਾਂਤਰਣ ਸਿੱਖ ਧਰਮ ਵਿਸ਼ਵਕੋਸ਼** (ਪਹਿਲੀ ਸੈਂਚੀ ੳ ਤੋਂ ਸ਼), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008.

ਦੀਪ, ਦਲੀਪ ਸਿੰਘ, **ਗੁਰਬਾਣੀ ਚਿੰਤਨ (ਸਿਧਾਂਤ ਤੇ ਸਾਧਨਾ)**, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1995.

ਨਾਭਾ, ਭਾਈ ਕਾਨ੍ਹ ਸਿੰਘ, **ਗੁਰੁਸ਼ਬਦ ਰਤਨਾਕਰ ਮਹਾਨ-ਕੋਸ਼**, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990.

ਪਰਮਿੰਦਰ ਸਿੰਘ, ਕਿਰਪਾਲ ਸਿੰਘ ਕਸੇਲ ਤੇ ਗੋਬਿੰਦ ਸਿੰਘ ਲਾਂਬਾ, **ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ**, ਲਾਹੌਰ ਬੁਕ ਸ਼ਾਪ, ਲੁਧਿਆਣਾ, 1991.

ਵੋਹਰਾ, ਪ੍ਰੋ. ਆਸ਼ਾ ਨੰਦ, **ਆਸਾ ਦੀ ਵਾਰ** (ਇੱਕ ਸਾਂਸਕ੍ਰਿਤਿਕ ਅਧਿਐਨ), ਜੈਨ ਬੁਕ ਡਿਪੋ, ਰੋਹਤਕ, 1971.

# ਪਟੀ (ਆਸਾ) : ਵਿਚਾਰਧਾਰਕ ਪਰਿਪੇਖ

—ਡਾ. ਗੁਰਮੁਖ ਸਿੰਘ

ਆਸਾ ਰਾਗ ਵਿਚ ਰਚੀ 'ਪਟੀ' ਗੁਰੂ ਨਾਨਕ ਦੇਵ ਜੀ ਦੀ ਇਕ ਪ੍ਰਮੁੱਖ ਬਾਣੀ ਹੈ। ਇਸ ਬਾਣੀ ਵਿਚ ਗੁਰੂ ਜੀ ਨੇ ਪਟੀ ਦੇ ਪੈਂਤੀ ਅੱਖਰਾਂ ਦੇ ਮਾਧਿਅਮ ਦੁਆਰਾ ਗੁਰਮਤਿ ਗਿਆਨ ਪ੍ਰਦਾਨ ਕੀਤਾ ਹੈ। ਕਿਸੇ ਭਾਸ਼ਾ ਦੇ ਅੱਖਰਾਂ ਨੂੰ ਕਾਵਿ-ਪੰਕਤੀਆਂ ਦੇ ਆਰੰਭ ਵਿਚ ਰੱਖ ਕੇ ਬਾਣੀ ਰਚਣ ਦੀ ਪਰੰਪਰਾ ਭਾਰਤ ਦੀਆਂ ਬਹੁਤ ਸਾਰੀਆਂ ਭਾਸ਼ਾਵਾਂ ਵਿਚ ਪ੍ਰਚੱਲਤ ਰਹੀ ਹੈ। 'ਬਾਵਨ ਅਖਰੀ' ਅਤੇ 'ਸੀਹਰਫ਼ੀ' ਇਸ ਕਾਵਿ-ਰੂਪ ਦੀਆਂ ਕੁਝ ਹੋਰ ਵੰਨਗੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦੋ ਬਾਵਨ ਅਖਰੀਆਂ (ਭਗਤ ਕਬੀਰ ਅਤੇ ਗੁਰੂ ਅਰਜਨ ਦੇਵ ਜੀ) ਵੀ ਆਈਆਂ ਹਨ। 'ਪਟੀ' ਬਾਣੀ ਦਾ ਮੂਲ ਵਿਸ਼ਾ ਪ੍ਰਭੂ ਦੀ ਸਰਵ-ਸ਼ਕਤੀਮਾਨਤਾ ਦਾ ਗੁਣਗਾਨ ਕਰਨਾ ਹੈ ਪਰ ਇਸ ਦੇ ਨਾਲ-ਨਾਲ ਕੁਝ ਉਪ-ਵਿਸ਼ੇ ਵੀ ਆਏ ਹਨ ਜਿਵੇਂ ਮਨੁੱਖੀ ਜੀਵਨ ਦੀ ਨਾਸ਼ਮਾਨਤਾ, ਮਨੁੱਖੀ ਜੀਵਨ ਦਾ ਉਦੇਸ਼, ਪ੍ਰਭੂ ਦੇ ਸਿਮਰਨ ਦਾ ਮਹੱਤਵ, ਕਰਮਾਂ ਦੇ ਫਲ ਦੀ ਪ੍ਰਾਪਤੀ, ਮਨਮੁੱਖ ਦੀ ਤ੍ਰਾਸਦੀ, ਮਾਇਆ ਦਾ ਆਕਰਸ਼ਣ ਇਤਿਆਦਿ। ਗੁਰੂ ਸਾਹਿਬ ਨੇ ਇਸ ਰਚਨਾ ਦੇ 35 ਬੰਦਾਂ ਵਿਚ ਅਧਿਆਤਮਕ ਜੀਵਨ ਨਾਲ ਸੰਬੰਧਤ ਵੱਖ-ਵੱਖ ਵਿਸ਼ਿਆਂ ਦਾ ਨਿਰੂਪਣ ਕੀਤਾ ਹੈ।

## 1. ਪ੍ਰਭੂ ਦੀ ਰਚਨਾਤਮਕ ਮਹਿਮਾ

ਗੁਰਮਤਿ ਅਨੁਸਾਰ ਪ੍ਰਭੂ ਆਪ ਹੀ ਸਾਰੀ ਸ੍ਰਿਸ਼ਟੀ ਦਾ ਰਚਨਹਾਰ ਹੈ। ਗੁਰਬਾਣੀ ਵਿਚ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਆਦਿਕ ਦੇਵਤਿਆਂ ਨੂੰ ਸ੍ਰਿਸ਼ਟੀ ਦਾ ਸਿਰਜਕ, ਸੰਚਾਲਕ ਜਾਂ ਵਿਨਾਸ਼ਕ ਨਹੀਂ ਮੰਨਿਆ ਗਿਆ। ਬਲਕਿ ਇਹ ਸਾਰੇ ਮਹੱਤਵਪੂਰਨ ਕਾਰਜ ਪ੍ਰਭੂ ਦੁਆਰਾ ਸੰਚਾਲਤ ਹੁੰਦੇ ਦਰਸਾਏ ਗਏ ਹਨ। ਇਸੇ ਕਾਰਨ ਗੁਰਮਤਿ ਵਿਚ ਕਿਸੇ ਹੋਰ ਦੇਵੀ-ਦੇਵਤੇ ਦੇ ਸਿਮਰਨ ਦਾ ਆਦੇਸ਼ ਨਹੀਂ ਦਿੱਤਾ ਗਿਆ। ਇਸ ਪ੍ਰਥਾਇ ਗੁਰੂ ਨਾਨਕ ਦੇਵ ਜੀ ਫ਼ੁਰਮਾਉਂਦੇ ਹਨ :

**ਸਸੈ ਸੋਇ ਸ੍ਰਿਸਟਿ ਜਿਨਿ ਸਾਜੀ**

**ਸਭਨਾ ਸਾਹਿਬੁ ਏਕੁ ਭਇਆ ॥**
**ਸੇਵਤ ਰਹੇ ਚਿਤੁ ਜਿਨ੍ ਕਾ ਲਾਗਾ**
**ਆਇਆ ਤਿਨ੍ ਕਾ ਸਫਲੁ ਭਇਆ ॥**

*(ਰਾਗ ਆਸਾ ਮਹਲਾ ੧, ਪੰਨਾ 432)*

ਇਸ ਬਾਣੀ ਅਨੁਸਾਰ ਪੂਰੀ ਸ੍ਰਿਸ਼ਟੀ ਦਾ ਸਿਰਜਕ ਅਤੇ ਸੰਚਾਲਕ ਕੇਵਲ ਇਕ ਪ੍ਰਭੂ ਹੀ ਹੈ। ਹਰ ਵਿਅਕਤੀ ਦਾ ਜਨਮ-ਦਾਤਾ ਉਹੀ ਪ੍ਰਭੂ ਹੈ। ਸੋ ਜਿਸ ਪ੍ਰਭੂ ਨੇ ਮਨੁੱਖ ਨੂੰ ਜੀਵਨ ਦਾਨ ਦਿੱਤਾ ਹੈ, ਉਸ ਦੇ ਭੋਗ ਲਈ ਅਨੇਕ ਪ੍ਰਕਾਰ ਦੇ ਪਦਾਰਥ ਜੁਟਾਏ ਹਨ, ਉਸ ਨੂੰ ਚੇਤਨਾ, ਭਾਸ਼ਾ ਅਤੇ ਬੁੱਧੀ ਪ੍ਰਦਾਨ ਕੀਤੀ ਹੈ, ਉਸ ਨੂੰ ਚਾਹੀਦਾ ਹੈ ਕਿ ਉਹ ਅਜਿਹੇ ਪ੍ਰਭੂ ਦਾ ਕ੍ਰਿਤੱਗ ਹੋਵੇ ਅਤੇ ਆਭਾਰ ਪ੍ਰਗਟ ਕਰਨ ਲਈ ਉਸ ਨੂੰ ਪ੍ਰਭੂ ਦਾ ਗੁਣਗਾਨ ਕਰਦਾ ਰਹੇ। ਜਿਹੜਾ ਵਿਅਕਤੀ ਆਪਣੇ ਸਿਰਜਕ ਪਰਮਾਤਮਾ ਦੇ ਚਰਨਾਂ ਵਿਚ ਚਿੱਤ ਜੋੜੀ ਰੱਖਦਾ ਹੈ, ਉਸੇ ਦਾ ਇਸ ਸੰਸਾਰ ਵਿਚ ਆਉਣਾ ਸਫਲ ਸਿੱਧ ਹੁੰਦਾ ਹੈ ਕਿਉਂਕਿ ਉਹ ਸਿਮਰਨ ਅਤੇ ਭਗਤੀ ਦੇ ਮਾਧਿਅਮ ਦੁਆਰਾ ਆਵਾਗਵਣ ਦੇ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ।

## 2. ਮਨੁੱਖੀ ਜੀਵਨ ਦੀ ਨਾਸ਼ਮਾਨਤਾ

ਇਸ ਜਗਤ ਵਿਚ ਕੇਵਲ ਪ੍ਰਭੂ ਹੀ ਸਤਿ ਅਤੇ ਅਬਿਨਾਸ਼ੀ ਹੈ। ਹੋਰ ਸਭ ਜੀਵ-ਜੰਤੂ, ਵਸਤਾਂ ਅਤੇ ਵਣ-ਤ੍ਰਿਣ ਅਸਤਿ ਅਤੇ ਨਾਸ਼ਵਾਨ ਹਨ। ਪ੍ਰਭੂ ਇਹਨਾਂ ਸਭ ਪ੍ਰਾਣੀਆਂ ਅਤੇ ਪਦਾਰਥਾਂ ਨੂੰ ਇਕ ਨਿਸਚਿਤ ਅਵਧੀ ਲਈ ਇਸ ਸੰਸਾਰ ਵਿਚ ਭੇਜਦਾ ਹੈ ਅਤੇ ਉਸ ਅਵਧੀ ਦੇ ਸਮਾਪਤ ਹੋ ਜਾਣ ਉਪਰੰਤ ਇਹਨਾਂ ਨੂੰ ਆਪਣੇ ਪਾਸ ਬੁਲਾ ਲੈਂਦਾ ਹੈ। ਇਸ ਮੰਤਵ ਲਈ ਉਸ ਨੇ ਮ੍ਰਿਤੂ ਦਾ ਦੇਵਤਾ ਯਮਰਾਜ ਸਾਜ ਰੱਖਿਆ ਹੈ। ਅੱਗੋਂ ਇਸ ਯਮਰਾਜ ਦੇ ਹੁਕਮਾਂ ਦੀ ਪਾਲਣਾ ਕਰਨ ਲਈ ਉਸ ਨੂੰ ਕੁਝ ਦੂਤ ਵੀ ਦਿੱਤੇ ਹੋਏ ਹਨ। ਜਦੋਂ ਕਿਸੇ ਪ੍ਰਾਣ ਦੀ ਅਉਧ (ਅਵਧੀ) ਸਮਾਪਤ ਹੋ ਜਾਂਦੀ ਹੈ ਤਾਂ ਯਮਰਾਜ ਆਪਣੇ ਦੂਤਾਂ ਦੀ ਮਾਅਰਫ਼ਤ ਉਸ ਪ੍ਰਾਣੀ ਦੀ ਆਤਮਾ ਨੂੰ ਆਪਣੇ ਪਾਸ ਬੁਲਾ ਲੈਂਦਾ ਹੈ, ਸਰੀਰ ਇਸ ਨਾਸ਼ਮਾਨ ਦੁਨੀਆਂ ਦੀ ਮਿੱਟੀ ਵਿਚ ਮਿਲ ਕੇ ਮਿੱਟੀ ਹੋ ਜਾਂਦਾ ਹੈ। ਆਤਮਾ ਪਾਸੋਂ ਕੀਤੇ ਹੋਏ ਕਰਮਾਂ ਦਾ ਹਿਸਾਬ ਮੰਗਿਆ ਜਾਂਦਾ ਹੈ। ਪ੍ਰਭੂ ਦਾ ਸਿਮਰਨ ਕਰਨ ਵਾਲੀਆਂ ਆਤਮਾਵਾਂ ਨੂੰ ਪ੍ਰਭੂ ਜੀਵਨ-ਮ੍ਰਿਤੂ ਦੇ ਚੱਕਰ ਤੋਂ ਮੁਕਤ ਕਰ ਦਿੰਦਾ ਹੈ ਅਤੇ ਮੋਹ-ਮਾਇਆ ਵਿਚ ਫਸ ਕੇ ਪ੍ਰਭੂ ਤੋਂ ਬੇਮੁਖ ਹੋਏ ਪ੍ਰਾਣੀਆ ਨੂੰ ਪੁਨਰ-ਜਨਮ ਪ੍ਰਦਾਨ ਕਰ ਕੇ ਇਕ ਹੋਰ ਮੌਕਾ ਦਿੱਤਾ ਜਾਂਦਾ ਹੈ ਪਰ ਇਹ ਮੌਕਾ ਕੇਵਲ ਮਨੁੱਖਾਂ (ਇਸਤਰੀ-ਪੁਰਖ) ਨੂੰ ਹੀ ਪ੍ਰਾਪਤ ਹੁੰਦਾ ਹੈ। ਇਸ ਦੁਨੀਆਂ ਵਿਚ ਰਹਿ ਕੇ ਪਾਪ ਕਮਾਉਣ ਵਾਲੇ ਮਨੁੱਖਾਂ ਨੂੰ ਦੁਬਾਰਾ ਮਨੁੱਖਾ ਦੇਹੀ ਨਹੀਂ ਮਿਲਦੀ ਬਲਕਿ ਉਹ ਚੁਰਾਸੀ ਲੱਖ ਜੂਨੀਆਂ ਵਿਚ ਭਟਕਦੇ ਹੋਏ ਅਨੇਕ ਵਰ੍ਹਿਆਂ ਤੋਂ ਬਾਅਦ ਫਿਰ ਕਦੇ ਭਾਗਾਂ ਨਾਲ ਮਨੁੱਖਾ ਦੇਹੀ

ਪ੍ਰਾਪਤ ਕਰਦੇ ਹਨ। ਮਨੁੱਖਾ ਦੇਹੀ ਆਵਾਗਵਣ ਦੇ ਬੰਧਨਾਂ ਤੋਂ ਮੁਕਤ ਹੋਣ ਦਾ ਇਕ ਸੁਨਹਿਰੀ ਮੌਕਾ ਹੁੰਦਾ ਹੈ। ਇਸ ਦੇਹੀ ਦੇ ਪ੍ਰਾਪਤ ਹੋਣ ਦਾ ਇਹ ਮਤਲਬ ਹੁੰਦਾ ਹੈ ਕਿ ਪ੍ਰਭੂ ਨੇ ਅਜਿਹੇ ਪ੍ਰਾਣੀ ਨੂੰ ਮੁਕਤੀ ਪ੍ਰਦਾਨ ਕਰਨ ਲਈ ਚੁਣ ਲਿਆ ਹੈ ਪਰ ਜਿਹੜੇ ਅਭਾਗੇ ਮਨੁੱਖੀ ਦੇਹੀ, ਚੇਤਨਾ ਅਤੇ ਸਦਬੁੱਧੀ ਪ੍ਰਾਪਤ ਕਰਨ ਦੇ ਬਾਵਜੂਦ ਇਸ ਸੁਅਵਸਰ ਦਾ ਸਦੁਪਯੋਗ ਨਹੀਂ ਕਰਦੇ, ਉਹਨਾਂ ਦਾ ਜੀਵਨ ਅਸਫਲ ਰਹਿ ਜਾਂਦਾ ਹੈ। ਇਸ ਸਥਿਤੀ ਦੀ ਭਿਆਨਕਤਾ ਦਾ ਵਰਣਨ ਕਰਦੇ ਹੋਏ ਗੁਰੂ ਸਾਹਿਬ ਫ਼ੁਰਮਾਉਂਦੇ ਹਨ :

**ਕਕੈ ਕੇਸ ਪੁੰਡਰ ਜਬ ਹੂਏ ਵਿਣੁ ਸਾਬੂਣੈ ਉਜਲਿਆ ॥**
**ਜਮ ਰਾਜੇ ਕੇ ਹੇਰੂ ਆਏ ਮਾਇਆ ਕੈ ਸੰਗਲਿ ਬੰਧਿ ਲਇਆ ॥**

*(ਰਾਗ ਆਸਾ ਮਹਲਾ ੧, ਪੰਨਾ 432)*

## 3. ਸ਼ਬਦ ਗੁਰੂ ਦੀ ਮਹਿਮਾ

ਗੁਰਮਤਿ ਵਿਚ ਸ਼ਬਦ ਨੂੰ ਗੁਰੂ ਦਾ ਮਹੱਤਵ ਪ੍ਰਦਾਨ ਕੀਤਾ ਗਿਆ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੀ ਇਕ ਮਹੱਤਵਪੂਰਨ ਰਚਨਾ ਵਿਚ 'ਸ਼ਬਦ' ਨੂੰ ਗੁਰੂ ਦਾ ਦਰਜਾ ਦਿੰਦਿਆਂ ਹੋਇਆਂ ਫ਼ੁਰਮਾਇਆ ਹੈ।

ਪ੍ਰਸ਼ਨ :

**ਕਵਣ ਮੂਲੁ ਕਵਣ ਮਤਿ ਵੇਲਾ ॥**
**ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ ॥**
**ਕਵਣ ਕਥਾ ਲੇ ਰਹਹੁ ਨਿਰਾਲੇ ॥**
**ਬੋਲੈ ਨਾਨਕੁ ਸੁਣਹੁ ਤੁਮ ਬਾਲੇ ॥**

ਉੱਤਰ :

**ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥**
**ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥**
**ਅਕਥ ਕਥਾ ਲੇ ਰਹਉ ਨਿਰਾਲਾ ॥**
**ਨਾਨਕ ਜੁਗਿ ਜੁਗਿ ਗੁਰ ਗੋਪਾਲਾ ॥**
**ਏਕੁ ਸਬਦੁ ਜਿਤੁ ਕਥਾ ਵੀਚਾਰੀ ॥**
**ਗੁਰਮੁਖਿ ਹਉਮੈ ਅਗਨਿ ਨਿਵਾਰੀ ॥੪੪॥**

*(ਸਿਧ ਗੋਸਟਿ, ਪੰਨਾ 943)*

ਨਾਥ ਜੋਗੀ ਗੁਰੂ ਨਾਨਕ ਦੇਵ ਜੀ ਦੇ ਮਹਾਨ ਅਤੇ ਵੈਰਾਟ ਵਿਅਕਤਿਤਵ ਤੋਂ ਅਚੰਭਿਤ ਹੋ ਕੇ ਇਹ ਪੁੱਛਦੇ ਹਨ ਕਿ ਮਨੁੱਖੀ ਜੀਵਨ ਦਾ ਆਰੰਭ ਕੀ ਹੈ ਅਤੇ ਆਤਮਿਕ ਸਿੱਖਿਆ ਪ੍ਰਾਪਤ ਕਰਨ ਦਾ ਸਭ ਤੋਂ ਸ਼ੁਭ ਸਮਾਂ ਕਿਹੜਾ ਹੈ। ਉਹ ਗੁਰੂ

ਨਾਨਕ ਦੇਵ ਜੀ ਤੋਂ ਉਹਨਾਂ ਦੇ ਸਤਿਗੁਰੂ ਦਾ ਨਾਮ-ਪਤਾ ਵੀ ਮਾਲੂਮ ਕਰਨਾ ਚਾਹੁੰਦੇ ਹਨ। ਉਹ ਪੁੱਛਦੇ ਹਨ ਕਿ ਕਿਹੜੀ ਸਿੱਖਿਆ ਪ੍ਰਾਪਤ ਕਰ ਕੇ ਉਹ ਮਾਇਆ ਦੇ ਪ੍ਰਭਾਵ ਤੋਂ ਨਿਰਲੇਪ ਰਹੇ ਹਨ। ਇਹਨਾਂ ਪ੍ਰਸ਼ਨਾਂ ਦੇ ਉੱਤਰ ਵਿਚ ਗੁਰੂ ਸਾਹਿਬ ਫ਼ੁਰਮਾਉਂਦੇ ਹਨ ਕਿ ਮਨੁੱਖੀ ਜੀਵਨ ਦਾ ਆਰੰਭ ਪ੍ਰਾਣਾਂ (ਹਵਾ) ਨਾਲ ਹੁੰਦਾ ਹੈ। ਸਮੁੱਚਾ ਜੀਵਨ ਹੀ ਸਤਿਗੁਰੂ ਤੋਂ ਮਤਿ ਗ੍ਰਹਿਣ ਕਰਨ ਦਾ ਸਮਾਂ ਹੈ। ਆਪ ਅਨੁਸਾਰ ਸ਼ਬਦ ਮੇਰਾ ਗੁਰੂ ਹੈ ਅਤੇ ਮੇਰੀ ਸੁਰਤਿ ਜਿਸ ਵਿਚ ਇਸ ਸਤਿਗੁਰੂ ਦੀ ਧੁਨੀ ਅਨੁਗੂੰਜਿਤ ਹੁੰਦੀ ਹੈ, ਇਸ ਦੀ ਚੇਲੀ ਹੈ। ਸ਼ਬਦ ਅਤੇ ਸੁਰਤਿ ਵਿਚ ਗੁਰੂ ਚੇਲੇ ਵਾਲਾ ਸੰਬੰਧ ਹੈ। ਮੈਂ ਉਸ ਅਕਸ ਪਰਮਾਤਮਾ ਦੇ ਗੁਣਾਂ ਅਤੇ ਕਹਾਣੀਆਂ ਦਾ ਗਾਇਨ ਕਰਦਾ ਰਹਿੰਦਾ ਹਾਂ, ਇਸੇ ਸਦਕਾ ਮੈਂ ਮਾਇਆ ਦੇ ਪ੍ਰਭਾਵ ਤੋਂ ਨਿਰਲੇਪ ਹਾਂ। ਹਰ ਯੁਗ ਵਿਚ ਉਸ ਪ੍ਰਭੂ ਦੀ ਮਹਿਮਾ ਪੱਸਰੀ ਹੋਈ ਹੈ। ਕੇਵਲ ਗੁਰੂ ਦਾ ਸ਼ਬਦ ਹੀ ਇਕ ਅਜਿਹਾ ਮਾਧਿਅਮ ਹੈ, ਜਿਸ ਦੁਆਰਾ ਪਰਮਾਤਮਾ ਦੀ ਮਹਿਮਾ ਬਾਰੇ ਵਿਚਾਰ ਕੀਤੀ ਜਾ ਸਕਦੀ ਹੈ। ਗੁਰਮੁਖ ਵਿਅਕਤੀ ਇਸੇ ਸ਼ਬਦ ਦੇ ਮਾਧਿਅਮ ਦੁਆਰਾ ਹਉਮੈ ਦੀ ਅਗਨੀ ਨੂੰ ਸ਼ਾਂਤ ਕਰ ਲੈਂਦੇ ਹਨ।

ਵਿਚਾਰਾਧੀਨ ਬਾਣੀ ‘ਪਟੀ’ ਵਿਚ ਵੀ ਸਤਿਗੁਰੂ ਨਾਨਕ ਦੇਵ ਜੀ ਸ਼ਬਦ-ਗੁਰੂ ਦੀ ਅਰਾਧਨਾ ਕਰਦੇ ਹਨ। ਆਪ ਅਨੁਸਾਰ ਜਿਹੜਾ ਵਿਅਕਤੀ ਆਪਣੇ ਹਉਮੈ-ਭਾਵ ਨੂੰ ਤਿਆਗ ਕੇ, ਨਿਰੰਤਰ ਸੇਵਾ ਵਿਚ ਸਮਰਪਿਤ ਹੁੰਦਾ ਰਹਿੰਦਾ ਹੈ, ਉਸ ਨੂੰ ਸ਼ਬਦ-ਗੁਰੂ ਦੀ ਸੋਝੀ ਹੋ ਜਾਂਦੀ ਹੈ ਅਤੇ ਉਹ ਪੂਰਨ ਤੌਰ ’ਤੇ ਗੁਰ-ਸ਼ਬਦ ਨਾਲ ਜੁੜ ਜਾਂਦਾ ਹੈ। ਫਿਰ ਅਜਿਹੇ ਵਿਅਕਤੀ ਨੂੰ ਬੁਰੇ ਅਤੇ ਭਲੇ ਦੇ ਦਰਮਿਆਨ ਕੋਈ ਭਿੰਨ-ਭੇਦ ਨਹੀਂ ਰਹਿੰਦਾ। ਉਹ ਆਪਣੇ ਲਈ ਹਿਤਕਰ ਅਤੇ ਅਹਤਿਕਾਰ ਦੋਵੇਂ ਤਰ੍ਹਾਂ ਦੀਆਂ ਸਥਿਤੀਆਂ ਨੂੰ ਸਮਰੂਪ ਗ੍ਰਹਿਣ ਕਰਦਾ ਹੈ ਅਤੇ ਇਸ ਤਰ੍ਹਾਂ ਪ੍ਰਭੂ ਵਿਚ ਪੂਰਨ ਭਾਂਤ ਲੀਨ ਹੋ ਜਾਂਦਾ ਹੈ। ਸਮਤਾ—ਦਰਸ਼ਨ, ਰਜ਼ਾ ਦੇ ਸੰਕਲਪ ਦਾ ਵੀ ਪਰਿਆਇਵਾਚੀ ਹੈ। ਅਰਥਾਤ ਪ੍ਰਭੂ ਦੀ ਜੋ ਰਜ਼ਾ ਹੁੰਦੀ ਹੈ, ਮਨੁੱਖ ਨੂੰ ਉਸੇ ਤਰ੍ਹਾਂ ਦਾ ਜੀਵਨ ਪ੍ਰਾਪਤ ਹੁੰਦਾ ਹੈ। ਦੁੱਖ ਅਤੇ ਸੁਖ ਦੋਵੇਂ ਪ੍ਰਭੂ ਦੇ ਖ਼ਜ਼ਾਨੇ ਦੀਆਂ ਅਨਮੋਲ ਨਿਧੀਆਂ ਹਨ। ਪ੍ਰਭੂ ਇਹਨਾਂ ਵਿਚੋਂ ਜਿਹੜੀ ਨਿਧੀ ਮਨੁੱਖ ਨੂੰ ਪ੍ਰਦਾਨ ਕਰਦਾ ਹੈ, ਉਸ ਨੂੰ ਸਹਰਸ਼ ਉਹੀ ਨਿਧੀ ਸਵੀਕਾਰ ਕਰ ਲੈਣੀ ਚਾਹੀਦੀ ਹੈ। ਕਿਉਂਕਿ ਕਿਸੇ ਵਿਅਕਤੀ ਦੇ ਕਲਿਆਣ ਵਾਸਤੇ ਪ੍ਰਭੂ ਤੋਂ ਬੇਹਤਰ ਹੋਰ ਕੋਈ ਨਹੀਂ ਸੋਚ ਸਕਦਾ। ਕਈ ਵਾਰ ਦੁੱਖ ਹੀ ਮਨੁੱਖ ਦੀ ਕਿਸੇ ਆਧਿ-ਬਿਆਧਿ ਲਈ ‘ਦਾਰੂ’ ਦਾ ਕੰਮ ਕਰਦਾ ਹੈ। ਸੋ ਦੁੱਖ ਨੂੰ ਅਸਵੀਕਾਰ ਕਰਨ ਵਾਸਤੇ ਸੋਚਣਾ ਵੀ ਇਕ ਤਰ੍ਹਾਂ ਦੀ ਅਵੱਗਿਆ ਹੈ। ‘ਦੁੱਖ’ ਦੇ ਪ੍ਰਥਾਇ ਗੁਰੂ ਸਾਹਿਬ ਫ਼ੁਰਮਾਉਂਦੇ ਹਨ :

**ਦੁਖੁ ਦਾਰੂ ਸੁਖੁ ਰੋਗੁ ਭਇਆ**
**ਜਾ ਸੁਖੁ ਤਾਮਿ ਨ ਹੋਈ ॥**

**ਤੂੰ ਕਰਤਾ ਕਰਣਾ ਮੈ ਨਾਹੀ**
**ਜਾ ਹਉ ਕਰੀ ਨ ਹੋਈ ॥੧॥**

*(ਸਲੋਕ ਮਹਲਾ ੧, ਪੰਨਾ 469)*

ਅਰਥਾਤ ਮਨੁੱਖੀ ਚੇਤਨਾ ਨੂੰ ਪ੍ਰਚੰਡ ਕਰਨ ਅਤੇ ਵਿਸ਼ੇ-ਵਿਕਾਰਾਂ ਤੋਂ ਮੁਕਤ ਹੋਣ ਵਿਚ ਦੁੱਖ ਇਕ ਔਸ਼ਧੀ ਵਾਂਗ ਕੰਮ ਕਰਦਾ ਹੈ। ਜਦੋਂ ਕਿ ਸੁਖ ਦੀਆਂ ਘੜੀਆਂ ਮਨੁੱਖ ਨੂੰ ਵਿਕਾਰਾਂ ਵਿਚ ਸੁੱਟ ਕੇ ਰੋਗੀ ਬਣਾ ਦਿੰਦੀਆਂ ਹਨ। ਸੁਖ ਸਮੇਂ ਪ੍ਰਭੂ ਦੀ ਯਾਦ ਹੀ ਨਹੀਂ ਆਉਂਦੀ ਕਿਉਂਕਿ ਇਸ ਸਮੇਂ ਮਨੁੱਖ ਗ਼ਾਫ਼ਲ ਹੋ ਜਾਂਦਾ ਹੈ। ਪ੍ਰਭੂ ਆਪ ਹੀ ਮਨੁੱਖ ਦੁਆਰਾ ਕੀਤੇ ਜਾਣ ਵਾਲੇ ਹਰ ਕਰਮ ਦਾ ਕਰਤਾ ਹੈ। ਕੋਈ ਵਿਅਕਤੀ ਖ਼ੁਦ ਕਿਸੇ ਕੰਮ ਨੂੰ ਕਰਨ ਬਾਰੇ ਸੋਚ ਵੀ ਨਹੀਂ ਸਕਦਾ, ਉਸ ਦੇ ਕੀਤਿਆਂ ਕੋਈ ਕੰਮ ਮੁਕੰਮਲ ਤਾਂ ਕੀ ਹੋਣਾ ਹੋਇਆ ? ਇਸ ਸੂਰਤ ਵਿਚ ਦੁੱਖ ਤੋਂ ਡਰਨ ਜਾਂ ਬਚਨ ਵਿਚ ਕੋਈ ਸਿਆਣਪ ਨਹੀਂ ਹੈ।

## 4. ਸਾਖਰ ਅਤੇ ਗਿਆਨੀ

'ਪਟੀ' ਬਾਣੀ ਦੇ ਮਾਧਿਅਮ ਦੁਆਰਾ ਗੁਰੂ ਨਾਨਕ ਦੇਵ ਜੀ ਇਸ ਮਿਥ ਦਾ ਭੰਜਨ ਕਰਦੇ ਹਨ ਕਿ ਹਰ ਪੜ੍ਹਿਆ-ਲਿਖਿਆ ਸ਼ਖ਼ਸ ਗਿਆਨੀ ਵੀ ਹੁੰਦਾ ਹੈ। ਗੁਰੂ ਸਾਹਿਬ ਸਮਝਾਉਂਦੇ ਹਨ ਕਿ ਪੜ੍ਹਨ-ਕਲਾ ਵਿਚ ਪਾਰੰਗਤ ਹੋਣਾ ਹੋਰ ਗੱਲ ਹੈ ਅਤੇ ਗਿਆਨੀ ਹੋਣਾ ਇਕ ਵੱਖਰੀ ਗੱਲ ਹੈ। ਜਿਹੜੇ ਲੋਕ ਹਰ ਪੜ੍ਹੇ-ਲਿਖੇ ਨੂੰ ਗਿਆਨੀ ਸਮਝ ਬੈਠਦੇ ਹਨ, ਗੁਰੂ ਸਾਹਿਬ ਉਨ੍ਹਾਂ ਨੂੰ ਭੁੱਲੜ ਅਥਵਾ ਅਗਿਆਨੀ ਘੋਸ਼ਿਤ ਕਰਦੇ ਹਨ। ਇਸ ਬਾਣੀ ਦੇ 'ਰਹਾਉ' ਵਿਚ ਆਪਣੇ ਦ੍ਰਿਸ਼ਟੀਕੋਣ ਨੂੰ ਸਪੱਸ਼ਟ ਕਰਦੇ ਹੋਏ ਆਪ ਫ਼ੁਰਮਾਉਂਦੇ ਹਨ :

**ਮਨ ਕਾਹੇ ਭੂਲੇ ਮੂੜ ਮਨਾ ॥**
**ਜਬ ਲੇਖਾ ਦੇਵਹਿ ਬੀਰਾ ਤਉ ਪੜਿਆ ॥੧॥ ਰਹਾਉ ॥**

*(ਆਸਾ ਮਹਲਾ ੧, ਪੰਨਾ 432)*

ਆਪ ਅਨੁਸਾਰ ਪੜ੍ਹੇ-ਲਿਖੇ ਦੀ ਪਹਿਚਾਣ ਪ੍ਰਭੂ ਦੀ ਦਰਗਾਹ ਵਿਚ ਹੀ ਹੁੰਦੀ ਹੈ। ਕੀਤੇ ਹੋਏ ਕਰਮਾਂ ਦੇ ਆਧਾਰ 'ਤੇ ਜਦੋਂ ਵਿਅਕਤੀ ਦੇ ਜੀਵਨ ਦਾ ਲੇਖਾ-ਜੋਖਾ ਕੀਤਾ ਜਾਂਦਾ ਹੈ ਤਾਂ ਜਿਹੜੇ ਲੋਕ ਆਪਣੇ ਸ਼ੁਭ-ਕਰਮਾਂ—ਸੇਵਾ, ਸਿਮਰਨ ਅਤੇ ਪ੍ਰਭੂ-ਭਗਤੀ ਆਦਿ ਕਰਮਾਂ ਦੇ ਕਾਰਨ ਦੋਸ਼-ਮੁਕਤ ਹੋ ਜਾਂਦੇ ਹਨ, ਅਸਲ ਵਿਚ ਉਹੀ ਲੋਕ ਪੜ੍ਹੇ-ਲਿਖੇ ਭਾਵ ਗਿਆਨੀ ਹਨ। ਪਰੰਤੂ ਜਿਹੜੇ ਲੋਕ ਵਿਕਾਰਾਂ ਵਿਚ ਖਚਿਤ ਰਹਿਣ ਅਤੇ ਪ੍ਰਭੂ ਤੋਂ ਬੇਮੁੱਖ ਰਹੇ ਹੋਣ ਦੀ ਸੂਰਤ ਵਿਚ ਅਪਰਾਧੀ ਘੋਸ਼ਿਤ ਕੀਤੇ ਜਾਂਦੇ ਹਨ, ਉਹਨਾਂ ਦੀ ਪੜ੍ਹਾਈ ਲਿਖਾਈ ਕਿਸੇ ਕੰਮ ਨਹੀਂ ਆਉਂਦੀ। ਗੁਰੂ ਸਾਹਿਬ ਦੇ ਮੰਤਕ ਅਨੁਸਾਰ ਪ੍ਰਭੂ ਦੀ ਦਰਗਾਹ ਵਿਚ ਸਾਖਰ ਜਾਂ ਨਿਰਾਖਰ ਹੋਣ ਕਾਰਨ ਹੀ ਕੋਈ ਛੁੱਟਦਾ ਜਾਂ ਬੱਝਦਾ ਨਹੀਂ ਹੈ ਬਲਕਿ ਪ੍ਰਭੂ ਹਰ ਵਿਅਕਤੀ ਦੁਆਰਾ

ਕੀਤੇ ਕਰਮਾਂ ਨੂੰ ਕਸੌਟੀ ਬਣਾ ਕੇ ਉਸ ਦੇ ਮੁਕੱਦਰ ਬਾਰੇ ਕੋਈ ਫ਼ੈਸਲਾ ਕਰਦਾ ਹੈ। ਆਪ ਅਨੁਸਾਰ ਪੜ੍ਹਿਆ-ਲਿਖਿਆ ਅਰਥਾਤ ਪੰਡਤ ਉਹੀ ਹੈ ਜਿਸ ਨੂੰ ਆਪਣੇ ਜੀਵਨ-ਉਦੇਸ਼ ਦਾ ਬੋਧ (ਗਿਆਨ) ਹੋ ਜਾਂਦਾ ਹੈ। ਦੇਖੋ :

**ਙੰਙੈ ਙਿਆਨੁ ਬੂਝੈ ਜੇ ਕੋਈ ਪੜਿਆ ਪੰਡਿਤੁ ਸੋਈ ॥**
**ਸਰਬ ਜੀਆ ਮਹਿ ਏਕੋ ਜਾਣੈ ਤਾ ਹਉਮੈ ਕਹੈ ਨ ਕੋਈ ॥੪॥**

*(ਆਸਾ ਮਹਲਾ ੧, ਪੰਨਾ 432)*

ਆਪਣੀ ਪੜ੍ਹਾਈ-ਲਿਖਾਰੀ ਨੂੰ ਆਧਾਰ ਬਣਾ ਕੇ ਬ੍ਰਾਹਮਣ ਸ਼੍ਰੇਣੀ ਆਪਣੇ ਆਪ ਨੂੰ ਸਭ ਤੋਂ ਸ੍ਰੇਸ਼ਠ ਹੋਣ ਦਾ ਦਾਅਵਾ ਕਰ ਰਹੀ ਸੀ। ਗੁਰੂ ਸਾਹਿਬ ਇਸ ਸ਼੍ਰੇਣੀ ਦੇ ਅਜਿਹੇ ਦਾਅਵੇ ਨੂੰ ਰੱਦ ਦਿੰਦੇ ਹਨ। ਆਪ ਅਨੁਸਾਰ ਪ੍ਰਭੂ ਦੀ ਦ੍ਰਿਸ਼ਟੀ ਵਿਚ ਹਰ ਕੋਈ ਸਮਾਨ ਹੈ। ਪ੍ਰਭੂ ਲਈ ਬ੍ਰਾਹਮਣ, ਕਸ਼ੱਤਰੀ, ਵੈਸ਼ ਅਤੇ ਸ਼ੂਦਰ ਆਦਿ ਸਭ ਇਕ ਜੈਸੇ ਹਨ। ਉਸੇ ਨੇ ਹੀ ਤਾਂ ਸਭ ਦੀ ਉਤਪਤੀ ਕੀਤੀ ਹੈ। ਸੋ ਜਨਮ ਜਾਂ ਜਾਤ ਦੀ ਦ੍ਰਿਸ਼ਟੀ ਤੋਂ ਕੋਈ ਅੰਤਰ ਕੈਸਾ। ਜੇ ਕੋਈ ਅੰਤਰ ਹੈ ਤਾਂ ਕੀਤੇ ਹੋਏ ਕਰਮਾਂ ਦੇ ਕਾਰਨ ਹੈ। ਸ਼ੁਭ ਕਰਮ ਕਰਨ ਵਾਲਾ ਸ੍ਰੇਸ਼ਠ ਅਤੇ ਮਨਜ਼ੂਰਿ-ਨਜ਼ਰ ਹੈ ਅਤੇ ਪਾਪ ਕਮਾਉਣ ਵਾਲਾ ਅਸ਼ੁਭ ਅਤੇ ਤਿਰਸਕ੍ਰਿਤ ਹੈ। ਪ੍ਰਭੂ ਉਹਨਾਂ ਨੂੰ ਆਪਣੇ ਪਾਸ ਸਵੀਕਾਰ ਨਹੀਂ ਕਰਦਾ ਬਲਕਿ ਦੋਬਾਰਾ ਚੰਗੇ ਕਰਮ ਕਰਨ ਲਈ ਇਸ ਦੁਨੀਆਂ ਵਿਚ ਵਾਪਸ ਲੌਟਾ ਦਿੰਦਾ ਹੈ।

ਆਵਾਗਵਣ ਅਤੇ ਮੁਕਤੀ ਦੇ ਇਸੇ ਸੰਕਲਪ ਨੂੰ ਵਿਸਤਾਰਦੇ ਹੋਏ ਕਿ ਜਿਹਨਾਂ ਸੁਭਾਗੇ ਵਿਅਕਤੀਆਂ ਦੇ ਮਨ ਅੰਦਰ ਪ੍ਰਭੂ ਦੀ ਜੋਤ ਜਾਗ੍ਰਿਤ ਹੋ ਜਾਂਦੀ ਹੈ, ਉਹੀ ਉਸੇ ਨਾਲ ਜੁੜੇ ਰਹਿੰਦੇ ਹਨ ਅਤੇ ਸਦੈਵ ਪ੍ਰਭੂ ਦੇ ਸਿਮਰਨ ਅਤੇ ਕੀਰਤਨ ਵਿਚ ਲੀਨ ਰਹਿੰਦੇ ਹਨ। ਇਹੀ ਲੋਕ ਅਸਲ ਵਿਚ ਪੰਡਤ ਜਾਂ ਗਿਆਨੀ ਹਨ ਕਿਉਂਕਿ ਇਹਨਾਂ ਨੂੰ ਪ੍ਰਭੂ ਦੀ ਮੌਜੂਦਗੀ ਦਾ ਗਿਆਨ ਹੋ ਜਾਂਦਾ ਹੈ ਅਤੇ ਕਿਸੇ ਕਾਰਨ ਇਹ ਪ੍ਰਭੂ ਦੀ ਦਰਗਾਹ ਵਿਚ ਮਨਜ਼ੂਰ ਹੋ ਜਾਂਦੇ ਹਨ ਅਤੇ ਇਹਨਾਂ ਨੂੰ ਆਪਣੀ ਪ੍ਰਮਾਣਿਕਤਾ ਸਿੱਧ ਕਰਨ ਲਈ ਬਾਰ-ਬਾਰ ਜਨਮ ਨਹੀਂ ਲੈਣਾ ਪੈਂਦਾ। ਦੇਖੋ :

**ਣਾਣੈ ਰਵਤੁ ਰਹੈ ਘਟ ਅੰਤਰਿ ਹਰਿ ਗੁਣ ਗਾਵੈ ਸੋਈ ॥**
**ਆਪੇ ਆਪਿ ਮਿਲਾਏ ਕਰਤਾ ਪੁਨਰਪਿ ਜਨਮੁ ਨ ਹੋਈ ॥੧੮॥**

*(ਆਸਾ ਮਹਲਾ ੧, ਪੰਨਾ 433)*

## 5. ਗੁਰਮੁਖ ਅਤੇ ਮਨਮੁਖ

ਗੁਰਮਤਿ ਵਿਚ ਅਧਿਆਤਮਕ ਅਥਵਾ ਆਦਰਸ਼ਕ ਵਿਅਕਤੀ ਨੂੰ ਗੁਰਮੁਖ ਅਤੇ ਦੁਨਿਆਵੀ ਅਥਵਾ ਵਿਵਹਾਰਕ ਵਿਅਕਤੀ ਨੂੰ ਮਨਮੁਖ ਕਿਹਾ ਗਿਆ ਹੈ।

ਗੁਰਮੁਖ ਵਿਅਕਤੀ ਗੁਰੂ ਦੇ ਉਪਦੇਸ਼ ਉਪਰ ਚੱਲ ਕੇ ਆਪਣੇ ਮਨ ਨੂੰ ਮਾਇਆ ਨਾਲ ਸੰਬੰਧਤ ਵਿਕਾਰਾਂ ਤੋਂ ਹੋੜ ਲੈਂਦਾ ਹੈ। ਉਹ ਆਪਣੇ ਮਨ ਨੂੰ ਜਿੱਤ ਲੈਂਦਾ ਹੈ ਅਤੇ ਜਿਸ ਨੇ ਇਸ ਮਨ ਨੂੰ ਜਿੱਤ ਲਿਆ, ਉਸ ਨੇ ਸਮਝੋ ਸਾਰੀ ਦੁਨੀਆਂ ਨੂੰ ਜਿੱਤ ਲਿਆ ਅਰਥਾਤ ਆਪਣੀ ਜੀਵਨ-ਯਾਤਰਾ ਨੂੰ ਸਫਲ ਕਰ ਲਿਆ। ਇਸ ਕਾਰਨ ਗੁਰੂ ਨਾਨਕ ਦੇਵ ਜੀ ਫ਼ੁਰਮਾਉਂਦੇ ਹਨ "ਮਨ ਜੀਤੈ ਜਗੁ ਜੀਤੁ ॥" ਗੁਰਮੁਖ ਵਿਅਕਤੀ ਪ੍ਰਭੂ ਦੇ ਸਿਮਰਨ ਅਤੇ ਭਗਤੀ ਭਾਵਨਾ ਵਿਚ ਲੀਨ ਰਹਿੰਦਾ ਹੈ। ਸੇਵਾ ਦੇ ਮਾਧਿਅਮ ਦੁਆਰਾ ਆਪਣੇ ਮਨ ਦੀ ਹਉਮੈ ਤੋਂ ਮੁਕਤ ਕਰ ਲੈਂਦਾ ਹੈ। ਇਹੋ ਜਿਹਾ ਵਿਅਕਤੀ ਸਦਾ ਸਹਿਜ ਅਵਸਥਾ ਵਿਚ ਰਹਿੰਦਾ ਅਤੇ ਇਸ ਕਾਰਨ ਪ੍ਰਭੂ ਵਿਚ ਅਭੇਦ ਹੋ ਜਾਂਦਾ ਹੈ। ਉਸ ਦੇ ਮਨ ਉਪਰ ਕਦੇ ਵੀ ਕੀਤੇ ਹੋਏ ਦੁਸ਼ਕਰਮਾਂ ਦੇ ਕਾਰਨ ਪਾਪਾਂ ਦਾ ਬੋਝ ਨਹੀਂ ਪੈਂਦਾ। ਉਹ ਜੀਵਨ-ਮੁਕਤੀ ਦੀ ਅਵਸਥਾ ਵਿਚ ਵਿਚਰਦਾ ਹੈ। ਗੁਰਮੁਖ ਦਾ ਇਕ ਹੋਰ ਲੱਛਣ ਇਹ ਵੀ ਹੈ ਕਿ ਉਹ ਆਪਣੇ ਆਪ ਨੂੰ ਕਿਸੇ ਕਰਮ ਦਾ ਕਰਤਾ ਨਹੀਂ ਮੰਨਦਾ। ਵੱਧ ਤੋਂ ਵੱਧ ਹੇਤੁ ਮੰਨ ਲੈਂਦਾ ਹੈ। ਕਰਨ-ਕਰਾਵਣਹਾਰ ਉਹ ਇਕ ਪਰਮਾਤਮਾ ਹੈ। ਉਸੇ ਇਕ ਪਰਮਾਤਮਾ ਵਿਚ ਟੇਕ ਰੱਖਣ ਕਾਰਨ ਉਹ ਇਧਰ-ਉਧਰ ਦੀ ਭਟਕਣਾ ਤੋਂ ਵੀ ਬਚਿਆ ਰਹਿੰਦਾ ਹੈ। ਭਾਵੇਂ ਉਸ ਵਿਚ ਹਉਮੈ ਤਾਂ ਨਹੀਂ ਰਹਿੰਦੀ ਕਿਉਂਕਿ ਉਹ ਆਪਣੇ ਆਪ ਨੂੰ ਕਰਤਾ ਨਹੀਂ ਸਮਝਦਾ ਪਰੰਤੂ ਸਾਰੀ ਸ੍ਰਿਸ਼ਟੀ ਦੇ ਕਰਤਾ ਅਤੇ ਸੰਚਾਲਕ ਉਪਰ ਸੱਚੀ ਟੇਕ ਰੱਖਣ ਦੇ ਕਾਰਨ ਉਸ ਵਿਚ ਸ੍ਵੈਮਾਨ ਜ਼ਰੂਰ ਉਤਪੰਨ ਹੋ ਜਾਂਦਾ ਹੈ। ਉਸ ਦਾ ਮੁੱਖ ਸਦਾ ਉਜਵੱਲ ਰਹਿੰਦਾ ਹੈ। ਗੁਰੂ ਸਾਹਿਬ ਦਾ ਫ਼ੁਰਮਾਨ ਹੈ:

**ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥**
**ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥**

*(ਜਪੁ, ਪੰਨਾ 8)*

'ਪਟੀ' ਵਿਚ ਗੁਰਮੁਖ ਦੇ ਸਰੂਪ ਦਾ ਵਰਣਨ ਕਰਦੇ ਹੋਏ ਗੁਰੂ ਸਾਹਿਬ ਜੀ ਫ਼ੁਰਮਾਉਂਦੇ ਹਨ ਕਿ ਗੁਰਮੁਖ ਵਿਅਕਤੀ ਗੁਰੂ ਦੇ ਉਪਦੇਸ਼ ਉਪਰ ਚੱਲਣ ਦੁਆਰਾ ਇਕ ਪਰਮਾਤਮਾ ਦੀ ਲੀਲ੍ਹਾ ਅਤੇ ਸਮਰੱਥਾ ਨੂੰ ਜਾਣ-ਸਮਝ ਲੈਂਦਾ ਹੈ। ਉਸ ਨੂੰ ਸੱਚ-ਸਰੂਪ ਪਰਮਾਤਮਾ ਦਾ ਬੋਧ ਹੋ ਜਾਂਦਾ ਹੈ ਅਤੇ ਇਸ ਕਾਰਨ ਉਹ ਜਨਮ-ਮਰਨ ਦੇ ਦੁਸ਼ਚੱਕਰ ਤੋਂ ਮੁਕਤ ਹੋ ਜਾਂਦਾ ਹੈ:

**ਯਯੈ ਜਨਮੁ ਨ ਹੋਵੀ ਕਦ ਹੀ ਜੇ ਕਰਿ ਸਚੁ ਪਛਾਣੈ ॥**
**ਗੁਰਮੁਖਿ ਆਖੈ ਗੁਰਮੁਖਿ ਬੂਝੈ ਗੁਰਮੁਖਿ ਏਕੋ ਜਾਣੈ ॥੨੯॥**

*(ਆਸਾ ਮਹਲਾ ੧, ਪੰਨਾ 434)*

ਮਨਮੁਖ ਦਾ ਚੱਲਣ ਗੁਰਮੁਖ ਦੇ ਵਿਪਰੀਤ ਹੁੰਦਾ ਹੈ। ਉਹ ਗੁਰੂ ਦੇ ਸਨਮੁਖ ਨਹੀਂ ਹੁੰਦਾ ਬਲਕਿ ਉਸ ਤੋਂ ਬੇਮੁੱਖ ਬਣਿਆ ਰਹਿੰਦਾ ਹੈ। ਉਹ ਆਪਣੇ ਮਨ ਦੀਆਂ

ਇੱਛਾਵਾਂ ਮਗਰ ਲੱਗ ਕੇ ਸਾਰੀ ਉਮਰ ਖ਼ੁਆਰ ਹੁੰਦਾ ਰਹਿੰਦਾ ਹੈ। ਮਨ ਚੰਚਲ ਹੈ ਅਤੇ ਇਹ ਵਿਅਕਤੀ ਨੂੰ ਤਰ੍ਹਾਂ-ਤਰ੍ਹਾਂ ਦੇ ਪ੍ਰਲੋਭਣ ਦੇ ਕੇ ਉਸ ਪਾਸੋਂ ਵਰਜਿਤ ਕੰਮ ਕਰਵਾਉਂਦਾ ਰਹਿੰਦਾ ਹੈ। ਅਜਿਹਾ ਵਿਅਕਤੀ ਵਿਕਾਰ-ਗ੍ਰਸਤ ਹੋ ਜਾਂਦਾ ਹੈ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਆਦਿ ਵਿਕਾਰਾਂ ਉਪਰ ਉਸ ਦਾ ਨਿਯੰਤਰਣ ਨਹੀਂ ਰਹਿੰਦਾ ਬਲਕਿ ਇਹਨਾਂ ਦੇ ਵੱਸ ਹੋ ਕੇ ਉਹ ਤਰ੍ਹਾਂ-ਤਰ੍ਹਾਂ ਦੇ ਪਾਪ ਅਤੇ ਗੁਨਾਹ ਕਰਦਾ ਹੈ। ਆਪਣੀਆਂ ਅਪਰਾਧੀ ਬ੍ਰਿਤੀਆਂ ਦੇ ਕਾਰਨ ਉਸ ਨੂੰ ਅਨੇਕ ਸੱਤਾਧਾਰੀਆਂ ਦੇ ਅੱਗੇ ਨਤਮਸਤਕ ਹੋਣਾ ਪੈਂਦਾ ਹੈ। ਉਹ ਕਦੇ ਵੀ ਸਹਿਜ ਅਵਸਥਾ ਵਿਚ ਨਹੀਂ ਆ ਪਾਉਂਦਾ ਬਲਕਿ ਸਦਾ ਤਣਾਓ ਭੋਗਦਾ ਅਤੇ ਅਸ਼ਾਂਤ ਰਹਿੰਦਾ ਹੈ। ਇੱਛਾਵਾਂ ਇਕ ਬਾਲਣ (fuel) ਦੀ ਨਿਆਈਂ ਕੰਮ ਕਰਦੀਆਂ ਹਨ। ਜਿਸ ਤਰ੍ਹਾਂ ਬਲਦੀ ਅੱਗ ਨੂੰ ਬਾਲਣ ਪਾ ਕੇ ਬੁਝਾਇਆ ਨਹੀਂ ਜਾ ਸਕਦਾ, ਇਸੇ ਤਰ੍ਹਾਂ ਇੱਛਾਵਾਂ ਦੀ ਪੂਰਤੀ ਦੁਆਰਾ ਮਨ ਨੂੰ ਸ਼ਾਂਤ ਨਹੀਂ ਕੀਤਾ ਜਾ ਸਕਦਾ ਬਲਕਿ ਇਸ ਪ੍ਰਕਿਰਿਆ ਦੁਆਰਾ ਮਨ ਦੀ ਅਗਨੀ ਹੋਰ ਭੜਕਦੀ ਅਤੇ ਤੀਬਰ ਹੁੰਦੀ ਹੈ। ਤਮਾਮ ਉਮਰ ਇੱਛਾਵਾਂ ਅਤੇ ਵਿਕਾਰਾਂ ਦੇ ਪਿੱਛੇ ਭਟਕਦਾ ਹੋਇਆ ਮਨੁੱਖ ਅੰਤ ਨੂੰ ਜਮਪੁਰ ਜਾ ਪਹੁੰਚਦਾ ਹੈ, ਜਿਥੇ ਉਸ ਨੂੰ ਆਪਣੇ ਕੀਤੇ ਹੋਏ ਕੁਕਰਮਾਂ ਦੇ ਕਾਰਨ ਕਠੋਰ ਸਜ਼ਾਵਾਂ ਵੀ ਭੁਗਤਣੀਆਂ ਪੈਂਦੀਆਂ ਹਨ ਅਤੇ ਆਵਾਗਵਣ ਦੀ ਅਨੰਤ ਪੀੜਾ ਵਿਚੋਂ ਵੀ ਗੁਜ਼ਰਨਾ ਪੈਂਦਾ ਹੈ। ਮਨਮੁਖ ਦੀ ਇਸੇ ਤ੍ਰਾਸਦਿਕ ਸਥਿਤੀ ਦਾ ਉਲੇਖ ਕਰਦੇ ਹੋਏ ਗੁਰੂ ਸਾਹਿਬ ਜੀ ਫ਼ੁਰਮਾਉਂਦੇ ਹਨ:

**ਭਭੈ ਭਾਲਹਿ ਸੇ ਫਲੁ ਪਾਵਹਿ**
**ਗੁਰ ਪਰਸਾਦੀ ਜਿਨ੍ ਕਉ ਭਉ ਪਇਆ ॥**
**ਮਨਮੁਖ ਫਿਰਹਿ ਨ ਚੇਤਹਿ ਮੂੜੇ**
**ਲਖ ਚਉਰਾਸੀਹ ਫੇਰੁ ਪਇਆ ॥੨੭॥**

*(ਆਸਾ ਮਹਲਾ ੧, ਪੰਨਾ 434)*

## 6. ਮਾਇਆ

ਮਨੁੱਖੀ ਜੀਵਨ ਬਾਰੇ ਗੁਰੂ ਸਾਹਿਬ ਦੀ ਧਾਰਨਾ ਸਰਬਾਂਗੀ ਅਤੇ ਪ੍ਰਵਿਰਤੀ ਕਰਮ ਦ੍ਰਿੜ੍ਹਾਉਣ ਵਾਲੀ ਹੈ। ਮਨੁੱਖ ਨੇ ਇਸ ਦੁਨੀਆਂ ਵਿਚ ਆਪਣੀਆਂ ਜ਼ਿੰਮੇਵਾਰੀਆਂ ਤੋਂ ਬੇਮੁੱਖ ਨਹੀਂ ਹੋਣਾ, ਇਸ ਨੂੰ ਤਿਆਗਣਾ ਨਹੀਂ ਹੈ। ਪ੍ਰਭੂ ਨੇ ਇਹ ਸ੍ਰਿਸ਼ਟੀ ਇਕ ਕਰਮਸ਼ਾਲਾ ਦੇ ਰੂਪ ਵਿਚ ਸਿਰਜੀ ਹੈ। ਮਨੁੱਖ ਨੇ ਇਥੇ ਰਹਿੰਦਿਆਂ ਹੋਇਆਂ ਵੱਖ-ਵੱਖ ਕਰਮਾਂ ਦਾ ਨਿਰਵਾਹ ਕਰਨਾ ਹੈ। ਪਰੰਤੂ ਉਸ ਲਈ ਇਹ ਵੀ ਲਾਜ਼ਮੀ ਹੈ ਕਿ ਉਹ ਆਪਣੇ ਕਰਮਾਂ ਨੂੰ ਆਪਣੇ ਮਨ ਦੀ ਮਤ ਪਿੱਛੇ ਲੱਗ ਕੇ ਕੁਕਰਮ ਨਾ ਬਣਨ ਦੇਵੇ ਬਲਕਿ ਗੁਰੂ ਦੀ ਮਤ ਉਪਰ ਚੱਲ ਕੇ ਇਹਨਾਂ

ਨੂੰ ਸ਼ੁਭ ਕਰਮ ਬਣਾਈ ਰੱਖੇ। ਇਸੇ ਲਈ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਫ਼ੁਰਮਾਇਆ ਹੈ :

**ਦੇਹਿ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨਾ ਟਰੋਂ ॥**
**ਨ ਟਰੋਂ ਅਰਿ ਸਿਉ ਜਬ ਜਾਇ ਲਰੋਂ ਨਿਸਚੈ ਕਰਿ ਅਪਨੀ ਜੀਤ ਕਰੋਂ ॥**

ਪ੍ਰਭੂ ਨੇ ਇਸ ਸ੍ਰਿਸ਼ਟੀ ਵਿਚ ਤਰ੍ਹਾਂ-ਤਰ੍ਹਾਂ ਦੇ ਪ੍ਰਲੋਭਣ ਵੀ ਆਪ ਹੀ ਸਿਰਜ ਰੱਖੇ ਹਨ। ਇਹ ਪ੍ਰਲੋਭਣ ਮਨੁੱਖ ਦੇ ਪਰੀਖਿਆ-ਸਥਲ ਹਨ। ਮਨੁੱਖ ਦੇ ਵਾਸ਼ਨਾਵਾਂ ਦੇ ਚਿੱਕੜ ਵਿਚ ਡਿੱਗਣਾ-ਡੁੱਬਣਾ ਨਹੀਂ ਹੈ। ਬਲਕਿ ਕੰਵਲ ਫੁੱਲ ਦੀ ਭਾਂਤੀ ਚਿੱਕੜ ਤੋਂ ਨਿਰਲੇਪ ਰਹਿਣਾ ਹੈ। ਜਿਹੜਾ ਅਤਿਯੋਗ ਅਤੇ ਚੋਣਵਾਂ ਮਨੁੱਖ ਵਾਸਨਾਵਾਂ ਦੇ ਜੰਗਲ ਵਿਚ ਗੁੰਮਦਾ-ਗੁਆਚਦਾ ਨਹੀਂ ਹੈ, ਉਹੀ ਮੁਕਤੀ ਦੀ ਪ੍ਰਾਪਤੀ ਦਾ ਹੱਕਦਾਰ ਹੈ। ਬਾਕੀ ਸਭ ਬਾਰ-ਬਾਰ ਜਨਮਦੇ ਅਤੇ ਮਰਦੇ ਰਹਿਣਗੇ। ਉਹਨਾਂ ਦੇ ਕਲਿਆਣ ਅਥਵਾ ਮੁਕਤੀ ਦੀ ਕੋਈ ਗੁੰਜਾਇਸ਼ ਨਹੀਂ ਰਹਿੰਦੀ। ਮਨ ਨੂੰ ਮਾਇਆ ਦੇ ਚੁੰਗਲ ਵਿਚ ਫਸਣ ਤੋਂ ਸਾਵਧਾਨ ਕਰਦੇ ਹੋਏ ਗੁਰੂ ਅਮਰਦਾਸ ਜੀ ਫ਼ੁਰਮਾਉਂਦੇ ਹਨ :

**ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ ॥**
**ਚਤੁਰਾਈ ਨ ਪਾਇਆ ਕਿਨੈ ਤੂ ਸੁਣਿ ਮੰਨ ਮੇਰਿਆ ॥**
**ਏਹ ਮਾਇਆ ਮੋਹਣੀ ਜਿਨਿ ਏਤੁ ਭਰਮਿ ਭੁਲਾਇਆ ॥**
**ਮਾਇਆ ਤ ਮੋਹਣੀ ਤਿਨੈ ਕੀਤੀ ਜਿਨਿ ਠਗਉਲੀ ਪਾਈਆ ॥**
**ਕੁਰਬਾਣੁ ਕੀਤਾ ਤਿਸੈ ਵਿਟਹੁ ਜਿਨਿ ਮੋਹੁ ਮੀਠਾ ਲਾਇਆ ॥**
**ਕਹੈ ਨਾਨਕੁ ਮਨ ਚੰਚਲ ਚਤੁਰਾਈ ਕਿਨੈ ਨ ਪਾਇਆ ॥੧੦॥**

*(ਪੰਨਾ 918)*

ਮਾਇਆ ਦੇ ਬਹੁਤ ਸਾਰੇ ਰੂਪ ਅਤੇ ਆਕਾਰ ਹਨ ਪਰ ਇਹਨਾਂ ਵਿਚੋਂ ਸਭ ਤੋਂ ਬਹੁਤਾ ਸ਼ਕਤੀਸ਼ਾਲੀ ਰੂਪ ਕੁਟੰਬ ਜਾਂ ਪਰਿਵਾਰ ਦਾ ਹੈ। ਮਨੁੱਖ ਬਹੁਤੇ ਕੁਕਰਮ ਅਤੇ ਗੁਨਾਹ ਇਸੇ ਪਰਿਵਾਰ ਦੀ ਖ਼ਾਤਰ ਕਰਦਾ ਹੈ। ਉਹ ਬਾਹਰੀ ਲੋਭ-ਲਾਲਚਾਂ—ਕਨਕ (ਸੋਨਾ, ਪਦਾਰਥਕ ਉਪਲਬਧੀਆਂ) ਅਤੇ ਕਾਮਨੀ (ਸੁੰਦਰ ਇਸਤਰੀ : ਹੁਸਨ) ਆਦਿ ਤੋਂ ਤਾਂ ਬਚ ਸਕਦਾ ਹੈ ਪਰ ਪਰਿਵਾਰ ਦੇ ਮੋਹ ਤੋਂ ਉਪਰ ਉੱਠਣਾ ਸੌਖਾ ਨਹੀਂ ਹੈ। ਇਸ ਮੰਤਵ ਲਈ ਸਾਨੂੰ ਵੱਖ-ਵੱਖ ਗੁਰੂ ਸਾਹਿਬਾਨ ਦੇ ਜੀਵਨ ਤੋਂ ਅਗਵਾਈ ਮਿਲ ਸਕਦੀ ਹੈ ਪਰੰਤੂ ਆਮ ਦੁਨੀਆਂਦਾਰ ਆਦਮੀ ਆਪਣੇ ਪਰਿਵਾਰ ਦੇ ਹਿਤਾਂ ਵਾਸਤੇ ਪਾਪ ਕਮਾਉਂਦਾ ਹੈ। ਗੁਰੂ ਸਾਹਿਬ ਉਸ ਨੂੰ ਇਹਲਾਂ ਪਾਪਾਂ ਤੋਂ ਵਰਜਦੇ ਹੋਏ ਫ਼ੁਰਮਾਉਂਦੇ ਹਨ :

**ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ ॥**
**ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ ॥**

**ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ ॥**
**ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥**

*(ਪੰਨਾ 918)*

'ਪਟੀ' ਵਿਚ ਮਾਇਆ ਦੇ ਵਿਵਿਧ ਰੂਪਾਂ ਵੱਲ ਸੰਕੇਤ ਕਰਦੇ ਹੋਏ ਗੁਰੂ ਨਾਨਕ ਦੇਵ ਜੀ ਫ਼ੁਰਮਾਉਂਦੇ ਹਨ ਕਿ ਪ੍ਰਭੂ ਨੇ ਮਾਇਆ ਦੇ ਮੋਹ ਵਿਚ ਪਾ ਕੇ ਸਾਰੀ ਦੁਨੀਆਂ ਦੇ ਲੋਕਾਂ ਨੂੰ ਵੱਖ-ਵੱਖ ਧੰਦਿਆਂ ਵਿਚ ਪਾ ਰੱਖਿਆ ਹੈ। ਮਨੁੱਖ ਪ੍ਰਭੂ ਦੇ ਹੁਕਮ ਅਨੁਸਾਰ ਸ੍ਰਿਸ਼ਟੀ ਦੇ ਸੁਖ ਭੋਗਦਾ ਹੈ। ਦੇਖੋ :

**ਲਲੈ ਲਾਇ ਧੰਧੈ ਜਿਨਿ ਛੋਡੀ ਮੀਠਾ ਮਾਇਆ ਮੋਹੁ ਕੀਆ ॥**
**ਖਾਣਾ ਪੀਣਾ ਸਮ ਕਰਿ ਸਹਣਾ ਭਾਣੈ ਤਾ ਕੈ ਹੁਕਮੁ ਪਇਆ ॥੩੧॥**

*(ਪੰਨਾ 434)*

ਪ੍ਰਭੂ ਮੋਹ-ਮਾਇਆ ਅਤੇ ਰਸਾਂ-ਕਸਾਂ ਦੀ ਦੁਨੀਆਂ ਵਿਚ ਮਨੁੱਖ ਨੂੰ ਸੁੱਟ ਕੇ ਉਸ ਦੇ ਵਿਵਹਾਰ ਨੂੰ ਵੇਖਦਾ ਹੈ। ਬਹੁਤੇ ਮਨੁੱਖ ਇਸ ਦੁਨੀਆਂ ਦੇ ਆਕਰਸ਼ਣ ਵਿਚ ਫਸ ਕੇ ਸਿਰਜਣਹਾਰ ਨੂੰ ਭੁਲਾ ਦਿੰਦੇ ਹਨ। ਮਨੁੱਖੀ ਜਾਮੇ ਦੇ ਉਦੇਸ਼ ਬਾਰੇ ਉਹਨਾਂ ਨੂੰ ਕੁਝ ਯਾਦ ਹੀ ਨਹੀਂ ਰਹਿੰਦਾ। ਖਾਣਾ, ਪੀਣਾ ਅਤੇ ਭੋਗਣਾ ਹੀ ਉਸ ਦੇ ਆਦਰਸ਼ ਸੂਤਰ ਬਣ ਕੇ ਰਹਿ ਜਾਂਦੇ ਹਨ। ਅਜਿਹੇ ਮਨੁਖ ਨੂੰ ਜੇ ਕੋਈ ਸਤਿਗੁਰੂ ਮਿਲ ਜਾਵੇ ਤਾਂ ਉਸ ਨੂੰ ਜੀਵਨ ਦੇ ਵਾਸਤਵਿਕ ਬੋਧ ਬਾਰੇ ਚੇਤੰਨ ਕਰ ਦਿੰਦਾ ਹੈ ਅਤੇ ਇਸ ਤਰ੍ਹਾਂ ਮਨੁੱਖ ਮਾਇਆ ਦੇ ਮੋਹ ਤੋਂ ਮੁਕਤ ਹੋ ਜਾਂਦਾ ਹੈ। ਇਹੀ ਨਿਰਵਾਣ-ਪ੍ਰਾਪਤੀ ਦਾ ਰਹੱਸ ਹੈ, ਇਸ ਦਾ ਪ੍ਰਥਮ ਪੜਾਓ ਹੈ। ਫਿਰ ਇਸ ਨੂੰ ਆਪਣੀ ਸਮਰੱਥਾ ਦੁਆਰਾ ਜਿਤਨਾ ਮਰਜ਼ੀ ਵਿਸਤਾਰ ਲਉ, ਭਾਵੇਂ ਕੁਲ ਆਲਮ ਨੂੰ ਇਸ ਵਿਚ ਸਮਾ ਲਵੋ ਜਿਵੇਂ ਸਤਿਗੁਰਾਂ ਨੇ ਕਰ ਵਿਖਾਇਆ ਸੀ। ਇਸ ਤਰ੍ਹਾਂ ਮਾਇਆ ਦੇ ਸਰੂਪ ਨੂੰ ਸਮਝਣਾ ਅਤੇ ਇਸ ਤੋਂ ਮੁਕਤ ਹੋਣਾ ਹਰ ਜਗਿਆਸੂ ਲਈ ਇਕ ਲਾਜ਼ਮੀ ਸ਼ਰਤ ਹੈ।

## 7. ਪ੍ਰਭੂ ਦੀ ਦਾਤਾਰਤਾ

ਗੁਰੂ ਸਾਹਿਬ ਪ੍ਰਭੂ ਦੇ ਦਾਤਾਰ ਸੰਕਲਪ ਉਪਰ ਵੀ ਬਹੁਤ ਬਲ ਦਿੰਦੇ ਹਨ। ਉਹ ਦੁਨੀਆਂ ਦੇ ਦਸਤੂਰ ਨੂੰ ਖ਼ੂਬ ਜਾਣਦੇ-ਪਹਿਚਾਣਦੇ ਸਨ। ਦੁਨੀਆਂ ਦਾ ਕੋਈ ਵੀ ਸ਼ਖ਼ਸ ਆਪਣੀਆਂ ਜ਼ਰੂਰਤਾਂ ਉਪਰ ਕਾਬੂ ਨਹੀਂ ਪਾ ਸਕਦਾ। ਹਰ ਕੋਈ ਮੋਹਤਾਜ ਹੈ। ਕਿਸੇ ਨੂੰ ਇਕ ਲੋੜ ਹੈ ਅਤੇ ਕਿਸੇ ਨੂੰ ਦੂਸਰੀ। ਇਹਨਾਂ ਲੋਕਾਂ ਦਾ ਝੰਬਿਆ ਅਤੇ ਸਤਾਇਆ ਹੋਇਆ ਵਿਅਕਤੀ ਦਰ-ਦਰ ਉੱਤੇ ਭਟਕਦਾ ਰਹਿੰਦਾ ਹੈ। ਉਹ ਇਹ ਭੁੱਲ ਹੀ ਜਾਂਦਾ ਹੈ ਕਿ ਜਿਸ ਪ੍ਰਭੂ ਨੇ ਉਸ ਨੂੰ ਪੈਦਾ ਕੀਤਾ ਹੈ, ਉਹ ਉਸ ਦੀਆਂ ਲੋੜਾਂ ਤੋਂ ਵੀ ਸੁਪਰਿਚਿਤ ਹੈ। ਗੁਰੂ ਸਾਹਿਬ ਵਿਅਕਤੀ ਨੂੰ ਇਹ ਦ੍ਰਿੜ੍ਹ

ਕਰਵਾਉਂਦੇ ਹਨ ਕਿ ਜਿਸ ਪ੍ਰਭੂ ਨੇ ਸਾਰੀ ਦੁਨੀਆਂ ਦੀ ਸਿਰਜਣਾ ਕੀਤੀ ਹੈ, ਉਸ ਪਾਸ ਦਾਤਾਂ ਦੇ ਅਖੁੱਟ ਭੰਡਾਰ ਹਨ। ਜਦੋਂ ਸਭ ਕੁਝ ਹੀ ਉਸੇ ਦਾ ਹੈ ਤਾਂ ਫਿਰ ਹੋਰ ਕਿਸੇ ਦੇ ਦਰ ਸਵਾਲੀ ਕਿਉਂ ਬਣਿਆ ਜਾਵੇ ? ਇਉਂ ਗੁਰੂ ਸਾਹਿਬ ਵਿਅਕਤੀ ਦਾ ਪਰਮਾਤਮਾ ਉਪਰ ਨਿਸਚਾ ਦ੍ਰਿੜ੍ਹ ਕਰਵਾਉਂਦੇ ਹਨ :

**ਜਜੈ ਜਾਨੁ ਮੰਗਤ ਜਨੁ ਜਾਚੈ ਲਖ ਚਉਰਾਸੀਹ ਭੀਖ ਭਵਿਆ ॥**
**ਏਕੋ ਲੇਵੈ ਏਕੋ ਦੇਵੈ ਅਵਰੁ ਨ ਦੂਜਾ ਮੈ ਸੁਣਿਆ ॥੧੧॥**
**ਝਝੈ ਝੂਰਿ ਮਰਹੁ ਕਿਆ ਪ੍ਰਾਣੀ ਜੋ ਕਿਛੁ ਦੇਣਾ ਸੁ ਦੇ ਰਹਿਆ ॥**
**ਦੇ ਦੇ ਵੇਖੈ ਹੁਕਮੁ ਚਲਾਏ ਜਿਉ ਜੀਆ ਕਾ ਰਿਜਕੁ ਪਇਆ ॥੧੨॥**

*(ਪੰਨਾ 433)*

## 8. ਕਰਮ ਸਿਧਾਂਤ

ਗੁਰੂ ਨਾਨਕ ਦੇਵ ਜੀ ਦਾ ਕਰਮ-ਸਿਧਾਂਤ ਯਥਾਰਥਕ ਅਤੇ ਵਿਹਾਰਵਾਦੀ ਹੈ। ਗੁਰੂ ਸਾਹਿਬ ਫ਼ੁਰਮਾਉਂਦੇ ਹਨ ਕਿ ਕੋਈ ਮਨੁੱਖ ਜਿਹੋ ਜਿਹੇ ਕਰਮ ਕਰਦਾ ਹੈ, ਉਸ ਨੂੰ ਉਸੇ ਤਰ੍ਹਾਂ ਦੇ ਫਲ ਦੀ ਪ੍ਰਾਪਤੀ ਹੁੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਫ਼ਰੀਦ-ਬਾਣੀ ਵਿਚ ਵੀ ਕਰਮ ਬਾਰੇ ਇਸੇ ਧਾਰਨਾ ਦਾ ਪ੍ਰਗਟਾਵਾ ਹੋਇਆ ਹੈ। ਫ਼ਰੀਦ ਜੀ ਫ਼ੁਰਮਾਉਂਦੇ ਹਨ ਕਿ ਜਿਵੇਂ ਕਿੱਕਰ ਦੇ ਰੁੱਖਾਂ ਨੂੰ ਬੀਜ ਕੇ ਦਾਖਾਂ ਦੀ ਪ੍ਰਾਪਤੀ ਨਹੀਂ ਹੋ ਸਕਦੀ ਅਤੇ ਉੱਨ ਨੂੰ ਕਤਵਾ ਕੇ ਰੇਸ਼ਮੀ ਬਸਤਰ ਤਿਆਰ ਨਹੀਂ ਕਰਵਾਏ ਜਾ ਸਕਦੇ, ਇਸੇ ਤਰ੍ਹਾਂ ਮਾੜੇ ਕਰਮ ਕਰ ਕੇ ਚੰਗੇ ਫਲ ਦੀ ਝਾਕ ਰੱਖਣੀ ਵਿਅਰਥ ਹੈ :

**ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥**
**ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ ॥੨੩॥**

*(ਸਲੋਕ ਫਰੀਦ ਜੀ, ਪੰਨਾ 1376)*

'ਬਾਰਹਮਾਹ' ਦੇ ਆਰੰਭ ਵਿਚ ਗੁਰੂ ਅਰਜਨ ਦੇਵ ਜੀ ਵੀ ਕਰਮ ਬਾਰੇ ਇਸੇ ਤਰ੍ਹਾਂ ਦਾ ਸੰਕਲਪ ਪੇਸ਼ ਕਰਦੇ ਹਨ। ਆਪ ਦੇ ਕਥਨ ਅਨੁਸਾਰ ਮਨੁਖ ਆਪਣੇ ਕੀਤੇ ਹੋਏ ਕਰਮਾਂ ਦੀ ਬੁਰੀ ਪ੍ਰਵਿਰਤੀ ਕਾਰਨ ਪਰਮਾਤਮਾ ਨਾਲ ਇਕਮਿਕ ਨਹੀਂ ਹੋ ਸਕਦਾ ਬਲਕਿ ਉਸ ਤੋਂ ਵਿੱਛੜ-ਨਿੱਖੜ ਜਾਂਦਾ ਹੈ। ਇਸ ਲਈ ਮਨੁੱਖ ਨੂੰ ਚਾਹੀਦਾ ਹੈ ਕਿ ਉਹ ਚੰਗੇ ਕਰਮ ਕਰੇ ਅਤੇ ਇਸ ਤਰ੍ਹਾਂ ਆਵਾਗਵਣ ਦੇ ਚੱਕਰ ਤੋਂ ਮੁਕਤ ਹੋ ਕੇ ਪ੍ਰਭੂ ਨਾਲ ਅਭੇਦ ਹੋ ਜਾਵੇ। ਦੇਖੋ :

**ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ ॥**
**ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ ॥**

*(ਪੰਨਾ 133)*

**ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ ॥**
**ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥**

*(ਪੰਨਾ 134)*

ਇਸ ਤਰ੍ਹਾਂ ਗੁਰਮਤਿ ਵਿਚ ਵਰਣਿਤ ਕਰਮ-ਸਿਧਾਂਤ ਭਾਰਤੀ ਦਰਸ਼ਨ ਵਿਚ ਪੇਸ਼ ਕਰਮ-ਸਿਧਾਂਤ ਤੋਂ ਭਿੰਨ ਹੈ। ਭਾਰਤੀ ਦਰਸ਼ਨ ਦੇ ਕਰਮ-ਸਿਧਾਂਤ ਅਨੁਸਾਰ ਮਨੁੱਖ ਕਿਸਮਤ ਵਿਚ ਲਿਖੇ ਲੇਖਾਂ ਦੇ ਕਾਰਨ ਗ਼ੁਲਾਮ ਹੁੰਦਾ ਹੈ। ਉਹ ਆਪਣੇ ਮੁਕੱਦਰ ਅਥਵਾ ਹੋਣੀ ਨੂੰ ਸੰਵਾਰ-ਸੁਧਾਰ ਨਹੀਂ ਸਕਦਾ। ਪਰੰਤੂ ਗੁਰਮਤਿ ਵਿਚ ਸੁਧਾਰ ਦੀ ਸੰਭਾਵਨਾ ਸਦੈਵ ਮੌਜੂਦ ਹੈ। ਆਪਣੇ ਕਰਮਾਂ ਦੀ ਪ੍ਰਕਿਰਤੀ ਨੂੰ ਬਦਲ ਦੇਵੋ। ਬੁਰੇ ਕਰਮ ਕਰਨ ਦੀ ਬਜਾਇ ਚੰਗੇ ਕਰਮ ਕਰਨੇ ਸ਼ੁਰੂ ਕਰ ਦੇਵੋ ਤਾਂ ਹੋਣੀ ਆਪਣੇ ਆਪ ਬਦਲ ਜਾਵੇਗੀ। ਇਉਂ ਗੁਰਮਤਿ ਦੇ ਅਨੁਸਾਰ ਮੁਕਤੀ ਦੀ ਪ੍ਰਾਪਤੀ ਵਾਸਤੇ ਮਨੁੱਖ ਦੇ ਵੀ ਕਾਫ਼ੀ ਕੁਝ ਹੱਥ-ਵੱਸ ਹੈ। ਹਾਂ, ਇਥੇ ਏਨਾ ਜ਼ਰੂਰ ਫ਼ੁਰਮਾਇਆ ਗਿਆ ਹੈ ਕਿ ਕਰਮਾਂ ਦੀ ਪ੍ਰਕਿਰਤੀ ਨੂੰ ਬਦਲਣ ਦੇ ਪ੍ਰਸੰਗ ਵਿਚ ਪਰਮਾਤਮਾ ਦੀ ਕਿਰਪਾ ਵੀ ਜ਼ਰੂਰ ਹੋਣੀ ਚਾਹੀਦੀ ਹੈ। ਮਨੁੱਖ ਆਪਣੇ ਆਪ ਸਭ ਕੁਝ ਨਹੀਂ ਕਰ ਸਕਦਾ। ਗੁਰੂ ਨਾਨਕ ਦੇਵ ਜੀ ਮਨੁੱਖ ਦੇ ਕਰਮਾਂ ਦੀ ਪ੍ਰਕਿਰਤੀ ਵੱਲ ਸੰਕੇਤ ਕਰਦੇ ਹੋਏ ਫ਼ੁਰਮਾਉਂਦੇ ਹਨ :

**ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥**
**ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥੨੧॥**

*(ਪੰਨਾ 434)*

## 9. ਦੁਨਿਆਵੀ ਕਾਰ-ਵਿਹਾਰ ਦੀ ਨਿਹਫਲਤਾ

ਗੁਰਮਤਿ ਅਨੁਸਾਰ ਦੁਨਿਆਵੀ ਕਾਰ-ਵਿਹਾਰ ਅਰਥਹੀਣ ਹੈ। ਮਨੁੱਖ ਪਦਾਰਥਕ ਤੌਰ 'ਤੇ ਸਫਲ ਹੋਣ ਲਈ ਜਿੰਨੀ ਭੱਜ-ਨੱਠ ਕਰਦਾ ਹੈ, ਉਸ ਦੀ ਪ੍ਰਭੂ ਦੀ ਦਰਗਾਹ ਵਿਚ ਕੋਈ ਪੁੱਛ-ਪ੍ਰਤੀਤ ਨਹੀਂ ਹੋਣੀ। ਇਸ ਕਾਰਨ ਗੁਰੂ ਜੀ ਵਿਅਕਤੀ ਨੂੰ ਬਾਰ-ਬਾਰ ਸਾਵਧਾਨ ਕਰਦੇ ਹਨ ਕਿ ਉਹ ਅਜਿਹੇ ਧੰਦਿਆਂ ਵਿਚ ਆਪਣੇ ਅਨਮੋਲ ਜੀਵਨ ਨੂੰ ਨਸ਼ਟ ਨਾ ਕਰੇ। ਮਨੁੱਖ ਨੂੰ ਸਦਾ ਇਹ ਤੱਥ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਉਸ ਨੂੰ ਮਿਲਿਆ ਹੋਇਆ ਜੀਵਨ ਇਕ ਮੁਹਲਤ (ਪੈਰੋਲ) ਦੀ ਨਿਆਈਂ ਹੈ। ਉਸ ਦਾ ਕਰਤੱਵ ਹੈ ਕਿ ਉਹ ਇਸ ਮੁਹਲਤ ਵਿਚਲੇ ਜੀਵਨ ਹੈ ਚੰਗੇ ਕਰਮਾਂ ਦੁਆਰਾ ਇਹੋ ਜਿਹੀ ਮਿਆਰੀ ਬਣਾ ਲਵੇ ਕਿ ਪ੍ਰਭੂ ਦੀ ਦਰਗਾਹ ਵਿਚੋਂ ਉਸ ਨੂੰ ਸਦਾ ਲਈ ਛੁਟਕਾਰਾ ਮਿਲ ਜਾਵੇ। ਆਪ ਫ਼ੁਰਮਾਉਂਦੇ ਹਨ :

**ਟਟੈ ਟੰਚੁ ਕਰਹੁ ਕਿਆ ਪ੍ਰਾਣੀ**
**ਘੜੀ ਕਿ ਮੁਹਤਿ ਕਿ ਉਠਿ ਚਲਣਾ॥**

**ਜੂਐ ਜਨਮੁ ਨ ਹਾਰਹੁ ਅਪਣਾ**
**ਭਾਜਿ ਪੜਹੁ ਤੁਮ ਹਰਿ ਸਰਣਾ ॥੧੪॥**

*(ਪੰਨਾ 433)*

ਇਕ ਹੋਰ ਕਾਵਿ-ਬੰਦ ਵਿਚ ਮਨੁੱਖ ਨੂੰ ਸਦ-ਵਿਵਹਾਰ ਕਰਨ ਦਾ ਉਪਦੇਸ਼ ਦਿੰਦੇ ਹੋਏ ਆਪ ਫ਼ੁਰਮਾਉਂਦੇ ਹਨ ਕਿ ਵਿਅਕਤੀ ਨੂੰ ਆਪਣੀਆਂ ਦੁਨਿਆਵੀ ਪ੍ਰਾਪਤੀਆਂ ਉੱਤੇ ਮਾਨ-ਅਭਿਮਾਨ ਨਹੀਂ ਕਰਨਾ ਚਾਹੀਦਾ ਕਿਉਂਕਿ ਇਹ ਸਭ ਪ੍ਰਾਪਤੀਆਂ ਨਾਸ਼ਮਾਨ ਹਨ। ਇਹ ਮਨੁੱਖ ਨੂੰ ਸੁਖੀ ਨਹੀਂ ਬਣਾ ਸਕਦੀਆਂ। ਸਥਾਈ ਸੁਖ ਅਤੇ ਸਹਿਜ ਪ੍ਰਭੂ ਦੇ ਸਿਮਰਨ ਦੁਆਰਾ ਹੀ ਪ੍ਰਾਪਤ ਹੋ ਸਕਦਾ ਹੈ। ਗੁਰੂ ਸਾਹਿਬ ਦੇ ਸ਼ਬਦਾਂ ਵਿਚ :

**ਡਡੈ ਡੰਫੁ ਕਰਹੁ ਕਿਆ ਪ੍ਰਾਣੀ ਜੋ ਕਿਛੁ ਹੋਆ ਸੁ ਸਭੁ ਚਲਣਾ ॥**
**ਤਿਸੈ ਸਰੇਵਹੁ ਤਾ ਸੁਖੁ ਪਾਵਹੁ ਸਰਬ ਨਿਰੰਤਰਿ ਰਵਿ ਰਹਿਆ ॥੧੬॥**

*(ਪੰਨਾ 433)*

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਗੁਰਮਤਿ ਦੇ ਪ੍ਰਤੀਨਿਧ ਅਤੇ ਪ੍ਰਮੁੱਖ ਸੰਕਲਪਾਂ ਨੂੰ ਆਪਣੀ ਬਾਣੀ ਵਿਚ ਰੂਪਮਾਨ ਕੀਤਾ ਹੈ। ਇਸ ਬਾਣੀ ਦੇ ਮਾਧਿਅਮ ਦੁਆਰਾ ਗੁਰੂ ਸਾਹਿਬ ਗੁਰਮਤਿ ਦਰਸ਼ਨ ਨੂੰ ਸੂਤਰਬੱਧ ਵਿਧੀ ਦੁਆਰਾ ਵਿਉਂਤਬੱਧ ਕਰਦੇ ਹਨ। ਆਪ ਸਪੱਸ਼ਟ ਕਰ ਦਿੰਦੇ ਹਨ ਕਿ ਕੇਵਲ ਅੱਖਰ-ਗਿਆਨ ਦੀ ਪ੍ਰਾਪਤੀ ਦੁਆਰਾ ਕੋਈ ਵਿਅਕਤੀ ਵਿਦਵਾਨ ਜਾਂ ਪੰਡਤ ਨਹੀਂ ਅਖਵਾ ਸਕਦਾ। ਸੇਵਾ, ਸਿਮਰਨ, ਭਗਤੀ-ਭਾਵਨਾ ਅਤੇ ਗੁਰ-ਉਪਦੇਸ਼ ਉਪਰ ਚੱਲ ਕੇ ਹੀ ਕੋਈ ਵਿਅਕਤੀ ਸਹੀ ਅਰਥਾਂ ਵਿਚ ਵਿਦਵਾਨ ਅਖਵਾ ਸਕਦਾ ਹੈ।

# ਸਿਧ ਗੋਸਟਿ ਵਿਚ ਯੋਗ ਦਾ ਸੰਕਲਪ

**—ਪ੍ਰੋ. ਬ੍ਰਹਮ ਜਗਦੀਸ਼ ਸਿੰਘ**

ਗੁਰੂ ਨਾਨਕ ਬਾਣੀ ਵਿਚ ਬ੍ਰਾਹਮਣ (ਹਿੰਦੂ ਧਰਮ), ਕਾਜ਼ੀ (ਮੁਸਲਮਾਨ ਧਰਮ) ਅਤੇ ਯੋਗ ਮਤਿ ਬਾਰੇ ਬਾਰ-ਬਾਰ ਉਲੇਖ ਹੋਇਆ ਹੈ। ਜਿਥੇ ਗੁਰੂ ਜੀ ਬ੍ਰਾਹਮਣਾਂ ਦੇ ਕਰਮ-ਕਾਂਡਾਂ ਅਤੇ ਕਾਜ਼ੀਆਂ ਦੇ ਜਬਰ-ਜ਼ੁਲਮ ਦਾ ਆਲੋਚਨਾਤਮਕ ਚਿਤਰ ਪੇਸ਼ ਕਰਦੇ ਹਨ, ਉਥੇ ਯੋਗੀ ਸ਼੍ਰੇਣੀ ਦੇ ਕਿਰਦਾਰ ਨੂੰ ਵੀ ਝੰਜੋੜਦੇ ਦਿਖਾਈ ਦਿੰਦੇ ਹਨ। ਇਥੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਯੁਗ ਵਿਚ ਨਾਥ-ਯੋਗੀਆਂ ਦਾ ਕਾਫ਼ੀ ਬੋਲਬਾਲਾ ਹੋਵੇਗਾ। ਮੱਧਕਾਲੀਨ ਯੁਗ ਵਿਚ ਰਚੇ ਗਏ ਕੁਝ ਹੋਰ ਕਾਵਿ-ਬਿਰਤਾਂਤਾਂ, ਕਿੱਸਾ-ਕਾਵਿ ਆਦਿ ਵਿਚ ਵੀ ਨਾਥ-ਯੋਗੀ ਪੰਜਾਬ ਦੇ ਜਨਜੀਵਨ ਉਪਰ ਕਾਫ਼ੀ ਪ੍ਰਭਾਵ ਰੱਖਦੇ ਵਿਖਾਏ ਗਏ ਹਨ। ਦਮੋਦਰ, ਮੁਕਬਲ, ਵਾਰਿਸ ਸ਼ਾਹ ਅਤੇ ਕਾਦਰਯਾਰ ਵਰਗੇ ਮਹੱਤਵਪੂਰਨ ਕਿੱਸਾ ਕਵੀਆਂ ਦੀਆਂ ਰਚਨਾਵਾਂ ਵਿਚ ਸਿੱਧ ਬਗਾਈ, ਬਾਲਨਾਥ ਅਤੇ ਗੋਰਖ ਨਾਥ ਆਦਿਕ ਯੋਗੀਆਂ ਦਾ ਜ਼ਿਕਰ ਬੜੇ ਦਿਲਚਸਪ ਅੰਦਾਜ਼ ਵਿਚ ਹੋਇਆ ਹੈ। ਗੁਰੂ ਨਾਨਕ ਬਾਣੀ ਵਿਚ ਵੀ ਯੋਗੀ ਪੰਜਾਬੀ ਸਮਾਜ ਦੀ ਇਕ ਪ੍ਰਭਾਵਸ਼ਾਲੀ ਧਿਰ ਵਜੋਂ ਉਪਸਥਿਤ ਹੋਏ ਹਨ। ਇਸ ਪ੍ਰਸੰਗ ਵਿਚ ਇਕ ਦ੍ਰਿਸ਼ਟਾਂਤ ਦੇਖੋ :

**ਕਾਦੀ ਕੂੜੁ ਬੋਲਿ ਮਲੁ ਖਾਇ ॥**
**ਬ੍ਰਾਹਮਣੁ ਨਾਵੈ ਜੀਆ ਘਾਇ ॥**
**ਜੋਗੀ ਜੁਗਤਿ ਨ ਜਾਣੈ ਅੰਧੁ ॥**
**ਤੀਨੇ ਓਜਾੜੇ ਕਾ ਬੰਧੁ ॥**
**ਸੋ ਜੋਗੀ ਜੋ ਜੁਗਤਿ ਪਛਾਣੈ ॥**
**ਗੁਰ ਪਰਸਾਦੀ ਏਕੋ ਜਾਣੈ ॥**
**ਕਾਜੀ ਸੋ ਜੋ ਉਲਟੀ ਕਰੈ ॥**
**ਗੁਰ ਪਰਸਾਦੀ ਜੀਵਤੁ ਮਰੈ ॥**
**ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ ॥**
**ਆਪਿ ਤਰੈ ਸਗਲੇ ਕੁਲ ਤਾਰੈ ॥**

*(ਧਨਾਸਰੀ ਮਹਲਾ ੧, ਪੰਨਾ 662)*

ਵਿਆਕਰਣਕਾਰਾਂ ਅਨੁਸਾਰ 'ਯੋਗ' ਸ਼ਬਦ ਦੀ ਵਿਉਤਪਤੀ 'ਯੁੱਜ' ਧਾਤੂ ਤੋਂ ਹੋਈ ਹੈ, ਜਿਸ ਦੇ ਅਰਥ ਹਨ ਜੋੜਨਾ। ਪਾਣਿਨੀ ਨੇ ਯੋਗ ਸ਼ਬਦ ਦੇ ਤਿੰਨ ਅਰਥ ਦੱਸੇ ਹਨ—ਸੰਯੋਗ (ਜੁੜਨ ਦੇ ਅਰਥਾਂ ਵਿਚ), ਸੰਯਮਨ (ਬੰਨ੍ਹਣ ਦੇ ਰਥਾਂ ਵਿਚ) ਅਤੇ ਸਮਾਧੀ (ਇਕਸੁਰਤਾ ਦੇ ਅਰਥਾਂ ਵਿਚ)। ਇਹ ਸਾਰੇ ਅਰਥ ਵਿਅਕਤੀ ਦੀ ਹੋਂਦ ਨੂੰ ਪ੍ਰਭੂ ਵਿਚ ਅਭੇਦ ਕਰ ਦੇਣ ਦੇ ਵਾਚਕ ਹਨ। ਪੁਰਾਤਨ ਅਤੇ ਸਮਕਾਲੀਨ ਦਾਰਸ਼ਨਿਕ ਸਾਹਿਤ ਵਿਚ ਯੋਗ ਸ਼ਬਦ ਦੀ ਵਰਤੋਂ ਭਿੰਨ-ਭਿੰਨ ਅਰਥਾਂ ਵਿਚ ਹੋਈ ਹੈ। ਇਸ ਨੂੰ ਆਮ ਦੌਰ 'ਤੇ ਯੋਜਕ (ਜੁੜਨ) ਦੇ ਭਾਵ ਵਜੋਂ ਵਰਤਿਆ ਗਿਆ ਹੈ। ਇਸ ਤੋਂ ਇਲਾਵਾ ਇਸ ਦੀ ਵਰਤੋਂ ਢੰਗ, ਸਾਧਨ, ਵਿਧੀ, ਆਤਮਿਕ ਏਕਤਾ, ਕਠਿਨ ਤਪੱਸਿਆ ਅਤੇ ਭਾਵਾਂ ਦੇ ਨਿਰੋਧ ਲਈ ਵੀ ਕੀਤੀ ਗਈ ਹੈ। ਰਿਗਵੇਦ ਵਿਚ ਇਹ ਸ਼ਬਦ ਵੱਖ-ਵੱਖ ਅਰਥਾਂ—ਜੋੜਨਾ, ਅਪ੍ਰਾਪਤ ਦੀ ਪ੍ਰਾਪਤੀ, ਸੰਪਰਕ ਅਤੇ ਪੂਰਣਤਾ ਆਦਿ ਵਿਚਿ ਵਰਤਿਆ ਗਿਆ ਹੈ। ਪਿਛਲੇਰੀਆਂ ਰਚਨਾਵਾਂ ਵਿਚ 'ਯੋਗ' ਸ਼ਬਦ ਜੀਵਾਤਮਾ ਦੀ ਪਰਮਾਤਮਾ ਨਾਲ ਅਭੇਦਤਾ ਲਈ ਵੀ ਵਰਤਿਆ ਗਿਆ ਹੈ। (ਰਣਧੀਰ ਸਿੰਘ ਚੰਦ, **ਗੁਰੂ ਨਾਨਕ ਅਤੇ ਯੋਗ ਦਰਸ਼ਨ,** ਪੰਨਾ 15)

ਸ੍ਰੀਮਦ ਭਗਵਤ ਗੀਤਾ ਵਿਚ ਯੋਗ ਨੂੰ 'ਸਮਤਵ' ਆਖਿਆ ਗਿਆ ਹੈ। ਕ੍ਰਿਸ਼ਨ ਜੀ ਅਰਜੁਨ ਨੂੰ ਉਪਦੇਸ਼ ਕਰਦੇ ਹੋਏ ਆਖਦੇ ਹਨ ਕਿ ਉਸ ਦਾ ਉਦੇਸ਼ ਨਿਰਸੁਆਰਥ ਹੋ ਕੇ ਆਪਣੇ ਕਰਤੱਵ ਦੀ ਪਾਲਣਾ ਕਰਨਾ ਹੈ। ਆਪਣੇ ਕਰਤੱਵ ਤੋਂ ਨੱਠਣਾ ਠੀਕ ਨਹੀਂ ਹੈ। ਖ਼ੁਸ਼ੀਆਂ ਅਤੇ ਗ਼ਮੀਆਂ ਵਿਚ ਇਹੋ 'ਸਮਤਵ' ਹੀ ਯੋਗ ਹੈ। (ਭਗਵਤ ਗੀਤਾ, 11, 47) ਯੋਗ ਨੂੰ ਆਵੇਦਨ ਦੀ ਉੱਚਤਮ ਸਥਿਤੀ ਵੀ ਕਿਹਾ ਗਿਆ ਹੈ ਜਿਥੇ ਜਾ ਕੇ ਸਭ ਕੁਝ ਹੋਂਦ-ਰਹਿਤ ਹੋ ਜਾਂਦਾ ਹੈ। ਸਾਧਕ ਹਰ ਪ੍ਰਕਾਰ ਦੇ ਸੰਬੰਧਾਂ ਅਤੇ ਵਿਤਕਰਿਆਂ ਤੋਂ ਮੁਕਤ ਹੋ ਕੇ ਬੋਧਾਤਮਕ ਹੋ ਨਿੱਬੜਦਾ ਹੈ। 'ਯੋਗ ਵਿਸ਼ਿਸ਼ਟ' ਵਿਚ ਕਈ ਥਾਂ 'ਤੇ ਯੋਗ ਨੂੰ ਉੱਚਤਮ ਸਥਿਤੀ ਦੱਸਦਿਆਂ ਹੋਇਆ ਇਸ ਨੂੰ ਇੱਛਾ ਦੇ ਵਿਸ਼ੈਲੇ ਪ੍ਰਭਾਵ ਦਾ ਅੰਤ ਕਿਹਾ ਗਿਆ ਹੈ। (**ਯੋਗ ਵਸ਼ਿਸ਼ਟ,** XI-37-1)

ਐਸ.ਕੇ. ਮਜੂਮਦਾਰ ਨੇ 'ਯੋਗ' ਸ਼ਬਦ ਦਾ ਅਰਥ ਉੱਚਤਮ ਉਦੇਸ਼ ਭਾਵ ਬ੍ਰਹਮ ਦੀ ਪਛਾਣ ਕਰਨਾ ਦੱਸਿਆ ਹੈ। ਇਸ ਦੇ ਨਾਲ ਹੀ ਇਸ ਸੰਕਲਪ ਦਾ ਅਰਥ ਉਹ ਅਨੁਸ਼ਾਸਨ ਹੈ ਜੋ ਵਿਅਕਤੀ ਨੂੰ ਇਸ ਪਹਿਚਾਣ ਦੇ ਰਾਹ 'ਤੇ ਤੋਰਦਾ ਹੈ। ਇਸ ਕਰਕੇ ਯੋਗ ਇਕ ਸਾਧਨ ਵੀ ਹੈ ਅਤੇ ਸਾਧਯ ਵੀ। (**ਐਨ ਇੰਟਰੋਡਕਸ਼ਨ ਟੂ ਯੋਗ ਪਰਿੰਸ਼ੀਪਲ ਐਂਡ ਪ੍ਰੈਕਟਿਸਿਜ਼,** ਪੰਨਾ 53) ਇਸ ਤਰ੍ਹਾਂ ਯੋਗ ਮਾਨਸਿਕ ਸਾਧਨਾ ਅਤੇ ਸੂਖਮ ਗਿਆਨ ਇੰਦਰੀਆਂ ਨੂੰ ਵਿਕਸਿਤ ਕਰਨ ਦਾ ਉਹ ਮਾਰਗ ਹੈ ਜਿਸ ਉਪਰ ਚੱਲ ਕੇ ਮਨੁੱਖ ਆਤਮਿਕ ਸੱਤਾ ਦੀ ਖੋਜ ਕਰ ਸਕਦਾ ਹੈ। ਇਹ

ਇਕ ਅਜਿਹੀ ਜੀਵਨ-ਵਿਧੀ ਹੈ ਜਿਸ ਦੀਆਂ ਆਪਣੀਆਂ ਮਾਨਤਾਵਾਂ ਅਤੇ ਵਿਆਖਿਆਵਾਂ ਹਨ ਅਤੇ ਜੋ ਨਿਗ੍ਰਹਿ (ਚਿੱਤ-ਵ੍ਰਿਤੀਆਂ ਨੂੰ ਵੱਸ ਵਿਚ ਕਰਨਾ) ਅਤੇ ਸਾਧਨਾ ਦੁਆਰਾ ਪ੍ਰਾਪਤ ਸੂਖਮ-ਬੋਧ ਉਪਰ ਆਧਾਰਿਤ ਹੈ।

ਡਾ. ਰਾਧਾਕ੍ਰਿਸ਼ਨਨ ਦੇ ਵਿਚਾਰ ਅਨੁਸਾਰ ਯੋਗ ਦਾ ਮਨੋਰਥ ਵਿਅਕਤੀ ਨੂੰ ਪਦਾਰਥ ਦੇ ਨਿਯੰਤ੍ਰਣ ਤੋਂ ਮੁਕਤ ਕਰਨਾ ਹੈ। ਪਦਾਰਥ ਦਾ ਸਿਖਰਲਾ ਰੂਪ 'ਚਿੱਤ' ਹੈ ਅਤੇ ਯੋਗ ਦੁਆਰਾ ਮਨੁੱਖ ਆਪਣੇ ਆਪ ਨੂੰ ਚਿੱਤ ਦੀਆਂ ਜ਼ੰਜੀਰਾਂ ਤੋਂ ਮੁਕਤ ਕਰ ਸਕਦਾ ਹੈ। ਚਿੱਤ ਨੂੰ ਇੱਛਾਵਾਂ ਤੋਂ ਮੋੜ ਕੇ ਅਸੀਂ ਦੁੱਖਾਂ ਤੋਂ ਛੁਟਕਾਰਾ ਪਾ ਸਕਦੇ ਹਾਂ ਅਤੇ ਸੰਸਾਰ ਤੋਂ ਉੱਪਰ ਉੱਠ ਸਕਦੇ ਹਾਂ (**ਇੰਡੀਅਨ ਫ਼ਿਲਾਸਫ਼ੀ,** ਜਿਲਦ 11, ਪੰਨਾ 344)। ਯੋਗ ਦਾ ਅਨੁਸ਼ਾਸਨ ਰਜਸ ਅਤੇ ਤਮਸ ਗੁਣਾਂ ਨੂੰ ਦਬਾ ਕੇ ਚਿੱਤ ਨੂੰ ਉਸ ਦੇ ਮੌਲਿਕ ਸਰੂਪ ਵਿਚ ਲੈ ਆਉਂਦਾ ਹੈ। 'ਵਿਸ਼ਨੂੰ ਪੁਰਾਦ' ਅਨੁਸਾਰ ਇਹ ਉਹ ਵਿਸ਼ੇਸ਼ ਮਨੋਸਥਿਤੀ ਹੈ ਜੋ ਆਤਮ ਦੀ ਪਹਿਚਾਣ ਲਈ ਤਤਪਰ ਇੱਛਾ ਰੱਖਦੀ ਹੈ ਅਤੇ ਬ੍ਰਹਮ ਨਾਲ ਅਭੇਦਤਾ ਵੱਲ ਉਨਮੁਖ ਕਰਦੀ ਹੈ, ਯੋਗ ਅਖਵਾਉਂਦੀ ਹੈ। (**ਵਿਸ਼ਨੂੰ ਪੁਰਾਣ**, 67.3) 'ਯੋਗ-ਸਾਰ' ਅਨੁਸਾਰ ਯੋਗ ਮਨੋਬਿਰਤੀਆਂ ਉਪਰ ਅਜਿਹਾ ਨਿਯੰਤਰਣ ਹੈ ਜੋ ਪਰਮਾਤਮਾ ਦੇ ਵਿਆਪਕ ਸਰੂਪ ਨੂੰ ਪੂਰੀ ਤਰ੍ਹਾਂ ਸਮਝਣ ਦਾ ਮਾਰਗ ਦੱਸਦਾ ਹੈ। ਮਨੁੱਖੀ ਮਨ ਦੀਆਂ ਪੰਜ ਬਿਰਤੀਆਂ—ਪ੍ਰਮਾਣ (ਸਤਿ ਗਿਆਨ), ਵਿਪਰਯਾ (ਮਿਥਿਆ ਗਿਆਨ), ਵਿਕਲਪ (ਕਲਪਨਾ), ਨਿੰਦ੍ਰਾ (ਨੀਂਦ) ਅਤੇ ਸਿਮ੍ਰਤੀ (ਚੇਤਾ, ਯਾਦ) ਹਨ। ਇਹਨਾਂ ਦੀ ਨਿਰੰਤਰ ਕ੍ਰਿਆ ਆਤਮ ਦੀ ਪਹਿਚਾਣ ਵਿਚ ਵੱਡੀ ਰੁਕਾਵਟ ਬਣਦੀ ਹੈ। (**ਯੋਗ ਸਾਰ ਸੰਗ੍ਰਹਿ,** ਪੰਨਾ 1)

**ਇਨਸਾਈਕਲੋਪੀਡੀਆ ਆਫ਼ ਰਿਲੀਜਨ ਐਂਡ ਐਥਿਕਸ** ਅਨੁਸਾਰ ਯੋਗ ਦਰਸ਼ਨ ਦੇ ਪ੍ਰਮੁੱਖ ਲੱਛਣ ਇਸ ਪ੍ਰਕਾਰ ਹਨ:

1. ਸਾਂਖ ਸ਼ਾਸਤਰ ਦੀ ਨਾਸਤਕ ਵਿਚਾਰਧਾਰਾ ਤੋਂ ਇਨਕਾਰ, ਅਤੇ
2. ਮੁਕਤੀ-ਪ੍ਰਾਪਤੀ ਦੇ ਗਿਆਨ ਵਾਸਤੇ ਲੀਨਤਾ ਦੇ ਸਿਧਾਂਤ ਦੀ ਸਭ ਤੋਂ ਵੱਧ ਪ੍ਰਭਾਵਸ਼ਾਲੀ ਸਾਧਨ ਵਜੋਂ ਵਰਤੋਂ।

ਯੋਗ ਦੇ ਪਰਮ ਮੰਤਵ ਬਾਰੇ ਥਿਉਸ ਬਰਨਰਡ ਦਾ ਵਿਚਾਰ ਹੈ ਕਿ ਇਹ ਮਨੁੱਖ ਨੂੰ ਤਿੰਨ ਪ੍ਰਕਾਰ ਦੀ ਪੀੜਾ ਤੋਂ ਮੁਕਤ ਕਰਾਉਂਦਾ ਹੈ—1. ਬੀਮਾਰੀ, 2. ਉਹ ਕਸ਼ਟ ਜੋ ਹੋਰ ਜਿਉਂਦੀਆਂ ਵਸਤਾਂ ਨਾਲ ਸੰਬੰਧਾਂ ਤੋਂ ਉਪਜਦੇ ਹਨ ਜਿਵੇਂ ਕੋਈ ਖ਼ੂੰਖ਼ਾਰ ਜਾਨਵਰ ਅਤੇ ਚੋਰ ਡਾਕੂ ਆਦਿ, 3. ਉਹ ਦੁੱਖ ਜੋ ਬਾਹਰੀ ਪ੍ਰਕਿਰਤੀ ਨਾਲ ਸੰਬੰਧਾਂ ਤੋਂ ਪੈਦਾ ਹੁੰਦੇ ਹਨ। ਇਸ ਮੰਤਵ ਦੀ ਪੂਰਤੀ ਲਈ ਪਹਿਲਾਂ ਤਾਂ ਸੰਸਾਰ ਪ੍ਰਤੀ ਵੈਰਾਗ ਦੀ ਲੋੜ ਹੈ। ਦੂਸਰੇ, ਮਨ ਅਤੇ ਇਸ ਦੀ ਸਿਰਜਣਾ ਉਪਰ ਕਾਬੂ ਪਾਉਣਾ ਹੈ ਤਾਂ ਜੋ ਪ੍ਰਤੱਖ ਚੇਤਨਾ ਨੂੰ ਪਵਿੱਤਰ ਕੀਤਾ ਜਾ ਸਕੇ। ਅੰਤ

ਵਿਚ ਵਿਅਕਤੀਗਤ ਆਤਮਾ ਦੀ ਬ੍ਰਹਮਾ ਨਾਲ ਸੰਪੂਰਨ ਏਕਤਾ ਆਵੱਸ਼ਕ ਹੈ। ਇਸ ਸਥਿਤੀ ਨੂੰ ਸਮਾਧੀ ਕਿਹਾ ਜਾਂਦਾ ਹੈ, ਜੋ ਜੋਗ ਦਾ ਸਹੀ ਮਨੋਰਥ ਹੈ। (**ਹਿੰਦੂ ਫ਼ਿਲਾਸਫ਼ੀ,** ਪੰਨਾ 87)

ਪਤੰਜਲੀ ਰਿਸ਼ੀ ਨੇ ਦੂਜੀ ਸਦੀ ਪੂਰਵ ਈਸਵੀ ਵਿਚ ਆਪਣੀ ਪ੍ਰਸਿੱਧ ਰਚਨਾ 'ਯੋਗ ਸੂਤਰ' ਵਿਚ ਯੋਗ ਦੇ ਸੰਕਲਪ ਨੂੰ ਨਿਯਮਬੱਧ ਕੀਤਾ। ਇਹ ਰਚਨਾ ਯੋਗ ਦੇ ਸਰੂਪ ਅਤੇ ਮੰਤਵਾਂ ਬਾਰੇ ਰੌਸ਼ਨੀ ਪਾਉਂਦੀ ਹੈ। ਪਤੰਜਲੀ ਬਾਰੇ ਵਿਦਵਾਨਾਂ ਵਿਚ ਕਾਫ਼ੀ ਮਤਭੇਦ ਰਹੇ ਹਨ। ਜਾਪਦਾ ਹੈ ਕਿ ਨਾਵਾਂ ਦੇ ਇਕੋ ਜਿਹੇ ਹੋਣ ਕਰਕੇ ਯੋਗਸੂਰਤ ਲਿਖਣ ਵਾਲੇ ਪਤੰਜਲੀ ਅਤੇ ਪਾਣਿਨੀ ਬਾਰੇ ਮਹਾਂਭਾਸ਼ ਲਿਖਣ ਵਾਲੇ ਪਤੰਜਲੀ ਵਿਚ ਭੁਲੇਖਾ ਪੈ ਗਿਆ ਹੋਵੇਗਾ। ਮੈਕਸਮੂਲਰ ਦਾ ਵਿਚਾਰ ਹੈ ਕਿ ਦਾਰਸ਼ਨਿਕ ਪਤੰਜਲੀ ਅਤੇ ਵਿਆਕਰਣ-ਸ਼ਾਸਤਰੀ ਪਤੰਜਲੀ ਨੂੰ ਇਕੋ ਵਿਅਕਤੀ ਮੰਨਣ ਦੀ ਪ੍ਰਚੱਲਤ ਰਾਇ ਨੂੰ ਹੁਣ ਇਕ ਮਨਘੜਤ ਗੱਲ ਹੀ ਮੰਨਿਆ ਜਾਣਾ ਚਾਹੀਦਾ ਹੈ (**ਦ ਸਿਕਸ ਸਿਸਟਮਜ਼ ਆਫ਼ ਇੰਡੀਅਨ ਫ਼ਿਲਾਸਫ਼ੀ,** ਪੰਨਾ 313)

ਪਤੰਜਲੀ ਯੋਗ ਨੂੰ 'ਸੰਯੋਗ' ਜਾਂ 'ਜੁੜਨ' ਦੇ ਅਰਥਾਂ ਵਿਚ ਨਹੀਂ ਲੈਂਦਾ। ਉਹ ਇਸ ਨੂੰ ਇਕ ਯਤਨ ਮੰਨਦਾ ਹੈ, ਇਕ ਅਜਿਹਾ ਨਿਯਮਿਤ ਯਤਨ ਜੋ ਮਨੁੱਖੀ ਪ੍ਰਕਿਰਤੀ ਦੇ ਵੱਖ-ਵੱਖ ਸਰੀਰਕ ਤੇ ਮਾਨਸਿਕ ਤੱਤਾਂ ਉਪਰ ਨਿਯੰਤ੍ਰਣ ਦੁਆਰਾ ਸੰਪੂਰਣਤਾ ਪ੍ਰਦਾਨ ਕਰਦਾ ਹੈ। ਪਤੰਜਲੀ ਦਾ ਯੋਗ ਮੁੱਖ ਰੂਪ ਵਿਚ ਇਕ ਮਾਨਸਿਕ ਅਨੁਸ਼ਾਸਨ-ਪੱਧਤੀ ਹੈ, ਜਿਸ ਦੁਆਰਾ ਅਸੀਂ ਬੁੱਧ ਨੂੰ ਨਿਖਾਰ ਸਕਦੇ ਹਾਂ, ਮਨ ਨੂੰ ਭੁਲੇਖਿਆਂ ਤੋਂ ਮੁਕਤ ਕਰ ਸਕਦੇ ਹਾਂ ਅਤੇ ਸਤਿ ਦੀ ਸਿੱਧੀ ਸੋਝੀ ਪ੍ਰਾਪਤ ਕਰ ਸਕਦੇ ਹਾਂ। ਪਤੰਜਲੀ ਯੋਗ ਨੂੰ ਰਾਜ-ਯੋਗ ਦੀ ਸੰਗਿਆ ਦਿੱਤੀ ਜਾਂਦੀ ਹੈ ਕਿਉਂਕਿ ਇਹ ਮਨ ਨੂੰ ਰੋਕਣ ਅਤੇ ਸਮਾਧੀ ਪ੍ਰਾਪਤ ਕਰਨ ਦੀ ਪ੍ਰਕਿਰਿਆ ਦਾ ਵਿਸਥਾਰ ਪੂਰਵਕ ਵਰਣਨ ਕਰਦਾ ਹੈ। ਯੋਗ ਦਾ ਮਨੋਰਥ ਵਿਅਕਤੀ ਨੂੰ ਪਦਾਰਥ ਦੇ ਬੰਧਨਾਂ ਤੋਂ ਮੁਕਤ ਕਰਨਾ ਹੈ। ਪਦਾਰਥ ਦਾ ਉੱਚਤਮ ਰੂਪ ਚਿੱਤ ਹੈ। ਚਿੱਤ, ਨਾਮ ਅਤੇ ਰੂਪ ਵਾਲੇ ਸੰਸਾਰ ਦਾ ਪਹਿਲਾ ਵਿਕਸਤ ਰੂਪ ਹੈ। ਜਿਸ ਨੂੰ ਸਾਂਖ ਵਿਚ 'ਮਹਤ' ਕਿਹਾ ਜਾਂਦਾ ਹੈ, ਉਸੇ ਨੂੰ ਯੋਗ ਵਿਚ ਚਿੱਤ ਕਿਹਾ ਗਿਆ ਹੈ। ਇਹ ਉਹ ਨਿਮਿਤ ਹੈ ਜੋ ਮਨੁੱਖ ਅਤੇ ਸੰਸਾਰ ਦੇ ਦਰਮਿਆਨ ਵਿਦਮਾਨ ਹੈ। ਇਸ ਦਾ ਕਾਰਜ ਦੁਵੱਲਾ ਹੈ—ਹਾਂ-ਮੁਖੀ ਅਤੇ ਨਾਂਹ-ਮੁਖੀ। ਇਸ ਦਾ ਪ੍ਰਸਾਰਣ ਬਾਹਰਲੇ ਜਗਤ ਤੋਂ ਮਨੁੱਖ ਦੇ ਅੰਤਰੀਵ ਵੱਲ ਅਤੇ ਮਨੁੱਖ ਦੇ ਅੰਤਰੀਵ ਤੋਂ ਬਾਹਰਲੇ ਜਗਤ ਵੱਲ ਨੂੰ ਹੈ। ਚਿੱਤ ਤਿੰਨ ਤੱਤਾਂ—ਮਨਸ, ਬੁੱਧੀ ਅਤੇ ਅਹੰਕਾਰ ਤੋਂ ਬਣਿਆ ਹੈ। ਪਤੰਜਲੀ ਦੇ ਵਿਚਾਰ ਅਨੁਸਾਰ ਚਿੱਤ ਦੀਆਂ ਪੰਜ ਬਿਰਤੀਆਂ ਹਨ—ਪ੍ਰਮਾਣ, ਵਿਪਰਯ, ਵਿਕਲਪ, ਨਿਦਰਾ ਅਤੇ ਸਿਮ੍ਰਤੀ। ਇਹ ਬਿਰਤੀਆਂ ਮਨ ਦੀ ਬੇਚੈਨੀ ਅਤੇ ਅਸਥਿਰਤਾ ਲਈ ਜ਼ਿੰਮੇਵਾਰ ਹਨ। ਬਾਰ-ਬਾਰ ਨਿਰੰਤਰ ਅਭਿਆਸ ਦੁਆਰਾ

ਵੈਰਾਗ ਭਾਵਨਾ ਉਤਪੰਨ ਕਰ ਕੇ ਇਹਨਾਂ ਮਨੋਬਿਰਤੀਆਂ ਉਪਰ ਕਾਬੂ ਪਾਇਆ ਜਾ ਸਕਦਾ ਹੈ। ਅਭਿਆਸ, ਚਿੱਤ-ਵ੍ਰਿਤੀ ਨਿਰੋਧ ਵਾਸਤੇ ਅਨੁਸ਼ਾਸਨਾਂ ਦੀ ਦੁਹਰਾਈ ਜਾਣ ਵਾਲੀ ਨਿਰੰਤਰ ਪ੍ਰਕਿਰਿਆ ਹੈ। ਇਸ ਨਾਲ ਇਕਾਗਰਤਾ ਉਪਜਦੀ ਹੈ ਪਰੰਤੂ ਇਸ ਵਾਸਤੇ ਲੰਬੇ ਸਮੇਂ ਦੀ ਭਗਤੀ ਦੀ ਲੋੜ ਹੈ। ਵੈਰਾਗ ਸੰਸਾਰਕ ਖ਼ੁਸ਼ੀਆਂ, ਲਾਲਸਾਵਾਂ ਅਤੇ ਭੁਲੇਖਿਆਂ ਦੀ ਤ੍ਰਿਸ਼ਨਾ ਤੋਂ ਮੁਕਤ ਹੋਣਾ ਹੈ।

ਸਮਾਨੀ ਯੋਗੀ ਦੀ ਮੰਜ਼ਿਲ ਹੈ ਅਤੇ ਇਸ ਦੇ ਰਸਤੇ ਵਿਚ ਚਾਰ ਪੜਾਅ—ਵਿਤਰਕ, ਵਿਚਾਰ, ਆਨੰਦ ਅਤੇ ਅਸਮਿਤਾ ਆਉਂਦੇ ਹਨ। ਇਸ ਦੀ ਪ੍ਰਾਪਤੀ ਲਈ ਪੰਜ ਗੁਣਾਂ ਦੀ ਲੋੜ ਹੈ। ਪਤੰਜਲੀ ਅਨੁਸਾਰ ਇਹ ਪੰਜ ਗੁਣ ਇਸ ਪ੍ਰਕਾਰ ਹਨ—ਸ਼ਰਧਾ, ਵੀਰਯ, ਸਿਮ੍ਰਤੀ, ਸਮਾਧੀ ਅਤੇ ਪ੍ਰਗਿਆ। ਪਤੰਜਲੀ ਨੇ ਉਹਨਾਂ ਔਕੜਾਂ ਜਾਂ ਰੁਕਾਵਟਾਂ ਦਾ ਵਰਣਨ ਵੀ ਕੀਤਾ ਹੈ ਜੋ ਇਕ ਸਾਧਕ ਦੇ ਰਸਤੇ ਵਿਚ ਆਉਂਦੀਆਂ ਹਨ। ਇਹ ਰੁਕਾਵਟਾਂ ਹਨ—ਅਵਿੱਦਿਆ, ਅਸਮਿਤਾ (ਹੰਕਾਰ), ਰਾਗ (ਵਸਤਾਂ ਦਾ ਮੋਹ), ਦ੍ਵੇਸ਼ ਅਤੇ ਅਭਿਨਿਵੇਸ਼ (ਜੀਵਨ ਨਾਲ ਚਿੰਬੜੇ ਰਹਿਣ ਦੀ ਲਾਲਸਾ)। ਇਹਨਾਂ ਤੋਂ ਇਲਾਵਾ ਬੀਮਾਰੀ, ਮਾਨਸਿਕ ਸੁਸਤੀ, ਸ਼ੰਕਾ, ਉਤਸ਼ਾਹ ਦੀ ਘਾਟ, ਝੂਠਾ ਬੋਧ, ਇੰਦਰਿਆਵੀ ਆਨੰਦ ਵਿਚ ਮਸਤੀ, ਸਮਾਧੀ ਵਿਚ ਮਨ ਨਾ ਖੁੱਭਣਾ ਕੁਝ ਹੋਰ ਕਮਜ਼ੋਰੀਆਂ ਹਨ ਜੋ ਯੋਗੀ ਲਈ ਔਕੜਾਂ ਪੈਦਾ ਕਰਦੀਆਂ ਹਨ। ਇਹਨਾਂ ਕਮਜ਼ੋਰੀਆਂ ਨੂੰ ਕਾਬੂ ਕਰਨ ਲਈ ਧਿਆਨ ਅਤੇ ਸਮਾਧੀ ਸਭ ਤੋਂ ਉਪਯੁਕਤ ਮਾਧਿਅਮ ਹਨ। ਯੋਗ-ਸੂਤਰ ਵਿਚ ਦੋ ਪ੍ਰਕਾਰ ਦੀਆਂ ਸਮਾਧੀਆਂ ਵੱਲ ਉਲੇਖ ਕੀਤਾ ਗਿਆ ਹੈ। ਪਹਿਲੀ ਨੂੰ ਸਵਿਕਲਪ ਅਤੇ ਦੂਜੀ ਨੂੰ ਨਿਰਵਿਕਲਪ ਸਮਾਧੀ ਦਾ ਨਾਮ ਦਿੱਤਾ ਗਿਆ ਹੈ। ਪਹਿਲੀ ਵਿਚ ਧਯੇਯ ਵਸਤੂ ਦਾ ਗਿਆਨ ਬਣਿਆ ਰਹਿੰਦਾ ਹੈ ਜਦੋਂ ਕਿ ਦੂਜੀ ਵਿਚ ਧਯੇਯ, ਧਿਆਨ ਅਤੇ ਧਿਆਤਾ ਇਕ ਹੋ ਜਾਂਦੇ ਹਨ।

ਭਾਰਤ ਦੀਆਂ ਕੁਝ ਹੋਰ ਦਾਰਸ਼ਨਿਕ ਪ੍ਰਣਾਲੀਆਂ ਵਿਚ ਵੀ ਯੋਗ ਇਕ ਮਹੱਤਵਪੂਰਨ ਦਾਰਸ਼ਨਿਕ ਸੰਕਲਪ ਅਤੇ ਆਚਾਰ-ਵਿਹਾਰ ਵਜੋਂ ਪੇਸ਼ ਹੋਇਆ ਹੈ। ਪਿਛਲੇਰੇ ਉਪਨਿਸ਼ਦਾਂ ਅਤੇ ਪੁਰਾਣਾਂ ਵਿਚ ਯੋਗ ਦਰਸ਼ਨ ਦੀਆਂ ਕੁਝ ਹੋਰ ਵਿਆਖਿਆਵਾਂ ਵੀ ਉਪਲਬਧ ਹਨ। ਸ਼ੈਵ, ਸਾਕਤ ਅਤੇ ਵੈਸ਼ਨਵ ਪੰਥ ਨਾ ਕੇਵਲ ਰਿਗਵੇਦ, ਉਪਨਿਸ਼ਦਾਂ ਅਤੇ ਭਗਵਤ ਗੀਤਾ ਤੋਂ ਪ੍ਰਭਾਵਿਤ ਅਤੇ ਪ੍ਰੇਰਤ ਹਨ ਬਲਕਿ ਸ਼ੈਵ ਆਗਮਾਂ ਅਤੇ ਵੈਸ਼ਨਵ ਸੰਹਿਤਾਵਾਂ ਦਾ ਵੀ ਇਹਨਾਂ ਉਪਰ ਵਿਆਪਕ ਪ੍ਰਭਾਵ ਹੈ। (ਦੇਖੋ ਟੀ.ਆਰ.ਵੀ. ਮੂਰਤੀ, **ਰਾਈਜ਼ ਆਫ਼ ਦਾ ਫ਼ਿਲਾਸੋਫ਼ਿਕ ਸਕੂਲਜ਼, ਦ ਕਲਚਰਲ ਹੈਰੀਟੇਜ ਆਫ਼ ਇੰਡੀਆ,** ਜਿਲਦ 111, ਪੰਨਾ 40) ਸ਼ੈਵ ਉਪਨਿਸ਼ਦ ਬ੍ਰਹਮਵਾਦ ਜਾਂ ਅਦ੍ਵੈਤਵਾਦ ਦਾ ਉਪਦੇਸ਼ ਦਿੰਦੇ ਹਨ। ਸ਼ਾਕਤ

ਉਪਨਿਸ਼ਦ ਵੀ ਅਦ੍ਵੈਤਵਾਦ ਦਾ ਸਮਰਥਨ ਕਰਦੇ ਹਨ ਪਰੰਤੂ ਵੈਸ਼ਨਵ ਉਪਨਿਸ਼ਦ ਦ੍ਵੈਤਵਾਦੀ ਹਨ ਅਤੇ ਬ੍ਰਹਮ ਤੇ ਵਿਅਕਤੀ ਦੇ ਦਰਮਿਆਨ 'ਦ੍ਵੈਤ' ਨੂੰ ਸਵੀਕਾਰ ਕਰਦੇ ਹਨ। ਜਾਦੂ ਨਾਥ ਸਿੰਹ ਦੇ ਵਿਚਾਰ ਅਨੁਸਾਰ ਕੱਟੜ ਪੰਥੀ ਉਪਸ਼ਿਨਦ ਲੋਕਾਂ ਵਿਚ ਦੇਵਤਿਆਂ ਪ੍ਰਤੀ ਸ਼ਰਧਾ ਭਾਵ ਉਤਪੰਨ ਕਰਨ ਲਈ ਲਿਖੇ ਗਏ। ਇਹਨਾਂ ਵਿਚੋਂ ਕਈ ਪਹਿਲੇ ਉਪਨਿਸ਼ਦਾਂ ਦਾ ਵਿਸਤਾਰ ਜਾਂ ਵਿਆਖਿਆ ਮਾਤਰ ਹੀ ਹਨ। ਸ਼ੈਵ ਪੰਥ ਦੀ ਤਕਨੀਕੀ ਸ਼ਬਦਾਵਲੀ ਅਤੇ ਸ਼ਾਕਤਾਂ ਦਾ ਤੰਤ੍ਰਵਾਦ ਇਹਨਾਂ ਵਿਚੋਂ ਦ੍ਰਿਸ਼ਟੀਗੋਚਰ ਹੁੰਦਾ ਹੈ, ਜਿਵੇਂ ਪਸ਼ੂ, ਪਸ਼ੂਪਤਿ, ਪਾਸ਼, ਸ਼ਿਵ, ਸਦਾਸ਼ਿਵ, ਸ਼ਕਤੀ, ਹੰਸ, ਨਾਦ, ਬਿੰਦੂ, ਕਲਾ, ਨਿਆਸ, ਮੁਦਰਾ, ਕੁੰਡਲਿਨੀ, ਸ਼ਤਚਕ੍ਰ, ਸ਼ਿਵ ਅਤੇ ਸ਼ਕਤੀ ਦਾ ਉਪਰਲੇ ਚੱਕਰ ਵਿਚ ਸੁਮੇਲ ਇਤਿਆਦਿ। ਇਹਨਾਂ ਉਪਨਿਸ਼ਦਾਂ ਦਾ ਮੁੱਖ ਸੂਰ ਬ੍ਰਹਮਵਾਦ ਹੈ ਅਤੇ ਇਹ ਸੰਨਿਆਸੀ ਆਚਾਰ ਅਤੇ ਆਨੰਦਵਾਦ-ਵਿਰੋਧੀ ਵਿਚਾਰਾਂ ਦਾ ਸਮਰਥਨ ਕਰਦੇ ਹਨ। ਇਹ ਧਿਆਨ ਅਤੇ ਸਮਾਧੀ ਦੁਆਰਾ ਗਿਆਨ-ਯੋਗ ਨੂੰ ਬ੍ਰਹਮ-ਪ੍ਰਾਪਤੀ ਦਾ ਸਭ ਤੋਂ ਵੱਡਾ ਸਾਧਨ ਮੰਨਦੇ ਹਨ। ਕਰਮ-ਯੋਗ ਅਤੇ ਭਗਤੀ ਯੋਗ ਇਹਨਾਂ ਵਾਸਤੇ ਸਹਾਇਕ ਸਾਧਨ ਹਨ। (**ਐਨਸਾਈਕਲੋਪੀਡੀਆ ਆਫ਼ ਬ੍ਰਿਟੇਨਿਕਾ,** ਜਿਲਦ 11, ਪੰਨਾ 576)

ਸ਼ੈਵ, ਸ਼ਾਕਤ ਅਤੇ ਵੈਸ਼ਨਵ ਪੰਥਾਂ ਵਿਚ ਪਰਮ ਸੱਤਾ ਕ੍ਰਮਵਾਰ ਸ਼ਿਵ (ਸ਼ਿਵ, ਸ਼ਕਤੀ) ਸ਼ਕਤੀ ਅਤੇ ਵਿਸ਼ਨੂੰ ਉਪਰ ਕੇਂਦਰਿਤ ਰਹੀ ਹੈ। ਇਹਨਾਂ ਪੰਥਾਂ ਅਨੁਸਾਰ ਵਿਅਕਤੀ ਦੀ ਨਾਸ਼ਮਾਨ ਆਤਮਾ ਅਵਿਦਿਆ, ਹੰਕਾਰ, ਲਾਲਸਾ ਅਤੇ ਹੋਰ ਕਲੇਸ਼ਾਂ ਕਾਰਨ ਸੰਸਾਰ ਨਾਲ ਬੱਝੀ ਹੋਈ ਹੈ। ਸਾਰੇ ਪੰਥਾਂ ਦਾ ਵਿਸ਼ਵਾਸ ਹੈ ਕਿ ਨਿਸ਼ਕਾਮ ਕਰਮ ਅਤੇ ਯੋਗ ਦੇ ਗਿਆਨ ਨਾਲ ਮਾਨਸਿਕ ਸ਼ੁੱਧੀ ਹੋ ਸਕਦੀ ਹੈ। ਇਸ ਲਈ ਅਸ਼ਟਾਂਗ-ਯੋਗ ਇਹਨਾਂ ਦਾ ਕੇਂਦਰ ਬਿੰਦੂ ਹੈ। ਇਹਨਾਂ ਮੱਤਾਂ ਨਾਲ ਸੰਬੰਧਿਤ ਸੰਹਿਤਾਵਾਂ, ਉਪਨਿਸ਼ਦਾਂ ਅਤੇ ਪੁਰਾਣਾਂ ਵਿਚ ਯੋਗ-ਅਭਿਆਸਾਂ ਦੀ ਵਿਆਖਿਆ ਹੋਈ ਹੈ ਅਤੇ ਯੋਗ ਨੂੰ ਜੀਵਾਤਮਾ ਤੇ ਪਰਮਾਤਮਾ ਦੀ ਏਕਤਾ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ।

ਯੋਗ-ਦਰਸ਼ਨ ਦੀ ਇਕ ਹੋਰ ਵਿਸਤ੍ਰਿਤ ਵਿਆਖਿਆ 'ਹਠ-ਯੋਗ' ਅਤੇ 'ਕੁੰਡਲਿਨੀ ਯੋਗ' ਨਾਲ ਸੰਬੰਧਿਤ ਦਾਰਸ਼ਨਿਕ ਪ੍ਰਣਾਲੀਆਂ ਵਿਚ ਉਪਲਬਧ ਹੈ। 'ਸਿੱਧ ਸਿਧਾਂਤ ਪੱਧਤੀ' ਅਤੇ 'ਹਠ-ਯੋਗ ਪ੍ਰਦੀਪਕਾ' ਆਦਿ ਗ੍ਰੰਥਾਂ ਵਿਚ 'ਹਠ' ਸ਼ਬਦ ਦੀ ਵਿਆਖਿਆ ਕਰਦਿਆਂ 'ਹ' ਦਾ ਅਰਥ ਸੂਰਜ ਅਤੇ 'ਠ' ਦਾ ਅਰਥ ਚੰਦਰਮਾ ਕੀਤਾ ਗਿਆ ਹੈ। ਸੂਰਜ ਤੋਂ ਭਾਵ ਪ੍ਰਾਣਵਾਯੂ ਅਤੇ ਚੰਦਰਮਾ ਤੋਂ ਭਾਵ ਅਪ੍ਰਾਨਵਾਯੂ ਹੈ। ਇਹਨਾਂ ਦੋਹਾਂ ਦਾ ਯੋਗ ਅਰਥਾਤ ਪ੍ਰਾਣਾਯਾਮ ਦੁਆਰਾ ਵਾਯੂ ਦਾ ਨਿਰੋਧ ਹੀ ਹਠਯੋਗ ਹੈ। ਇਸ ਲਈ ਇੜਾ ਤੇ ਪਿੰਗਲਾ ਨਾੜੀਆਂ ਨੂੰ ਰੋਕ ਕੇ ਸੁਖਮਨਾ ਮਾਰਗ ਰਾਹੀਂ ਪ੍ਰਾਣ ਸੰਚਾਰਿਤ ਕਰਨ ਨੂੰ ਹਠਯੋਗ ਕਹਿੰਦੇ ਹਨ।

ਹਿੰਦੀ ਸਾਹਿਤ ਕੋਸ਼ ਅਨੁਸਾਰ ਇਹ ਵਿਚਾਰ ਵੀ ਪ੍ਰਚੱਲਤ ਹੈ ਕਿ ਗੋਰਖ ਨਾਥ ਤੋਂ ਪਹਿਲਾਂ ਹਠਯੋਗ ਦੀ ਵਿਧੀ ਦਾ ਉਪਦੇਸ਼ ਮਾਰਕੰਡੇਯ ਰਿਸ਼ੀ ਨੇ ਦਿੱਤਾ ਸੀ (ਦੇਖੋ **ਹਿੰਦੀ ਸਾਹਿਤ ਕੋਸ਼,** ਵਾਰਾਣਸੀ, ਪੰਨਾ 427)

ਹਠਯੋਗ ਦੇ ਪ੍ਰਮੁੱਖ ਸਾਧਨ ਅਤੇ ਸਿਧਾਂਤ 'ਹਠਯੋਗ ਪ੍ਰਦੀਪਕਾ', 'ਘੇਰੰਡ ਸੰਹਿਤਾ', 'ਸ਼ਿਵ ਸੰਹਿਤਾ' ਅਤੇ 'ਗੋਰਖ ਸੰਹਿਤਾ' ਵਿਚ ਦਰਸਾਏ ਗਏ ਹਨ। ਇਹ ਸਭ ਰਚਨਾਵਾਂ ਤੇਰ੍ਹਵੀਂ ਸਦੀ ਈਸਵੀ ਤੋਂ ਬਾਅਦ ਦੀਆਂ ਹਨ। ਹਠਯੋਗ ਸਾਧਨਾ ਦੀ ਮੁੱਖ ਧਾਰਾ ਸ਼ੈਵ ਰਹੀ ਹੈ ਅਤੇ ਮਛੰਦਰ ਨਾਥ ਅਤੇ ਗੋਰਖ ਨਾਥ ਇਸ ਦੇ ਪ੍ਰਮੁੱਖ ਆਚਾਰੀਆ ਮੰਨੇ ਗਏ ਹਨ। ਗੋਰਖ ਨਾਥ ਦੇ ਅਨੁਯਾਈਆਂ ਨੂੰ ਨਾਥ-ਜੋਗੀ ਵੀ ਕਿਹਾ ਜਾਂਦਾ ਸੀ। ਪਰੰਤੂ ਸ਼ੈਵਧਾਰਾ ਤੋਂ ਬਿਨਾਂ ਬੁੱਧਾਂ ਨੇ ਵੀ ਹਠਯੋਗ ਦੀ ਪੱਧਤੀ ਅਪਣਾਈ। ਹਠਯੋਗ ਦੇ ਅਭਿਆਸ ਵਿਚ ਆਸਣ ਅਤੇ ਪ੍ਰਾਣਾਯਾਮ ਦੁਆਰਾ ਸਰੀਰ ਦੇ ਸ਼ੁੱਧੀਕਰਣ ਨੂੰ ਕਾਫ਼ੀ ਮਹੱਤਵ ਪ੍ਰਾਪਤ ਹੈ। ਇਸ ਤੋਂ ਇਲਾਵਾ ਯੋਗ-ਸਾਧਨਾ ਪੱਧਤੀ ਵਿਚ ਕੁੰਡਲਿਨੀ ਨੂੰ ਜਾਗਰਿਤ ਕਰ ਕੇ ਨਾੜੀ ਮਾਰਗ ਰਾਹੀਂ ਉਪਰ ਉਠਾਉਣ ਦਾ ਯਤਨ ਕੀਤਾ ਜਾਂਦਾ ਹੈ ਤੇ ਵੱਖ-ਵੱਖ ਚੱਕਰਾਂ ਵਿਚ ਸਥਿਤ ਕਰਦੇ ਹੋਏ ਉਸ ਨੂੰ ਸਿਖਰਲੇ ਚੱਕਰ ਵਿਚ ਲਿਜਾਇਆ ਜਾਂਦਾ ਹੈ। ਇਸ ਤਰ੍ਹਾਂ ਹਠਯੋਗ ਦਾ ਮੁੱਖ ਮੰਤਵ ਪ੍ਰਾਣਾਯਾਮ ਦੁਆਰਾ ਨਾਰੀ ਸ਼ੁੱਧੀ ਅਤੇ ਕੁੰਡਲਿਨੀ ਸ਼ਕਤੀ ਨੂੰ ਜਗਾਉਣਾ ਹੈ।

ਆਲਮ ਡੇਨੀਅਲਯੂ ਅਨੁਸਾਰ ਮੇਰੂਦੰਡ ਦੇ ਅੰਦਰ ਤਿੰਨ ਨਾੜੀਆਂ ਹਨ—ਇੜਾ, ਪਿੰਗਲਾ ਅਤੇ ਸੁਖਮਨਾ। ਸੁਖਮਨਾ ਵਿਚਕਾਰਲੀ ਨਾੜੀ ਹੈ। ਇੜਾ ਤੇ ਪਿੰਗਲਾ ਇਸ ਦੇ ਖੱਬੇ ਅਤੇ ਸੱਜੇ ਪਾਸੇ ਸਥਿਤ ਹਨ ਤੇ ਵਾਰੀ ਵਾਰੀ ਸਾਹ ਲੈਣ ਵਿਚ ਮਦਦ ਕਰਦੀਆਂ ਹਨ। ਨੱਕੇ ਦੇ ਖੱਬੇ ਪਾਸੇ ਜਦੋਂ ਸਾਹ ਚੱਲਦਾ ਹੈ ਤਾਂ ਉਸ ਵੇਲੇ ਇੜਾ ਕੰਮ ਕਰਦੀ ਹੈ ਅਤੇ ਜਦੋਂ ਸਾਹ ਸੱਜੇ ਪਾਸੇ ਚਲਦਾ ਹੈ ਤਾਂ ਪਿੰਗਲਾ। ਆਮ ਸਥਿਤੀ ਵਿਚ ਇਹ ਦੋਵੇਂ ਨਾੜੀਆਂ ਹੀ ਸਾਹ ਲੈਣ ਲਈ ਚੱਲਦੀਆਂ ਹਨ, ਸੁਖਮਨਾ ਸੁੱਤੀ ਰਹਿੰਦੀ ਹੈ। ਯੋਗ ਸਾਧਨਾ ਰਾਹੀਂ ਹੀ ਇਸ ਨੂੰ ਜਗਾਇਆ ਜਾਂਦਾ ਹੈ। ਜਦੋਂ ਇਹ ਜਾਗ ਪੈਂਦੀ ਹੈ ਤਾਂ ਇੜਾ-ਪਿੰਗਲਾ ਦੇ ਰਸਤਿਅਉਂ ਜਾਣ ਵਾਲਾ ਪ੍ਰਣਾਵਾਯੂ (ਸਾਹ) ਸੁਖਮਨਾ ਵਿਚੋਂ ਪ੍ਰਵਾਹਿਤ ਹੋਣ ਲੱਗਦਾ ਹੈ। ਉਸ ਅਵਸਥਾ ਵਿਚ ਮਨ ਦੀ ਚੰਚਲਤਾ ਖ਼ਤਮ ਹੋ ਜਾਂਦੀ ਹੈ ਤੇ ਸਮਾਧੀ ਲੱਗ ਜਾਂਦੀ ਹੈ। ਜਾਗ੍ਰਿਤ ਕੁੰਡਲਿਨੀ ਇਸੇ ਮਾਰਗ ਤੋਂ ਹੋ ਕੇ ਛੇ ਚੱਕਰਾਂ ਵਿਚੋਂ ਲੰਘਦੀ ਹੋਈ ਸਹਸਰਾਰ ਵਿਚ ਸ਼ਿਵ ਨਾਲ ਲੀਨਤਾ ਪ੍ਰਾਪਤ ਕਰਦੀ ਹੈ। ਪ੍ਰਚੱਲਤ ਵਿਚਾਰ ਅਨੁਸਾਰ ਇੜਾ ਗੰਗਾ ਹੈ ਤੇ ਪਿੰਗਲਾ ਜਮੁਨਾ। ਦੋਹਾਂ ਦੇ ਵਿਚਾਰ ਸੁਖਮਨਾ, ਸਰਸਵਤੀ ਹੈ। ਸੁਖਮਨਾ ਦਾ ਆਧਾਰ ਬ੍ਰਹਮ-ਦੁਆਰਾ ਅਖਵਾਉਂਦਾ ਹੈ। ਜਦੋਂ ਸਾਹ ਇਥੋਂ ਦੀ ਲੰਘਦਾ ਹੈ ਤਾਂ ਪ੍ਰਾਣ ਸ਼ਾਂਤ ਹੋ ਜਾਂਦਾ ਹੈ ਅਤੇ ਮਨੋਬਿਰਤੀਆਂ ਦੀ ਗਤੀ ਵਿਚ ਸਥਿਰਤਾ ਆ ਜਾਂਦੀ ਹੈ।

'ਆਸਣ' ਵਿਚ ਅੰਗਾਂ ਦੀਆ ਵਿਭਿੰਨ ਸਥਿਤੀਆਂ ਨੂੰ ਅਚਲ ਕੀਤਾ ਜਾਂਦਾ ਹੈ। 'ਆਸਣ' ਦਾ ਸ਼ਾਬਦਿਕ ਅਰਥ ਸੌਖਾ ਜਾਂ ਆਰਾਮਦੇਹ ਹੈ ਅਤੇ ਜਿਸ ਆਸਣ ਵਿਚ ਵਿਅਕਤੀ ਵੱਧ ਸਮੇਂ ਤਕ ਆਰਾਮ ਨਾਲ ਬੈਠ ਸਕੇ, ਉਸ ਨੂੰ ਚੰਗਾ ਗਿਣਿਆ ਜਾਂਦਾ ਹੈ। ਯੋਗ ਵਿਚ ਬਹੁਤ ਸਾਰੇ ਆਸਣ ਨਿਸਚਿਤ ਕੀਤੇ ਗਏ ਹਨ ਜਿਹਨਾਂ ਦੁਆਰਾ ਯੋਗੀ ਧਿਆਨ ਮਗਨ ਹੋ ਸਕਦਾ ਹੈ। 'ਹਠਯੋਗ ਪ੍ਰਦੀਪਕਾ' ਵਿਚ ਆਸਣਾਂ ਦੀ ਕੁਲ ਗਿਣਤੀ 14, 'ਯਗਪ੍ਰਦੀਪ' ਵਿਚ 21 ਅਤੇ ਘੇਰੰਡ ਸੰਹਿਤਾ ਵਿਚ ਇਹਨਾਂ ਦੀ ਗਿਣਤੀ 32 ਦੱਸੀ ਗਈ ਹੈ। ਆਸਣ ਨੂੰ ਹਠਯੋਗ ਦਾ ਪਹਿਲਾ ਅੰਗ ਮੰਨਿਆ ਗਿਆ ਹੈ। ਸਾਰੇ ਆਸਣ ਪ੍ਰਾਣਾਯਾਮ ਤੋਂ ਪਹਿਲਾਂ ਸੁਆਸ ਨੂੰ ਸੁਰੁਚੀਪੂਰਨ ਕਰਨ ਅਤੇ ਮਨ ਨੂੰ ਅਵਿਚਲ ਕਰਨ ਲਈ ਲਗਾਏ ਜਾਂਦੇ ਹਨ। ਆਸਣ ਦੇ ਪ੍ਰਭਾਵ ਨੂੰ ਤੀਬਰ ਅਤੇ ਸੰਪੂਰਣ ਕਰਨ ਲਈ ਵੱਖ-ਵੱਖ ਮੁਦਰਾਵਾਂ, ਬੰਧਾਂ ਅਤੇ ਪ੍ਰਾਣਾਯਾਮ ਦੀ ਵਰਤੋਂ ਕੀਤੀ ਜਾਂਦੀ ਹੈ। ਸ਼ਿਵ ਸੰਹਿਤਾ ਵਿਚ ਦਸ ਪ੍ਰਕਾਰ ਦੀਆ ਮੁਦਰਾਵਾਂ ਦਾ ਉਲੇਖ ਹੋਇਆ ਹੈ, ਜਿਵੇਂ ਮਹਾਂਬੰਧ, ਮਹਾਂਮੁਦਰਾ, ਉਦਿਆਨ ਮੁਦਰਾ, ਸ਼ਕਤੀ ਚਾਲਨੀ, ਮੂਲਬੰਧ, ਖੇਚਰੀ, ਵਜਰੌਲੀ, ਮਹਾਂਦੇਵ ਮੁਦਰਾ, ਵਿਪਰਤੀ ਕਰਣੀ ਮੁਦਰਾ ਅਤੇ ਜਾਲੰਧਰ ਬੰਧ। ਨਾਥ ਜੋਗੀਆਂ ਨੇ ਹਠਯੋਗ ਅਭਿਆਸ ਨੂੰ ਬਹੁਤ ਵਿਸਤਾਰ ਦਿੱਤਾ ਅਤੇ ਕਈ ਸਥਿਤੀਆਂ ਵਿਚ ਇਹ ਅਭਿਆਸ ਦੂਸਰਿਆਂ ਨੂੰ ਚਕ੍ਰਿਤ ਕਰਨ ਦਾ ਸਾਧਨ ਵੀ ਬਣ ਗਏ। ਇਸ ਕਾਰਨ ਅਧਿਆਤਮਕ ਗੁਰੂਆਂ ਨੇ ਹਠਯੋਗ ਅਭਿਆਸ ਦੀ ਆਲੋਚਨਾ ਵੀ ਕੀਤੀ ਹੈ।

## ਗੁਰੂ ਨਾਨਕ ਦੇਵ ਜੀ ਦਾ ਯੋਗ ਸੰਕਲਪ

ਚੌਧਵੀਂ-ਪੰਦਰ੍ਹਵੀਂ ਸਦੀ ਦੌਰਾਨ ਪੰਜਾਬ ਦੇ ਸਮਾਜਕ ਅਤੇ ਸਭਿਆਚਾਰਕ ਜੀਵਨ ਉਪਰ ਨਾਥ-ਜੋਗੀਆਂ ਦਾ ਬੜਾ ਵਿਆਪਕ ਪ੍ਰਭਾਵ ਸੀ। ਗੁਰੂ ਨਾਨਕ ਦੇਵ ਜੀ ਦੇ ਜੋਗੀਆਂ ਨਾਲ ਹੋਏ ਸੰਵਾਦ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹਨ। ਭਾਈ ਜੋਧ ਸਿੰਘ ਅਨੁਸਾਰ ਸਿੱਧਾਂ ਦੁਆਰਾ ਪਰਾਭੌਤਿਕ ਸ਼ਕਤੀਆਂ ਦੀ ਵਰਤੋਂ, ਜੰਤਰਾਂ-ਮੰਤਰਾਂ ਉਪਰ ਜ਼ੋਰ, ਵਰਦਾਨ ਦੀ ਅਭਿਲਾਸ਼ਾ ਅਤੇ ਸਰਾਪ ਦੇ ਡਰ ਨੇ ਲੋਕਾਂ ਨੂੰ ਭੈਭੀਤ ਕੀਤਾ ਹੋਇਆ ਸੀ ਅਤੇ ਇਸੇ ਸਦਕਾ ਲੋਕ ਉਹਨਾਂ ਦੇ ਸ਼ਰਧਾਲੂ ਬਣਦੇ ਸਨ। ਪਰਾਭੌਤਿਕ ਸ਼ਕਤੀਆਂ ਪ੍ਰਤੀ ਆਕਰਸ਼ਣ ਦੇ ਕਾਰਲ ਮੁਸਲਮਾਨ ਵੀ ਉਹਨਾਂ ਦੇ ਪੈਰੋਕਾਰ ਬਣੇ ਰਹੇ ਸਨ। (**ਗੁਰੂ ਨਾਨਕ ਐਂਡ ਦ ਸਿਧਾਜ਼**, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਪੜ੍ਹਿਆ ਖੋਜ ਪੱਤਰ)

ਉਤਰੀ ਭਾਰਤ ਤੇ ਸਮਾਜਕ, ਧਾਰਮਿਕ ਅਤੇ ਸਭਿਆਚਾਰਕ ਜੀਵਨ ਉੱਤੇ ਜੋਗੀਆਂ ਦੀ ਅਮਿੱਟ ਛਾਪ ਦਾ ਇਕ ਪ੍ਰਮਾਣ ਇਹ ਵੀ ਹੈ ਕਿ ਮੱਧਕਾਲੀਨ ਸੰਤਾਂ, ਵਿਸ਼ੇਸ਼ ਕਰ ਭਗਤ ਕਬੀਰ ਅਤੇ ਗੁਰੂ ਨਾਨਕ ਦੀਆਂ ਬਾਣੀਆਂ ਵਿਚ ਕਿਸੇ ਹੋਰ

ਸੰਪ੍ਰਦਾਇ ਬਾਰੇ ਇੰਨੀਆਂ ਵਿਆਪਕ ਟਿੱਪਣੀਆਂ ਨਹੀਂ ਮਿਲਦੀਆਂ ਜਿੰਨੀਆਂ ਜੋਗੀਆਂ ਦੇ ਸੰਬੰਧ ਵਿਚ ਪ੍ਰਾਪਤ ਹੁੰਦੀਆਂ ਹਨ। ਡਾ. ਤ੍ਰਿਲੋਚਨ ਸਿੰਘ ਅਨੁਸਾਰ ਲਗਭਗ ਸਾਰੇ ਸੰਤ-ਕਵੀਆਂ ਨੇ ਜੋਗ ਅਤੇ ਜੋਗੀਆਂ ਬਾਰੇ ਆਲੋਚਨਾਤਮਕ ਟਿੱਪਣੀਆਂ ਕੀਤੀਆਂ ਹਨ ਅਤੇ ਇਹ ਵਿਰੋਧ-ਭਾਵ ਸਿੱਖ ਇਤਿਹਾਸ ਵਿਚ ਗੁਰੂ ਗੋਬਿੰਦ ਸਿੰਘ ਕਾਲ ਤਕ ਤੀਬਰ ਰਿਹਾ ਹੈ। ਬਾਰਾਂ ਸੰਪਰਦਾਵਾਂ ਦੇ ਜੋਗੀ 'ਸਿੱਧ ਆਸਣ' ਜਾਂ 'ਸਿੱਖ ਆਸ਼ਰਮ' ਅਖਵਾਉਂਦੇ ਮੱਠਾਂ ਤੋਂ ਆਪਣਾ ਪ੍ਰਭਾਵ ਜਤਾਉਂਦੇ ਰਹੇ ਹਨ ਅਤੇ ਇਹ ਮੱਠ ਤੀਰਥ ਸਥਾਨ ਬਣੇ ਰਹੇ ਹਨ। (**ਸਿਖਇਜ਼ਮ ਐਂਡ ਯੋਗ,** ਉਪਰੋਕਤ ਸੈਮੀਨਾ ਵਿਚ ਪੜ੍ਹਿਆ ਗਿਆ ਖੋਜ-ਪੱਤਰ) ਇਹਨਾਂ ਵਿਚੋਂ ਬਹੁਤੇ ਆਸ਼ਰਮ ਗੋਰਖ ਨਾਥ ਜਾਂ ਉਸ ਦੇ ਸਾਰੀ ਯੋਗੀਆਂ ਦੇ ਨਾਮ 'ਤੇ ਸਥਾਪਤ ਹੋਏ। ਕੁਝ ਆਸ਼ਰਮਾਂ ਨਾਲ ਸ਼ਿਵਜੀ ਦਾ ਨਾਮ ਵੀ ਜੋੜਿਆ ਜਾਂਦਾ ਹੈ। ਯੋਗੀਆਂ ਦੇ ਤਪ, ਤਿਆਗ, ਉਹਨਾਂ ਦੁਆਰਾ ਪਰਾਭੌਤਿਕ ਸ਼ਕਤੀਆਂ ਦੀ ਵਰਤੋਂ, ਉਹਨਾਂ ਦੀਆਂ ਰਿੱਧੀਆਂ ਸਿੱਧੀਆਂ ਅਤੇ ਕਰਾਮਾਤਾਂ ਨੇ ਆਮ ਆਦਮੀ ਤੋਂ ਲੈ ਕੇ ਰਾਜਿਆਂ ਤਕ ਨੂੰ ਆਪਣੇ ਵੱਲ ਆਕਰਸ਼ਿਤ ਕਰੀ ਰੱਖਿਆ। ਵਾਸਤਵਿਕ ਅਤੇ ਪਾਖੰਡੀ ਦੋਵੇਂ ਪ੍ਰਕਾਰ ਦੇ ਯੋਗੀ ਪਿੰਡ-ਪਿੰਡ ਜਾ ਕੇ ਲੋਕਾਂ ਵਿਚ ਗ੍ਰਹਿਸਤ ਧਰਮ ਅਤੇ ਦੁਨੀਆਂਦਾਰੀ ਪ੍ਰਤੀ ਤ੍ਰਿਸਕਾਰ-ਭਾਵ ਦਾ ਪ੍ਰਚਾਰ ਕਰਦੇ ਰਹੇ।

ਬਦਲ ਰਹੇ ਸੰਦਰਭ ਵਿਚ ਗੁਰੂ ਨਾਨਕ ਦੇਵ ਜੀ ਨੇ ਯੋਗੀਆਂ ਦੀ ਪਲਾਇਨਵਾਦੀ ਭੂਮਿਕਾ ਨੂੰ ਅਨੁਭਵ ਕੀਤਾ ਅਤੇ ਯੋਗੀਆਂ ਦੇ ਮੁੱਖ ਕੇਂਦਰਾਂ ਦਾ ਰਟਨ ਕੀਤਾ। ਆਪ ਨੇ ਯੋਗੀਆਂ ਨੂੰ ਸਹੀ ਮਾਰਗ ਦਾ ਬੋਧ ਕਰਵਾਇਆ ਅਤੇ ਦੱਸਿਆ ਕਿ ਪਰਾਭੌਤਿਕ ਸ਼ਕਤੀਆਂ ਦਾ ਪ੍ਰਯੋਗ ਅਤੇ ਕਰਾਮਾਤਾਂ ਆਤਮਿਕ ਪ੍ਰਾਪਤੀ ਦੇ ਰਸਤੇ ਵਿਚ ਰੁਕਾਵਟਾਂ ਬਣਦੀਆਂ ਹਨ। ਇਕ ਨਵਾਂ ਦ੍ਰਿਸ਼ਟੀਕੋਣ ਸੁਝਾਉਂਦੇ ਹੋਏ ਗੁਰੂ ਸਾਹਿਬ ਨੇ ਦੱਸਿਆ ਕਿ ਦੈਨਿਕ ਜੀਵਨ ਵਿਚ ਸਤਿ ਅਤੇ ਪ੍ਰੇਮ ਹੀ ਮਨੁੱਖ ਨੂੰ ਮੁਕਤੀ-ਮਾਰਗ ਵੱਲ ਅਗ੍ਰਸਰ ਕਰ ਸਕਦੇ ਹਨ। ਆਪ ਨੇ ਯੋਗੀਆਂ ਦੀ ਭੂਮਿਕਾ ਦੁਆਰਾ ਸਮਾਜਕ ਪ੍ਰਬੰਧ ਦੇ ਹੋ ਰਹੇ ਵਿਨਾਸ਼ ਪ੍ਰਤੀ ਸੁਚੇਤ ਕੀਤਾ ਅਤੇ ਯੋਗੀਆਂ ਦੀ ਅਪਸਾਰਵਾਦੀ ਅਤੇ ਉਦਾਸੀਨ ਪ੍ਰਵਿਰਤੀ ਦਾ ਵਿਰੋਧ ਕੀਤਾ। (ਰਣਧੀਰ ਸਿੰਘ ਚੰਦ, **ਉਹੀ ਰਚਨਾ,** ਪੰਨੇ 124-125)

ਗੁਰੂ ਨਾਨਕ ਦੇਵ ਜੀ ਨੇ ਯੋਗ ਸ਼ਬਦਾਵਲੀ ਦੇ ਮਾਧਿਅਮ ਦੁਆਰਾ ਯੋਗੀਆਂ ਦੇ ਕਿਰਦਾਰ ਅਤੇ ਵਿਵਹਾਰ ਉਪਰ ਆਲੋਚਨਾ ਕੀਤੀ। ਆਪ ਦੀ ਇੱਛਾ ਸੀ ਕਿ ਭਾਰਤੀ ਲੋਕ ਇਹਨਾਂ ਯੋਗੀਆਂ ਦੇ ਪ੍ਰਭਾਵ ਅਧੀਨ ਯਥਾਸਥਿਤੀਵਾਦੀ, ਭਾਗਵਾਦੀ ਜਾਂ ਅਪਸਾਰਵਾਦੀ ਹੀ ਨਾ ਬਣੇ ਰਹਿਣ ਬਲਕਿ ਜੀਵਨ-ਧਾਰਾ ਵਿਚ ਨਿਰਣੈਕਾਰੀ ਅਤੇ ਗਤੀਸ਼ੀਲ ਭੂਮਿਕਾ ਨਿਭਾਉਣ। ਆਪ ਨੇ ਯੋਗ-ਸੰਕਲਪਾਂ ਦਾ ਪ੍ਰਯੋਗ ਆਤਮਿਕ ਅਤੇ ਵਿਹਾਰਕ ਲੋੜਾਂ ਦੀ ਪੁਨਰ-ਵਿਆਖਿਆ ਦੇ ਪ੍ਰਸੰਗ ਵਿਚ

ਕੀਤਾ। ਡਾ. ਨਿਹਾਰ ਰੰਜਨ ਰੇਅ ਅਨੁਸਾਰ ਗੁਰੂ ਜੀ ਨੇ ਯੋਗ ਸੰਕਲਪਾਂ ਅਤੇ ਤਕਨੀਕੀ ਸ਼ਬਦਾਵਲੀ ਦੀ ਵਰਤੋਂ ਉਹਨਾਂ ਅਧਿਆਤਮਕ ਅਨੁਭਵਾਂ ਦੇ ਸੰਚਾਰ ਮਾਧਿਅਮ ਵਜੋਂ ਕੀਤੀ ਹੈ ਜਿਹੜੇ ਉਂਜ ਅਣਸੰਚਾਰਕ ਸਨ। (**ਦ ਕਾਨਸੈਪਟ ਆਫ਼ ਸਹਿਜ ਇਨ ਗੁਰੂ ਨਾਨਕ'ਜ਼ ਥੀਆਲੋਜੀ,** ਉਕਤ ਸੈਮੀਨਾਰ ਵਿਚ ਪੜ੍ਹਿਆ ਪਰਚਾ)

ਗੁਰੂ ਨਾਨਕ ਦੇਵ ਜੀ 'ਯੋਗ' ਸ਼ਬਦ ਦੀ ਵਰਤੋਂ ਹਠ-ਯੋਗੀਆਂ ਦੇ ਪ੍ਰਸੰਗ ਵਿਚ 'ਹਠ ਨਿਗ੍ਰਹਿ' ਦੁਆਰਾ ਕਰਦੇ ਹਨ। 'ਹਠ ਨਿਗ੍ਰਹਿ ਕਰ ਕਾਇਆ ਛੀਜੈ' ਗੋਰਖਪੰਥੀ ਕੰਨਪਟੇ ਯੋਗੀ ਵੱਖ-ਵੱਖ ਸਾਧਨਾਂ ਦੁਆਰਾ ਹਠ ਨਿਗ੍ਰਹਿ' ਕਰਦੇ ਸਨ। ਯੋਗੀਆਂ ਦੇ ਬਾਰਾਂ ਪੰਥ ਧਿਆਨ ਵਾਸਤੇ ਕਈ ਢੰਗ ਅਪਣਾਉਂਦੇ ਰਹੇ ਹਨ। ਗੁਰੂ ਸਾਹਿਬ ਵੱਖ-ਵੱਖ ਪੰਥਾਂ ਦਾ ਨਾਮ ਲੈ ਕੇ ਉਹਨਾਂ ਦੀ ਗੱਲ ਕਰਦੇ ਹਨ। ਉਹਨਾਂ ਨਾਲ ਹੋਈਆਂ ਗੋਸ਼ਟਾਂ ਅਤੇ ਗੁਰੂ ਸਾਹਿਬ ਦੁਆਰਾ ਕੀਤੀਆਂ ਹੋਈਆਂ ਟਿੱਪਣੀਆਂ ਦੱਸਦੀਆਂ ਹਨ ਕਿ ਗੁਰੂ ਜੀ ਹਠ-ਯੋਗ ਦੇ ਸਿਧਾਂਤਕ ਸੰਕਲਪਾਂ—ਹਠਯੋ ਪ੍ਰਦੀਪਿਕਾ ਅਤੇ ਸ਼ਿਵ-ਸੰਹਿਤਾ ਤੋਂ ਪੂਰੀ ਤਰ੍ਹਾਂ ਜਾਣੂ ਸਨ। ਗੁਰਮਤਿ ਵਿਚ 'ਯੋਗ' ਸ਼ਬਦ ਦਾ ਇਕ ਹੋਰ ਪ੍ਰਯੋਗ ਗੁਰਮਤਿ ਵਿਚਾਰਧਾਰਾ ਦੇ ਆਪਣੇ ਪ੍ਰਸੰਗ ਵਿਚ ਹੈ ਅਤੇ ਇਹ ਹੋਰ ਪੰਥਾਂ ਦੀ ਵਰਤੋਂ ਨਾਲੋਂ ਭਿੰਨ ਹੈ। ਇਥੇ ਇਸ ਨੂੰ ਗੁਰਮੁਖ ਯੋਗ ਜਾਂ ਸਹਿਜ ਯੋਗ ਕਿਹਾ ਗਿਆ ਹੈ ਦੇਖੋ :

**ਗੁਰਮੁਖ ਜੋਗ ਕਮਾਵੈ ਸਾਧੂ ਜਤੁ ਸਤੁ ਸਬਦੁ ਵਿਚਾਰੀ॥**

ਆਦਿ ਗ੍ਰੰਥ ਵਿਚ 'ਸਿਧ ਗੋਸਟਿ' ਤੋਂ ਬਿਨਾਂ ਵੀ ਗੁਰੂ ਨਾਨਕ ਦੇਵ ਜੀ ਦੀ ਬਹੁਤ ਸਾਰੀ ਬਾਣੀ ਸਿੱਧਾਂ ਨੂੰ ਸੰਬੋਧਿਤ ਹੈ। ਚਰਪਟ ਨਾਥ ਤੇ ਲੋਹਾਰੀਪਾ ਦੇ ਨਾਮ ਸਿਧ ਗੋਸਟਿ ਵਿਚ ਆਏ ਹਨ। ਰਾਗ ਆਸਾ ਵਿਚ ਤਿੰਨ ਸ਼ਬਦ, ਵੈਰਾਗੀ ਪੰਥ ਦੇ ਸੰਸਥਾਪਕ ਭਰਥਰੀ ਹਰੀ ਨੂੰ ਸੰਬੋਧਿਤ ਹਨ। ਰਾਗ ਰਾਮਕਲੀ ਵਿਚ ਇਕ ਸ਼ਬਦ ਮਛੰਦਰ ਨਾਥ ਨੂੰ ਸੰਬੋਧਿਤ ਹੈ। ਯੋਗੀਆਂ ਦੇ ਕਈ ਨਾਮ ਜਿਵੇਂ ਈਸਰ, ਗੋਰਖ, ਗੋਪੀ ਚੰਦ, ਚਰਪਟ ਅਤੇ ਭਰਥਰੀ, ਰਾਗ ਰਾਮਕਲੀ ਦੇ ਕਈ ਸ਼ਬਦਾਂ ਵਿਚ ਆਏ ਹਨ। ਉਹਨਾਂ ਤੋਂ ਇਲਾਵਾ ਹੋਰ ਬਹੁਤ ਸਾਰੇ ਸ਼ਬਦਾਂ ਵਿਚ ਵੀ ਯੋਗੀਆਂ ਨੂੰ ਸੰਬੋਧਿਤ ਕੀਤਾ ਗਿਆ ਹੈ। ਪਰ ਉਥੇ ਕਿਸੇ ਵਿਅਕਤੀ-ਵਿਸ਼ੇਸ ਦੀ ਥਾਂ ਅਉਧੂ, ਜੋਗੀ ਤੇ ਰਾਵਲ ਪਦ ਦੀ ਵਰਤੋਂ ਹੋਈ ਹੈ। ਜਪੁਜੀ ਦੀਆਂ ਅਠਾਈਵੀ ਤੋਂ ਇਕੱਤੀਵੀਂ ਪਉੜੀ ਤਕ ਯੋਗ-ਸੰਕਲਪਾਂ ਦੀ ਭਰਪੂਰ ਵਰਤੋਂ ਹੋਈ ਹੈ। ਸਿਰੀ ਰਾਗ, ਮਾਝ ਰਾਗ, ਗਉੜੀ ਅਤੇ ਗੂਜਰੀ ਵਿਚ ਵੀ ਯੋਗ ਸ਼ਬਦਾਵਲੀ ਦਾ ਕਾਫ਼ੀ ਪ੍ਰਯੋਗ ਹੋਇਆ ਹੈ।

ਡਾ. ਰਣਧੀਰ ਸਿੰਘ ਚੰਦ ਅਨੁਸਾਰ ਪ੍ਰਚੱਲਤ ਯੋਗ ਮਾਰਗ ਅਤੇ ਵੱਖ-ਵੱਖ ਯੋਗ ਅਭਿਆਸਾਂ ਦੀ ਆਲੋਚਨਾ ਗੁਰੂ ਨਾਨਕ ਬਾਣੀ ਵਿਚ ਆਮ ਮਿਲਦੀ ਹੈ।

ਰਾਗ ਸੂਹੀ ਵਿਚ ਯੋਗ ਭੇਖਾਂ ਦੀ ਨਿਖੇਧੀ ਕਰਦੇ ਹੋਏ ਗੁਰੂ ਜੀ 'ਜੋਗ ਜੁਗਤਿ' ਦੀ ਨਵੀਂ ਵਿਆਖਿਆ ਕਰਦੇ ਹਨ। ਰਾਗ ਮਾਰੂ ਵਿਚ ਵੀ ਗੁਰੂ ਜੀ ਨੇ ਹਠ-ਯੋਗ ਨੂੰ ਪੁਰਨ-ਪਰਿਭਾਸ਼ਤ ਕਰਦਿਆਂ ਹੋਇਆ ਪ੍ਰਭੂ ਨਾਲ ਅਭੇਦਤਾ ਦਾ ਇਕ ਮੌਲਿਕ ਸੰਕਲਪ ਪੇਸ਼ ਕੀਤਾ ਹੈ। ਰਾਗ ਬਸੰਤ ਦੀ ਪੰਜਵੀਂ ਅਸਟਪਦੀ ਵਿਚ ਗੁਰੂ ਜੀ ਨੇ ਕੂੜੇ ਅਭਿਆਸਾਂ ਅਤੇ ਬਾਹਰੀ ਭੇਖਾਂ ਉਪਰ ਚੋਟ ਕੀਤੀ ਹੈ। ਰਾਗ ਪ੍ਰਭਾਤੀ ਦੀ ਤੀਜੀ ਅਸਟਪਦੀ ਵਿਚ ਖਟ ਕਰਮ, ਪ੍ਰਾਣਾਯਾਮ ਅਤੇ ਕੁੰਡਲਿਨੀ ਆਦਿ ਨੂੰ ਨਕਾਰਦਿਆਂ ਹੋਇਆ ਦਰਸਾਇਆ ਗਿਆ ਹੈ ਕਿ ਪ੍ਰਭੂ ਦੇ ਨਾਮ ਤੋਂ ਬਿਨਾਂ ਇਹਨਾਂ ਫੋਕਟ ਕਰਮਾਂ ਦਾ ਕੋਈ ਅਰਥ ਨਹੀਂ ਹੈ। ਇਹਨਾਂ ਤੋਂ ਇਲਾਵਾ ਹੋਰ ਰਾਗਾਂ ਜਿਵੇਂ ਸੋਰਠਿ, ਧਨਾਸਰੀ, ਬਿਲਾਵਲ, ਭੈਰਉ ਅਤੇ ਮਲਾਰ ਵਿਚ ਯੋਗੀ ਦੇ ਆਚਾਰ- ਵਿਹਾਰ ਦਾ ਆਲੋਚਨਾਤਮਕ ਵਿਸ਼ੇਲਸ਼ਣ ਦ੍ਰਿਸ਼ਟੀਗੋਚਰ ਹੁੰਦਾ ਹੈ। (**ਉਹੀ ਰਚਨਾ,** ਪੰਨੇ 128-129)

ਗੁਰੂ ਨਾਨਕ ਦੇਵ ਜੀ ਨੇ ਸਾਂਖ ਅਤੇ ਯੋਗ ਦੇ ਨੈਤਿਕ-ਮਨੋਵਿਗਿਆਨ ਦੇ ਕੁਝ ਆਧਾਰਾਂ ਨੂੰ ਸਵੀਕ੍ਰਿਤੀ ਤਾਂ ਦਿੱਤੀ ਹੈ ਪਰੰਤੂ ਉਹਨਾਂ ਨੇ ਆਪਣੇ ਆਤਮਕ ਮਾਰਗ ਵਿਚ ਭਾਰਤੀ ਦਰਸ਼ਨ ਦੀ ਕਿਸੇ ਇਕ ਪ੍ਰਣਾਲੀ ਨੂੰ ਜਿਉਂ ਦੀ ਤਿਉਂ ਨਹੀਂ ਅਪਣਾਇਆ। ਗੁਰਬਾਣੀ ਵਿਚ ਕੁੰਡਲਿਨੀ ਦੀ ਹੋਂਦ ਨੂੰ ਸਵੀਕਾਰ ਕੀਤਾ ਗਿਆ ਹੈ, ਸਰੀਰ ਵਿਚ ਬਹੱਤਰ ਹਜ਼ਾਰ ਨਾੜੀਆਂ ਦਾ ਵਰਣਨ ਮਿਲਦਾ ਹੈ ਅਤੇ ਪ੍ਰਮੁੱਖ ਨਾੜੀਆਂ—ਇੜਾ, ਪਿੰਗਲਾ ਅਤੇ ਸੁਖਮਨਾ ਦਾ ਨਾਮ ਕਈ ਵਾਰ ਆਇਆ ਹੈ। ਪਰੰਤੂ ਕੁੰਡਲਿਨੀ ਦੇ ਜਗਾਉਣ ਲਈ ਕੀਤੇ ਗਏ ਅਭਿਆਸਾਂ ਨੂੰ ਪੂਰੀ ਤਰ੍ਹਾਂ ਨਕਾਰਿਆ ਗਿਆ ਹੈ। ਗੁਰਬਾਣੀ ਵਿਚ ਨੌਂ ਦਰਵਾਜ਼ੇ (ਨਵ-ਗ੍ਰਿਹਿ), ਦਸਮ ਦੁਆਰ ਅਤੇ ਤੁਰੀਆ ਅਵਸਥਾ ਨੂੰ ਵੀ ਪ੍ਰਵਾਨ ਕੀਤਾ ਗਿਆ ਹੈ। ਨਾਦ ਯੋਗ ਦੇ ਸਿਧਾਂਤਾਂ ਦੀ ਪ੍ਰਵਾਨਗੀ ਦੇ ਨਾਲ-ਨਾਲ ਅਨਹਦ ਨਾਦ ਦੇ ਅਨੁਭਵ ਨੂੰ ਬਿਆਨਿਆ ਗਿਆ ਹੈ।

ਭਾਵੇਂ ਗੁਰੂ ਜੀ ਨੇ ਸਿਧਾਂਤ ਰੂਪ ਵਿਚ ਯੋਗ ਦਰਸ਼ਨ ਨੂੰ ਅਪ੍ਰਵਾਨ ਨਹੀਂ ਕੀਤਾ ਪਰੰਤੂ ਆਪ ਦਾ ਅਸ਼ਟਾਂਗ ਯੋਗ ਅਤੇ ਹਠ ਯੋਗ ਦੇ ਸਾਧਨਾਂ ਵਿਚ ਕੋਈ ਵਿਸ਼ਵਾਸ ਨਹੀਂ। ਉਹਨਾਂ ਨੇ ਯੋਗੀਆਂ ਨੂੰ ਪਾਖੰਡਾਂ ਅਤੇ ਕਰਮ-ਕਾਂਡਾਂ ਦੇ ਬੰਧਨਾਂ ਵਿਚ ਬੱਝੇ ਵੇਖਿਆ ਅਤੇ ਅਨੁਭਵ ਕੀਤਾ ਕਿ ਇਹ ਯੋਗੀ ਸਤਿ-ਮਾਰਗ ਤੋਂ ਭਟਕੇ ਹੋਏ ਹਨ। ਰਾਗ ਸੂਹੀ ਵਿਚ ਦਰਜ ਇਕ ਸ਼ਬਦ ਵਿਚ ਗੁਰੂ ਜੀ ਜੋਗੀਆਂ ਦੇ ਮਿਥਿਆ ਕਰਮ-ਕਾਂਡਾਂ ਅਤੇ ਭੇਖਾਂ ਉਪਰ ਆਲੋਚਨਾਤਮਕ ਟਿੱਪਣੀ ਕਰਦੇ ਹੋਏ ਯੋਗ ਦੀ ਸਹੀ ਪਰਿਭਾਸ਼ਾਂ ਦਾ ਵਰਣਨ ਕਰਦੇ ਹਨ:

**ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ ॥**
**ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ ॥**
**ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੧॥**

**ਗਲੀ ਜੋਗੁ ਨ ਹੋਈ ॥**
**ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ ॥੧॥ ਰਹਾਉ ॥**
**ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ ॥**
**ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ ॥**
**ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥**
*(ਸੂਹੀ ਮਹਲਾ ੧, ਪੰਨਾ 730)*

ਗੁਰੂ ਨਾਨਕ ਬਾਣੀ ਵਿਚ ਪਤੰਜਲੀ ਦੇ ਅਸ਼ਟਾਂਗ ਯੋਗ ਦਾ ਕ੍ਰਮਿਕ ਵਿਵਰਣ ਕਿਧਰੇ ਨਹੀਂ ਮਿਲਦਾ। ਸਪੱਸ਼ਟ ਹੈ ਕਿ ਗੁਰੂ ਜੀ ਇਹਨਾਂ ਅੱਠ ਅੰਗਾਂ ਵਿਚ ਵਿਸ਼ਵਾਸ ਨਹੀਂ ਰੱਖਦੇ। ਆਦ ਸਦਾਚਾਰਕ ਤੇ ਨੈਤਿਕ ਕਦਰਾਂ-ਕੀਮਤਾਂ ਉਪਰ ਜ਼ੋਰ ਦਿੰਦੇ ਹਨ। ਅਸੀਂ ਵੇਖਦੇ ਹਾਂ ਕਿ ਅਸ਼ਟਾਂਗ ਯੋਗ ਦੇ ਪਹਿਲੇ ਦੋ ਅੰਗ—ਯਮ ਤੇ ਨਿਯਮ ਇਕ ਤਰੀਕੇ ਨਾਲ ਗੁਰੂ ਸਾਹਿਬ ਦੇ ਆਦਰਸ਼ ਮਾਨਵ ਦੇ ਜ਼ਰੂਰੀ ਲੱਛਣਾਂ ਦਾ ਭਾਗ ਬਣਦੇ ਹਨ। (ਰਣਧੀਰ ਸਿੰਘ ਚੰਦ, **ਉਹੀ ਰਚਨਾ,** ਪੰਨਾ 132) ਗੁਰਬਾਣੀ ਵਿਚ ਸਰੀਰਕ ਤੇ ਮਾਨਸਿਕ ਸ਼ੁਧੀ ਦੇ ਪ੍ਰਸੰਗ ਵਿਚ ਸੱਚ, ਸੰਤੋਖ ਅਤੇ ਤਪ ਆਦਿ ਸ਼ਬਦਾਂ ਦੀ ਵਰਤੋਂ ਮਿਲਦੀ ਹੈ। ਯੋਗ ਸ਼ਾਸਤਰਾਂ ਵਿਚ ਸਰੀਰ ਦੀ ਸ਼ੁੱਧੀ ਤੇ ਇਸ ਉਪਰ ਕਾਬੂ ਪਾਉਣ ਨੂੰ ਪ੍ਰਮੁੱਖਤਾ ਦਿੱਤੀ ਗਈ ਹੈ। ਵਿਸ਼ਵਾਸ ਕੀਤਾ ਗਿਆ ਹੈ ਕਿ ਜੇ ਸਰੀਰ ਨੂੰ ਸ਼ੁੱਧ ਅਤੇ ਨਿਯੰਤ੍ਰਿਤ ਕਰ ਲਿਆ ਜਾਵੇ ਤਾਂ ਮਨ ਉਪਰ ਆਪਣੇ ਆਪ ਕਾਬੂ ਪੈ ਜਾਂਦਾ ਹੈ। ਇਸ ਸੰਬੰਧ ਵਿਚ ਡਾ. ਤ੍ਰਿਲੋਚਨ ਸਿੰਘ ਦਾ ਵਿਚਾਰ ਹੈ ਕਿ ਸਿੱਖ ਧਰਮ ਵਿਚ ਇਹ ਧਾਰਨਾ ਹੈ ਕਿ ਜੇ ਮਨ ਸ਼ੁੱਧ ਅਤੇ ਕਾਬੂ ਵਿਚ ਹੋਵੇ ਤਾਂ ਸਰੀਰ ਨੂੰ ਸੌਖਿਆਂ ਹੀ ਕਾਬੂ ਵਿਚ ਕੀਤਾ ਜਾ ਸਕਦਾ ਹੈ। ਕੇਵਲ ਸਰੀਰਕ ਸ਼ੁੱਧੀ ਕਿਸੇ ਤਰ੍ਹਾਂ ਵੀ ਮਾਨਸਿਕ ਅਤੇ ਆਤਮਿਕ ਸ਼ੁੱਧੀ ਪ੍ਰਾਪਤ ਕਰਨ ਵਿਚ ਸਹਾਈ ਨਹੀਂ ਹੋ ਸਕਦੀ। ਯੋਗ-ਸਾਧਨਾ ਵਿਚ ਬਹੁਤ ਜ਼ਰੂਰੀ ਸਮਝੇ ਜਾਂਦੇ ਕਰਮਾਂ—ਨਿਉਲੀ ਅਤੇ ਧੋਤੀ ਆਦਿ ਦਾ ਸਿੱਖ ਵਿਚਾਰਧਾਰਾ ਵਿਚ ਕੋਈ ਮਹੱਤਵ ਨਹੀਂ। ਯੋਗੀਆਂ ਦੁਆਰਾ ਸਰੀਰ ਨੂੰ ਕਸ਼ਟ ਦੇਣ ਅਤੇ ਵਰਤ ਰੱਖਣ ਨੂੰ ਗੁਰੂ ਜੀ ਨੇ ਨਕਾਰਿਆ ਅਤੇ ਇਹਨਾਂ ਨੂੰ ਭਿਆਨਕ ਰੂਪ ਵਿਚ ਹਉਮੈਵਾਦੀ ਮੰਨਦੇ ਹੋਏ ਸਿਹਤਮੰਦ ਆਤਮਿਕ ਜੀਵਨ ਲਈ ਹਾਨੀਕਾਰਕ ਦੱਸਿਆ। (**ਉਕਤ ਕਥਿਤ**) ਰਾਗ ਮਾਰੂ ਸੋਲਹੇ ਵਿਚ ਗੁਰੂ ਨਾਨਕ ਦੇਵ ਜੀ ਨੇ ਭੇਖਾਂ, ਵਰਤਾਂ, ਪ੍ਰਾਣਾਯਾਮ ਅਤੇ ਖੱਟ ਕਰਮਾਂ ਆਦਿ ਦੀ ਨਿਰਾਰਥਕਤਾ ਦਰਸਾਈ ਹੈ:

**ਕਰਹਿ ਬਿਭੂਤਿ ਲਗਾਵਹਿ ਭਸਮੈ ॥**
**ਅੰਤਰਿ ਕ੍ਰੋਧੁ ਚੰਡਾਲੁ ਸੁ ਹਉਮੈ ॥**
**ਪਾਖੰਡ ਕੀਨੇ ਜੋਗੁ ਨ ਪਾਈਐ**
**ਬਿਨੁ ਸਤਿਗੁਰ ਅਲਖੁ ਨ ਪਾਇਆ ॥**

ਤੀਰਥ ਵਰਤ ਨੇਮ ਕਰਹਿ ਉਦਿਆਨਾ ॥
ਜਤੁ ਸਤੁ ਸੰਜਮੁ ਕਥਹਿ ਗਿਆਨਾ ॥
ਰਾਮ ਨਾਮ ਬਿਨੁ ਕਿਉ ਸੁਖੁ ਪਾਈਐ
ਬਿਨੁ ਸਤਿਗੁਰ ਭਰਮੁ ਨ ਜਾਇਆ ॥
ਨਿਉਲੀ ਕਰਮ ਭੁਇਅੰਗਮ ਭਾਠੀ ॥
ਰੇਚਕ ਕੁੰਭਕ ਪੂਰਕ ਮਨ ਹਾਠੀ ॥
ਪਾਖੰਡ ਧਰਮੁ ਪ੍ਰੀਤਿ ਨਹੀ ਹਰਿ ਸਉ
ਗੁਰ ਸਬਦ ਮਹਾ ਰਸੁ ਪਾਇਆ ॥

*(ਮਾਰੂ ਸੋਲਹੇ ਮਹਲਾ ੧, ਪੰਨਾ 1043)*

ਗੁਰੂ ਨਾਨਕ ਦੇਵ ਜੀ ਕੁੰਡਲਿਨੀ ਦੇ ਜਾਗਰਣ ਅਤੇ ਖੱਟ ਚੱਕਰਾਂ ਵਿਚ ਵੀ ਕੋਈ ਰੁਚੀ ਨਹੀਂ ਦਿਖਾਉਂਦੇ। ਉਹ ਇਹਨਾਂ ਦਾ ਕੇਵਲ ਪ੍ਰਾਸੰਗਿਕ ਵਰਣਨ ਕਰਦੇ ਹਨ। ਉਹਨਾਂ ਦੇ ਵਿਚਾਰ ਅਨੁਸਾਰ ਹਰ ਯੋਗਿਕ ਅਭਿਆਸ ਕੇਵਲ ਕਾਇਆ ਦੇ ਛਿੱਜਣ ਵਿਚ ਹੀ ਸਹਾਈ ਹੁੰਦੇ ਹਨ। ਗੁਰੂ ਸਾਹਿਬ ਫ਼ੁਰਮਾਉਂਦੇ ਹਨ :

ਹਠੁ ਨਿਗ੍ਰਹੁ ਕਰਿ ਕਾਇਆ ਛੀਜੈ ॥
ਵਰਤੁ ਤਪਨੁ ਕਰਿ ਮਨੁ ਨਹੀ ਭੀਜੈ ॥
ਰਾਮ ਨਾਮ ਸਰਿ ਅਵਰੁ ਨ ਪੂਜੈ ॥...
ਚਾੜਸਿ ਪਵਨੁ ਸਿੰਘਾਸਨੁ ਭੀਜੈ ॥
ਨਿਉਲੀ ਕਰਮ ਖਟੁ ਕਰਮ ਕਰੀਜੈ ॥
ਰਾਮ ਨਾਮ ਬਿਨੁ ਬਿਰਥਾ ਸਾਸੁ ਲੀਜੈ ॥

*(ਰਾਮਕਲੀ ਮਹਲਾ ੧, ਪੰਨਾ 905)*

ਗੁਰੂ ਨਾਨਕ ਦੇਵ ਜੀ ਦਾ ਆਸਣਾਂ ਵਿਚ ਕੋਈ ਵਿਸ਼ਵਾਸ ਨਹੀਂ ਸੀ। ਬਲਕਿ ਉਹਨਾਂ ਨੇ ਇਹਨਾਂ ਨੂੰ ਠੱਗਣ ਦਾ ਸਾਧਨ ਮੰਨਿਆ ਹੈ। ਪਦਮਾਸਣ ਦੁਆਰਾ ਸਮਾਧੀ ਵਿਚ ਸਥਿਤ ਯੋਗੀ ਦਾ ਚਿਤਰਣ ਕਰਦੇ ਹੋਏ ਆਪ ਫ਼ੁਰਮਾਉਂਦੇ ਹਨ ਕਿ ਉਹ ਅੰਗੂਠੇ ਅਤੇ ਉਸ ਨਾਲ ਲਗਦੀਆਂ ਦੋ ਉਂਗਲਾਂ ਦੀ ਸਹਾਇਤਾ ਨਾਲ ਨੱਕ ਪਕੜਦਾ ਹੈ ਤੇ ਦਾਅਵਾ ਕਰਦਾ ਹੈ ਕਿ ਇਸ ਆਸਣ ਦੁਆਰਾ ਉਸ ਨੂੰ ਤਿੰਨ ਲੋਕਾਂ ਦਾ ਗਿਆਨ ਹੋ ਜਾਂਦਾ ਹੈ। ਪਰੰਤੂ ਵਾਸਤਵਿਕਤਾ ਇਹ ਹੈ ਕਿ ਉਸ ਨੂੰ ਪਿੱਠ ਪਿੱਛੇ ਪਈ ਹੋਈ ਵਸਤੂ ਵੀ ਨਹੀਂ ਦਿੱਸਦੀ। ਇਹ ਕੈਸਾ ਪਦਮਾਸਣ ਹੈ। (ਧਨਾਸਰੀ, ਪਦੇ 8/1-2) ਯੋਗ ਮਤਿ ਅਨੁਸਾਰ ਦਸਮ ਦੁਆਰ ਦਾ ਸਥਾਨ ਤਾਲੂ ਪ੍ਰਦੇਸ਼ ਵਿਚ ਸੁਖਮਨਾ ਦੀ ਮੋਰੀ ਪਾਸ ਸਹਸਰਾਰ ਕਮਲ ਵਿਚ ਹੈ। ਪਰੰਤੂ ਗੁਰੂ ਜੀ ਨੇ ਇਸ ਦੀ ਕੋਈ ਅਜਿਹੀ ਕਲਪਨਾ ਨਹੀਂ ਕੀਤੀ। ਉਹਨਾਂ ਅਨੁਸਾਰ

ਇਹ ਉਹ ਸਥਾਨ ਹੈ ਜਿਥੋ ਜੋਤਿ ਸਰੂਪ ਦਾ ਨਿਵਾਸ ਹੈ। ਯੋਗੀਆਂ ਅਨੁਸਾਰ ਦਸਮ ਦੁਆਰਾ ਕੁੰਡਲਿਨੀ ਜਾਗਰਣ ਨਾਲ ਖੁੱਲ੍ਹਦਾ ਹੈ ਪਰੰਤੂ ਗੁਰੂ ਨਾਨਕ ਦੁਆਰਾ ਚਿਤਰਿਤ ਦਸਮ ਦੁਆਰ ਨਾਮ ਸਾਧਨਾ ਦੁਆਰਾ ਖੁੱਲ੍ਹਦਾ ਹੈ। (ਡਾ. ਰਤਨ ਸਿੰਘ ਜੱਗੀ, **ਗੁਰੂ ਨਾਨਕ ਦੀ ਵਿਚਾਰਧਾਰਾ,** ਪੰਨਾ 406)

ਗੁਰੂ ਨਾਨਕ ਦੇਵ ਜੀ ਦੇ ਯੋਗ ਨੂੰ 'ਸ਼ਬਦ ਸੁਰਤਿ ਯੋਗ' ਕਿਹਾ ਗਿਆ ਹੈ। ਇਸ ਯੋਗ ਦੀ ਵਿਆਖਿਆ ਕਰਦਾ ਹੋਇਆ ਡਾ. ਬੜਥਵਾਲ ਲਿਖਦਾ ਹੈ ਕਿ ਉਹ ਯੋਗ ਜਿਸ ਦੁਆਰਾ ਸੁਰਤਿ ਅਤੇ ਸ਼ਬਦ ਦਾ ਸੰਜੋਗ ਸਿੱਧ ਹੁੰਦਾ ਹੈ ਅਤੇ ਕਾਲ, ਦਿਸ਼ਾ ਤੇ ਕਾਰਜ-ਕਾਰਨ ਦੀਆਂ ਸੀਮਾਵਾਂ ਸ਼ਬਦ ਵਿਚ ਫਿਰ ਤੋਂ ਲੀਨ ਹੋ ਜਾਂਦੀਆਂ ਹਲ, ਸ਼ਬਦ-ਯੋਗ ਜਾਂ ਸੁਰਤਿ-ਯੋਗ ਅਖਵਾਉਂਦਾ ਹੈ। ਇਸ ਨੂੰ ਸਹਿਜ-ਯੋਗ ਵੀ ਕਿਹਾ ਜਾਂਦਾ ਹੈ। (**ਹਿੰਦੀ ਕਾਵਿ ਮੇਂ ਨਿਰਗੁਣ ਸੰਪ੍ਰਦਾਇ,** ਪੰਨਾ 275) ਵਿਦਵਾਨਾਂ ਨੇ 'ਸੁਰਤਿ' ਸ਼ਬਦ ਦੇ ਭਿੰਨ-ਭਿੰਨ ਅਰਥ ਕੀਤੇ ਹਨ। ਡਾ. ਜਯਰਾਮ ਮਿਸ਼ਰ ਅਨੁਸਾਰ ਇਸ ਸ਼ਬਦ ਦੇ ਚਾਰ ਅਰਥ ਹੋ ਸਕਦੇ ਹਨ। (**ਹਿੰਦੀ ਕੀ ਨਿਰਗੁਣ ਕਾਵਿ-ਧਾਰਾ ਔਰ ਉਸ ਦੀ ਦਾਰਸ਼ਨਿਕ ਪ੍ਰਿਸ਼ਠ ਭੂਮੀ,** ਪੰਨਾ 534) ਭਾਈ ਕਾਨ੍ਹ ਸਿੰਘ ਨਾਭਾ ਨੇ ਗੁਰੂ ਦੇ ਸ਼ਬਦ ਵਿਚ ਜੁੜੀ ਹੋਈ ਚਿੱਤ-ਵ੍ਰਿਤੀ ਨੂੰ 'ਸ਼ਬਦ ਸੁਰਤਿ' ਕਿਹਾ ਹੈ। (**ਮਹਾਨ ਕੋਸ਼,** ਪੰਨਾ 117) ਪਰਮ-ਪਦ ਦੀ ਪ੍ਰਾਪਤੀ ਲਈ ਗੁਰੂ ਜੀ ਨੇ ਇਸੇ ਸਾਧਨਾ ਮਾਰਗ ਨੂੰ ਮਾਨਤਾ ਪ੍ਰਦਾਨ ਕੀਤੀ ਹੈ। ਸ਼ਬਦ-ਸੁਰਤਿ ਦੁਆਰਾ ਹੀ ਵਾਸਤਵਿਕ ਸੁਖ ਜਾਂ ਆਨੰਦ ਦੀ ਪ੍ਰਾਪਤੀ ਹੁੰਦੀ ਹੈ। 'ਸ਼ਬਦ' ਸੰਬੰਧੀ 'ਸਿਧ ਗੋਸਟਿ' ਵਿਚ ਵਿਸਤਾਰ ਸਹਿਤ ਵਿਸ਼ਲੇਸ਼ਣ ਹੋਇਆ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ ਸ਼ਬਦ ਨਾ ਕੇਵਲ ਬ੍ਰਹਮ ਦਾ ਵਾਚਕ ਹੈ ਸਗੋਂ ਗੁਰੂ ਦੇ ਸ਼ਬਦ ਅਤੇ ਨਾਮ ਦਾ ਵੀ ਵਾਚਕ ਹੈ ਕਿਉਂਕਿ ਗੁਰੂ ਅਤੇ ਪਰਮਾਤਮਾ ਵਿਚ ਕੋਈ ਅੰਤਰ ਨਹੀਂ ਹੈ ਅਤੇ ਨਾਮ ਤੇ ਨਾਮੀ ਵੀ ਇਕ ਹਨ। ਇਹ 'ਸ਼ਬਦ-ਸੁਰਤਿ-ਯੋਗ' ਕਿਸੇ ਪ੍ਰਕਾਰ ਦੀ ਹਠ ਪੂਰਵਕ ਸਾਧਨਾ ਦੀ ਲੋੜ ਨਹੀਂ ਰੱਖਦਾ। ਸਹਿਜ ਸੁਭਾਵਿਕ ਹੀ ਸੁਰਤਿ, ਸ਼ਬਦ ਅਥਵਾ ਨਾਮ ਵਿਚ ਟਿਕ ਜਾਂਦੀ ਹੈ। ਗੁਰੂ ਜੀ ਫ਼ੁਰਮਾਉਂਦੇ ਹਨ:

**ਨਾਨਕ ਬਿਨੁ ਨਾਵੈ ਜੋਗੁ ਕਦੇ ਨਾ ਹੋਵੈ ਦੇਖਹੁ ਰਿਦੈ ਬੀਚਾਰੇ॥**

*(ਪਉੜੀ 68)*

**ਸਬਦੈ ਕਾ ਨਿਬੇੜਾ ਸੁਣਿ ਤੂ ਅਉਧੂ ਬਿਨੁ ਨਾਵੈ ਜੋਗੁ ਨ ਹੋਈ ॥**<br>
**ਨਾਮੇ ਰਾਤੇ ਅਨਦਿਨੁ ਮਾਤੇ ਨਾਮੈ ਤੇ ਸੁਖੁ ਹੋਈ ॥...**<br>
**ਸਤਿਗੁਰ ਤੇ ਨਾਮੁ ਪਾਈਐ ਅਉਧੂ ਜੋਗ ਜੁਗਤਿ ਤਾ ਹੋਈ ॥**<br>
**ਕਰਿ ਬੀਚਾਰੁ ਮਨਿ ਦੇਖਹੁ ਨਾਨਕ ਬਿਨੁ ਨਾਵੈ ਮੁਕਤਿ ਨ ਹੋਈ ॥**

*(ਪਉੜੀ 72)*

ਗੁਰੂ ਨਾਨਕ ਦੇ ਯੋਗ ਨੂੰ 'ਸਹਿਜ ਯੋਗ' ਵੀ ਕਿਹਾ ਗਿਆ ਹੈ। ਡਾ. ਰਤਨ ਸਿੰਘ ਜੱਗੀ ਅਨੁਸਾਰ ਸ਼ਬਦ-ਸੁਰਤਿ-ਯੋਗ ਹੀ ਗੁਰੂ ਜੀ ਦਾ ਸਹਿਜ-ਯੋਗ ਹੈ। ਆਸਾ ਰਾਗ (ਪਦ 37) ਵਿਚ ਗੁਰੂ ਜੀ ਨੇ ਭਰਥਰੀ ਹਰੀ ਨੂੰ ਆਪਣੇ ਸਹਿਜ-ਯੋਗ ਦਾ ਪਰਿਚਯ ਦਿੰਦਿਆਂ ਫ਼ੁਰਮਾਇਆ ਸੀ ਕਿ ਗੁਰੂ ਦੇ ਸ਼ਬਦ ਨੂੰ ਮਨ ਵਿਚ ਵਸਾਉਣ ਹੀ ਮੇਰੀ ਮੁਦਰਾ ਹੈ ਅਤੇ ਖਿਮਾ ਨੂੰ ਮੈਂ ਖਿੰਥਾ ਰੂਪ ਵਿਚ ਵਰਤਦਾ ਹਾਂ। ਮੈਂ ਆਤਮ ਸਰੂਪ ਨਾਮੀ ਸ਼ਿਵ-ਨਗਰੀ ਵਿਚ ਆਸਣ ਲਗਾ ਕੇ ਬੈਠਦਾ ਹਾਂ ਅਤੇ ਸਾਰੀਆਂ ਕਲਪਨਾਵਾਂ ਅਤੇ ਵਾਦ-ਵਿਵਾਦਾਂ ਨੂੰ ਮੈਂ ਤਿਆਗ ਦਿੱਤਾ ਹੈ। ਸ਼ਬਦ ਹੀ ਮੇਰੀ ਸਿੰਗੀ ਦੀ ਸਦੀਵੀ ਧੁਨ ਹੈ। ਵਿਚਾਰ ਮੇਰਾ ਖੱਪਰ ਹੈ, ਵਿਵੇਕ-ਯੁਕਤ ਬੁਧੀ ਮੇਰਾ ਡੰਡਾ ਹੈ, ਪਰਮਾਤਮਾ ਨੂੰ ਸਰਬਤ੍ਰ ਵਿਦਮਾਨ ਮੰਨਣਾ ਮੇਰੀ ਵਿਭੂਤੀ ਹੈ। ਹਰਿ ਨਾਮ ਦਾ ਕੀਰਤਨ ਮੇਰੀ ਰਹਰਾਸਿ ਹੈ। (**ਉਹੀ ਰਚਨਾ,** ਪੰਨਾ 416) ਕੁਲ ਮਿਲਾ ਕੇ ਗੁਰੂ ਨਾਨਕ ਦੇ ਸਹਿਜ-ਯੋਗ ਦੇ ਉਪਕਰਣ ਹਨ—ਸੰਸਾਰਕ, ਵਿਸ਼ਿਆਂ ਪ੍ਰਤੀ ਅਰੁਚੀ, ਸਦ-ਵ੍ਰਿਤੀਆਂ ਦੀ ਪਾਲਣਾ, ਸਤਿਗੁਰ ਦੀ ਪ੍ਰਾਪਤੀ, ਉਸ ਦੀ ਕਿਰਪਾ, ਨਾਮ-ਸਾਧਨਾ ਇਤਿਆਦਿ। ਸਹਿਜ-ਯੋਗ ਦੀ ਪ੍ਰਾਪਤੀ ਲਈ ਕਿਤੇ ਭਟਕਣ ਦੀ ਲੋੜ ਨਹੀਂ, ਨਾ ਹੀ ਅਨੇਕ ਪ੍ਰਕਾਰ ਦੇ ਵਿਧੀ-ਵਿਧਾਨਾਂ, ਮੁਦਰਾਵਾਂ ਅਤੇ ਖਟ ਕਰਮਾਂ ਦੀ ਜ਼ਰੂਰਤ ਹੈ। ਇਹ ਯੋਗ ਕਿਸੇ ਇਕ ਸੰਪਰਦਾਇ ਜਾਂ ਦੇਸ਼-ਕਾਲ ਤਕ ਸੀਮਤ ਨਹੀਂ ਹੈ। ਇਹ ਆਪਣੇ ਕਲਾਵੇ ਦੇ ਅੰਤਰਗਤ ਸਮੁੱਚੀ ਮਾਨਵਤਾ ਨੂੰ ਲਪੇਟਦਾ ਹੈ। ਇਹ ਉਹ ਸਥਿਤੀ ਹੈ ਜਿਸ ਵਿਚ ਸਾਧਕ ਨੂੰ ਬ੍ਰਹਮ-ਏਕਤਾ ਦੀ ਦਾਤ ਪ੍ਰਾਪਤ ਹੋ ਜਾਂਦੀ ਹੈ।

ਪ੍ਰੋ. ਹਰਨਾਮ ਦਾਸ ਨੇ ਗੁਰੂ ਨਾਨਕ ਦੇਵ ਜੀ ਨੂੰ ਨਿਰਾਲਾ ਨਾਮ-ਯੋਗੀ ਕਿਹਾ ਹੈ। ਉਸ ਦੇ ਵਿਚਾਰ ਅਨੁਸਾਰ ਗੁਰੂ ਸਾਹਿਬ ਨੇ ਆਪਣੇ ਯੋਗ ਸੰਕਲਪ ਨੂੰ ਕੇਵਲ ਨਾਮ-ਯੋਗ 'ਤੇ ਆਧਾਰਿਤ ਕੀਤਾ ਹੈ। ਗੁਰੂ ਜੀ ਦੇ ਨਾਮ-ਵਿਕਾਸ ਦੇ ਤਿੰਨ ਪੱਖ ਹਨ। ਸੁਣਨ, ਮੰਨਣ ਤੇ ਗਾਇਨ। ('ਰਾਜ ਯੋਗ ਆਫ਼ ਗੁਰੂ ਨਾਨਕ' **ਦ ਸਿੱਖ ਰੀਵਿਊ,** ਜਨਵਰੀ-ਮਾਰਚ 1970, ਪੰਨਾ 47) ਪ੍ਰੋ. ਨਾਰਾਇਣ ਸਿੰਘ ਲਿਖਦੇ ਹਨ ਕਿ ਗੁਰੂ ਜੀ ਦੇ ਸਾਰੇ ਸਿਧਾਂਤਕ ਵਿਚਾਰ ਪਰਮਾਤਮਾ ਦੇ ਇਰਦ-ਗਿਰਦ ਘੁੰਮਦੇ ਹਨ। ਜਤ, ਸਤ, ਖਿਮਾ, ਸੰਤੋਖ, ਨਿਰਭੈਤਾ, ਮਾਨਸਿਕ ਸਥਿਰਤਤਾ ਆਦਿ ਸ਼ੁਭ ਗੁਣ ਗੁਰੂ ਸਾਹਿਬ ਦੇ ਗੁਰਮੁਖ-ਯੋਗੀ ਦੇ ਪ੍ਰਮੁੱਖ ਲੱਛਣ ਹਨ। ਗੁਰਮੁਖ ਯੋਗੀ ਪਰੰਪਰਥਕ ਯੋਗੀ ਦੇ ਮੁਕਾਬਲੇ ਉੱਤਮ ਹੈ। ਕਿਉਂਕਿ ਉਹ ਭੇਖਾਂ ਤੇ ਕਰਮ-ਕਾਂਡਾਂ ਦੇ ਪਿੱਛੇ ਨਹੀਂ ਘੁੰਮਦਾ। ਉਹ ਨਾਮ-ਸਿਮਰਨ ਅਤੇ ਗੁਰੂ ਜੀ ਦੀ ਕਿਰਪਾ ਦੁਆਰਾ ਪਰਮ-ਪਦ ਪ੍ਰਾਪਤ ਕਰਦਾ ਹੈ।

ਗੁਰੂ ਨਾਨਕ ਬਾਣੀ ਦੇ ਅਧਿਐਨ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਆਪ ਕਦੇ ਵੀ ਯੋਗ ਅਭਿਆਸਾਂ ਦੇ ਧਾਰਨੀ ਨਹੀਂ ਰਹੇ ਅਤੇ ਨਾ ਹੀ ਆਪਣੇ ਸਿੱਖਾਂ ਨੂੰ ਇਸ ਮਨੋਰਥ ਦਾ ਕੋਈ ਉਪਦੇਸ਼ ਦਿੱਤਾ ਹੈ। ਪਰੰਤੂ ਇਸ ਦੇ ਬਾਵਜੂਦ ਸਿਧਾਂਤਕ

ਤੇ ਸਦਾਚਾਰਕ ਪੱਖ ਤੋਂ ਵਿਚਾਰਿਆਂ ਇਹ ਕਿਹਾ ਜਾ ਸਕਦਾ ਹੈ ਕਿ ਗੁਰੂ ਜੀ ਕੇਵਲ ਇਕ ਯੋਗੀ ਹੀ ਨਹੀਂ ਬਲਕਿ ਸਹਿਜ-ਯੋਗੀ ਜਾਂ ਰਾਜ-ਯੋਗੀ ਸਨ। ਉਹਨਾਂ ਦਾ ਯੋਗ ਅਨੁਸ਼ਾਸਨ ਸਰੀਰਕ ਅਥਵਾ ਤਾਂਤਰਿਕ ਨਾ ਹੋ ਕੇ ਆਤਮੀਅਤਾ ਭਰਪੂਰ, ਮਨੋਵਿਗਿਆਨਕ ਅਤੇ ਵਿਵਹਾਰਕ ਹੈ। ਉਹ ਤਿਆਗ ਤੇ ਯਮ-ਨਿਯਮ ਦੇ ਬੰਧਨਾਂ ਨਾਲ ਕੁਦਰਤ ਦੇ ਕਾਨੂੰਨ ਨੂੰ ਮੋੜਨ ਦੀ ਥਾਂ ਪ੍ਰੇਮਾਭਗਤੀ ਰਾਹੀਂ ਬ੍ਰਹਮ ਵਿਚ ਲੀਨ ਹੋਣ ਦਾ ਉਪਦੇਸ਼ ਦਿੰਦੇ ਹਨ। ਉਹਨਾਂ ਦਾ ਯੋਗ ਸੰਕਲਪ ਵਿਆਪਕ, ਆਸ਼ਾਵਾਦੀ, ਸਿਰਜਨਾਮਕ, ਸਹਿਜ ਤੇ ਸੰਤੁਲਿਤ ਹੈ। ਇਸ ਪੱਖ ਤੋਂ ਗੁਰੂ ਸਾਹਿਬ ਦੀ ਪ੍ਰਾਪਤੀ ਮੌਲਿਕ ਤੇ ਮਹੱਤਵਪੂਰਨ ਹੈ।

# ਜੈਸੇ ਜਲ ਮਹਿ ਕਮਲੁ ਨਿਰਾਲਮੁ

## —ਡਾਕਟਰ ਅਜੀਤ ਸਿੰਘ ਕੋਟ ਕਪੂਰਾ

ਹਿੰਦੂ ਧਰਮ ਅਨੁਸਾਰ ਆਰਤੀ, ਦੇਵਤੇ ਦੀ ਮੂਰਤੀ ਜਾਂ ਕਿਸੇ ਪੂਜਨ ਯੋਗ ਦੇਵਤੇ, ਅੱਗੇ ਦੀਵੇ ਘੁਮਾ ਕੇ ਪੂਜਾ ਕਰਨੀ ਹੁੰਦੀ ਹੈ। ਦੀਵੇ ਇੱਕ ਤੋਂ ਲੈ ਕੇ ਇਕ ਸੌ ਤਕ ਹੋ ਸਕਦੇ  ਹਨ। ਹਿੰਦੂ ਮਤ ਅਨੁਸਾਰ ਦੀਵਿਆਂ ਵਾਲੀ ਥਾਲੀ ਨੂੰ, ਚਾਰ ਵਾਰੀ ਚਰਨਾਂ ਅੱਗੇ, ਦੋ ਵਾਰੀ ਨਾਭੀ ਉਤੇ, ਇੱਕ ਵਾਰੀ ਮੂੰਹ ਉਤੇ ਅਤੇ ਸੱਤ ਵਾਰੀ ਸਾਰੇ ਸਰੀਰ ਉਤੇ ਘੁਮਾਉਣਾ ਚਾਹੀਦਾ ਹੈ। ਜਦੋਂ ਸ਼੍ਰੀ ਗੁਰੂ ਨਾਨਕ ਦੇਵ ਜੀ ਉੜੀਸਾ ਵਿਚ ਜਗਨਨਾਥ ਪੁਰੀ ਵਿਖੇ ਗਏ ਜਿਥੇ ਪੁਜਾਰੀ ਥਾਲੀ ਲੈ ਕੇ ਭਗਵਾਨ ਦੀ ਆਰਤੀ ਕਰ ਰਹੇ ਸਨ, ਉਥੇ ਹੀ ਗੁਰੂਦਵਾਰਾ ਮੰਗੂ ਮੱਠ ਬਣਿਆ ਹੋਇਆ ਹੈ ਉਸ ਅਸਥਾਨ ਉਪਰ ਉਨ੍ਹਾਂ ਨੇ ਇਸ ਆਰਤੀ ਦੀ ਨਿਖੇਧੀ ਕਰ ਕੇ ਕਰਤਾਰ ਦੀ ਕੁਦਰਤੀ ਆਰਤੀ ਦੀ ਵਡਿਆਈ ਕੀਤੀ ਹੈ। ਉਨ੍ਹਾਂ ਨੇ ਆਰਤੀ ਦੇ ਸਬੰਧ ਵਿਚ ਲਿਖਿਆ ਹੋਇਆ ਸ਼ਬਦ ਜੋ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅੰਗ 13 ਉਪਰ ਸੁਭਾਏਮਾਨ ਹੈ ਅਤੇ ਹਰ ਨਾਨਕ ਨਾਮਲੇਵਾ ਰਾਤ ਸਮੇਂ ਸੌਣ ਤੋਂ ਪਹਿਲਾਂ ਕੀਤੇ ਜਾਣ ਵਾਲੇ ਨਿਤਨੇਮ ਵਿਚ ਸ਼੍ਰੀ ਸੋਹਿਲਾ ਸਾਹਿਬ ਕਰਨ ਸਮੇਂ ਦੁਹਰਾਉਂਦਾ ਹੈ ਅਤੇ  ਉਸ ਅਕਾਲ ਪੁਰਖ ਦੀ ਹੋ ਰਹੀ ਆਰਤੀ ਬਾਰੇ ਗੁਰੂ ਸਾਹਿਬ ਜੀ ਨੇ ਆਪਣੇ ਸ਼ਲੋਕ ਵਿਚ ਵਰਨਣ ਕੀਤਾ ਹੈ ਜੋ ਇਸ ਪ੍ਰਕਾਰ ਹੈ:

**ਰਾਗੁ ਧਨਾਸਰੀ ਮਹਲਾ ੧ ॥**
**ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ**
**ਤਾਰਿਕਾ ਮੰਡਲ ਜਨਕ ਮੋਤੀ ॥**
**ਧੂਪੁ ਮਲਆਨਲੋ ਪਵਣੁ ਚਵਰੋ ਕਰੇ**
**ਸਗਲ ਬਨਰਾਇ ਫੂਲੰਤ ਜੋਤੀ ॥੧॥**
**ਕੈਸੀ ਆਰਤੀ ਹੋਇ ॥**
**ਭਵ ਖੰਡਨਾ ਤੇਰੀ ਆਰਤੀ ॥**
**ਅਨਹਤਾ ਸਬਦ ਵਾਜੰਤ ਭੇਰੀ ॥੧॥ ਰਹਾਉ ॥**
**ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ**

**ਸਹਸ ਮੂਰਤਿ ਨਨਾ ਏਕ ਤੁਹੀ ॥ ਸਹਸ ਪਦ ਬਿਮਲ ਨਨ ਏਕ ਪਦ**
**ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ ॥੨॥**
**ਸਭ ਮਹਿ ਜੋਤਿ ਜੋਤਿ ਹੈ ਸੋਇ ॥**
**ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥**
**ਗੁਰ ਸਾਖੀ ਜੋਤਿ ਪਰਗਟੁ ਹੋਇ ॥**
**ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥**
**ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ**
**ਅਨਦਿਨੁ ਮੋਹਿ ਆਹੀ ਪਿਆਸਾ ॥**
**ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ**
**ਹੋਇ ਜਾ ਤੇ ਤੇਰੈ ਨਾਇ ਵਾਸਾ ॥੪॥੩॥**

ਸਾਰਾ ਆਕਾਸ਼ ਇਕ ਥਾਲ ਦੀ ਤਰਾਂ ਹੈ। ਸੂਰਜ ਤੇ ਚੰਦ ਉਸ ਥਾਲ ਵਿਚ ਦੀਵੇ ਬਣੇ ਹੋਏ ਹਨ। ਤਾਰਿਆਂ ਦੇ ਸਮੂਹ, ਉਸੇ ਥਾਲ ਵਿਚ ਮੋਤੀ ਰੱਖੇ ਹੋਏ ਹਨ। ਪਰਬਤ ਵਲੋਂ ਆਉਣ ਵਾਲੀ ਹਵਾ, ਧੂਪ ਦੀ ਤਰਾਂ ਧੁਖ ਰਹੀ ਹੈ। ਹਵਾ ਚੌਰ ਕਰ ਰਹੀ ਹੈ। ਸਾਰੀ ਬਨਸਪਤੀ ਜੋਤਿ-ਰੂਪ ਪ੍ਰਭੂ ਦੀ ਆਰਤੀ ਵਾਸਤੇ ਫੁੱਲ ਦੇ ਰਹੀ ਹੈ।1। ਹੇ ਜੀਵਾਂ ਦੇ ਜਨਮ ਮਰਨ ਨਾਸ ਕਰਨ ਵਾਲੇ! ਕੁਦਰਤਿ ਵਿਚ ਤੇਰੀ ਕੈਸੀ ਸੁੰਦਰ ਆਰਤੀ ਹੋ ਰਹੀ ਹੈ! ਸਭ ਜੀਵਾਂ ਦੇ ਅੰਦਰ ਰੁਮਕ ਰਹੀ ਇੱਕੋ ਜੀਵਨ-ਰੌ,ਇੰਜ ਲਗ ਰਿਹਾ ਹੈ ਜਿਵੇਂ ਤੇਰੀ ਆਰਤੀ ਵਾਸਤੇ ਨਾਗਾਰੇ ਵੱਜ ਰਹੇ ਹਨ।1। ਰਹਾਉ। ਸਾਰੇ ਜੀਵਾਂ ਦੇ ਅੰਦਰ ਵਿਆਪਕ ਹੋਣ ਕਾਰਨ ਹਜ਼ਾਰਾਂ ਹੀ ਤੇਰੀਆਂ ਅੱਖਾਂ ਹਨ ਪਰ, ਨਿਰਾਕਾਰ ਹੋਣ ਕਰਕੇ, ਹੇ ਪ੍ਰਭੂ! ਤੇਰੀਆਂ ਕੋਈ ਅੱਖਾਂ ਨਹੀਂ। ਹਜ਼ਾਰਾਂ ਤੇਰੀਆਂ ਸ਼ਕਲਾਂ ਹਨ, ਪਰ ਤੇਰੀ ਕੋਈ ਭੀ ਸ਼ਕਲ ਨਹੀਂ ਹੈ। ਹਜ਼ਾਰਾਂ ਤੇਰੇ ਸੋਹਣੇ ਪੈਰ ਹਨ, ਪਰ ਨਿਰਾਕਾਰ ਹੋਣ ਕਰਕੇ ਤੇਰਾ ਇੱਕ ਭੀ ਪੈਰ ਨਹੀਂ। ਹਜ਼ਾਰਾਂ ਤੇਰੇ ਨੱਕ ਹਨ, ਪਰ ਤੂੰ ਨੱਕ ਤੋਂ ਬਿਨਾਂ ਹੀ ਹੈਂ। ਤੇਰੇ ਅਜੇਹੇ ਕੌਤਕਾਂ ਨੇ ਮੈਨੂੰ ਹੈਰਾਨ ਕੀਤਾ ਹੋਇਆ ਹੈ।1।

ਸਾਰੇ ਜੀਵਾਂ ਵਿਚ ਇਕੋ ਉਹੀ ਪਰਮਾਤਮਾ ਦੀ ਜੋਤੀ ਵਰਤ ਰਹੀ ਹੈ। ਉਸ ਜੋਤਿ ਦੇ ਪਰਕਾਸ਼ ਨਾਲ ਸਾਰੇ ਜੀਵਾਂ ਵਿਚ ਚਾਨਣ ਅਰਥਾਤ ਸੂਝ-ਬੂਝ ਹੈ। ਪਰ ਇਸ ਜੋਤਿ ਦਾ ਗਿਆਨ ਗੁਰੂ ਦੀ ਸਿੱਖਿਆ ਨਾਲ ਹੀ ਹੁੰਦਾ ਹੈ। ਗੁਰੂ ਰਾਹੀਂ ਇਹ ਸਮਝ ਪੈਂਦੀ ਹੈ ਕਿ ਹਰੇਕ ਦੇ ਅੰਦਰ ਇਕੋ ਹੀ ਪਰਮਾਤਮਾ ਦੀ ਜੋਤਿ ਹੈ। ਇਸ ਸਰਬ-ਵਿਆਪਕ ਜੋਤਿ ਦੀ ਆਰਤੀ ਇਹ ਹੈ ਕਿ ਜੋ ਕੁਝ ਉਸ ਦੀ ਰਜ਼ਾ ਵਿਚ ਹੋ ਰਿਹਾ ਹੈ, ਉਹ ਜੀਵ ਨੂੰ ਚੰਗਾ ਲੱਗੇ ਉਸ ਅਕਾਲ ਪੁਰਖ ਦੀ ਰਜ਼ਾ ਵਿਚ ਤੁਰਨਾ ਪ੍ਰਭੂ ਦੀ ਆਰਤੀ ਕਰਨੀ ਹੈ ।3। ਹੇ ਹਰੀ! ਤੇਰੇ ਚਰਨ-ਰੂਪ ਕੌਲ-ਫੁੱਲਾਂ ਦੇ ਰਸ ਲਈ ਮੇਰਾ ਮਨ ਲਲਚਾਂਦਾ ਹੈ, ਹਰ ਰੋਜ਼ ਮੈਨੂੰ ਇਸੇ ਰਸ ਦੀ ਪਿਆਸ ਲੱਗੀ ਹੋਈ

ਹੈ। ਮੈਨੂੰ ਨਾਨਕ ਪਪੀਹੇ ਨੂੰ ਆਪਣੀ ਮਿਹਰ ਦਾ ਜਲ ਦੇਹ, ਜਿਸ ਦੀ ਬਰਕਤਿ ਨਾਲ ਮੈਂ ਤੇਰੇ ਨਾਮ ਵਿਚ ਟਿਕਿਆ ਰਹਾਂ।4।3।

ਸ਼੍ਰੀ ਗੁਰੂ ਨਾਨਕ ਪਾਤਸ਼ਾਹ ਨੇ ਮਨੁੱਖ ਨੂੰ ਸਮਝਾਉਣਾ ਕੀਤਾ ਹੈ ਕਿ ਚਸਕਾ ਕੋਈ ਭੀ ਹੋਵੇ, ਮਾੜਾ ਹੈ। ਮਨੁੱਖ ਤਦੋਂ ਹੀ ਕੁਰਾਹੇ ਪੈਂਦਾ ਹੈ ਜਦੋਂ ਸਰੀਰਕ ਲੋੜਾਂ ਤੋਂ ਲੰਘ ਕੇ ਚਸਕੇ ਵਿਚ ਫਸ ਜਾਂਦਾ ਹੈ। ਇਹ ਚਸਕਾ ਚਾਹੇ ਧਨ ਜੋੜਨ ਦਾ ਹੈ, ਚਾਹੇ ਕਾਮ-ਵਾਸ਼ਨਾ ਦਾ ਹੈ, ਚਾਹੇ ਸੋਹਣੇ ਘਰ ਬਨਾਣ ਦਾ ਹੈ, ਚਾਹੇ ਮਿਠਿਆਈਆਂ ਖਾਣ ਦਾ ਹੈ ਤੇ ਚਾਹੇ ਮਾਸ ਖਾਣ ਦਾ ਹੈ। ਸੋ, ਬਾਕੀ ਚਸਕਿਆਂ ਵਾਂਗ ਮਾਸ ਖਾਣਾ ਭੀ ਤਦੋਂ ਹੀ ਕੁਚੱਜੀ ਕਰਤੂਤ ਹੈ ਜਦੋਂ ਇਹ ਚਸਕਾ ਬਣ ਜਾਂਦਾ ਹੈ। ਜਿਸ ਮਨੁੱਖ ਦੇ ਮਨ ਵਿਚ ਦੁਨੀਆ ਦੇ ਚਸਕਿਆਂ ਤੇ ਵਿਕਾਰਾਂ ਦਾ ਜ਼ੋਰ ਹੋਵੇ, ਉਹ ਪਰਮਾਤਮਾ ਦੇ ਨਾਮ ਵਿਚ ਨਹੀਂ ਜੁੜ ਸਕਦਾ। ਚਸਕੇ-ਵਿਕਾਰ ਤੇ ਭਗਤੀ ਇਕੋ ਹਿਰਦੇ ਵਿਚ ਇਕੱਠੇ ਨਹੀਂ ਹੋ ਸਕਦੇ। ਅਜੇਹਾ ਮਨੁੱਖ ਭਾਵੇਂ ਕਿਤਨਾ ਹੀ ਅਕਲਾਂ ਵਾਲਾ ਅਤੇ ਮੰਨਿਆ-ਪ੍ਰੰਮਨਿਆ ਤੇ ਧਨੀ ਹੋਵੇ, ਉਸ ਦਾ ਜੀਵਨ ਤਾਂ ਖੇਹ-ਖ਼ੁਆਰੀ ਵਿਚ ਹੀ ਲੰਘਦਾ ਹੈ। ਸ਼੍ਰੀ ਗੁਰੂ ਗਰੰਥ ਸਾਹਿਬ ਦੇ ਅੰਗ 15 ਉਪਰ ਸੁਭਾਏਮਾਨ ਸ਼ਬਦ ਦਸਦਾ ਹੈ ਕਿ ਮੈਨੂੰ ਕਈ ਚਸਕੇ ਹਨ ਅਤੇ ਮੈਂ ਆਪਣੇ ਆਪ ਨੂੰ ਵਡਿਆਉਂਦਾ ਹਾਂ? ਓਹਨਾ ਨੇ ਇਸ ਤਰਾਂ ਲਿਖਿਆ ਹੈ ਕਿ :

**ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ॥**
**ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ॥**
**ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ॥੨॥**
**ਜਿਤੁ ਬੋਲਿਐ ਪਤਿ ਪਾਈ ਐਸੋ ਬੋਲਿਆ ਪਰਵਾਣੁ॥**
**ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ॥**
**ਜੋ ਤਿਸੁ ਭਾਵਹਿ ਸੇ ਭਲੇ ਹੋਰਿ ਕਿ ਕਹਣ ਵਖਾਣ॥੩॥**
**ਤਿਨ ਮਤਿ ਤਿਨ ਪਤਿ ਤਿਨ ਧਨੁ ਪਲੈ**
**ਜਿਨ ਹਿਰਦੈ ਰਹਿਆ ਸਮਾਇ॥**
**ਤਿਨ ਕਾ ਕਿਆ ਸਾਲਾਹਣਾ ਅਵਰ ਸੁਆਲਿਉ ਕਾਇ॥**
**ਨਾਨਕ ਨਦਰੀ ਬਾਹਰੇ ਰਾਚਹਿ ਦਾਨਿਨਨਾਇ॥੪॥੪॥**

ਸੋਨਾ ਚਾਂਦੀ ਨੂੰ ਇਕੱਠਾ ਕਰਨ ਦਾ ਚਸਕਾ, ਇਸਤ੍ਰੀ ਭਾਵ, ਕਾਮ ਦਾ ਚਸਕਾ, ਸੁਗੰਧੀਆਂ ਦੀ ਲਗਨ, ਘੋੜ ਸਵਾਰੀ ਦਾ ਸ਼ੌਂਕ, ਨਰਮ ਨਰਮ ਸੇਜਾਂ ਅਤੇ ਸੋਹਣੇ ਮਹਲ-ਮਾੜੀਆਂ ਦੀ ਲਾਲਸਾ, ਸੁਆਦਲੇ ਮਿੱਠੇ ਪਦਾਰਥ, ਤੇ ਮਾਸ ਖਾਣ ਦਾ ਚਸਕਾ, ਜੇ ਮਨੁੱਖਾ ਸਰੀਰ ਨੂੰ ਇਤਨੇ ਚਸਕੇ ਲੱਗੇ ਹੋਏ ਹੋਣ, ਤਾਂ ਪਰਮਾਤਮਾ ਦੇ ਨਾਮ ਦਾ ਟਿਕਾਣਾ ਕਿਸ ਹਿਰਦੇ ਵਿਚ ਹੋ ਸਕਦਾ ਹੈ?2।

ਕੇਵਲ ਉਹੀ ਬੋਲ ਬੋਲਿਆ ਹੋਇਆ ਸੁਚੱਜਾ ਹੈ ਜਿਸ ਦੇ ਬੋਲਣ ਨਾਲ ਪ੍ਰਭੂ

ਦੀ ਹਜ਼ੂਰੀ ਵਿਚ ਆਦਰ ਮਿਲਦਾ ਹੈ। ਹੇ ਮੂਰਖ ਅਗਿਆਨੀ ਮਨ! ਸੁਣ, ਫਿੱਕਾ ਅਰਥਾਤ ਨਾਮ-ਰਸ ਤੋਂ ਸੱਖਣਾ ਬੋਲ ਬੋਲਿਆਂ ਖ਼ੁਆਰ ਹੋਈਦਾ ਹੈ ਭਾਵ, ਜੇ ਸਾਰੀ ਉਮਰ ਨਿਰੀਆਂ ਉਹੀ ਗੱਲਾਂ ਕਰਦੇ ਰਹੀਏ ਜੋ ਪ੍ਰਭੂ ਦੀ ਯਾਦ ਤੋਂ ਖ਼ਾਲੀ ਹੋਣ ਤਾਂ ਦੁਖੀ ਹੀ ਰਹੀਦਾ ਹੈ। ਪ੍ਰਭੂ ਭੀ ਸਿਫ਼ਤਿ-ਸਾਲਾਹ ਤੋਂ ਬਿਨਾ ਹੋਰ ਗੱਲਾਂ ਵਿਅਰਥ ਹਨ। ਜੋ ਮਨੁੱਖ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਦੇ ਹਨ ਓਹੀ ਉਸ ਪ੍ਰਭੂ ਨੂੰ ਪਿਆਰੇ ਲੱਗਦੇ ਹਨ, ਅਤੇ ਉਹੀ ਚੰਗੇ ਹਨ।3

ਜਿਨ੍ਹਾਂ ਬੰਦਿਆਂ ਦੇ ਹਿਰਦੇ ਵਿਚ ਪ੍ਰਭੂ ਹਰ ਵੇਲੇ ਵੱਸ ਰਿਹਾ ਹੈ, ਉਹ ਅਕਲ ਵਾਲੇ ਹਨ, ਇੱਜ਼ਤ ਵਾਲੇ ਹਨ ਤੇ ਧਨ ਵਾਲੇ ਹਨ। ਐਸੇ ਭਲੇ ਮਨੁੱਖਾਂ ਦੀ ਸਿਫ਼ਤਿ ਕੀਤੀ ਨਹੀਂ ਜਾ ਸਕਦੀ। ਉਹਨਾਂ ਵਰਗਾ ਸੋਹਣਾ ਹੋਰ ਕੌਣ ਹੈ? ਹੇ ਨਾਨਕ! ਪ੍ਰਭੂ ਦੀ ਮਿਹਰ ਦੀ ਨਜ਼ਰ ਤੋਂ ਵਾਂਝੇ ਬੰਦੇ ਉਸ ਦੇ ਨਾਮ ਵਿਚ ਨਹੀਂ ਜੁੜਦੇ, ਅਤੇ ਉਸ ਦੇ ਦਿੱਤੇ ਧਨ ਪਦਾਰਥ ਵਿਚ ਹੀ ਮਸਤ ਰਹਿੰਦੇ ਹਨ।4।4।

ਬਾਬਾ ਫਰੀਦ ਜੀ ਨੇ ਵੀ ਆਪਣੇ ਸ਼ਲੋਕਾਂ ਵਿਚ ਵਰਨਣ ਕੀਤਾ ਹੈ ਕਿ ਹੇ ਮਨੁੱਖ! ਇੱਕ ਭੀ ਫਿੱਕਾ ਬਚਨ ਨਾਹ ਬੋਲ ਕਿਉਂਕਿ ਸਭ ਵਿਚ ਸੱਚਾ ਮਾਲਕ ਵੱਸ ਰਿਹਾ ਹੈ, ਕਿਸੇ ਦਾ ਭੀ ਦਿਲ ਨਾਹ ਦੁਖਾ ਕਿਉਂਜੋ ਇਹ ਸਾਰੇ ਜੀਵ ਹੀ ਅਮੋਲਕ ਮੋਤੀ ਹਨ। ਸਾਰੇ ਜੀਵਾਂ ਦੇ ਮਨ ਵੀ ਮੋਤੀ ਹਨ, ਕਿਸੇ ਨੂੰ ਭੀ ਦੁਖਾਣਾ ਉੱਕਾ ਹੀ ਚੰਗਾ ਨਹੀਂ। ਜੇ ਤੈਨੂੰ ਪਿਆਰੇ ਪ੍ਰਭੂ ਦੇ ਮਿਲਣ ਦੀ ਤਾਂਘ ਹੈ, ਤਾਂ ਕਿਸੇ ਦੇ ਦਿਲ ਨੂੰ ਵੀ ਢਾਹ ਨਾ ਲਗਾ। ਉਨ੍ਹਾਂ ਦੇ ਸ਼ਲੋਕ ਜੋ ਅੰਗ 1384 ਉਪਰ ਸੁਭਾਇਮਾਨ ਹਨ ਇਸ ਤਰਾਂ ਹਨ :

**ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ॥**
**ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ॥**
**ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ॥**
**ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀਦਾ॥**

ਗੁਰੂ ਜੀ ਨੇ ਨਾਮ ਜਪਣ, ਵੰਡ ਛਕਣ ਅਤੇ ਕਿਰਤ ਕਰਨ ਦਾ ਉਪਦੇਸ਼ ਦਿੱਤਾ। ਨਿਸ਼ਕਾਮ ਸੇਵਾ ਕਰਨੀ ਅਤਿ ਜ਼ਰੂਰੀ ਹੈ ਜੇਕਰ ਤੁਸੀਂ ਇਸ ਉਪਦੇਸ਼ ਤੇ ਅਮਲ ਕਰਨਾ ਚਾਹੁੰਦੇ ਹੋ ਅਤੇ ਮਨੁਖਾਂ ਨੂੰ ਗ੍ਰਹਿਸਥ ਜੀਵਨ ਬਤੀਤ ਕਰਨ ਦੀ ਲੋੜ ਹੈ। ਗੁਰੂ ਜੀ ਨੇ ਸੰਸਾਰ ਤਿਆਗਣ ਦਾ ਵਿਰੋਧ ਕੀਤਾ ਹੈ ਤਿਆਗ ਦਾ ਮਾਰਗ ਤਾਂ ਇਕ ਪਖੰਡ ਹੈ। ਇਹ ਸਰੀਰ ਜੋ ਪ੍ਰਮਾਤਮਾ ਦੁਆਰਾ ਬਖਸ਼ਿਆ ਗਿਆ ਹੈ ਇਸ ਨੂੰ ਕਸ਼ਟ ਦੇਣ ਦੀ ਕੋਈ ਲੋੜ ਨਹੀਂ ਹੈ। ਅਸੀਂ ਭੋਜਨ ਜਾਂ ਪਾਣੀ ਜਾਂ ਹੋਰ ਦੁਨਿਆਵੀ ਸੁਖ ਸਹੂਲਤਾਂ ਦਾ ਤਿਆਗ ਕਰਦੇ ਹਾਂ ਅਤੇ ਭੁੱਖ ਪਿਆਸ ਲੱਗਣ 'ਤੇ ਅਤੇ ਤਿਆਗੀ ਹੋਈ ਵਸਤੂ ਦੇ ਪਾਉਣ ਦੀ ਲਾਲਸਾ ਮਨ ਵਿਚ ਰਹਿੰਦੀ ਹੈ ਜਾਂ ਫਿਰ ਇਹ ਲਾਲਸਾ ਪੈਦਾ ਹੁੰਦੀ ਹੈ ਤਾਂ ਫਿਰ ਇਹ ਕਾਹਦਾ ਤਿਆਗ ਹੈ ਅਤੇ ਸਾਨੂੰ

ਦੁਨੀਆ ਛੱਡ ਕੇ ਪਹਾੜਾਂ ਅਤੇ ਜੰਗਲਾਂ ਦੇ ਅੰਦਰ ਜਾ ਕੇ ਘੋਰ ਤਪਸਿਆ ਕਰਨ ਦਾ ਕੋਈ ਵੀ ਲਾਭ ਨਹੀਂ ਹੈ ਉਨ੍ਹਾਂ ਨੇ ਸਪੱਸ਼ਟ ਸ਼ਬਦਾਂ ਵਿਚ ਵਰਨਣ ਕੀਤਾ ਹੈ ਜੋ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅੰਗ 951 ਉਪਰ ਸੁਭਾਏਮਾਨ ਹੈ:

**ਜਿਥੈ ਕਿਥੈ ਸਿਰਜਣਹਾਰੁ॥**

ਸਿਰਜਣਹਾਰ ਤਾਂ ਹਰ ਥਾਂ ਮੌਜੂਦ ਹੈ, ਬਾਹਰ ਜੰਗਲਾਂ ਵਿਚ ਭਾਲਣਾ ਵਿਅਰਥ ਹੈ। ਨੌਵੇਂ ਪਾਤਸ਼ਾਹ ਜੀ ਨੇ ਵੀ ਇਸ ਦੀ ਤਾਕੀਦ ਕੀਤੀ ਹੈ। ਓਹਨਾ ਦਾ ਉਚਾਰਿਆ ਸ਼ਬਦ ਜੋ ਅੰਗ 684 ਉਪਰ ਸੁਭਾਏਮਾਨ ਹੈ ਇਸ ਤਰਾਂ ਹੈ ਕਿ:

**ਕਾਹੇ ਰੇ ਬਨ ਖੋਜਨ ਜਾਈ॥**
**ਸਰਬ ਨਿਵਾਸੀ ਸਦਾ ਅਲੇਪਾ ਤੋ ਹੀ ਸੰਗਿ ਸਮਾਈ॥੧॥**

ਹੇ ਭਾਈ! ਪਰਮਾਤਮਾ ਨੂੰ ਲੱਭਣ ਵਾਸਤੇ ਤੂੰ ਜੰਗਲਾਂ ਵਿਚ ਕਿਉਂ ਜਾਂਦਾ ਹੈਂ? ਪਰਮਾਤਮਾ ਸਭ ਵਿਚ ਵੱਸਣ ਵਾਲਾ ਹੈ, ਫਿਰ ਭੀ ਸਦਾ ਮਾਇਆ ਦੇ ਪ੍ਰਭਾਵ ਤੋਂ ਨਿਰਲੇਪ ਰਹਿੰਦਾ ਹੈ। ਉਹ ਪਰਮਾਤਮਾ ਤੇਰੇ ਨਾਲ ਹੀ ਵੱਸਦਾ ਹੈ।1।ਰਹਾਉ।

ਗੁਰੂ ਜੀ ਆਖਦੇ ਹਨ ਕਿ ਗ੍ਰਹਿਸਥ ਜੀਵਨ ਵਿਚ ਵਿਚਰਦਿਆਂ ਮੋਹ ਮਾਇਆ ਦੇ ਜਾਲ ਵਿਚ ਨਾ ਫਸ ਕੇ ਉਸ ਪਰਮ ਪਿਤਾ ਪ੍ਰਮਾਤਮਾ ਨੂੰ ਪਾਉਣ ਲਈ ਸੰਸਾਰ ਨੂੰ ਛੱਡਣ ਦੀ ਲੋੜ ਨਹੀਂ ਹੈ ਸਗੋਂ ਜਿਸ ਤਰਾਂ ਪਾਣੀ ਵਿਚ ਉੱਗਿਆ ਹੋਇਆ ਕੌਲ ਫੁੱਲ ਪਾਣੀ ਨਾਲੋਂ ਨਿਰਾਲਾ ਰਹਿੰਦਾ ਹੈ, ਜਿਵੇਂ ਨਦੀ ਵਿਚ ਤਰਦੀ ਮੁਰਗਾਈ ਭਾਵ, ਉਸ ਦੇ ਖੰਭ ਪਾਣੀ ਨਾਲ ਨਹੀਂ ਭਿੱਜਦੇ, ਇਸੇ ਤਰ੍ਹਾਂ ਹੇ ਨਾਨਕ! ਗੁਰੂ ਦੇ ਸ਼ਬਦ ਵਿਚ ਸੁਰਤਿ ਜੋੜ ਕੇ ਨਾਮ ਜਪਿਆਂ ਸੰਸਾਰ-ਸਮੁੰਦਰ ਤਰ ਸਕੀਦਾ ਹੈ। ਜੋ ਮਨੁੱਖ ਸੰਸਾਰ ਦੀਆਂ ਆਸਾਂ ਵਲੋਂ ਨਿਰਾਸ ਰਹਿੰਦੇ ਹਨ, ਜਿਨ੍ਹਾਂ ਦੇ ਮਨ ਵਿਚ ਇਕ ਪ੍ਰਭੂ ਹੀ ਵੱਸਦਾ ਹੈ ਉਹ ਸੰਸਾਰ ਵਿਚ ਰਹਿੰਦੇ ਹੋਏ ਭੀ ਸੰਸਾਰ ਤੋਂ ਲਾਂਭੇ ਇਕਾਂਤ ਵਿਚ ਵੱਸਦੇ ਹਨ। ਅਜੇਹੇ ਜੀਵਨ ਵਾਲਾ ਜੋ ਮਨੁੱਖ ਅਗੰਮ ਤੇ ਅਗੋਚਰ ਪ੍ਰਭੂ ਦਾ ਦਰਸ਼ਨ ਕਰ ਕੇ ਹੋਰਨਾਂ ਨੂੰ ਦਰਸ਼ਨ ਕਰਾਂਦਾ ਹੈ, ਨਾਨਕ ਉਸ ਦਾ ਦਾਸ ਹੈ।5।

ਗੁਰੂ ਸਾਹਿਬ ਜੀ ਦੇ ਸ਼ਬਦਾਂ ਵਿਚ ਇਸ ਸ਼ਲੋਕ ਦਾ ਵਰਨਣ ਅੰਗ 938 ਉਪਰ ਸੁਭਾਏਮਾਨ ਹੈ ਜੋ ਇਸ ਪ੍ਰਕਾਰ ਹੈ ਕਿ:

**ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ॥**
**ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥**
**ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ॥**
**ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕੁ ਤਾ ਕਾ ਦਾਸੋ॥੫॥**

ਮਨੁੱਖ ਦੀ ਅਸਲੀ ਪਛਾਣ ਹੈ ਕਿ ਉਹ ਉਸ ਵਾਹਿਗੁਰੂ ਨਾਲ ਜੁੜਿਆ ਹੋਇਆ ਹੈ ਕਿ ਨਹੀਂ ? ਉਹ ਪ੍ਰਮਾਤਮਾ ਦੇ ਗੁਣਾ ਨੂੰ ਜਿਵੇਂ ਪਿਆਰ, ਦਯਾ, ਅਤੇ

ਸਾਰੇ ਮਨੁਖਾਂ ਨੂੰ ਇਕ ਸਮਾਨ ਸਮਝਣਾ, ਜਾਤ ਪਾਤ ਵਿਚ ਵਿਸ਼ਵਾਸ ਨਾ ਰੱਖਣਾ ਆਦਿ ਨੂੰ ਧਾਰਨ ਕਰਦਾ ਹੈ। ਉਸ ਨੂੰ ਇਹ ਯਕੀਨ ਹੈ ਕਿ ਕੋਈ ਵੀ ਟਾਹਣੀ ਦਰਖਤ ਨਹੀਂ ਬਣ ਸਕਦੀ ਅਤੇ ਉਸ ਦੀ ਹੋਂਦ ਤਾਂ ਹੀ ਬਰਕਰਾਰ ਰਹਿੰਦੀ ਹੈ ਜੇ ਉਹ ਰੁੱਖ ਨਾਲ ਜੁੜੀ ਹੋਈ ਹੈ। ਸੂਰਜ ਦੀ ਕਿਰਣ ਦੀ ਜਾਣ ਪਹਿਚਾਣ ਵੀ ਤਾਂ ਹੀ ਹੈ ਜੇ ਉਹ ਸੂਰਜ ਨਾਲ ਜੁੜੀ ਹੋਈ ਹੈ। ਜੇਕਰ ਕਿਰਣ ਹੀ ਆਪਣੇ ਆਪ ਨੂੰ ਸੂਰਜ ਸਮਝਣ ਲਗ ਜਾਵੇ, ਇਹ ਤਾਂ ਬਿਲਕੁਲ ਹੀ ਸੰਭਵ ਨਹੀਂ ਹੈ। ਇਸ ਤਰਾਂ ਜੇ ਇਨਸਾਨ ਆਪਣੇ ਰੱਬ ਨਾਲੋਂ ਨਾਤਾ ਤੋੜ, ਆਪਣੀ ਹਉਮੈ ਅਧੀਨ ਆਪਣੇ ਆਪ ਨੂੰ ਰੱਬ ਸਮਝਣ ਲਗ ਜਾਂਦਾ ਹੈ ਅਤੇ ਸਾਰਿਆਂ ਨਾਲੋਂ ਤਾਕਤਵਰ ਸਮਝਣ ਲਗ ਜਾਂਦਾ ਹੈ ਅਤੇ ਹੋਰਨਾਂ ਨੂੰ ਆਪਣੇ ਆਪ ਨਾਲ ਬਹੁਤ ਹੀ ਨੀਵਾਂ ਸਮਝਦਾ ਹੈ। ਇਸ ਹਉਮੈ ਵਿਚ ਕੀਤੀ ਹੋਈ ਪਾਠ ਪੂਜਾ ਵੀ ਰੱਬ ਨੂੰ ਖੁਸ਼ ਨਹੀਂ ਕਰ ਸਕਦੀ। ਇਸ ਲਈ ਹਉਮੈ ਦਾ ਤਿਆਗ ਕਰੋ ਸਭ ਨੂੰ ਇਕੋ ਜਿਹਾ ਜਾਣੋ ਤਾਂ ਹੀ ਤੁਸੀਂ ਉਸ ਪ੍ਰਭੂ ਦੀ ਮੇਹਰ ਪ੍ਰਾਪਤ ਕਰ ਸਕਦੇ ਹੋ।

# ਅੰਜਨ ਮਾਹਿ ਨਿਰੰਜਨਿ ਰਹੀਐ

**—ਡਾਕਟਰ ਅਜੀਤ ਸਿੰਘ ਕੋਟਕਪੂਰਾ**

ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅੰਦਰ ਅਨੇਕਤਾ ਹੈ ਅਤੇ ਇਹ ਅਨੇਕਤਾ ਆਪਣੇ ਅੰਦਰ ਏਕਤਾ ਨੂੰ ਸਮੇਟੀ ਬੈਠੀ ਹੈ। ਇਸ ਪਾਵਨ ਗਰੰਥ ਦੇ ਅੰਦਰ ਅਨੇਕਾਂ ਹੀ ਸਲੋਕ ਦਰਜ ਹਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅਨੇਕਤਾ ਨੂੰ ਖਤਮ ਕਰ ਇਕ ਸਚੇ ਅਕਾਲ ਪੁਰਖ ਵਾਲੀ ਏਕਤਾ ਵਿਚ ਲੀਨ ਕੀਤਾ ਹੈ। ਇਸ ਅਦਭੁਤ ਗਰੰਥ ਦੇ ਅੰਦਰ ਬੋਲੀਆਂ ਦੀ ਅਨੇਕਤਾ ਅਤੇ ਜਾਤਾਂ ਦੀ ਅਨੇਕਤਾ ਹੁੰਦੇ ਹੋਏ ਸਾਰੇ ਹੀ ਰਚਨਾਕਾਰਾਂ ਨੇ ਉਸ ਨਿਰੰਕਾਰ ਦੀ ਉਪਾਸਨਾ ਕੀਤੀ ਹੈ। ਉਨ੍ਹਾਂ ਨੇ ਇਸ ਗਰੰਥ ਵਿਚ ਦਰਜ ਬਾਣੀ ਨੂੰ ਦੁਨੀਆਂ ਦੇ ਅੰਧੇਰੇ ਨੂੰ ਮਿਟਾ ਦੇਣ ਵਾਲਾ ਚਾਨਣ ਲਿਖਿਆ ਹੈ। ਤੀਸਰੇ ਨਾਨਕ ਦੁਆਰਾ ਰਚਿਆ ਸ਼ਬਦ ਜੋ ਅੰਗ 67 ਉਪਰ ਦਰਜ ਹੈ, ਵਿਚ ਦੱਸਿਆ ਹੈ ਕਿ :

**ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ॥੧॥**

ਇਸ ਸਲੋਕ ਰਾਹੀਂ ਗੁਰੂ ਸਾਹਿਬ ਜੀ ਸਮਝਾ ਰਹੇ ਹਨ ਕਿ ਇਸ ਸੰਸਾਰ ਦੇ ਅੰਦਰ ਗੁਰਬਾਣੀ ਹੀ ਈਸ਼ਵਰੀ ਚਾਨਣ ਹੈ ਉਸ ਅਕਾਲ ਪੁਰਖ ਦੀ ਮੇਹਰ ਸਦਕਾ ਹੀ ਇਹ ਪ੍ਰਾਣੀ ਦੇ ਅੰਦਰ ਤੱਕ ਜਾਇਆ ਕਰਦੀ ਹੈ।

ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅੰਦਰ ਕੁਲ 5872 ਸ਼ਬਦ ਹਨ ਜਿਸ ਵਿਚ ਪਹਿਲੀ ਪਾਤਸ਼ਾਹੀ ਦੇ 974, ਦੂਸਰੀ ਪਾਤਸ਼ਾਹੀ ਦੇ 62, ਤੀਸਰੀ ਪਾਤਸ਼ਾਹੀ ਦੇ 907, ਚੌਥੀ ਪਾਤਸ਼ਾਹੀ ਦੇ 679, ਪੰਜਵੀਂ ਪਾਤਸ਼ਾਹੀਦੇ 2218, ਨੌਵੀਂ ਪਾਤਸ਼ਾਹੀ ਦੇ 116 ਸ਼ਬਦ ਹਨ। ਇਸ ਤਰਾਂ ਗੁਰੂ ਸਾਹਿਬਾਨ ਜੀ ਦੇ 4956 ਸ਼ਬਦ ਹਨ। ਇਸ ਤੋਂ ਇਲਾਵਾ ਭਗਤਾਂ ਦੇ 77, ਭੱਟਾਂ ਦੇ 121 ਸਵਈਏ ਅਤੇ ਹੋਰ ਸ਼ਰਧਾਲੂਆਂ ਦੇ 17 ਸ਼ਬਦ ਦਰਜ ਹਨ ਭਾਈ ਗੁਰਦਾਸ ਜੀ ਦੀ ਲਿਖਤ ਵਿਚ ਪੰਜਵੇਂ ਪਾਤਸ਼ਾਹ ਜੀ ਨੇ ਉਪਰ ਲਿਖੇ ਅਨੁਸਾਰ ਸ਼ਬਦਾਂ ਨੂੰ ਸ਼ਾਮਿਲ ਕਰ ਕੇ ਆਦਿ ਗਰੰਥ ਦੀ ਰਚਨਾ ਕੀਤੀ ਸੀ। ਦਸਵੀਂ ਜੋਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਆਦਿ ਗਰੰਥ ਨੂੰ ਗੁਰੂਤਾ ਗੱਦੀ ਪ੍ਰਦਾਨ ਕੀਤੀ ਸੀ। ਨੌਵੀਂ ਜੋਤ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਬਦਾਂ ਨੂੰ ਪੰਜਵੀ ਜੋਤ ਨੇ ਨਹੀਂ ਸਗੋਂ ਦਸਵੀਂ ਜੋਤ ਨੇ ਸ਼ਾਮਿਲ ਕਰਵਾਇਆ

ਸੀ। ਉਸ ਤੋਂ ਉਪਰੰਤ ਇਹ ਪਾਵਨ ਬੀੜ ਸਿੱਖ ਧਰਮ ਦੇ ਸ਼ਬਦ-ਗੁਰੂ ਕਰਕੇ ਜਾਣੀ ਜਾਂਦੀ ਹੈ। ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅੰਗ 982 ਉਪਰ ਸੁਭਾਏਮਾਨ ਸ਼ਬਦ ਇਸ ਤਰਾਂ ਹੈ ਕਿ :

**ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥**
**ਗੁਰੁਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥੫॥**

ਹਰੇਕ ਨਾਨਕ ਨਾਮਲੇਵਾ ਇਸ ਜੁਗੋ ਜੁੱਗ ਅਟੱਲ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਸਨਮੁਖ ਹੋ, ਗਲ ਵਿਚ ਪੱਲੂ ਪਾ, ਅਰਦਾਸ ਕਰਦਾ ਹੈ। ਸਮਾਂ ਖੁਸ਼ੀ ਦਾ ਜਾਂ ਗਮੀ ਦਾ ਹੋਵੇ, ਭਾਵ ਭਾਵੇਂ ਕਿਸੇ ਦੇ ਅਕਾਲ ਚਲਾਣਾ ਕਰ ਜਾਣ ਦਾ ਸਮਾਂ ਹੋਵੇ ਅਤੇ ਭਾਵੇਂ ਕਿਸੇ ਨਵੇਂ ਜੀਵ ਦਾ ਘਰ ਵਿਚ ਆਗਮਨ ਹੋਵੇ ਅਤੇ ਭਾਵੇਂ ਕਿਸੇ ਘਰ ਨਵੀਂ ਨੂੰਹ ਨੇ ਪੈਰ ਰਖਿਆ ਹੋਵੇ ਸਿੱਖ ਹਮੇਸ਼ਾ ਚੜ੍ਹਦੀ ਕਲਾ ਲਈ ਹੀ ਜੋਦੜੀ ਕਰਦਾ ਹੈ। ਅਕਾਲ ਪੁਰਖ ਦੇ ਅੰਦਰ ਵਿਸ਼ਵਾਸ ਰੱਖਣ ਵਾਲਾ ਉਸ ਦੇ ਹਰ ਭਾਣੇ ਨੂੰ ਮਿੱਠਾ ਕਰਕੇ ਮੰਨਦਾ ਹੈ।

ਸਿੱਖ ਧਰਮ ਦੀ ਸ਼ੁਰੂਆਤ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਦੀ ਮਿਤੀ 14 ਅਪ੍ਰੈਲ 1469 ਈਸਵੀ (ਵਿਸਾਖ ਸੁਦੀ 3, ਬਿਕ੍ਰਮੀ 1526) ਤੋਂ ਹੀ ਮੰਨੀ ਜਾਂਦੀ ਹੈ ਭਾਵੇਂ ਸਾਰੇ ਸੰਸਾਰ ਵਿਚ ਉਨ੍ਹਾਂ ਦਾ ਆਗਮਨ ਪੁਰਬ ਕੱਤਕ ਮਹੀਨੇ ਦੀ ਪੂਰਨਮਾਸ਼ੀ ਅਰਥਾਤ ਅਕਤੂਬਰ/ਨਵੰਬਰ ਦੇ ਮਹੀਨੇ ਵਿਚ ਹੀ ਮਨਾਇਆ ਜਾਂਦਾ ਹੈ। ਇਸ ਵਾਰ ਇਹ ਦਿਨ 12 ਨਵੰਬਰ ਨੂੰ ਆ ਰਿਹਾ ਹੈ ਇਹ ਗੁਰੂ ਸਾਹਿਬ ਜੀਦਾ 550ਵਾਂ ਆਗਮਨ ਪੁਰਬ ਹੈ ਅਤੇ ਇਸ ਦਿਨ ਪਾਕਿਸਤਾਨ ਸਰਕਾਰ ਵਲੋਂ ਭਾਰਤ ਸਰਕਾਰ ਨਾਲ ਮਿਲ ਕੇ ਕਰਤਾਰਪੁਰ ਦੇ ਗੁਰੂਦਵਾਰਾ ਸਾਹਿਬ ਦੇ ਖੁਲ੍ਹੇ ਦਰਸ਼ਨ ਦੀਦਾਰੇ ਕਰਵਾਏ ਜਾਣ ਦੇ ਪ੍ਰਬੰਧ ਕੀਤੇ ਜਾ ਰਹੇ ਹਨ। ਜਦ ਵੀ ਅਜਿਹਾ ਵਾਪਰਿਆ ਹੈ ਕਿ ਧਰਤੀ ਉਪਰ ਜ਼ੁਲਮ ਵੱਧ ਜਾਇਆ ਕਰਦੇ ਹਨ ਅਤੇ ਦੁਨੀਆ ਦੇ ਗਰਕ ਹੋ ਜਾਣਾ ਮਹਿਸੂਸ ਹੋਣਾ ਜਾਪਦਾ ਹੈ ਤਾਂ ਧਰਤੀ ਦਾ ਉਧਾਰ ਕਰਨ ਲਈ ਕੋਈ ਨਾ ਕੋਈ ਅਵਤਾਰ ਜਨਮ ਲੈਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਦੇ ਹਾਲਾਤ ਨੂੰ ਭਾਈ ਗੁਰਦਾਸ ਜੀ ਨੇ ਪਹਿਲੀ ਵਾਰ ਵਿਚ ਹੀ ਲਿਖਿਆ ਹੈ ਕਿ :

**ਕਲਿ ਆਈ ਕੁਤੇ ਮੁਹੀ ਖਾਜ_ਹੋਇਆ ਮੁਰਦਾਰ ਗੁਸਾਈ।**
**ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ।**
**ਪਰਜਾ ਅੰਧੀ ਗਿਆਨ ਬਿਨੁ ਕੂੜ ਕੁਸਤਿ ਮੁਖਹੁ ਆਲਾਈ।**
**ਚੇਲੇ ਸਾਜ ਵਜਾਇਦੇ ਨਚਨਿ ਗੁਰੂ ਬਹੁਤੁ ਬਿਧਿ ਭਾਈ।**
**ਸੇਵਕ ਬੈਠਨਿ ਘਰਾ ਵਿਚਿ ਗੁਰ ਉਠਿ ਘਰੀ ਤਿਨਾੜੇ ਜਾਈ।**
**ਕਾਜੀ ਹੋਏ ਰਿਸਵਤੀ ਵਢੀ ਲੈ ਕੈ ਹਕ ਗਵਾਈ।**

**ਇਸਤ੍ਰੀ ਪੁਰਖੈ ਦਾਮ ਹਿਤੁ ਭਾਵੈ ਆਇ ਕਿਥਾਊ ਜਾਈ।**
**ਵਰਤਿਆ ਪਾਪ ਸਭਸ ਜਗ ਮਾਂਹੀ॥੩੦॥**

ਗੁਰੂ ਸਾਹਿਬ ਦੇ ਜਨਮ ਤੋਂ ਪਹਿਲਾਂ ਮੁਗਲ ਸ਼ਾਸ਼ਕਾਂ ਵਲੋਂ ਕਈ ਸਦੀਆਂ ਤੋਂ ਭਾਰਤ ਦੀ ਲੁੱਟ ਮਾਰ ਕੀਤੀ ਜਾ ਰਹੀ ਸੀ ਅਤੇ ਜਜ਼ੀਆ ਵਸੂਲਿਆ ਜਾਂਦਾ ਸੀ ਜੋ ਇਕ ਖਾਸ ਕਿਸਮ ਦਾ ਕਰ ਸੀ ਜੋ ਕਿ ਹਿੰਦੂ ਹੋਣ ਕਾਰਨ ਦੇਣਾ ਪੈਂਦਾ ਸੀ। ਸ਼ਾਸ਼ਕ ਹਿੰਦੂਆਂ ਨੂੰ ਮੌਤ ਦੇ ਘਾਟ ਉਤਾਰ ਰਹੇ ਸਨ। ਹਿੰਦੂਆਂ ਨੂੰ ਜਬਰਦਸਤੀ ਮੁਸਲਮਾਨ ਬਣਾਇਆ ਜਾ ਰਿਹਾ ਸੀ ਜੋ ਮੁਸਲਮਾਨ ਬਣਨਾ ਕਬੂਲ ਨਹੀਂ ਕਰਦੇ ਸਨ ਉਨ੍ਹਾਂ ਨੂੰ ਨਿਰਦੈਤਾ ਨਾਲ ਕਤਲ ਕਰ ਦਿਤਾ ਜਾਂਦਾ ਸੀ। ਮੰਦਰਾਂ ਨੂੰ ਮਸੀਤਾਂ ਵਿਚ ਤਬਦੀਲ ਕੀਤਾ ਜਾ ਰਿਹਾ ਸੀ। ਹਿੰਦੂ ਕੁੜੀਆਂ ਨੂੰ ਅਗਵਾ ਕੀਤਾ ਜਾ ਰਿਹਾ ਸੀ। ਹਿੰਦੂ ਆਪਣੀਆਂ ਕੁੜੀਆਂ ਨੂੰ ਮੁਸਲਮਾਨਾਂ ਤੋ ਂਬਚਾਉਣ ਲਈ ਜੰਮਦਿਆਂ ਹੀ ਮਾਰਨ ਲੱਗ ਪਏ ਸਨ। ਹਿੰਦੂ ਵਿਧਵਾਂਵਾਂ ਜਾਂ ਤਾਂ ਆਪਣੇ ਪਤੀ ਨਾਲ ਹੀ ਸਤੀ ਹੋ ਰਹੀਆਂ ਸਨ ਜਾਂ ਵੇਸਵਾਵਾਂ ਬਣ ਰਹੀਆਂ ਸਨ। ਹਿੰਦੂ ਲੋਕਾਈ ਦੇ ਅੰਦਰ ਜਾਤਪਾਤ, ਬੁੱਤ ਪੂਜਾ , ਅੰਧ ਵਿਸ਼ਵਾਸ, ਭੈੜੇ ਭੈੜੇ ਰਸਮੋ ਰਿਵਾਜ , ਝੂਠੇ ਪਾਖੰਡ ਆਦਿ ਬਹੁਤ ਹੀ ਫੈਲੇ ਹੋਏ ਸਨ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸ਼ਬਦ ਜੋ ਅੰਗ 145 ’ਤੇ ਦਰਜ ਹੈ ਇਸ ਹਾਲਾਤ ਦਾ ਵਰਨਣ ਕੀਤਾ ਹੈ ਕਿ :

**ਸਲੋਕੁ ਮਃ ੧॥**
**ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥**
**ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥**
**ਹਉ ਭਾਲਿ ਵਿਕੁੰਨੀ ਹੋਈ॥**
**ਆਧੇਰੈ ਰਾਹੁ ਨ ਕੋਈ॥**
**ਵਿਚਿ ਹਉਮੈ ਕਰਿ ਦੁਖੁ ਰੋਈ॥**
**ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥੧॥**

ਗੁਰੂ ਸਾਹਿਬ ਇਸ ਸਲੋਕ ਰਾਹੀਂ ਦੱਸ ਰਹੇ ਹਨ ਕਿ ਕਲਜੁਗ ਛੁਰੀ ਹੈ ਅਤੇ ਰਾਜੇ ਬੁੱਚੜ ਹਨ ਅਤੇ ਸਚਾਈ ਤਾਂ ਪਰ ਲਾ ਕੇ ਹੀ ਉੱਡ ਗਈ ਹੈ। ਝੂਠ ਦੀ ਇਸ ਮੱਸਿਆ ਦੀ ਰਾਤ ਅੰਦਰ ਸੱਚ ਦਾ ਚੰਦਰਮਾ ਕੀਤੇ ਚੜਿਆ ਹੋਇਆ ਨਹੀਂ ਦਿਸਦਾ ਹੈ। ਮੈਂ ਇਸ ਚੰਦਰਮਾ ਨੂੰ ਢੂੰਢ ਢੂੰਢ ਕੇ ਪ੍ਰੇਸ਼ਾਨ ਹੋ ਰਿਹਾ ਹਾਂ। ਅਨ੍ਹੇਰੇ ਦੇ ਅੰਦਰ ਰਸਤਾ ਦਿਖਾਈ ਨਹੀਂ ਦੇ ਰਿਹਾ ਹੈ? ਹੰਕਾਰ ਕਰਕੇ ਪ੍ਰਾਣੀ ਤਕਲੀਫ਼ਾਂ ਦੇ ਅੰਦਰ ਵਿਰਲਾਪ ਕਰ ਰਿਹਾ ਹੈ। ਗੁਰੂ ਜੀ ਆਖਦੇ ਹਨ ਕੇ ਕਿਸ ਢੰਗ ਦੇ ਰਾਹੀ ਂਜੀਵ ਮੁਕਤੀ ਪਾ ਸਕਦਾ ਹੈ।

ਇਹੋ ਜਿਹੇ ਹਾਲਾਤਾਂ ਤੋਂ ਬਾਅਦ ਉਸ ਅਕਾਲ ਪੁਰਖ ਨੇ ਮਨੁੱਖ ਦੀ ਚੀਖ

ਪੁਕਾਰ ਸੁਣੀ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਜਗ ਉਪਰ ਭੇਜਿਆ ਸੀ। ਜਿਸ ਬਾਰੇ ਭਾਈ ਗੁਰਦਾਸ ਜੀ ਲਿਖ ਰਹੇ ਹਨ ਕਿ :

**ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ।**
**ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤੁ ਸਿਖਾਂ ਪੀਲਾਇਆ...**
**ਕਲਿਜੁਗ ਬਾਬੇ ਤਾਰਿਆ ਸਤਿਨਾਮੁ ਪੜ੍ਹਿ ਮੰਤ੍ਰ ਸੁਣਾਇਆ।**
**ਕਲਿ ਤਾਰਣ ਗੁਰੁ ਨਾਨਕ ਆਇਆ॥੨੩॥**

ਗੁਰੂ ਸਾਹਿਬ ਦਾ ਜਨਮ ਮਾਤਾ ਤ੍ਰਿਪਤਾ ਦੀ ਕੁੱਖ ਨੂੰ ਸੁਲੱਖਣੀ ਕਰ ਅਤੇ ਪਿਤਾ ਮਹਿਤਾ ਕਾਲੂ ਦੇ ਘਰ ਵਿਚ ਹੋਇਆ ਅਤੇ ਉਨ੍ਹਾਂ ਨੂੰ ਭਾਗਾਂ ਵਾਲੇ ਬਣਾਇਆ। ਜਨਮ ਲਾਹੌਰ ਸ਼ਹਿਰ ਤੋਂ ਥੋੜੀ ਦੂਰੀ ਤੇ ਰਾਏ ਭੋਏ ਦੀ ਤਲਵੰਡੀ ਵਿਖੇ ਹੋਇਆ ਜਿਥੇ ਉਨ੍ਹਾਂ ਦੇ ਪਿਤਾ ਪਟਵਾਰੀ ਸਨ। ਤਲਵੰਡੀ ਦਾ ਨਾਮ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਤੋਂ ਬਾਅਦ ਨਨਕਾਣਾ ਸਾਹਿਬ ਹੋ ਗਿਆ ਸੀ। ਹੁਣ 550ਵੇਂ ਪ੍ਰਕਾਸ਼ ਉਤਸਵ ਤੇ ਪਾਕਿਸਤਾਨ ਸਰਕਾਰ ਨੇ ਨਨਕਾਣਾ ਰੇਲਵੇ ਸਟੇਸ਼ਨ ਦਾ ਨਾਮ 'ਬਾਬਾ ਗੁਰੂ ਨਾਨਕ ਰੇਲਵੇ ਸਟੇਸ਼ਨ' ਰੱਖਣ ਦੀ ਖਬਰ ਵੀ ਮਿਲ ਚੁੱਕੀ ਹੈ। ਅਤੇ ਬਾਬਾ ਨਾਨਕ ਦੇ ਨਾਮ ਤੇ ਇਕ ਯੂਨੀਵਰਸਿਟੀ ਖੋਲ੍ਹਣ ਬਾਰੇ ਵੀ ਪਾਕਿਸਤਾਨ ਸਰਕਾਰ ਵਲੋਂ ਫੈਸਲਾ ਕਰ ਲਿਆ ਗਿਆ ਹੈ। ਉਨ੍ਹਾਂ ਦੀ ਇੱਕ ਵੱਡੀ ਭੈਣ ਸੀ ਜਿਸ ਦਾ ਨਾਂ ਬੀਬੀ ਨਾਨਕੀ ਸੀ। ਦੋਨਾਂ ਭੈਣ ਭਰਾਵਾਂ ਦਾ ਆਪੋ ਵਿਚ ਬਹੁਤ ਹੀ ਪਿਆਰ ਸੀ। ਗੁਰੂ ਸਾਹਿਬ ਬਚਪਨ ਤੋਂ ਹੀ ਉਸ ਸਮੇਂ ਚਲ ਰਹੀ ਬੁੱਤ ਪੂਜਾ ਅਤੇ ਜਾਤੀਵਾਦ ਦੇ ਖਿਲਾਫ ਸਨ। ਉਨ੍ਹਾਂ ਨੇ ਉਸ ਸਮੇਂ ਹਿੰਦੂਆਂ ਦੇ ਅੰਦਰ ਚਲ ਰਹੀ ਜਨੇਉ ਪਹਿਨਣ ਦੀ ਪ੍ਰਥਾ ਦਾ ਵਿਰੋਧ ਕੀਤਾ। ਜਿਸ ਬਾਰੇ ਆਸਾ ਜੀ ਦੀ ਵਾਰ ਵਿਚ ਦਰਜ ਹੈ ਅਤੇ ਉਹ ਅੰਗ 471 ਉਪਰ ਸੁਭਾਏਮਾਨ ਹੈ ਜੋ ਕਿ ਇਸ ਤਰਾਂ ਹੈ :

**ਸਲੋਕੁ ਮ: ੧॥**
**ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥**
**ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥**
**ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ॥**
**ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥**

ਗੁਰੂ ਜੀ ਨੇ ਇਸ ਧਾਗੇ ਦੇ ਜਨੇਉ ਪਾਉਣ ਤੋਂ ਇਨਕਾਰ ਕੀਤਾ ਤੇ ਆਖਿਆ ਕਿ ਮੈਨੂੰ ਅਜਿਹਾ ਜਨੇਉ ਪਹਿਨਾਉ ਜਿਹੜਾ ਕਦੇ ਮੈਲਾ ਨਾ ਹੋਵੇ ਅਤੇ ਜਿਹੜਾ ਕਦੇ ਨਾ ਤੁਟੈ, ਜਿਹੜਾ ਹਮੇਸ਼ਾ ਹੀ ਮੇਰੇ ਅੰਗ ਸੰਗ ਰਹੇ ਤੇ ਉਸ ਨੂੰ ਕੋਈ ਵੀ ਉਤਾਰ ਨਾ ਸਕਦਾ ਹੋਵੇ ਨਾ ਹੀ ਉਸ ਨੂੰ ਕੋਈ ਜਲਾ ਸਕਦੇ ਹੋਵੇ। ਉਪਰੋਕਤ ਸ਼ਬਦ ਰਾਹੀਂ ਉਨ੍ਹਾਂ ਨੇ ਸਪਸ਼ਟ ਸੰਦੇਸ਼ ਦਿਤਾ ਸੀ।

ਜਦੋਂ ਮਹਿਤਾ ਕਾਲੂ ਜੀ ਨੇ ਦੇਖਿਆ ਕਿ ਉਨ੍ਹਾਂ ਦਾ ਲੜਕਾ ਹੁਣ ਆਪਣਾ ਬਹੁਤਾ ਸਮਾਂ ਦਰਵੇਸ਼ਾਂ, ਸਾਧੂ, ਸੰਤਾਂ ਅਤੇ ਸੂਫ਼ੀਆਂ ਦੀ ਸੰਗਤ ਵਿਚ ਹੀ ਲੈ ਰਿਹਾ ਹੈ ਉਨ੍ਹਾਂ ਨੇ ਹੋਰ ਸਧਾਰਨ ਮਾਪਿਆਂ ਦੀ ਤਰਾਂ ਸੋਚ ਉਨ੍ਹਾਂ ਦਾ ਵਿਆਹ ਕਰਨ ਦਾ ਮਨ ਬਣਾਇਆ ਕਿ ਸ਼ਾਇਦ ਵਿਆਹ ਹੋਣ ਪਿੱਛੋਂ ਉਨ੍ਹਾਂ ਦਾ ਲੜਕਾ ਵਪਾਰ ਅਤੇ ਘਰ ਗ੍ਰਹਿਸਥੀ ਵਿਚ ਸਮਾਂ ਬਿਤਾਇਆ ਕਰੇਗਾ। ਉਨ੍ਹਾਂ ਨੇ ਕਦੇ ਵੀ ਮਹਿਸੂਸ ਨਹੀਂ ਕੀਤਾ ਕਿ ਬਾਲ ਨਾਨਕ ਇਕ ਸਧਾਰਨ ਬਾਲਕ ਨਹੀਂ ਹੈ ਇਹ ਤਾਂ ਪ੍ਰਮਾਤਮਾ ਵਲੋਂ ਲੋਕਾਈ ਦਾ ਸੁਧਾਰ ਕਰਨ ਲਈ ਧਰਤੀ ’ਤੇ ਪੁਜੇ ਹਨ। ਬੀਬੀ ਨਾਨਕੀ ਨੇ ਪਹਿਲਾਂ ਆਪਣੇ ਵੀਰ ਦੇ ਰੱਬੀ ਰੂਪ ਦੀ ਪਛਾਣ ਕੀਤੀ ਸੀ ਅਤੇ ਰਾਏ ਬੁਲਾਰ ਵੀ ਬਾਲ ਨਾਨਕ ਦੇ ਸਬੰਧ ਵਿਚ ਆਖਦਾ ਸੀ ਕਿ ਇਹ ਆਮ ਸਧਾਰਨ ਬਾਲਕ ਨਹੀਂ ਹੈ ਇਹ ਤਾਂ ਸਾਖਸ਼ਾਤ ਹੀ ਰੱਬੀ ਰੂਪ ਹੈ? ਪ੍ਰੰਤੂ ਮਹਿਤਾ ਕਾਲੂ ਇਸ ਭੇਤ ਨੂੰ ਨਾ ਜਾਣ ਸਕਿਆ ਤੇ ਉਸ ਨੇ ਗੁਰੂ ਨਾਨਕ ਦੇਵ ਜੀ ਦਾ ਵਿਆਹ 1487 ਵਿਚ ਮੂਲ ਚੰਦ ਚੋਣਾਂ ਦੀ ਪੁਤਰੀ ਮਾਤਾ ਸੁਲੱਖਣੀ ਨਾਲ ਕਰ ਦਿੱਤਾ ਸੀ। ਗੁਰੂ ਜੀ ਦੇ ਘਰ ਮਾਤਾ ਸੁਲੱਖਣੀ ਦੀ ਉਦਰ ਵਿਚੋਂ 1494 ਵਿਚ ਬਾਬਾ ਸ੍ਰੀਚੰਦ ਜੀ ਅਤੇ 1496 ਵਿਚ ਬਾਬਾ ਲਖਮੀ ਦਾਸ ਜੀ ਪੈਦਾ ਹੋਏ ਸਨ। ਗੁਰੂ ਨਾਨਕ ਦੇਵ ਜੀ ਨੇ ਇਸ ਵਿਆਹ ਦੀ ਵਿਰੋਧਤਾ ਨਹੀਂ ਕੀਤੀ ਸੀ ਕਿਓਂਜੋ ਉਹ ਗ੍ਰਹਿਸਤ ਜੀਵਨ ਨੂੰ ਉਤਮ ਸਮਝਦੇ ਸਨ। ਸਿਧਾਂ ਨਾਲ ਗੋਸ਼ਟ ਕਰਦੇ ਸਮੇਂ ਉਨ੍ਹਾਂ ਨੇ ਗ੍ਰਹਿਸਤ ਜੀਵਨ ਨੂੰ ਸਭ ਤੋਂ ਉਪਰ ਮੰਨਿਆ ਹੈ।

ਉਹਨਾਂ ਦਾ ਸਾਥ, ਰਾਏ ਭੋਏ ਦੀ ਤਲਵੰਡੀ ਦੇ ਮੁਸਲਮਾਨ ਵਾਸੀ ਭਾਈ ਮਰਦਾਨਾ ਜੋ ਉਮਰ ਵਿਚ ਗੁਰੂ ਜੀ ਤੋਂ ਲਗਭਗ ਦਸ ਸਾਲ ਵੱਡਾ ਸੀ, ਨੇ ਦਿੱਤਾ ਸੀ। ਜਦੋਂ ਵੀ ਗੁਰੂ ਸਾਹਿਬ ਨੂੰ ਬਾਣੀ ਫੁਰਦੀ ਸੀ ਉਹ ਆਖਦੇ ਸਨ ਮਰਦਾਨਿਆ ਰਬਾਬ ਵਜਾ ਬਾਣੀ ਆਈ ਹੈ ਅਤੇ ਉਹ ਰੱਬਾਬ ਵਜਾਇਆ ਕਰਦਾ ਸੀ ਅਤੇ ਗੁਰੂ ਸਾਹਿਬ ਸ਼ਬਦ ਉਚਾਰਦੇ ਸਨ ਅਤੇ ਉਥੇ ਹੀ ਉਸ ਅਕਾਲ ਪੁਰਖ ਦੀ ਉਸਤਤ ਵਿਚ ਕੀਰਤਨ ਕਰਨ ਲੱਗ ਜਾਂਦੇ ਸਨ।

ਗੁਰੂ ਨਾਨਕ ਦੇਵ ਜੀ ਨੇ ਸਿੱਖੀ ਦੇ ਪ੍ਰਚਾਰ ਲਈ ਲੰਬੇ ਲੰਬੇ ਸਫ਼ਰ ਕੀਤੇ ਜਿਨ੍ਹਾਂ ਨੂੰ ਉਦਾਸੀਆਂ ਕਿਹਾ ਜਾਂਦਾ ਹੈ। ਭਾਈ ਗੁਰਦਾਸ ਜੀ ਨੇ ਉਦਾਸੀਆਂ ਦੇ ਸਬੰਧ ਵਿਚ ਲਿਖਿਆ ਹੈ ਕਿ :

**ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।**
**ਚੜ੍ਹਿਆ ਸੋਧਣਿ ਧਰਤਿ ਲੁਕਾਈ॥੨੪॥**

ਸੁਲਤਾਨਪੁਰ ਤੋਂ ਹਿੰਦੁਸਤਾਨ ਦੇ ਪੂਰਬ ਦਿਸ਼ਾ ਵਲ ਪਹਿਲੀ ਉਦਾਸੀ, ਸਮਾਂ 1500 ਤੋਂ 1507 ਈਸਵੀ ਅਰਥਾਤ ਸੱਤ ਸਾਲ ਦਾ ਸਮਾਂ, ਧਰਮ ਪ੍ਰਚਾਰ ਲਈ ਬਨਾਰਸ, ਪਟਨਾ, ਅਸਾਮ, ਹਰਦਵਾਰ ਅਤੇ ਕੁਰੂਕਸ਼ੇਤਰ ਵਰਗੀਆਂ ਥਾਵਾਂ ਉਪਰ

ਗਏ ਸਨ। ਭਾਈ ਮਰਦਾਨਾ ਇਸ ਉਦਾਸੀ ਵਿਚ ਹਮੇਸ਼ਾ ਹੀ ਉਨ੍ਹਾਂ ਦੇ ਅੰਗ ਸੰਗ ਰਿਹਾ। ਇਸ ਉਦਾਸੀ ਸਮੇਂ ਗੋਰਖਮੱਠ ਪੁਜੇ ਇਹ ਸਥਾਨ ਮਥੁਰਾ ਦੇ ਨੇੜੇ ਹੀ ਹੈ,ਉਥੇ ਗੁਰੂ ਸਾਹਿਬ ਦੀ ਵਾਰਤਾਲਾਪ ਗੋਰਖ ਨਾਥ ਯੋਗੀ ਦੇ ਚੇਲਿਆਂ ਨਾਲ ਹੋਈ। ਚੇਲੇ ਜੋਗੀਆਂ ਵਾਲੇ ਚਿਨ ਧਾਰਨ ਕਰ ਜਿਵੇਂ ਕੰਨਾਂ ਵਿਚ ਮੁੰਦਰਾਂ ਪਾਉਣੀਆਂ, ਮੋਢੇ ਵਿਚ ਝੋਲਾ ਪਾ ਕੇ, ਸਰੀਰ ਤੇ ਸੁਆਹ ਮਲ ਕੇ ਰੱਬ ਨੂੰ ਪ੍ਰਾਪਤ ਕਰਨ ਦਾ ਯਤਨ ਕਰਦੇ ਸੀ। ਗੁਰੂ ਜੀ ਨੇ ਉਨ੍ਹਾਂ ਨੂੰ ਸਮਝਾਇਆ ਜੋ ਕਿ ਅੰਗ 730 ਉਪਰ ਦਰਜ ਹੈ :

**ਸੂਹੀ ਮਹਲਾ ੧ ਘਰੁ ੭**
**ੴ ਸਤਿਗੁਰ ਪ੍ਰਸਾਦਿ ॥**
**ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ ॥**
**ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ ॥**
**ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੧॥**
**ਗਲੀ ਜੋਗੁ ਨ ਹੋਈ ॥**
**ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ ॥੧॥ ਰਹਾਉ ॥**

ਉਨ੍ਹਾਂ ਨੇ ਦੱਸਿਆ ਕਿ ਗੋਦੜੀ ਪਹਿਨ ਲੈਣਾ, ਪਰਮਾਤਮਾ ਨਾਲ ਮਿਲਾਪ ਦਾ ਸਾਧਨ ਨਹੀਂ ਹੈ, ਡੰਡਾ ਹੱਥ ਵਿਚ ਫੜ ਲੈਣ ਨਾਲ ਹਰੀ-ਮੇਲ ਨਹੀਂ ਹੋ ਜਾਂਦਾ, ਜੇ ਸਰੀਰ ਉਤੇ ਸੁਆਹ ਮਲ ਲਈਏ ਤਾਂ ਭੀ ਪ੍ਰਭੂ ਦਾ ਮਿਲਾਪ ਨਹੀਂ ਹੁੰਦਾ। ਕੰਨੀ ਮੁੰਦਰਾਂ ਪਾਇਆਂ ਰੱਬ ਦਾ ਮੇਲ ਨਹੀਂ, ਜੇ ਸਿਰ ਮੁਨਾ ਲਈਏ ਤਾਂ ਭੀ ਪ੍ਰਭੂ-ਮਿਲਾਪ ਨਹੀਂ ਹੋ ਸਕਦਾ, ਸਿੰਙੀ ਵਜਾਇਆਂ ਭੀ ਜੋਗ ਸਿੱਧ ਨਹੀਂ ਹੋ ਜਾਂਦਾ। ਉਨ੍ਹਾਂ ਨੇ ਦੱਸਿਆਂ ਕਿ ਪਰਮਾਤਮਾ ਨਾਲ ਮਿਲਾਪ ਦਾ ਢੰਗ ਕੇਵਲ ਇਸ ਤਰ੍ਹਾਂ ਹੀ ਹਾਸਲ ਹੁੰਦਾ ਹੈ ਕਿ ਮਾਇਆ ਦੇ ਮੋਹ ਦੀ ਕਾਲਖ ਵਿਚ ਰਹਿੰਦਿਆਂ ਹੀ ਮਾਇਆ ਤੋਂ ਨਿਰਲੇਪ ਪ੍ਰਭੂ ਨਾਲ ਜੁੜੇ ਰਹੀਏ। ਨਿਰੀਆਂ ਗੱਲਾਂ ਕਰਨ ਨਾਲ ਪ੍ਰਭੂ-ਮਿਲਾਪ ਨਹੀਂ ਹੁੰਦਾ। ਉਹੀ ਮਨੁੱਖ ਜੋਗੀ ਅਖਵਾ ਸਕਦਾ ਹੈ ਜੋ ਇਕੋ ਜੇਹੀ ਨਿਗਾਹ ਨਾਲ ਸਭ ਨੂੰ ਬਰਾਬਰ ਸਮਝੇ।1।ਰਹਾਉ।

ਦੂਸਰੀ ਉਦਾਸੀ ਸਮਾਂ 1509 ਤੋਂ 1513, ਚਾਰ ਸਾਲ ਦੀ ਇਹ ਉਦਾਸੀ ਦੱਖਣ ਦਿਸ਼ਾ ਵਲ ਸੋਮਨਾਥ, ਸ੍ਰੀ ਲੰਕਾ ਅਤੇ ਰਾਮੇਸ਼ਵਰਮ ਵਲ ਦੀ ਸੀ। ਉਦਾਸੀ ਦੇ ਦੌਰਾਨ ਜਦੋਂ ਗੁਰੂ ਸਾਹਿਬ ਦੀ ਯੋਗੀ ਭਰਥਰੀ ਨਾਲ ਮੁਲਾਕਾਤ ਹੋਈ ਤਾਂ ਗੁਰੂ ਜੀ ਨੇ ਸਮਝਾਇਆ ਕਿ ਆਪਣੇ ਸ਼ਰੀਰ ਨੂੰ ਕਸ਼ਟ ਦੇਣ ਨਾਲ ਮਨੁੱਖੀ ਮਨ ਦਾ ਟਿਕਾਅ ਸੰਭਵ ਨਹੀਂ ਹੈ ਸਗੋਂ ਸਹਿਜ ਵਿਚ ਰਹਿਣ ਨਾਲ ਮਨ ਟਿਕਿਆ ਰਹਿੰਦਾ ਹੈ ਅਤੇ ਸੋਮਰਸ ਅਰਥਾਤ ਸ਼ਰਾਬ ਸੇਵਨ ਕਰ ਸਮਾਧੀ ਲਾਉਣ ਦੇ ਯਤਨ ਬੇਕਾਰ ਹਨ ਹਮੇਸ਼ਾ ਹੀ ਨਾਮ-ਰਸਾਇਣ ਪੀਓ। ਉਨ੍ਹਾਂ ਦਾ ਲਿਖਿਆ ਸਲੋਕ ਅੰਗ 360 ਉਪਰ ਸੁਭਾਏਮਾਨ ਹੈ :

**ਆਸਾ ਮਹਲਾ ੧॥**
**ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ**
**ਕਰਿ ਕਰਣੀ ਕਸੁ ਪਾਈਐ॥**
**ਭਾਠੀ ਭਵਨੁ ਪ੍ਰੇਮ ਕਾ ਪੋਚਾ**
**ਇਤੁ ਰਸਿ ਅਮਿਉ ਚੁਆਈਐ॥੧॥**
**ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ**
**ਸਹਜ ਰੰਗ ਰਚਿ ਰਹਿਆ॥**
**ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ**
**ਸਬਦੁ ਅਨਾਹਦ ਗਹਿਆ॥੧॥ਰਹਾਉ॥**

ਜੇ ਜੋਗੀ! ਤੁਸੀਂ ਸੁਰਤਿ ਨੂੰ ਟਿਕਾਣ ਲਈ ਸ਼ਰਾਬ ਪੀਂਦੇ ਹੋ, ਇਹ ਨਸ਼ਾ ਉਤਰ ਜਾਂਦਾ ਹੈ; ਤੇ ਸੁਰਤਿ ਮੁੜ ਉੱਖੜ ਜਾਂਦੀ ਹੈ, ਅਸਲ ਮਸਤਾਨਾ ਉਹ ਮਨ ਹੈ ਜੋ ਪਰਮਾਤਮਾ ਦੇ ਸਿਮਰਨ ਦਾ ਰਸ ਪੀਂਦਾ ਹੈ ,ਸਿਮਰਨ ਦਾ ਆਨੰਦ ਮਾਣਦਾ ਹੈ ਜੋ ਸਿਮਰਨ ਦੀ ਬਰਕਤ  ਨਾਲ ਅਡੋਲਤਾ ਦੇ ਹੁਲਾਰਿਆਂ ਵਿਚ ਟਿਕਿਆ ਰਹਿੰਦਾ ਹੈ, ਜਿਸ ਨੂੰ ਪ੍ਰਭੂ-ਚਰਨਾਂ ਦੇ ਪ੍ਰੇਮ ਦੀ ਇਤਨੀ ਲਿਵ ਲਗਦੀ ਹੈ ਕਿ ਦਿਨ ਰਾਤ ਬਣੀ ਰਹਿੰਦੀ ਹੈ, ਜੋ ਆਪਣੇ ਗੁਰੂ ਦੇ ਸ਼ਬਦ ਨੂੰ ਸਦਾ ਇਕ-ਰਸ ਆਪਣੇ ਅੰਦਰ ਟਿਕਾਈ ਰੱਖਦਾ ਹੈ।1। ਰਹਾਉ।

ਹੇ ਜੋਗੀ! ਪਰਮਾਤਮਾ ਨਾਲ ਡੂੰਘੀ ਸਾਂਝ ਨੂੰ ਗੁੜ ਬਣਾ, ਪ੍ਰਭੂ-ਚਰਨਾਂ ਵਿਚ ਜੁੜੀ ਸੁਰਤਿ ਨੂੰ ਮਹੂਏ ਦੇ ਫੁੱਲ ਬਣਾ, ਉੱਚੇ ਆਚਰਨ ਨੂੰ ਕਿੱਕਰਾਂ ਦੇ ਸੱਕ ਬਣਾ ਕੇ ਇਹਨਾਂ ਵਿਚ ਰਲਾ ਦੇ। ਸਰੀਰਕ ਮੋਹ ਨੂੰ ਸਾੜ, ਇਹ ਸ਼ਰਾਬ ਕੱਢਣ ਦੀ ਭੱਠੀ ਤਿਆਰ ਕਰ, ਪ੍ਰਭੂ-ਚਰਨਾਂ ਵਿਚ ਪਿਆਰ ਜੋੜ ਇਹ ਹੈ ਉਹ ਠੰਡਾ ਪੋਚਾ ਜੋ ਅਰਕ ਵਾਲੀ ਨਾਲੀ ਉਤੇ ਫੇਰਨਾ ਹੈ। ਇਸ ਸਾਰੇ ਮਿਲਵੇਂ ਰਸ ਵਿਚੋਂ ਅਟੱਲ ਆਤਮਕ ਜੀਵਨ ਦਾਤਾ, ਅੰਮ੍ਰਿਤ ਨਿਕਲੇਗਾ।1।

ਤੀਸਰੀ ਉਦਾਸੀ ਸਮਾਂ 1514 ਤੋਂ 1518,ਸਮਾਂ ਚਾਰ ਸਾਲ ਉੱਤਰ ਵਲ ਸੀ। ਇਸ ਲੰਬੀ ਯਾਤਰਾ ਵਿਚ ਗੁਰੂ ਸਾਹਿਬ ਮਰਦਾਨੇ ਦੇ ਸਾਥ ਹੀ ਤਿੱਬਤ, ਭੁਟਾਨ, ਸਿੱਕਮ, ਕੈਲਾਸ਼ ਪਰਬਤ, ਕਸ਼ਮੀਰ ਅਤੇ ਨੇਪਾਲ ਵਲ ਗਏ ਸਨ। ਪੰਡਿਤ ਬ੍ਰਹਮ ਦਾਸ ,ਜੋ ਕੇ ਕਸ਼ਮੀਰੀ ਵਿਦਵਾਨ ਸੀ, ਨੂੰ ਆਪਣੀ ਵਿਦਵਤਾ ਦਾ ਹੰਕਾਰ ਸੀ ਨੇ ਗੁਰੂ ਜੀ ਨਾਲ ਵਿਚਾਰ ਵਟਾਂਦਰਾ ਕੀਤਾ ਤੇ ਸਵਾਲ ਪੁੱਛੇ ਗੁਰੂ ਜੀ ਦੇ ਉੱਤਰਾਂ ਨਾਲ ਉਸ ਦਾ ਹੰਕਾਰ ਮਿਟੀ ਹੋ ਗਿਆ ਤੇ ਯੋਗ ਗੁਰੂ ਜੀ ਦਾ ਪੱਕਾ ਹੀ ਸ਼ਰਧਾਲੂ ਬਣ ਗਿਆ। ਗੁਰੂ ਜੀ ਨੇ ਉਸ ਦੇ ਸਵਾਲ ਦੇ ਜਵਾਬ ਵਿਚ ਸਲੋਕ ਸੁਣਾਇਆ ਜੋ ਕਿ ਅੰਗ 1035 ਤੇ ਸੁਭਾਏਮਾਨ ਹੈ:

**ਮਾਰੂ ਮਹਲਾ ੧ ॥**
**ਅਰਬਦ ਨਰਬਦ ਧੁੰਧੂਕਾਰਾ ॥**
**ਧਰਣਿ ਨ ਗਗਨਾ ਹੁਕਮੁ ਅਪਾਰਾ ॥**

**ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ ॥੧॥**
**ਖਾਣੀ ਨ ਬਾਣੀ ਪਉਣ ਨ ਪਾਣੀ ॥**
**ਓਪਤਿ ਖਪਤਿ ਨ ਆਵਣ ਜਾਣੀ ॥**
**ਖੰਡ ਪਤਾਲ ਸਪਤ ਨਹੀ ਸਾਗਰ ਨਦੀ ਨ ਨੀਰੁ ਵਹਾਇਦਾ ॥੨॥**

ਜਗਤ ਦੀ ਰਚਨਾ ਤੋਂ ਪਹਿਲਾਂ ਬੇਅੰਤ ਸਮਾ ਜਿਸ ਦੀ ਗਿਣਤੀ ਦੇ ਵਾਸਤੇ, ਅਰਬਦ (ਦਸ ਕਰੋੜ ਸਾਲ) ਨਰਬਦ ਗਿਣਤੀ ਤੋਂ ਵੀ ਦੂਰ ਜਿਸ ਲਈ ਲਫ਼ਜ਼ ਭੀ ਨਹੀਂ ਵਰਤੇ ਜਾ ਸਕਦੇ, ਐਸੀ ਘੁੱਪ ਹਨੇਰੇ ਦੀ ਹਾਲਤ ਸੀ ,ਭਾਵ, ਅਜੇਹੀ ਹਾਲਤ ਸੀ ਜਿਸ ਦੀ ਬਾਬਤ ਕੁਝ ਭੀ ਦੱਸਿਆ ਨਹੀਂ ਜਾ ਸਕਦਾ। ਤਦੋਂ ਨਾ ਧਰਤੀ ਸੀ ਨਾ ਆਕਾਸ਼ ਸੀ ਅਤੇ ਨਾ ਹੀ ਕਿਤੇ ਬੇਅੰਤ ਪ੍ਰਭੂ ਦਾ ਹੁਕਮ ਚੱਲ ਰਿਹਾ ਸੀ। ਤਦੋਂ ਨਾ ਦਿਨ ਸੀ ਨਾ ਰਾਤ ਸੀ, ਨਾ ਚੰਦ ਸੀ ਨਾ ਸੂਰਜ ਸੀ। ਤਦੋਂ ਪਰਮਾਤਮਾ ਆਪਣੇ ਆਪ ਵਿਚ ਹੀ ਸਮਾਧੀ ਲਾਈ ਬੈਠਾ ਸੀ ਜਿਸ ਵਿਚ ਕੋਈ ਕਿਸੇ ਕਿਸਮ ਦਾ ਫੁਰਨਾ ਨਹੀਂ ਸੀ।੧। ਤਦੋਂ ਨਾ ਜਗਤ-ਰਚਨਾ ਦੀਆਂ ਚਾਰ ਖਾਣੀਆਂ ਸਨ ਨਾ ਜੀਵਾਂ ਦੀਆਂ ਬਾਣੀਆਂ ਸਨ। ਤਦੋਂ ਨਾ ਹਵਾ ਸੀ ਨਾ ਪਾਣੀ ਸੀ, ਨਾ ਉਤਪੱਤੀ ਸੀ ਨਾ ਪਰਲੌ ਸੀ, ਨਾ ਜੰਮਣ ਸੀ ਨਾ ਮਰਨ ਸੀ। ਤਦੋਂ ਨਾ ਧਰਤੀ ਦੇ ਨੌ ਖੰਡ ਸਨ ਨਾ ਪਾਤਾਲ ਸੀ, ਨਾ ਸਤ ਸਮੁੰਦਰ ਸਨ ਤੇ ਨਾ ਹੀ ਨਦੀਆਂ ਵਿਚ ਪਾਣੀ ਵਹਿ ਰਿਹਾ ਸੀ।2।

ਮੱਕਾ ਮਦੀਨਾ, ਇਰਾਨ, ਸੀਰੀਆ, ਬਗਦਾਦ, ਪਿਸ਼ਾਵਰ, ਕਾਬਲ ਅਤੇ ਕੰਧਾਰ ਸਮੇਤ ਤੁਰਕਿਸਤਾਨ ਦੀ ਯਾਤਰਾ ਚੌਥੀ ਉਦਾਸੀ ਸਮਾਂ 1518 ਤੋਂ 1521 ਸਮਾਂ ਲਗਭਗ ਤਿੰਨ ਕੁ ਸਾਲ ਵਿਚ ਕੀਤੀ ਸੀ। ਕਾਬੇ ਨੂੰ ਘੁਮਾਉਣ ਵਾਲੀ ਸਾਖੀ ਇਸ ਉਦਾਸੀ ਦੌਰਾਨ ਹੀ ਵਾਪਰੀ ਸੀ। ਗੁਰੂ ਸਾਹਿਬ ਜੀ ਨੇ ਇਹਨਾ ਸਾਰੀਆਂ ਯਾਤਰਾਵਾਂ ਵਿਚ ਬਰਾਬਰੀ ਦਾ ਉਪਦੇਸ਼ ਦਿੱਤਾ ਸੀ ਜਦੋਂ ਮਦੀਨੇ ਦੇ ਅੰਦਰ ਵਾਰਤਾਲਾਪ ਹੋਈ ਸੀ ਉਸ ਵਾਰਤਾਲਾਪ ਨੂੰ ਭਾਈ ਗੁਰਦਾਸ ਜੀ ਨੇ ਵਾਰਾਂ ਵਿਚ ਦੱਸਿਆ ਹੈ :

**ਪੁਛਨਿ ਗਲ ਈਮਾਨ ਦੀ ਕਾਜੀ ਮੁਲਾਂ ਇਕਠੇ ਹੋਈ।**
**ਵਡਾ ਸਾਂਗ ਵਰਤਾਇਆ ਲਖਿ ਨ ਸਕੈ ਕੁਦਰਤਿ ਕੋਈ।**
**ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ।**
**ਬਾਬਾ ਆਖੇ ਹਾਜੀਆ, ਸੁਭਿ ਅਮਲਾ ਬਾਝਹੁ ਦੋਨੋ ਰੋਈ।**
**ਹਿੰਦੂ ਮੁਸਲਮਾਨ ਦੁਇ ਦਰਗਹ ਅੰਦਰਿ ਲਹਨਿ ਨ ਢੋਈ।**
**ਕਚਾ ਰੰਗੁ ਕਸੁੰਭ ਦਾ ਪਾਣੀ ਧੋਤੈ ਥਿਰ ਨ ਰਹੋਈ।**
**ਕਰਨਿ ਬਖੀਲੀ ਆਪਿ ਵਿਚਿ ਰਾਮ ਰਹੀਮ ਇਕ ਥਾਇ ਖਲੋਈ।**
**ਰਾਹਿ ਸੈਤਾਨੀ ਦੁਨੀਆਂ ਗੋਈ॥੩੩॥**

ਗੁਰੂ ਸਾਹਿਬ ਹੀ ਸਨ ਜਿਨ੍ਹਾਂ ਨੇ ਬਾਬਰ ਨੂੰ ਉਸ ਦੁਆਰਾ ਕੀਤੇ ਗਏ ਜ਼ੁਲਮਾਂ ਬਾਰੇ ਸਪਸ਼ਟ ਸ਼ਬਦਾਂ ਵਿਚ ਆਖਿਆ। ਪਾਕਿਸਤਾਨ ਦੇ ਅੰਦਰ ਅੱਜ ਦਾ ਏਮਨਾਬਾਦ ਜੋ ਸੈਦਪੁਰ ਕਰਕੇ ਗੁਰੂ ਸਾਹਿਬ ਦੇ ਸਮੇਂ ਤੇ ਪ੍ਰਸਿੱਧ ਸੀ, ਵਿਚ ਮਚਾਈ ਗਈ ਲੁੱਟ ਤਬਾਹੀ ਦੇ ਮੰਜ਼ਿਰ ਨੂੰ ਦੇਖ ਗੁਰੂ ਸਾਹਿਬਾ ਨੇ ਵਰਨਣ ਕੀਤਾ ਕਿ :

**ਆਸਾ ਮਹਲਾ ੧॥**
**ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥**
**ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥**
**ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ॥੧॥**
**ਕਰਤਾ ਤੂੰ ਸਭਨਾ ਕਾ ਸੋਈ॥**
**ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥੧॥ਰਹਾਉ॥**
**ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ॥**
**ਰਤਨ ਵਿਗਾੜਿ ਵਿਗੋਏ ਕੁਤੀ ਮੁਇਆ ਸਾਰ ਨ ਕਾਈ॥**
**ਆਪੇ ਜੋੜਿ ਵਿਛੋੜੇ ਆਪੇ ਵੇਖੁ ਤੇਰੀ ਵਡਿਆਈ॥੨॥**
**ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ॥**
**ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈ ਦਾਣੇ॥**
**ਮਰਿ ਮਰਿ ਜੀਵੈ ਤਾ ਕਿਛੁ ਪਾਏ ਨਾਨਕ ਨਾਮੁ ਵਖਾਣੇ॥੩॥੫॥੩੯॥**

ਇਸ ਤਬਾਹੀ ਸਮੇਂ ਗੁਰੂ ਸਾਹਿਬ ਅਤੇ ਭਾਈ ਮਰਦਾਨੇ ਨੂੰ ਵੀ ਬੰਦੀ ਬਣਾ ਲਿਆ ਗਿਆ ਸੀ ਭਾਵੇਂ ਪਤਾ ਲਗਣ ਤੇ ਉਸ ਨੇ ਗੁਰੂ ਸਾਹਿਬ ਤੋਂ ਮੁਆਫੀ ਮੰਗ ਉਨ੍ਹਾਂ ਨੂੰ ਛੱਡ ਦਿੱਤਾ ਸੀ ਅਤੇ ਗੁਰੂ ਸਾਹਿਬ ਨੇ ਬਾਕੀ ਦੇ ਕੈਦੀਆਂ ਨੂੰ ਵੀ ਰਿਹਾ ਕਰ ਦੇਣ ਲਈ ਕਿਹਾ ਸੀ। ਚੌਥੀ ਉਦਾਸੀ ਤੋਂ ਬਾਅਦ ਰਾਵੀ ਦੇ ਕੰਢੇ ’ਤੇ ਕਰਤਾਰਪੁਰ ਵਸਾਇਆ ਜਿਹੜਾ ਕਿ ਵੰਡ ਸਮੇਂ ਪਾਕਿਸਤਾਨ ਵਾਲੇ ਪਾਸੇ ਰਹਿ ਗਿਆ ਹੈ। ਇਸ ਸਥਾਨ ਉਨ੍ਹਾਂ ਨੇ ਆਪਣੀ ਜ਼ਿੰਦਗੀ ਦੇ ਆਖਰੀ ਸਾਲ ਬਿਤਾਏ ਸਨ। ਹੱਥਾਂ ਨਾਲ ਕਿਰਤ ਕੀਤੀ, ਬੰਦਗੀ ਕੀਤੀ ਅਤੇ ਆਪ ਆਪਣੇ ਹੱਥੀਂ ਹਲ ਜੋੜ ਕੇ ਬਿਜਾਈ ਕੀਤੀ? ਆਮ ਲੋਕਾਈ ਨੂੰ ਬਾਣੀ ਦੇ ਅਸਲ ਅਰਥ ਸਮਝਾਏ ਉਨ੍ਹਾਂ ਨੂੰ ਕਿਰਤ ਕਰਨ, ਵੰਡ ਛਕਣ ਅਤੇ ਨਾਮ ਜਪਣ ਦਾ ਸੰਦੇਸ਼ ਦਿੱਤਾ। ਇਥੇ ਹੀ ਬਾਬਾ ਜੀ ਨੇ ਲਗਭਗ 17 ਸਾਲ ਖੇਤੀਬਾੜੀ ਕੀਤੀ ਸੀ। ਸਿੱਖ ਸੰਗਤਾਂ ਹਰ ਵੇਲੇ ਸੱਚੇ ਪਾਤਸ਼ਾਹ ਅੱਗੇ ਅਰਦਾਸ ਕਰਦੀਆਂ ਹਨ ਕਿ ਜਿਨ੍ਹਾਂ ਗੁਰਦਵਾਰਿਆਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਦੇ ਖੁਲ੍ਹੇ ਦਰਸ਼ਨ ਦੀਦਾਰੇ ਕਰਵਾਓ ਜੀ। ਪਾਕਿਸਤਾਨ ਸਰਕਾਰ ਅਤੇ ਹਿੰਦੁਸਤਾਨ ਸਰਕਾਰ ਵਲੋਂ ਮਿਲ ਕੇ ਗੁਰੂ ਸਾਹਿਬ ਜੀ ਦੇ 550ਵੇਂ ਅਵਤਾਰ ਪੁਰਬ ਤੇ ਸੰਗਤਾਂ ਦੇ ਖੁਲ੍ਹੇ ਦਰਸ਼ਨਾਂ ਲਈ ਲੋੜੀਂਦੇ ਪ੍ਰਬੰਧ ਕੀਤੇ ਜਾ ਰਹੇ ਹਨ। ਉਮੀਦ ਹੈ ਕਿ ਆਸਾਂ ਨੂੰ ਬੂਰ ਪਵੇਗਾ।

# ਬਾਬਰਵਾਣੀ : ਵਿਚਾਰ ਪ੍ਰਬੰਧ

**—ਪ੍ਰੋ. ਰਾਜਬੀਰ ਕੌਰ**

'ਬਾਬਰਵਾਣੀ' ਗੁਰੂ ਨਾਨਕ ਦੇਵ ਜੀ ਦੀ ਇਕ ਵਿਸ਼ੇਸ਼ ਟੈਕਸਟ ਹੈ। ਇਹ 'ਟੈਕਸਟ' ਬਾਬਰ ਦੇ ਹਿੰਦੁਸਤਾਨ ਉਪਰ ਕੀਤੇ ਗਏ ਹਮਲੇ ਨੂੰ ਆਪਣੀ ਆਧਾਰ-ਭੂਮੀ ਬਣਾ ਕੇ ਗੁਰੂ ਜੀ ਦੇ ਰਚਨਾਤਮਕ ਅਨੁਭਵ ਦਾ ਪ੍ਰਕਾਸ਼ ਕਰਦੀ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਿਉਂ ਦੀ ਤਿਉਂ ਸੰਕਲਿਤ ਹੋਈ ਸੰਯੁਕਤ ਰਚਨਾ ਨਹੀਂ ਹੈ ਬਲਕਿ ਇਹ ਚਾਰ ਸ਼ਬਦਾਂ ਦਾ ਸੰਯੁਕਤ ਸਮੁੱਚ ਹੈ। ਜਿਹਨਾਂ ਵਿਚੋਂ ਤਿੰਨ ਸ਼ਬਦ 'ਆਸਾ ਰਾਗ' ਵਿਚ ਰਚੇ ਗਏ ਹਨ ਅਤੇ ਇਕ ਸ਼ਬਦ 'ਤਿਲੰਗ ਰਾਗ' ਵਿਚ ਉਚਰਿਤ ਹੋਇਆ ਹੈ। ਦੋ ਸ਼ਬਦ (ਜਿਨਿ ਸਿਰਿ ਸੋਹਨਿ ਪਟੀਆ' ਅਤੇ 'ਕਹਾ ਸੁ ਖੇਲ ਤਬੇਲਾ') ਇਕ ਦੂਜੇ ਦੇ ਅੱਗੇ-ਪਿੱਛੇ ਅੰਕਿਤ ਹੋਏ ਹਨ ਅਤੇ ਬਾਕੀ ਦੋ ਸ਼ਬਦ ('ਖੁਰਾਸਾਨ ਖਸਮਾਨਾ ਕੀਆ' ਅਤੇ 'ਜੈਸੀ ਮੈ ਆਵੈ') ਵੱਖ-ਵੱਖ ਸਥਾਨਾਂ ਉਪਰ ਬਿਰਾਜਮਾਨ ਹਨ। ਇਸ ਬਾਣੀ ਦਾ ਸਿਰਲੇਖ ਸ੍ਰੀ ਗੁਰੂ ਨਾਲਕ ਦੇਵ ਜੀ ਜਾਂ ਆਦਿ ਗ੍ਰੰਥ ਦੇ ਸੰਪਾਦਕ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਨਹੀਂ ਦਿੱਤਾ ਬਲਕਿ ਇਹਨਾਂ ਸ਼ਬਦਾਂ ਵਿਚ ਕੀਤੇ ਗਏ ਬਾਬਰ ਪ੍ਰਤੀ ਉਲੇਖ ਨੂੰ ਧਿਆਨ ਵਿਚ ਰੱਖ ਕੇ ਸਿੱਖ ਵਿਦਵਾਨਾਂ ਅਤੇ ਸੰਪਰਦਾਈ ਗਿਆਨੀਆਂ ਨੇ ਦਿੱਤਾ ਹੈ। ਉਂਜ ਇਹ ਸਿਰਲੇਖ ਗੁਰੂ ਨਾਨਕ ਦੇਵ ਜੀ ਦੇ ਇਕ ਸ਼ਬਦ ਵਿਚ ਆਇਆ ਵੀ ਹੈ। ਦੇਖੋ :

**ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ ॥**
**ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ ॥**

*(ਰਾਗੁ ਆਸਾ ਮਹਲਾ ੧, ਪੰਨਾ 417)*

**ਗੁਰਸ਼ਬਦ ਰਤਨਾਕਰ (ਮਹਾਨ ਕੋਸ਼)** ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਸ਼ਬਦ ਦੇ ਦੋ ਅਰਥ ਦੱਸੇ ਹਨ : ਬਾਬਰ ਦੀ ਦੁਹਾਈ ਅਤੇ ਬਾਬਰ ਦਾ ਹੁਕਮ। ਭਾਵੇਂ ਇਹ ਦੋਵੇਂ ਅਰਥ ਉਚਿਤ ਪ੍ਰਤੀਤ ਹੁੰਦੇ ਹਨ ਪਰੰਤੂ ਪ੍ਰਸੰਗ ਅਨੁਸਾਰ ਪਹਿਲਾ ਅਰਥ ਵਧੇਰੇ ਢੁੱਕਵਾਂ ਹੈ ਅਰਥਾਤ ਬਾਬਰ ਦੇ ਨਾਮ ਦੀ ਦੁਹਾਈ। ਉਕਤ ਬਾਣੀ-ਸਤਰਾਂ ਵਿਚ ਗੁਰੂ ਨਾਨਕ ਦੇਵ ਜੀ ਨੇ ਇਸ ਸ਼ਬਦ ਨੂੰ ਇਹਨਾਂ ਅਰਥਾਂ ਵਿਚ ਵਰਤਿਆ ਹੈ। ਆਪ ਅਨੁਸਾਰ ਬਾਬਰ ਦੇ ਹਮਲੇ ਉਪਰੰਤ ਹਿੰਦੁਸਤਾਨੀ

ਰਾਜਿਆਂ-ਰਜਵਾੜਿਆਂ ਨੂੰ ਆਪਣੀ ਸੁੱਧ-ਬੁੱਧ ਭੁੱਲ ਗਈ ਸੀ। ਉਹਨਾਂ ਦੇ ਐਸ਼ੋ-ਇਸ਼ਰਤ ਦੇ ਦਿਨ ਖ਼ਤਮ ਹੋ ਗਏ ਸਨ। ਚਾਰੇ ਪਾਸੇ ਬਾਬਰ ਦੇ ਨਾਮ ਦੀ ਦੁਹਾਈ ਮੱਚੀ ਹੋਈ ਸੀ। ਰਾਜਕੁਮਾਰ ਡਰੇ ਅਤੇ ਠਠੰਬਰੇ ਹੋਏ ਰੋਟੀ ਤਕ ਨਹੀਂ ਸਨ ਖਾ ਰਹੇ। ਇਉਂ 'ਬਾਬਰਵਾਣੀ' ਵਿਚ ਬਾਬਰ ਦੇ ਹਮਲੇ ਦਾ ਕਾਵਿਕ ਬਿਰਤਾਂਤ ਅੰਕਤ ਹੋਇਆ ਹੈ।

## ਇਤਿਹਾਸਕ ਅਤੇ ਸਭਿਆਚਾਰਕ ਪ੍ਰਿਸ਼ਟਭੂਮੀ

ਇਤਿਹਾਸਕਾਰਾਂ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ 1507 ਈ. ਤੋਂ ਲੈ ਕੇ 1521 ਈ. ਤਕ ਪੂਰੇ ਭਾਰਤ ਅਤੇ ਗੁਆਂਢੀ ਏਸ਼ੀਆਈ ਦੇਸ਼ਾਂ ਸ੍ਰੀ ਲੰਕਾ, ਈਰਾਨ, ਇਰਾਕ ਅਤੇ ਤਿੱਬਤ ਆਦਿ ਵਿਚ ਤਿੰਨ ਲੰਬੀਆਂ ਯਾਤਰਾਵਾਂ ਕੀਤੀਆਂ, ਜਿਹਨਾਂ ਨੂੰ ਗੁਰੂ ਜੀ ਦੀਆਂ ਉਦਾਸੀਆਂ ਵੀ ਕਿਹਾ ਜਾਂਦਾ ਹੈ। ਇਹਨਾਂ ਉਦਾਸੀਆਂ ਨੇ ਇਕ ਤਰ੍ਹਾਂ ਨਾਲ 'ਸਭਿਆਚਾਰਕ ਸਰਵੇਖਣ' ਦੀ ਭੂਮਿਕਾ ਨਿਭਾਈ ਹੈ। ਗੁਰੂ ਜੀ ਨੇ ਪੂਰੇ ਦੱਖਣ ਏਸ਼ੀਆ ਵਿਚ ਘੁੰਮ-ਫਿਰ ਕੇ ਦੁਨੀਆਂ ਦੇ ਇਸ ਭਾਗ ਦੀ ਸਮਾਜਕ, ਆਰਥਕ ਅਤੇ ਰਾਜਨੀਤਕ ਸਥਿਤੀ ਦੀ ਸਿੱਧੇ ਰੂਪ ਵਿਚ ਸੂਚਨਾ (ਫ਼ਸਟ ਹੈਂਡ ਇਨਫ਼ਰਮੇਸ਼ਨ' ਹਾਸਲ ਕੀਤੀ ਅਤੇ ਫਿਰ ਇਸ ਸੂਚਨਾ ਵਿਚਲੇ ਪ੍ਰਮੁੱਖ ਸੂਤਰਾਂ ਨੂੰ ਜੋੜ-ਸੰਵਾਰ ਕੇ ਇਕ ਨਵੇਂ ਧਰਮ ਦੀ ਬੁਨਿਆਦ ਰੱਖੀ, ਜਿਸ ਨੂੰ 'ਸਿੱਖ ਧਰਮ' ਦਾ ਨਾਮ ਦਿੱਤਾ ਗਿਆ ਹੈ। ਆਪਣੀਆਂ ਇਹਨਾਂ ਯਾਤਰਾਵਾਂ ਦੌਰਾਨ ਆਪ ਉਸ ਸਮੇਂ ਦੇ ਪ੍ਰਮੁੱਖ ਧਾਰਮਿਕ ਆਗੂਆਂ, ਕਵੀਆਂ, ਭਗਤਾਂ, ਨਾਥਾਂ, ਜੋਗੀਆਂ, ਕਾਜ਼ੀਆਂ, ਰਾਜਿਆਂ, ਚੋਰਾਂ, ਯਾਰਾਂ, ਠੱਗਾਂ ਅਤੇ ਡਾਗੂਆਂ ਆਦਿਕ ਸਮਾਜ ਦੇ ਹਰ ਵਰਗ ਨੂੰ ਮਿਲੇ ਅਤੇ ਉਹਨਾਂ ਨਾਲ ਮਿਲ ਕੇ ਉਹਨਾਂ ਦੀਆਂ ਅਕਾਂਖਿਆਵਾਂ, ਲੋੜਾਂ ਅਤੇ ਮਜਬੂਰੀਆਂ ਨੂੰ ਜਾਣਨ-ਸਮਝਣ ਦਾ ਉਪਰਾਲਾ ਕੀਤਾ। ਕਿਉਂਕਿ ਆਪ ਇਕ ਅਜਿਹਾ ਧਰਮ ਸਥਾਪਤ ਕਰਨਾ ਚਾਹੁੰਦੇ ਸਨ, ਜਿਸ ਵਿਚ ਵਿਅਕਤੀ ਨੂੰ ਜਿਉਂਦੇ ਰਹਿਣ ਲਈ ਕੋਈ ਉਚੇਚਾ ਪ੍ਰਯਤਨ (ਭੇਖ, ਪਾਖੰਡ, ਹਿੰਸਾ, ਠੱਗੀ, ਚੋਰੀ) ਆਦਿ ਨਾ ਕਰਨਾ ਪਵੇ ਬਲਕਿ ਸਹਿਜ ਸੁਭਾਵਿਕ ਰੂਪ ਵਿਚ ਹੀ ਉਸ ਦੀਆਂ ਲੋੜਾਂ ਪੂਰੀਆਂ ਹੁੰਦੀਆਂ ਰਹਿਣ; ਉਸ ਦੀਆਂ ਲੋੜਾਂ ਅਤੇ ਸਮਾਜਕ ਪ੍ਰਬੰਧ ਵਿਚਲਾ ਫ਼ਾਸਲਾ ਹੀ ਮੁੱਕ ਜਾਵੇ।

ਬਾਬਰ ਨੇ ਹਿੰਦੁਸਤਾਨ ਉਪਰ ਕਈ ਹਮਲੇ ਕੀਤੇ। ਉਸ ਨੇ ਸਭ ਤੋਂ ਪਹਿਲਾ ਹਮਲਾ 1519 ਈ. ਵਿਚ ਕੀਤਾ ਪਰ ਉਹ ਹਾਰ ਕੇ ਵਾਪਸ ਚਲਾ ਗਿਆ। ਦੂਜਾ ਹਮਲਾ 1520 ਈ. ਵਿਚ ਕੀਤਾ ਅਤੇ ਇਸ ਵਾਰ ਵੀ ਉਸ ਨੇ ਪੰਜਾਬ ਦੇ ਕਾਫ਼ੀ ਇਲਾਕੇ ਨੂੰ ਜਿੱਤ ਲਿਆ। ਪਰ ਇਸ ਵਾਰ ਵੀ ਉਹ ਪੰਜਾਬ ਤੋਂ ਹੀ ਵਾਪਸ ਪਰਤ ਗਿਆ। ਤੀਜਾ ਹਮਲਾ 1523 ਈ. ਵਿਚ ਕੀਤਾ ਅਤੇ ਚੌਥਾ ਹਮਲਾ ਅਪਰੈਲ 1526 ਈ. ਵਿਚ ਕੀਤਾ। ਇਸ ਵਾਰ ਉਸ ਨੇ ਇਬਰਾਹੀਮ ਲੋਧੀ ਦੀਆਂ ਫ਼ੌਜਾਂ

ਨੂੰ ਹਰਾ ਕੇ ਦਿੱਲੀ ਅਤੇ ਆਗਰੇ ਉਪਰ ਕਬਜ਼ਾ ਕਰ ਲਿਆ। ਇਸ ਤੋਂ ਬਾਅਦ ਹੌਲੀ-ਹੌਲੀ ਉਸ ਨੇ ਆਪਣੇ ਸਾਮਰਾਜ ਨੂੰ ਵਧਾਉਣਾ ਸ਼ੁਰੂ ਕਰ ਦਿੱਤਾ ਅਤੇ ਦੋ-ਤਿੰਨ ਵਰ੍ਹਿਆਂ ਦੇ ਅਰਸੇ ਵਿਚ ਪੂਰੇ ਉਤਰੀ ਭਾਰਤ ਉਪਰ ਆਪਣਾ ਰਾਜ ਸਥਾਪਤ ਕਰ ਲਿਆ।

ਬਾਬਰ ਮੰਗੋਲਾਂ ਦੀ ਵੰਸ਼ ਵਿਚੋਂ ਸੀ ਅਤੇ ਇਸੇ ਲਈ ਉਸ ਨੂੰ ਮੁਗ਼ਲ ਵੀ ਕਿਹਾ ਜਾਂਦਾ ਸੀ ਪਰ ਉਹ ਆਪਣੇ ਆਪ ਨੂੰ 'ਚੁਗਤਾ' ਅਖਵਾ ਕੇ ਖ਼ੁਸ਼ ਸੀ। ਉਹ ਫਰਗਨਾ ਦਾ ਰਾਜਾ ਸੀ ਅਤੇ ਉਸ ਨੇ ਸਮਰਕੰਦ ਅਤੇ ਬੁਖ਼ਾਰਾ ਆਦਿਕ ਉਪਰ ਵੀ ਕਬਜ਼ਾ ਕਰ ਲਿਆ ਸੀ। ਪਰੰਤੂ 1501 ਈ. ਵਿਚ ਉਸ ਨੂੰ ਚੰਗੇਜ਼ ਖ਼ਾਨ ਦੇ ਇਕ ਉਤਰਾਧਿਕਾਰੀ ਸ਼ੇਬਾਨੀ ਖ਼ਾਨ ਉਜ਼ਬੇਕ ਨੇ ਹਰਾ ਕੇ ਇਸ ਖੇਤਰ ਵਿਚੋਂ ਬਾਹਰ ਕੱਢ ਦਿੱਤਾ। ਇਸ ਪਿੱਛੋਂ ਬਾਬਰ ਅਫ਼ਗ਼ਾਨਿਸਤਾਨ ਵਿਚ ਆ ਗਿਆ ਅਤੇ ਕਾਬਲ ਨੂੰ ਆਪਣੀ ਰਾਜਧਾਨੀ ਬਣਾ ਕੇ ਹਿੰਦੁਸਤਾਨ ਨੂੰ ਫ਼ਤਹਿ ਕਰਨ ਦੇ ਸੁਪਨੇ ਲੈਣ ਲੱਗਾ। ਆਖ਼ਰ 1526 ਈ. ਵਿਚ ਉਸ ਦੇ ਸੁਪਨੇ ਪੂਰੇ ਹੋ ਗਏ ਅਤੇ ਉਹ ਹਿੰਦੁਸਤਾਨ ਵਰਗੇ ਵਿਸ਼ਾਲ ਦੇਸ਼ ਦਾ ਸ਼ਹਿਨਸ਼ਾਹ ਬਣ ਗਿਆ। ਬਾਬਰ ਦੇ ਜਿਸ ਹਮਲੇ ਦਾ ਜ਼ਿਕਰ 'ਬਾਬਰਵਾਣੀ' ਵਿਚ ਹੋਇਆ ਹੈ, ਉਹ ਉਸ ਦਾ ਦੂਜਾ ਹਮਲਾ (1520 ਈ.) ਸੀ ਅਤੇ ਇਸ ਸਮੇਂ ਗੁਰੂ ਨਾਨਕ ਦੇਵ ਜੀ ਅਪਾਣੀ ਤੀਜੀ ਉਦਾਸੀ ਮੁਕੰਮਲ ਕਰਦੇ ਹੋਏ ਮੱਕਾ-ਮਦੀਨਾ ਅਤੇ ਬਗ਼ਦਾਦ ਆਦਿਕ ਇਸਲਾਮਿਕ ਕੇਂਦਰਾਂ ਵਿਚੋਂ ਹੁੰਦੇ ਹੋਏ ਸੈਦਪੁਰ (ਏਮਨਾਬਾਦ) ਵਿਖੇ ਆਪਣੇ ਪਰਮ ਸਿੱਖ ਭਾਈ ਲਾਲੋ ਪਾਸ ਠਹਿਰੇ ਹੋਏ ਸਨ। ਇਸੇ ਲਈ ਆਪ ਭਾਈ ਲਾਲੋ ਨੂੰ ਸੰਬੋਧਨ ਕਰਦੇ ਹੋਏ ਫ਼ੁਰਮਾਉਂਦੇ ਹਨ :

**ਜੈਸੀ ਮੈ ਆਵੈ ਖਸਮ ਕੀ ਬਾਣੀ**
**ਤੈਸੜਾ ਕਰੀ ਗਿਆਨੁ ਵੇ ਲਾਲੋ ॥**
**ਪਾਪ ਕੀ ਜੰਞ ਲੈ ਕਾਬਲਹੁ ਧਾਇਆ**
**ਜੋਰੀ ਮੰਗੈ ਦਾਨੁ ਵੇ ਲਾਲੋ ॥**

*(ਤਿਲੰਗ ਮਹਲਾ ੧, ਪੰਨਾ 722)*

ਬਾਬਰ ਨੇ ਇਸ ਹਮਲੇ ਦੌਰਾਨ ਪੰਜਾਬ ਦੀ ਕਾਫ਼ੀ ਲੁੱਟ-ਮਾਰ ਕੀਤੀ ਅਤੇ ਸੈਦਪੁਰ ਵੀ ਉਸ ਦੀ ਲੁੱਟ-ਮਾਰ ਤੋਂ ਬਚਿਆ ਨਾ ਰਿਹਾ। ਸਿੱਖ ਇਤਿਹਾਸਕਾਰਾਂ ਅਨੁਸਾਰ ਬਾਬਰ ਨੇ ਬਹੁਤ ਸਾਰੇ ਲੋਕਾਂ ਨੂੰ ਆਪਣਾ ਬੰਦੀ ਬਣਾ ਲਿਆ ਸੀ ਅਤੇ ਉਸ ਨੇ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੂੰ ਬੰਦੀਵਾਨ ਬਣਾ ਕੇ ਚੱਕੀਆਂ ਪੀਹਣ ਲਗਾ ਦਿੱਤਾ ਸੀ। ਪਰੰਤੂ ਗੁਰੂ ਸਾਹਿਬ ਦੀ ਚੱਕੀ ਆਪਣੇ ਆਪ ਹੀ ਚੱਲਣ ਲੱਗ ਪਈ। ਇਹ ਵੇਖ ਕੇ ਜੇਲ੍ਹ ਦੇ ਕਰਮਚਾਰੀਆਂ ਨੇ ਬਾਬਰ ਨੂੰ ਜਾ ਖ਼ਬਰ ਦਿੱਤੀ। ਬਾਬਰ ਅਜਿਹੇ ਕਰਾਮਾਤੀ ਮਹਾਂਪੁਰਸ਼ ਨੂੰ ਮਿਲਣ ਵਾਸਤੇ ਆਪ ਹਾਜ਼ਰ ਹੋਇਆ ਅਤੇ ਗੁਰੂ ਜੀ ਤੋਂ ਖਿਮਾ ਜਾਚਨਾ ਕੀਤੀ। ਗੁਰੂ ਜੀ ਨੇ ਉਸ ਨੂੰ ਇਕ ਧਰਮੀ ਰਾਜੇ ਦਾ

ਕਰਤੱਵ ਸਮਝਾਇਆ ਅਤੇ ਸਾਰੇ ਕੈਦੀਆਂ ਨੂੰ ਰਿਹਾਅ ਕਰਨ ਦਾ ਉਪਦੇਸ਼ ਦਿੱਤਾ। ਬਾਬਰ ਨੇ ਗੁਰੂ ਜੀ ਦਾ ਉਪਦੇਸ਼ ਮੰਨ ਕੇ ਕੈਦੀਆਂ ਨੂੰ ਆਜ਼ਾਦ ਕਰ ਦਿੱਤਾ। ਇਹ ਵੇਰਵੇ ਸਿੱਖ ਇਤਿਹਾਸਕਾਰਾਂ ਨੇ ਤਾਂ ਬਿਆਨ ਕੀਤੇ ਹਨ ਪਰੰਤੂ ਹੋਰ ਕਿਧਰੇ ਇਹਨਾਂ ਵੇਰਵਿਆਂ ਦੀ ਪੁਸ਼ਟੀ ਨਹੀਂ ਹੁੰਦੀ। ਗੁਰੂ ਨਾਨਕ ਦੇਵ ਜੀ ਦੀ ਆਪਣੀ ਬਾਣੀ ਵਿਚ ਵੀ ਇਸ ਤਰ੍ਹਾਂ ਦਾ ਕੋਈ ਸੰਕੇਤ ਦ੍ਰਿਸ਼ਟੀਗੋਚਰ ਨਹੀਂ ਹੁੰਦਾ। ਸੋ ਇਹ ਵੇਰਵੇ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਦੇ ਬਾਰੇ ਵਿਚ ਲੋਕਯਾਨਿਕ-ਸਮੱਗਰੀ ਪੇਸ਼ ਕਰਨ ਵਾਲਾ ਇਤਿਹਾਸ ਹੀ ਹੈ। ਇਸ ਕਰਕੇ ਇਹਨਾਂ ਵੇਰਵਿਆਂ ਨੂੰ ਲੋਕਯਾਨ ਦੀ ਮਰਿਆਦਾ ਅਨੁਸਾਰ ਹੀ ਡੀਕੋਡ ਕਰਨਾ ਚਾਹੀਦਾ ਹੈ। ਪਰੰਤੂ ਗੁਰੂ ਜੀ ਨੇ ਬਾਬਰ ਦੇ ਹਮਲਿਆਂ ਨਾਲ ਸੰਬੰਧ ਬਹੁਤ ਸਾਰੇ ਇਤਿਹਾਸਕ ਵੇਰਵੇ ਆਪ ਵੀ ਪੇਸ਼ ਕੀਤੇ ਹਨ। ਆਪ ਨੇ ਇਕ ਨਿਪੁੰਨ ਇਤਿਹਾਸਕਾਰ ਵਾਂਗ ਬਾਬਰ ਦੇ ਪਿਛੋਕੜ ਬਾਰੇ ਬਿਲਕੁਲ ਸਹੀ ਤੱਥ ਬਿਆਨ ਕੀਤੇ ਹਨ। ਦੇਖੋ :

**ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥**
**ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥**

*(ਆਸਾ ਮਹਲਾ ੧, ਪੰਨਾ 360)*

ਬਾਬਰ ਦਾ ਪਿਛੋਕੜ 'ਖੁਰਾਸਾਨ' ਦੱਸਣਾ ਅਤੇ ਉਸ ਨੂੰ ਇਕ 'ਮੁਗ਼ਲ ਰਾਜੇ' ਦੇ ਰੂਪ ਵਿਚ ਬਿਆਨ ਕਰਨਾ ਦਰਸਾਉਂਦਾ ਹੈ ਕਿ ਗੁਰੂ ਜੀ ਨੂੰ ਇਤਿਹਾਸਕ ਤੱਥਾਂ ਬਾਰੇ ਬੜੀ ਤੀਖਣ ਸੂਝ ਸੀ। ਇਹਨਾਂ ਵੇਰਵਿਆਂ ਤੋਂ ਬਿਨਾਂ ਵੀ ਗੁਰੂ ਜੀ ਨੂੰ ਆਪਣੇ ਸਮਕਾਲੀ ਯੁਗ ਦੇ ਇਤਿਹਾਸ ਬਾਰੇ ਬਹੁਤ ਕੁਝ ਮਾਲੂਮ ਸੀ। ਆਪ ਜਾਣਦੇ ਸਨ ਕਿ ਲੋਧੀ ਵੰਸ਼ ਦੇ ਰਾਜਿਆਂ ਦੀ ਹਾਰ ਦਾ ਵੱਡਾ ਕਾਰਨ ਉਹਨਾਂ ਦਾ ਅਯੋਗ ਰਾਜ-ਪ੍ਰਬੰਧ ਅਤੇ ਢਿੱਲੀ ਕਾਰਜ-ਕੁਸ਼ਲਤਾ ਸੀ। ਮੁਗ਼ਲ ਬਾਦਸ਼ਾਹ ਬਾਬਰ ਨੇ 1519 ਈ. ਤੋਂ ਭਾਰਤ ਨੂੰ ਆਪਣਾ ਨਿਸ਼ਾਨਾ ਬਣਾਇਆ ਹੋਇਆ ਸੀ। 1526 ਈ. ਤਕ ਉਸ ਨੇ ਭਾਰਤ ਉੱਤੇ ਚਾਰ-ਪੰਜ ਹਮਲੇ ਕੀਤੇ ਸਨ ਪਰੰਤੂ ਪਠਾਣ ਰਾਜੇ ਉਸ ਦੇ ਇਰਾਦਿਆਂ ਨੂੰ ਭਾਂਪ ਸਕਣ ਵਿਚ ਅਸਮਰੱਥ ਰਹੇ। ਉਹਨਾਂ ਨੇ ਬਾਬਰ ਨੂੰ ਰੋਕਣ ਲਈ ਕਿਸੇ ਪ੍ਰਕਾਰ ਦੀ ਸੈਨਿਕ ਯੋਜਨਾ ਨਾ ਬਣਾਈ। ਇਸ ਦੇ ਵਿਪਰੀਤ ਬਾਬਰ ਹਰ ਵਾਰ ਨਵੀਂ ਯੋਜਨਾ ਬਣਾ ਕੇ ਹਮਲੇ ਕਰਦਾ ਸੀ। ਇਹੀ ਕਾਰਨ ਹੈ ਕਿ ਅੰਤ ਵਿਚ ਉਸ ਦੀ ਸੈਨਿਕ ਯੋਗਤਾ ਰੰਗ ਲਿਆਈ ਅਤੇ ਉਸ ਨੇ ਭਾਰਤ ਵਰਸ਼ ਵਿਚ ਇਕ ਇਹੋ ਜਿਹਾ ਵਿਸ਼ਾਲ ਰਾਜ ਸਥਾਪਤ ਕਰ ਲਿਆ ਜੋ ਲਗਭਗ ਢਾਈ ਸੌ ਵਰ੍ਹੇ ਤਕ ਚੱਲਦਾ ਰਿਹਾ।

ਦੂਜੇ ਪਾਸੇ ਪਠਾਣ ਰਾਜਿਆਂ ਦੀ ਬੱਸ ਏਨੀ ਕੁ ਤਿਆਰੀ ਹੁੰਦੀ ਸੀ ਕਿ ਉਹ ਪੀਰਾਂ-ਫ਼ਕੀਰਾਂ ਨੂੰ ਧਿਆ ਲੈਂਦੇ ਸਨ, ਕੁਝ ਜਾਦੂ-ਟੂਣੇ ਕਰਵਾ ਲੈਂਦੇ ਸਨ। ਬੱਸ ਏਨੇ ਨਾਲ ਹੀ ਉਹਨਾਂ ਦੀ ਤਸੱਲੀ ਹੋ ਜਾਂਦੀ ਹੈ। ਇਹੋ ਜਿਹੇ ਜਾਦੂ-ਟੂਣੇ ਕਰਨ ਵਾਲੇ ਲੋਕ ਅਤੇ ਪੀਰ-ਫ਼ਕੀਰ ਰਾਜਿਆਂ ਨੂੰ ਧੀਰਜ ਦਿੰਦੇ ਹੋਏ ਕਹਿੰਦੇ ਸਨ ਕਿ

ਅਸੀਂ ਐਸੇ ਮੰਤਰ ਪੜ੍ਹਾਂਗੇ ਕਿ ਸਾਰੀ ਦੀ ਸਾਰੀ ਮੁਗ਼ਲ ਫ਼ੌਜ ਅੰਨ੍ਹੀ ਹੋ ਜਾਵੇਗੀ। ਤੁਹਾਨੂੰ ਕੁਝ ਵੀ ਕਰਨ ਦੀ ਲੋੜ ਹੀ ਨਹੀਂ ਪੈਣੀ। ਸੈਦਪੁਰ ਉਪਰ ਹੋਏ ਬਾਬਰ ਦੇ ਹਮਲੇ ਸਮੇਂ ਵੀ ਪੀਰਾਂ ਨੇ ਕੁਝ ਇਹੋ ਜਿਹਾ ਭਰੋਸਾ ਹੀ ਦਿੱਤਾ ਸੀ ਜਿਸ ਦੀ ਆਲੋਚਨਾ ਕਰਦਿਆਂ ਹੋਇਆਂ ਗੁਰੂ ਸਾਹਿਬ ਨੇ ਫ਼ੁਰਮਾਇਆ ਸੀ :

**ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ ॥**
**ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ ॥**
**ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ ॥**

*(ਆਸਾ ਮਹਲਾ ੧, ਪੰਨਾ 417)*

ਇਤਿਹਾਸ ਦੇ ਪ੍ਰਸੰਗ ਵਿਚ ਗੁਰੂ ਜੀ ਦੀ ਦ੍ਰਿਸ਼ਟੀ ਭਵਿੱਖ-ਦਰਸ਼ੀ ਸੀ। ਆਪ ਮੌਜੂਦਾ ਪਰਿਸਥਿਤੀਆਂ ਦਾ ਵਿਸ਼ਲੇਸ਼ਣ ਕਰਨ ਉਪਰੰਤ ਭਵਿੱਖਮੁਖੀ ਨਿਰਣੇ ਵੀ ਦੇ ਸਕਦੇ ਸਨ। ਗੁਰੂ ਜੀ ਜਾਣਦੇ ਸਨ ਕਿ ਬਾਬਰ ਦਾ ਪੁੱਤਰ ਹਮਾਯੂੰ ਅਯੋਗ ਅਤੇ ਕਮਜ਼ੋਰ ਵਾਰਸ ਸਿੱਧ ਹੋਵੇਗਾ। ਹਿੰਦੁਸਤਾਨ ਉੱਤੇ ਕਬਜ਼ਾ ਕਰਨ ਸਮੇਂ ਬਾਬਰ ਲਗਭਗ 42 ਵਰ੍ਹਿਆਂ ਦਾ ਹੋ ਚੁੱਕਾ ਸੀ ਅਤੇ ਇਸ ਉਮਰ ਵਿਚ ਯੋਧਿਆਂ ਦੀ ਸ਼ਕਤੀ ਖੀਣ ਹੋਣ ਲੱਗਦੀ ਹੈ। ਬਾਬਰ ਨੇ ਅੱਠ-ਦਸ ਵਰ੍ਹੇ ਹਿੰਦੁਸਤਾਨ ਉੱਤੇ ਰਾਜ ਕੀਤਾ ਅਤੇ ਉਸ ਤੋਂ ਬਾਅਦ ਹਮਾਯੂੰ ਤਖ਼ਤ ਉਪਰ ਬੈਠ ਗਿਆ। ਪਰ ਉਸ ਦੇ ਤਖ਼ਤ ਉਪਰ ਬੈਠਦਿਆਂ ਹੀ ਲਾਹੌਰ, ਗੁਜਰਾਤ ਅਤੇ ਦੇਸ਼ ਦੇ ਹੋਰ ਕਈ ਹਿੱਸਿਆਂ ਵਿਚ ਬਗ਼ਾਵਤਾਂ ਸ਼ੁਰੂ ਹੋ ਗਈਆਂ। ਇਕ ਅਫ਼ਗ਼ਾਨ ਯੋਧੇ ਸ਼ੇਰ ਸ਼ਾਹ ਸੂਰੀ ਨੇ 1540 ਈ. ਵਿਚ ਹਮਾਯੂੰ ਨੂੰ ਕਨੌਜ ਦੇ ਸਥਾਨ 'ਤੇ ਹਰਾ ਕੇ ਦਿੱਲੀ ਦੇ ਤਖ਼ਤ ਉਪਰ ਕਬਜ਼ਾ ਕਰ ਲਿਆ। ਇਸ ਇਤਿਹਾਸਕ ਘਟਨਾ ਬਾਰੇ ਪੂਰਵਾਨੁਮਾਨ ਲਗਾਉਂਦੇ ਹੋਏ ਗੁਰੂ ਜੀ ਭਵਿੱਖਬਾਣੀ ਕਰਦੇ ਹਨ :

**ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ ॥**
**ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ ॥**

*(ਤਿਲੰਗ ਮਹਲਾ , ਪੰਨਾ 722)*

ਗੁਰੂ ਨਾਨਕ ਦੇਵ ਜੀ ਨੂੰ ਉਸ ਸਮੇਂ ਦੇ ਰਾਜਿਆਂ ਦੀ ਯੁੱਧ-ਸ਼ੈਲੀ ਦਾ ਵੀ ਭਰਪੂਰ ਗਿਆਨ ਸੀ। ਆਪ ਨੇ ਮੁਗ਼ਲਾਂ ਅਤੇ ਪਠਾਣਾਂ ਦੀ ਯੁੱਧ-ਸ਼ੈਲੀ ਦਾ ਇਕ ਬੜਾ ਮਹੱਤਵਪੂਰਨ ਬਿੰਬ ਪੇਸ਼ ਕੀਤਾ ਹੈ। ਦੇਖੋ :

**ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ ਵਗਾਈ ॥**
**ਓਨ੍ਹੀ ਤੁਪਕ ਤਾਣਿ ਚਲਾਈ ਓਨ੍ਹੀ ਹਸਤਿ ਚਿੜਾਈ ॥**
**ਜਿਨ੍ ਕੀ ਚੀਰੀ ਦਰਗਹ ਪਾਟੀ ਤਿਨ੍ਾ ਮਰਣਾ ਭਾਈ ॥**

*(ਆਸਾ ਮਹਲਾ ੧, ਪੰਨਾ 417)*

ਗੁਰੂ ਸਾਹਿਬ ਨੇ ਮੁਗ਼ਲਾਂ ਅਤੇ ਪਠਾਣਾਂ ਦੇ ਦਰਮਿਆਨ ਹੋਈ ਲੜਾਈ ਦਾ

ਨਕਸ਼ਾ ਬੱਸ ਏਨੀਆਂ ਕੁ ਪੰਕਤੀਆਂ ਵਿਚ ਪੇਸ਼ ਕੀਤਾ ਹੈ ਪਰੰਤੂ ਇਹਨਾਂ ਵਿਚ ਪੇਸ਼ ਕੀਤੇ ਗਏ ਵੇਰਵੇ ਏਨੇ ਮਹੱਤਵਪੂਰਨ ਹਨ ਕਿ ਦੋਹਾਂ ਧਿਰਾਂ ਦੀ ਯੁੱਧ-ਸ਼ੈਲੀ ਬਾਰੇ ਭਰਪੂਰ ਜਾਣਕਾਰੀ ਮਿਲ ਜਾਂਦੀ ਹੈ। ਲੜਾਈ ਵਿਚ ਮੁਗ਼ਲ ਤੋਪਖ਼ਾਨੇ ਦਾ ਪ੍ਰਯੋਗ ਕਰ ਰਹੇ ਸਨ ਅਤੇ ਉਹਨਾਂ ਦੀ ਯੁੱਧ-ਕਲਾ ਦਾ ਸਾਰਾ ਦਾਰੋਮਦਾਰ ਇਸ ਤੋਪਖ਼ਾਨੇ ਉੱਪਰ ਹੀ ਕੇਂਦਰਿਤ ਸੀ ਜਦੋਂ ਕਿ ਪਠਾਣ ਫ਼ੌਜ ਨੇ ਆਪਣੇ ਹਾਥੀਖ਼ਾਨੇ ਉਪਰ ਟੇਕ ਰੱਖੀ ਹੋਈ ਸੀ। ਪਿਛਲੇ ਮੱਧਕਾਲ ਵਿਚ ਇਹ ਸਿੱਧ ਹੋ ਗਿਆ ਸੀ ਕਿ ਘੋੜਸਵਾਰ ਫ਼ੌਜ ਹੋਰ ਸਾਰੇ ਵਸੀਲਿਆਂ ਉੱਤੇ ਭਾਰੂ ਸਿੱਧ ਹੁੰਦੀ ਹੈ। ਹਾਥੀ ਕਈ ਵਾਰ ਜਿੱਤੀ ਜਾ ਰਹੀ ਬਾਜ਼ੀ ਨੂੰ ਵੀ ਹਰਾ ਦਿੰਦੇ ਹਨ। ਮੁਗ਼ਲਾਂ ਪਾਸ ਬਹੁਤ ਚੰਗੀ ਨਸਲ ਦੇ ਘੋੜੇ ਸਨ ਅਤੇ ਨਾਲ ਹੀ ਇਕ ਤੋਪਖ਼ਾਨਾ ਵੀ ਸੀ, ਜਿਸ ਦੀ ਮਦਦ ਨਾਲ ਮੁਗ਼ਲ ਯੋਧੇ ਦੂਰ ਤੋਂ ਹੀ ਆਪਣੇ ਦੁਸ਼ਮਣਾਂ ਦਾ ਸਫ਼ਾਇਆ ਕਰ ਸਕਦੇ ਸਨ। ਪਠਾਣ ਦੂਰ-ਅੰਦੇਸ਼ ਯੋਧੇ ਨਹੀਂ ਸਨ। ਇਸ ਲਈ ਉਹ ਘਸੇ-ਪਿਟੇ ਹਥਿਆਰਾਂ ਅਤੇ ਪੁਰਾਤਨ ਵਾਹਨਾਂ ਨਾਲ ਯੁੱਧ ਲੜ ਰਹੇ ਸਨ। ਇਸ ਲਈ ਉਹਨਾਂ ਦਾ ਹਾਰਨਾ ਨਿਸਚਿਤ ਹੀ ਸੀ, ਸੋ ਉਹ ਹਾਰ ਗਏ।

ਗੁਰੂ ਜੀ ਨੇ ਯੁੱਧ ਦੀ ਭੀਸ਼ਣਤਾ ਅਤੇ ਵਿਕਰਾਲਤਾ ਦਾ ਵੀ ਬੜਾ ਕਰੁਣਾਮਈ ਦ੍ਰਿਸ਼ ਪੇਸ਼ ਕੀਤਾ ਹੈ। ਇਸ ਮੰਤਵ ਲਈ ਉਹਨਾਂ ਨੇ ਇਸਤਰੀਆਂ ਦੀ ਬੇਪੱਤੀ ਅਤੇ ਬੱਚਿਆਂ ਦੀ ਭੁੱਖ ਨੂੰ ਕੇਂਦਰੀ ਮੈਟਾਫ਼ਰ ਬਣਾਇਆ ਹੈ। ਯੁੱਧ ਦੇ ਦਿਨਾਂ ਵਿਚ ਹਰ ਧਿਰ ਦੀ ਸਭ ਤੋਂ ਵੱਡੀ ਖ਼ਾਹਿਸ਼ ਇਹੀ ਹੁੰਦੀ ਹੈ ਕਿ ਉਹ ਦੂਸਰੀ ਧਿਰ ਦੀਆਂ ਔਰਤਾਂ ਨਾਲ ਬਲਾਤਕਾਰ ਕਰੇ ਅਤੇ ਉਹਨਾਂ ਦਾ ਅਪਮਾਨ ਕਰੇ। ਜਿਹਨਾਂ ਔਰਤਾਂ ਦੇ ਸੁਹਾਗ ਯੁੱਧ ਵਿਚ ਮਾਰੇ ਜਾਂਦੇ ਹਨ, ਉਹ ਆਪਣੀ ਸੁੱਧ-ਬੁੱਧ ਖੋ ਕੇ ਮੋਇਆਂ ਦੀ ਯਾਦ ਵਿਚ ਵਿਰਲਾਪ ਕਰਨ ਲੱਗਦੀਆਂ ਹਨ। ਇਸੇ ਤਰ੍ਹਾਂ ਬੱਚੇ ਵੀ ਭੁੱਖ-ਪਿਆਸ ਨਾਲ ਵਿਲਕਦੇ ਦਿਖਾਈ ਦਿੰਦੇ ਹਨ। ਗੁਰੂ ਜੀ ਨੇ ਇਕ ਅਮਨ ਪਸੰਦ ਰਹਿਬਰ ਵਾਂਗ ਜੰਗਾਂ-ਯੁੱਧਾਂ ਦੇ ਨਕਾਰਾਤਮਕ ਪਹਿਲੂਆਂ ਨੂੰ ਬਾਖ਼ੂਬੀ ਪੇਸ਼ ਕੀਤਾ ਹੈ। ਦੇਖੋ :

**ਧਨੁ ਜੋਬਨੁ ਦੁਇ ਵੈਰੀ ਹੋਏ ਜਿਨੑੀ ਰਖੇ ਰੰਗੁ ਲਾਇ ॥**
**ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ ॥...**
**ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ ॥**
**ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ ॥**

*(ਰਾਗੁ ਆਸਾ ਮਹਲਾ ੧, ਪੰਨਾ 417)*

ਗੁਰੂ ਜੀ ਆਪਣੇ ਯੁੱਗ ਦੇ ਸਭਿਆਚਾਰ ਦੀ ਹਰ ਰਸਮ ਅਤੇ ਰੀਤ ਨੂੰ ਬੜੇ ਸਜੀਵ ਢੰਗ ਨਾਲ ਰੂਪਮਾਨ ਕਰਦੇ ਹਨ। ਸੁਹਾਗਣ ਔਰਤਾਂ ਦੇ ਹਾਰ-ਸ਼ਿੰਗਾਰ ਬਾਰੇ ਉਹਨਾਂ ਦਾ ਗਿਆਨ ਹਰ ਪੱਖ ਤੋਂ ਸੰਪੂਰਨ ਹੈ। ਆਪ ਇਸ ਬਾਣੀ ਵਿਚ ਸੰਕੇਤ ਕਰਦੇ ਹਨ ਕਿ ਸੱਜ-ਵਿਆਹੀਆਂ ਔਰਤਾਂ ਨੇ ਆਪਣੇ ਕੇਸਾਂ ਦਾ ਸ਼ਿੰਗਾਰ ਬੜੀ

ਰੀਝ ਨਾਲ ਕੀਤਾ ਹੋਇਆ ਸੀ। ਸਿਰ ਦੇ ਵਾਲਾਂ ਨੂੰ ਪੱਟੀਆਂ ਦੇ ਰੂਪ ਵਿਚ ਜਮਾਇਆ ਹੋਇਆ ਸੀ। ਮਾਂਗਾਂ ਸੰਧੂਰ ਨਾਲ ਲਿਸ਼ਕ ਰਹੀਆਂ ਸਨ। ਵੀਣੀਆਂ ਵਿਚ ਹਾਥੀ ਦੰਦ ਦੇ ਚੂੜੇ ਸੋਭ ਰਹੇ ਸਨ। ਗਰਦਨਾਂ ਵਿਚ ਮੋਤੀਆਂ ਦੇ ਹਾਰ ਪਹਿਨੇ ਹੋਏ ਸਨ। ਅਨੇਕ ਬਾਂਦੀਆਂ ਉਹਨਾਂ ਦੀ ਸੇਵਾ ਵਿਚ ਤਤਪਰ ਰਹਿੰਦੀਆਂ ਸਨ। ਖਾਣ ਵਾਸਤੇ ਗਿਰੀਆਂ ਅਤੇ ਛੁਹਾਰਿਆਂ ਦੀਆਂ ਤਸ਼ਤਰੀਆਂ ਸਾਹਮਣੇ ਪਈਆਂ ਰਹਿੰਦੀਆਂ ਸਨ। ਇਹਨਾਂ ਸੱਜ-ਵਿਆਹੀਆਂ ਔਰਤਾਂ ਨੇ ਜਦ ਪਹਿਲੀ ਵਾਰ ਸਹੁਰੇ ਘਰ ਪੈਰ ਪਾਇਆ ਸੀ ਤਾਂ ਸੱਸਾਂ ਨੇ ਬੜੇ ਪਿਆਰ ਨਾਲ ਇਹਨਾਂ ਦੇ ਸਿਰ ਤੋਂ ਪਾਣੀ ਵਾਰ ਕੇ ਪੀਤਾ ਸੀ। ਇਸੇ ਤਰ੍ਹਾਂ ਗੁਰੂ ਜੀ ਨੂੰ ਪੁਰਸ਼ਾਂ ਦੇ ਮਨ-ਪਰਚਾਵਿਆਂ ਅਤੇ ਖੇਡ-ਤਮਾਸ਼ਿਆਂ ਦਾ ਵੀ ਭਰਪੂਰ ਗਿਆਨ ਹੈ। ਪੁਰਸ਼ਾਂ ਦੇ ਹਾਰ-ਸ਼ਿੰਗਾਰ ਅਤੇ ਖੇਡ-ਤਮਾਸ਼ਿਆਂ ਦਾ ਵਰਣਨ ਕਰਦੇ ਹੋਏ ਆਪ ਲਿਖਦੇ ਹਨ:

**ਕਹਾ ਸੁ ਖੇਲ ਤਬੇਲਾ ਘੋੜੇ ਕਹਾ ਭੇਰੀ ਸਹਨਾਈ ॥**
**ਕਹਾ ਸੁ ਤੇਗਬੰਦ ਗਾਡੇਰੜਿ ਕਹਾ ਸੁ ਲਾਲ ਕਵਾਈ ॥**
**ਕਹਾ ਸੁ ਆਰਸੀਆ ਮੁਹ ਬੰਕੇ ਐਥੈ ਦਿਸਹਿ ਨਾਹੀ ॥**

*(ਰਾਗੁ ਆਸਾ ਮਹਲਾ ੧, ਪੰਨਾ 417)*

## ਅਧਿਆਤਮਕ ਵਿਚਾਰਧਾਰਾ

ਬਾਬਰਵਾਣੀ ਦੇ ਸ਼ਬਦਾਂ ਵਿਚ ਗੁਰੂ ਨਾਨਕ ਦੇਵ ਜੀ ਨੇ ਭਾਰਤ ਦੀ ਇਤਿਹਾਸਕ ਸਭਿਆਚਾਰਕ ਸਥਿਤੀ ਨੂੰ ਆਪਣੀ ਬਾਣੀ ਦਾ ਵਿਸ਼ਾ-ਵਸਤੂ ਬਣਾਇਆ ਹੈ। ਪੰਦਰ੍ਹਵੀਂ ਸਦੀ ਦੇ ਮੁੱਢਲੇ ਦਹਾਕਿਆਂ ਵਿਚ ਭਾਰਤ ਦੀ ਰਾਜਨੀਤਕ ਸਥਿਤੀ ਡਾਵਾਂਡੋਲ ਸੀ ਬੇਸ਼ੱਕ ਤੁਰਕ ਲੋਕ ਪਿਛਲੀਆਂ ਢਾਈ ਤਿੰਨ ਸਦੀਆਂ ਤੋਂ ਭਾਰਤ ਉਪਰ ਰਾਜ ਕਰ ਰਹੇ ਸਨ ਪਰੰਤੂ ਉਹਨਾਂ ਦੀ ਹਕੂਮਤ ਸਥਿਰ ਨਹੀਂ ਸੀ। ਹਿੰਦੂਆਂ ਅਤੇ ਮੁਸਲਮਾਨਾਂ ਵਿਚ ਬਹੁਤ ਵੱਡਾ ਪਾੜਾ ਸੀ। ਹਿੰਦੂ ਲੋਕ ਵਰਣ-ਵਿਵਸਥਾ ਦਾ ਸ਼ਿਕਾਰ ਸਨ ਅਤੇ ਮੁਸਲਮਾਨਾਂ ਵਿਚ ਵੀ ਦੋ ਗਰੁੱਪ ਬਣੇ ਹੋਏ ਸਨ। ਇਕ ਤਾਂ ਉਹ ਜੋ ਹਮਲਾਵਰਾਂ ਅਤੇ ਸ਼ਾਹੀ ਖ਼ਾਨਦਾਨ ਦੀ ਸੂਰਤ ਵਿਚ ਬਾਹਰ ਤੋਂ ਆਏ ਸਨ ਅਤੇ ਦੂਜੇ ਉਹ ਜਿਹਨਾਂ ਨੇ ਹਿੰਦੂ ਧਰਮ ਨੂੰ ਤਿਆਗ ਕੇ ਇਸਲਾਮ ਧਾਰਨ ਕੀਤਾ ਸੀ। ਇਹਨਾਂ ਵਿਚੋਂ ਪਹਿਲੇ ਗਰੁੱਪ ਦੇ ਲੋਕ ਆਪਣੇ ਆਪ ਨੂੰ ਸ੍ਰੇਸ਼ਠ ਅਤੇ ਉੱਚੇ ਸਮਝਦੇ ਸਨ। ਰਾਜ-ਪ੍ਰਬੰਧ ਦੇ ਖੇਤਰ ਵਿਚ ਵੀ ਪਹਿਲੇ ਗਰੁੱਪ ਨਾਲ ਸੰਬੰਧਤ ਲੋਕਾਂ ਨੂੰ ਹੀ ਚੰਗੇ ਪਦਾਂ ਉਪਰ ਨਿਯੁਕਤ ਕੀਤਾ ਜਾਂਦਾ ਸੀ। ਗੁਰੂ ਜੀ ਨੇ ਮਨੁੱਖ ਮਾਤਰ ਵਿਚ ਸਮਾਨਤਾ ਸਥਾਪਤ ਕਰਨ ਲਈ ਇਕ ਨਵੇਂ ਧਰਮ ਦਾ ਆਗਾਜ਼ ਕੀਤਾ ਸੀ ਅਤੇ ਇਸ ਨਵੇਂ ਧਰਮ ਵਿਚ ਆਪ ਨੇ ਦਾਰਸ਼ਨਿਕ ਅਤੇ ਨੈਤਿਕ ਸੰਕਲਪਾਂ ਨੂੰ ਵੀ ਇਕ ਨਵੀਂ ਅਤੇ ਰੈਡੀਕਲ ਪਰਿਭਾਸ਼ਾ ਪ੍ਰਦਾਨ ਕੀਤੀ।

ਗੁਰੂ ਸਾਹਿਬ ਇਕ ਪਰਮਾਤਮਾ ਨੂੰ ਸਾਰੀ ਸ੍ਰਿਸ਼ਟੀ ਦਾ ਕਰਤਾ ਅਥਵਾ ਸਿਰਜਣਹਾਰ ਮੰਨਦੇ ਸਨ ਅਤੇ ਪਰਮਾਤਮਾ ਤੋਂ ਛੁੱਟ ਕਿਸੇ ਦੇਵੀ-ਦੇਵਤੇ ਜਾਂ ਪੀਰ-ਪੈਗ਼ੰਬਰ ਦੀ ਹਸਤੀ ਨੂੰ ਸਵੀਕਾਰ ਨਹੀਂ ਕਰਦੇ ਸਨ। ਸਾਰੇ ਮਨੁੱਖ ਇਕ ਪਰਮਾਤਮਾ ਦੀ ਸਿਰਜਣਾ ਹੋਣ ਕਰਕੇ ਇਕ-ਸਮਾਨ ਸਨ ਅਤੇ ਆਪਸ ਵਿਚ ਭਾਈ-ਭਾਈ ਸਨ। ਇਉਂ ਸਮਾਨਤਾ ਅਤੇ ਭਾਈਚਾਰੇ ਦੇ ਸੰਕਲਪ ਨੂੰ ਸਮਾਜ ਦਾ ਬੁਨਿਆਦੀ ਅੰਗ ਮੰਨ ਕੇ ਆਪ ਨੇ ਸਮਾਜਕ ਅਤੇ ਧਾਰਮਿਕ ਖਿੱਚੋਤਾਣ ਨੂੰ ਅਰਥਹੀਣ ਸਿੱਧ ਕਰ ਦਿੱਤਾ। ਬਾਬਰਵਾਣੀ ਦੇ ਇਹਨਾਂ ਸ਼ਬਦਾਂ ਵਿਚ ਵੀ ਆਪ ਕਈ ਥਾਂ ਮਨੁੱਖ ਦੀ ਬਰਾਬਰੀ ਦੇ ਸੰਕਲਪ ਦੀ ਪੇਸ਼ਕਾਰੀ ਕਰਦੇ ਹਨ। ਦੇਖੋ :

**ਕਰਤਾ ਤੂੰ ਸਭਨਾ ਕਾ ਸੋਈ ॥**
**ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ॥**

*(ਆਸਾ ਮਹਲਾ ੧, ਪੰਨਾ 360)*

ਰਜਵਾੜਾਸ਼ਾਹੀ ਵਿਚੋਂ ਜਾਂ ਉੱਚੀ ਜਾਤ ਦਾ ਅਭਿਮਾਨ ਕਰਨ ਵਾਲੀਆਂ ਬ੍ਰਾਹਮਣ ਆਦਿਕ ਸ਼੍ਰੇਣੀਆਂ ਵਿਚੋਂ ਜਿਹੜੀਆਂ ਧਿਰਾਂ ਆਪਣੇ ਆਪ ਨੂੰ ਜਨਮ ਜਾਂ ਨਸਲ ਦੀ ਦ੍ਰਿਸ਼ਟੀ ਤੋਂ ਸ੍ਰੇਸ਼ਠ ਸਮਝਦੀਆਂ ਸਨ, ਗੁਰੂ ਜੀ ਨੇ ਉਹਨਾਂ ਉਪਰ ਖ਼ੂਬ ਵਿਅੰਗ ਕੱਸੇ ਹਨ। ਆਪ ਨੇ ਬਾਬਰ ਦੀ ਫ਼ੌਜ ਨੂੰ 'ਪਾਪ ਕੀ ਜੰਞ' ਕਿਹਾ ਅਤੇ ਉਸ ਦੇ ਲੜਾਕੇ ਸਿਪਾਹੀਆਂ ਨੂੰ 'ਕੁੱਤੇ' ਘੋਸ਼ਿਤ ਕੀਤਾ, ਜਿਹੜੇ ਰਤਨਾਂ ਵਰਗੇ ਬਹੁਮੁੱਲੇ ਆਦਮੀਆਂ ਦੀ ਹੱਤਿਆ ਦੇ ਭਾਗੀ ਸਨ। (ਰਤਨ ਵਿਗਾੜਿ ਵਿਗੋਏ ਕੁਤੀ...') ਇਥੋਂ ਤਕ ਕਿ ਬਾਬਰ ਨੂੰ ਵੀ ਨਹੀਂ ਬਖ਼ਸ਼ਿਆ। ਜ਼ਹੀਰਉੱਦੀਨ ਨਾਮ ਦੇ ਇਸ ਰਾਜੇ ਨੇ ਬਾਬਰ (ਮਹਾਨ, ਵੱਡਾ) ਦੀ ਉਪਾਧੀ ਧਾਰਨ ਕਰ ਕੇ ਹਿੰਦੁਸਤਾਨ ਦੀ ਸਲਤਨਤ ਸੰਭਾਲੀ ਹੋਈ ਸੀ। ਉਸ ਦੇ ਪ੍ਰਥਾਇ ਗੁਰੂ ਜੀ ਇਸ ਤਰ੍ਹਾਂ ਫ਼ੁਰਮਾ ਰਹੇ ਹਨ :

**ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ ॥**
**ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈ ਦਾਣੇ ॥**

*(ਆਸਾ ਮਹਲਾ ੧, ਪੰਨਾ 360)*

ਪਰਮਾਤਮਾ ਦੇ ਸਰੂਪ ਅਤੇ ਕਾਰਜ-ਸ਼ੈਲੀ ਨੂੰ ਦਰਸਾਉਣ ਲਈ ਗੁਰੂ ਜੀ ਨੇ 'ਬਾਬਰਵਾਣੀ' ਵਿਚ ਕਈ ਵਿਲੱਖਣ ਟਿੱਪਣੀਆਂ ਵੀ ਕੀਤੀਆਂ ਹਨ। ਪਹਿਲੀ ਟਿੱਪਣੀ ਪਰਮਾਤਮਾ ਦੀ ਨਿਆਇ-ਪ੍ਰਣਾਲੀ ਦੇ ਬਾਰੇ ਵਿਚ ਹੈ। ਗੁਰੂ ਜੀ ਦਾ ਵਿਚਾਰ ਹੈ ਕਿ ਪਰਮਾਤਮਾ ਮਨਮੁੱਖਾਂ, ਅਭਿਮਾਨੀਆਂ ਅਤੇ ਆਤਮ ਕੇਂਦਰਿਤ ਲੋਕਾਂ ਨੂੰ ਹੀ ਸਜ਼ਾ ਦਿੰਦਾ ਹੈ। ਜਿਹੜੇ ਮਨੁੱਖ ਹਰ ਸਥਿਤੀ ਵਿਚ ਪਰਮਾਤਮਾ ਨੂੰ ਯਾਦ ਰੱਖਦੇ ਹਨ, ਉਸ ਦਾ ਸਿਮਰਨ ਕਰਦਾ ਰਹਿੰਦੇ ਹਨ, ਉਹ ਉਸ ਦੀ ਸਜ਼ਾ ਦੇ ਭਾਗੀ ਨਹੀਂ ਬਣਦੇ ਪਰ ਜਿਹੜੇ ਲੋਕ ਐਸ਼ੋ-ਇਸ਼ਰਤ ਵਿਚ ਪੈ ਕੇ ਜਾਂ ਮਾਇਆ ਦੇ ਮੋਹ

ਵਿਚ ਫਸ ਕੇ ਪਰਮਾਤਮਾ ਨੂੰ ਵਿਸਾਰ ਦਿੰਦੇ ਹਨ, ਉਹਨਾਂ ਨੂੰ ਜ਼ਰੂਰ ਸਜ਼ਾ ਮਿਲਦੀ ਹੈ। ਇਸ ਪ੍ਰਸੰਗ ਵਿਚ ਆਪ ਦਾ ਫ਼ੁਰਮਾਨ ਹੈ:

**ਧਨੁ ਜੋਬਨੁ ਦੁਇ ਵੈਰੀ ਹੋਏ ਜਿਨ੍ਹੀ ਰਖੇ ਰੰਗੁ ਲਾਇ ॥**
**ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ ॥**
**ਜੇ ਤਿਸੁ ਭਾਵੈ ਦੇ ਵਡਿਆਈ ਜੇ ਭਾਵੈ ਦੇਇ ਸਜਾਇ ॥**
**ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ ॥**

*(ਰਾਗੁ ਆਸਾ ਮਹਲਾ ੧, ਪੰਨਾ 417)*

ਅਰਥਾਤ ਧਨ ਅਤੇ ਜੋਬਨ ਉੱਤੇ ਮਾਨ ਕਰਨ ਵਾਲੇ ਵਿਅਕਤੀਆਂ ਨੂੰ ਜਮਦੂਤ ਪਕੜ ਕੇ ਲੈ ਜਾਂਦੇ ਹਨ। ਇਹਨਾਂ ਲੋਕਾਂ ਨੇ ਆਪਣੇ ਅਭਿਮਾਨ ਵਿਚ ਪ੍ਰਭੂ ਨੂੰ ਵਿਸਾਰ ਰੱਖਿਆ ਸੀ, ਇਸੇ ਕਾਰਨ ਉਹਨਾਂ ਨੂੰ ਸਜ਼ਾ ਮਿਲੀ। ਗੁਰੂ ਜੀ ਦੇ ਅਨੁਸਾਰ ਪਰਮਾਤਮਾ ਦਾ, ਪਾਪੀਆਂ ਅਤੇ ਅਪਰਾਧੀਆਂ ਨੂੰ ਸਜ਼ਾ ਦੇਣ ਦਾ ਢੰਗ ਵੀ ਬੜਾ ਵਚਿੱਤਰ ਹੈ। ਪਰਮਾਤਮਾ ਸਿੱਧੇ ਰੂਪ ਵਿਚ ਕਿਸੇ ਨੂੰ ਸਜ਼ਾ ਦੇ ਕੇ ਆਪ ਕਸੂਰਵਾਰ ਨਹੀਂ ਬਣਦਾ, ਸਗੋਂ ਕੋਈ ਬਹਾਨਾ ਬਣਾ ਕੇ ਕਿਸੇ ਹੋਰ ਧਿਰ ਤੋਂ ਅਜਿਹੀ ਸਜ਼ਾ ਦਿਵਾਉਂਦਾ ਹੈ ਜੋ ਬਿਲਕੁਲ ਵਾਜਬ ਪ੍ਰਤੀਤ ਹੋਵੇ। ਲੋਧੀ ਰਾਜਿਆਂ-ਰਜਵਾੜਿਆਂ ਨਾਲ ਇਵੇਂ ਹੋਇਆ। ਉਹ ਆਪਣੀ ਦੌਲਤ ਅਤੇ ਜਵਾਨੀ ਦੇ ਅਭਿਮਾਨ ਵਿਚ ਏਨੇ ਬਦਮਸਤ ਹੋ ਗਏ ਸਨ ਕਿ ਉਹਨਾਂ ਨੂੰ ਹਲੂਣਾ ਦੇਣਾ ਬੜਾ ਜ਼ਰੂਰੀ ਸੀ। ਬਾਬਰ ਦੇ ਪਹਿਲੇ, ਦੂਜੇ ਹਮਲੇ ਦੁਆਰਾ ਪਰਮਾਤਮਾ ਨੇ ਇਹਨਾਂ ਜਾਗੀਰਦਾਰਾਂ ਅਤੇ ਰਜਵਾੜਿਆਂ ਨੂੰ ਇਹੋ ਜਿਹਾ ਇਕ ਹਲੂਣਾ ਦਿੱਤਾ ਸੀ ਪਰ ਉਹ ਫਿਰ ਵੀ ਨਾ ਸੰਭਲੇ ਅਤੇ ਆਖ਼ਰ ਬਾਬਰ ਨੇ ਉਹਨਾਂ ਦੀ ਸਲਤਨਤ ਉੱਤੇ ਕਬਜ਼ਾ ਕਰ ਲਿਆ। ਦੇਖੋ:

**ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥**

*(ਆਸਾ ਮਹਲਾ ੧, ਪੰਨਾ 360)*

ਪਰਮਾਤਮਾ ਦੇ ਸੰਕਲਪ ਨੂੰ ਵਿਸਤਾਰ ਦਿੰਦੇ ਹੋਏ ਗੁਰੂ ਜੀ ਉਸ ਦੀ ਨਿਰੰਕੁਸ਼ਤਾ ਅਤੇ ਭਾਣੇ ਨੂੰ ਸਰਵੋਪਰ ਮੰਨਦੇ ਹਨ। ਉਹਨਾਂ ਅਨੁਸਾਰ ਦੁੱਖਾਂ ਜਾਂ ਸੁਖਾਂ ਦੀ ਮੌਜੂਦਗੀ ਪਰਮਾਤਮਾ ਦੀ ਮਰਜ਼ੀ ਉਪਰ ਨਿਰਭਰ ਕਰਦੀ ਹੈ। ਉਹ ਜਿਸ ਨੂੰ ਚਾਹੇ ਦੁਖੀ ਬਣਾ ਦਿੰਦਾ ਹੈ ਅਤੇ ਜਿਸ ਉਪਰ ਮਿਹਰਬਾਨ ਹੋ ਜਾਏ, ਉਸ ਨੂੰ ਸੁਖੀ ਕਰ ਦਿੰਦਾ ਹੈ। ਦੁੱਖ-ਸੁਖ ਦੀ ਇਸ ਡਾਇਲੈਕਟਿਸ ਦੇ ਪਿੱਛੇ ਜਿਥੇ ਇਸ ਜਨਮ ਦੇ ਵਿਕਾਰ ਜਾਂ ਭਗਤੀ ਭਾਵਨਾ ਕਾਰਜਸ਼ੀਲ ਹੁੰਦੀ ਹੈ, ਉਥੇ ਕਈ ਵਾਰ ਕਿਸੇ ਪੂਰਬਲੇ ਜਨਮ ਵਿਚ ਕੀਤੇ ਕਰਮ ਵੀ ਪਰਮਾਤਮਾ ਦੀ ਨਿਆਇ-ਪ੍ਰਣਾਲੀ ਨੂੰ ਸੰਚਾਲਤ ਕਰਦੇ ਹੁੰਦੇ ਹਨ। ਪ੍ਰਭੂ ਦੀ ਨਿਆਇ ਪ੍ਰਣਾਲੀ ਸੰਬੰਧੀ ਜ਼ਰੂਰੀ ਜਾਣਕਾਰੀ ਦਿੰਦੇ ਹੋਏ ਗੁਰੂ ਜੀ ਫ਼ੁਰਮਾਉਂਦੇ ਹਨ:

**ਦੁਖੁ ਸੁਖੁ ਤੇਰੈ ਭਾਣੈ ਹੋਵੈ ਕਿਸ ਥੈ ਜਾਇ ਰੂਆਈਐ ॥**
**ਹੁਕਮੀ ਹੁਕਮਿ ਚਲਾਏ ਵਿਗਸੈ ਨਾਨਕ ਲਿਖਿਆ ਪਾਈਐ ॥**

*(ਰਾਗੁ ਆਸਾ ਮਹਲਾ ੧, ਪੰਨਾ 418)*

**ਇਕਿ ਘਰਿ ਆਵਹਿ ਆਪਣੈ**
**ਇਕਿ ਮਿਲਿ ਮਿਲਿ ਪੁਛਹਿ ਸੁਖ ॥**
**ਇਕਨ੍ਾ ਏਹੋ ਲਿਖਿਆ ਬਹਿ ਬਹਿ ਰੋਵਹਿ ਦੁਖ ॥**
**ਜੋ ਤਿਸੁ ਭਾਵੈ ਸੋ ਥੀਐ ਨਾਨਕ ਕਿਆ ਮਾਨੁਖ ॥**

*(ਰਾਗੁ ਆਸਾ ਮਹਲਾ ੧, ਪੰਨਾ 417)*

ਪਰਮਾਤਮਾ ਦੇ ਸਰੂਪ ਸੰਬੰਧੀ ਗੁਰੂ ਜੀ ਦਾ ਇਕ ਹੋਰ ਮੌਲਿਕ ਦ੍ਰਿਸ਼ਟੀਕੋਣ ਉਸ ਦੇ ਥਾਪਕ (ਸਿਰਜਕ) ਅਤੇ ਉਥਾਪ (ਵਿਨਾਸ਼ਕ) ਹੋਣ ਬਾਰੇ ਹੈ। ਗੁਰੂ ਜੀ ਦੇ ਅਨੁਸਾਰ ਪਰਮਾਤਮਾ ਜਨਮ ਦੇ ਕੇ ਮਨੁੱਖਾਂ ਨੂੰ ਇਸ ਸ੍ਰਿਸ਼ਟੀ ਵਿਚ ਭੇਜਦਾ ਵੀ ਹੈ ਅਤੇ ਫਿਰ ਦਿੱਤੀ ਗਈ ਅਵਧੀ (ਜਾਂ ਮੋਹਲਤ) ਦੇ ਸਮਾਪਤ ਹੋ ਜਾਣ 'ਤੇ ਉਹਨਾਂ ਨੂੰ ਆਪਣੇ ਕੋਲ ਵਾਪਸ ਬੁਲਾ ਲੈਂਦਾ ਹੈ। ਜਗ-ਰਚਨਾ ਉਸ ਲਈ ਇਕ ਲੀਲ੍ਹਾ ਹੈ, ਇਕ ਖੇਡ ਹੈ। ਗੁਰੂ ਸਾਹਿਬ ਨੇ ਆਪਣੀਆਂ ਕੁਝ ਬਾਣੀਆਂ ਵਿਚ ਇਸ ਜਗਤ ਨੂੰ ਪਰਮਾਤਮਾ ਦੇ ਖੇਡ-ਅਖਾੜੇ ਨਾਲ ਤੁਲਨਾ ਦਿੱਤੀ ਹੈ। ਗੁਰੂ ਗੋਬਿੰਦ ਸਿੰਘ ਵੀ ਇਸ ਜਗਤ ਨੂੰ ਇਕ ਤਮਾਸ਼ੇ ਦੇ ਰੂਪ ਵਿਚ ਚਿਤਵਦੇ ਹਨ:

**ਮੈਂ ਹੋਂ ਪਰਮ ਪੁਰਖ ਕੋ ਦਾਸਾ॥**
**ਦੇਖਣ ਆਯੋ ਜਗਤ ਤਮਾਸਾ॥**

ਇਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਜਗਤ ਨੂੰ ਪਰਮਾਤਮਾ ਦੀ ਇਕ ਲੀਲ੍ਹਾ ਦੇ ਰੂਪ ਰਾਹੀਂ ਬਿਆਨ ਕਰਦੇ ਹਨ। ਇਹੀ ਕਾਰਨ ਹੈ ਕਿ ਪਰਮਾਤਮਾ ਜਦੋਂ ਚਾਹੇ ਆਪਣੀ ਲੀਲ੍ਹਾ ਨੂੰ ਸਮੇਟ ਲੈਂਦਾ ਹੈ। ਦੇਖੋ:

**ਇਹੁ ਜਗੁ ਤੇਰਾ ਤੂ ਗੋਸਾਈ ॥**
**ਏਕ ਘੜੀ ਮਹਿ ਥਾਪਿ ਉਥਾਪੇ ਜਰੁ ਵੰਡਿ ਦੇਵੈ ਭਾਂਈ ॥**

*(ਰਾਗੁ ਆਸਾ ਮਹਲਾ ੧, ਪੰਨਾ 417)*

**ਆਪੇ ਜੋੜਿ ਵਿਛੋੜੇ ਆਪੇ ਵੇਖੁ ਤੇਰੀ ਵਡਿਆਈ ॥**

*(ਆਸਾ ਮਹਲਾ ੧, ਪੰਨਾ 360)*

ਗੁਰੂ ਨਾਨਕ ਜੀ ਇਸ ਜਗਤ ਵਿਚ ਕੇਵਲ ਪਰਮਾਤਮਾ ਨੂੰ ਹੀ ਸਤਿ-ਸਰੂਪ ਕਰਕੇ ਮੰਨਦੇ ਹਨ। ਬਾਕੀ ਚੀਜ਼ਾਂ ਜਾਂ ਜੀਵਾਂ ਦੀ ਹੋਂਦ ਮਿਥਿਆ ਹੈ। ਪ੍ਰਭੂ ਅਬਿਨਾਸ਼ੀ ਹੈ ਅਤੇ ਬਾਕੀ ਸਭ ਕੁਝ ਨਾਸ਼ਮਾਨ ਹੈ। ਜਪੁਜੀ ਸਾਹਿਬ ਦੇ ਆਰੰਭ ਵਿਚ ਅੰਕਿਤ ਸਲੋਕ ਵਿਚ ਆਪ ਪ੍ਰਭੂ ਦੇ ਇਸ ਸਰੂਪ ਦੀ ਬੜੀ ਸਪੱਸ਼ਟ ਅਤੇ ਨਿਸਚਿਤ ਵਿਆਖਿਆ ਕਰਦੇ ਹਨ:

**ਆਦਿ ਸਚੁ ਜੁਗਾਦਿ ਸਚੁ ॥**
**ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥** *(ਪੰਨਾ 1)*

'ਬਾਬਰਵਾਣੀ' ਦੇ ਸ਼ਬਦਾਂ ਵਿਚ ਵੀ ਪ੍ਰਭੂ ਦੇ ਇਸ ਸਰੂਪ ਵੱਲ ਸੰਕੇਤ ਕੀਤੇ ਗਏ ਹਨ ਆਪ ਅਨੁਸਾਰ ਪਰਮਾਤਮਾ ਸੱਚਾ ਹੈ, ਉਹ ਸਦੀਵੀ ਹੈ ਅਤੇ ਉਸ ਦਾ ਨਿਆਇ ਵੀ ਸੱਚਾ ਹੈ। ਉਹ ਹਰ ਮਸਲੇ ਨੂੰ ਸੱਚ ਦੀ ਕਸਵੱਟੀ ਉੱਤੇ ਪਰਖ ਕੇ ਉਸ ਬਾਰੇ ਆਪਣਾ ਨਿਰਣਾ ਦਿੰਦਾ ਹੈ। ਆਪ ਫ਼ੁਰਮਾਉਂਦੇ ਹਨ:

**ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ ॥**
*(ਤਿਲੰਗ ਮਹਲਾ ੧, ਪੰਨਾ 723)*

'ਬਾਬਰਵਾਣੀ' ਵਿਚ ਗੁਰੂ ਸਾਹਿਬ ਨੇ ਇਕ ਆਦਰਸ਼ਕ ਵਿਅਕਤੀ ਦੇ ਕੁਝ ਪ੍ਰਮੁੱਖ ਗੁਣ-ਲੱਛਣ ਵੀ ਬਿਆਨ ਕੀਤੇ ਹਨ। ਆਪ ਅਨੁਸਾਰ ਇਕ ਆਦਰਸ਼ਕ ਵਿਅਕਤੀ ਹਰ ਸਮੇਂ ਪਰਮਾਤਮਾ ਨੂੰ ਯਾਦ ਰੱਖਦਾ ਹੈ। ਦੁੱਖ ਮਿਲੇ ਜਾਂ ਸੁਖ, ਉਹ ਉਸ ਪਰਮਾਤਮਾ ਦਾ ਸਿਮਰਨ ਕਰਦਾ ਰਹਿੰਦਾ ਹੈ। ਉਹ ਕਿਸੇ ਗ਼ਰਜ਼ ਜਾਂ ਸਵਾਰਥ ਦੀ ਸਿੱਧੀ ਲਈ ਸਿਮਰਨ ਨਹੀਂ ਕਰਦਾ ਬਲਕਿ ਸਿਮਰਨ ਉਸ ਦੀ ਜੀਵਨ-ਜਾਚ ਬਣ ਜਾਂਦਾ ਹੈ। ਉਹ ਹਰ ਰੰਗ, ਹਰ ਸਥਿਤੀ ਵਿਚ ਆਪਣੇ ਪ੍ਰਭੂ ਦਾ ਸਿਮਰਨ ਕਰਦਾ ਰਹਿੰਦਾ ਹੈ, ਜਿਸ ਨੇ ਉਸ ਨੂੰ ਬਹੁਮੁੱਲਾ ਜੀਵਨ-ਦਾਨ ਦੇ ਰੱਖਿਆ ਹੈ। ਅਜਿਹਾ ਮਨੁੱਖ ਦੁੱਖ ਅਤੇ ਸੁਖ ਨੂੰ ਪਰਮਾਤਮਾ ਦਾ ਭਾਣਾ ਮੰਨ ਕੇ ਸਵੀਕਾਰ ਕਰਦਾ ਹੈ। ਉਹ ਜਾਣਦਾ ਹੈ ਕਿ ਪ੍ਰਭੂ ਦੀ ਰਜ਼ਾ/ਹੁਕਮ ਦੇ ਵਿਰੁੱਧ ਕੋਈ ਉਜ਼ਰ ਨਹੀਂ ਕੀਤਾ ਜਾ ਸਕਦਾ। ਪਰਮਾਤਮਾ ਨੇ ਕਿਸੇ ਵਿਅਕਤੀ ਦੀ ਹੋਣੀ ਬਾਰੇ ਜੋ ਕੁਝ ਲਿਖ ਦਿੱਤਾ ਹੈ, ਉਹ ਉਸ ਵਿਅਕਤੀ ਨੂੰ ਅਵੱਸ਼ ਹੀ ਭੋਗਣਾ ਪੈਂਦਾ ਹੈ। ਇਸ ਪ੍ਰਸੰਗ ਵਿਚ ਵਿਅਕਤੀ ਨੂੰ ਕਦੇ ਵੀ ਆਪਣੇ ਵੱਡੇ/ਵਿਸ਼ੇਸ਼ ਹੋਣ ਦਾ ਮਿਥਿਆ ਅਭਿਮਾਨ ਨਹੀਂ ਕਰਨਾ ਚਾਹੀਦਾ। ਕਿਉਂਕਿ ਪਰਮਾਤਮਾ ਦੀ ਨਜ਼ਰ ਵਿਚ ਹਰ ਵਿਅਕਤੀ ਮਾਮੂਲੀ ਅਤੇ ਤੁੱਛ ਹੀ ਰਹਿੰਦਾ ਹੈ।

ਇਸ ਤਰ੍ਹਾਂ ਬਾਬਰਵਾਣੀ ਗੁਰੂ ਨਾਨਕ ਦੇਵ ਜੀ ਦੀ ਇਕ ਬਹੁਤ ਮਹੱਤਵਪੂਰਨ ਟੈਕਸਟ ਹੈ। ਜਿਥੇ ਇਹ ਆਪਣੇ ਯੁਗ ਦੇ ਇਤਿਹਾਸਕ-ਰਾਜਨੀਤਕ ਪਰਿਪੇਖ ਨੂੰ ਆਪਣੇ ਅਭਿਵਿਅੰਜਨ ਦਾ ਵਿਸ਼ਾ ਬਣਾਉਂਦੀ ਹੈ, ਉਥੇ ਇਹ ਗੁਰਮਤਿ ਦਰਸ਼ਨ ਦੇ ਵੀ ਕਈ ਬੁਨਿਆਦੀ ਸੰਕਲਪਾਂ ਨੂੰ ਰੂਪਮਾਨ ਕਰਦੀ ਹੈ। ਇਹ ਆਪਣੇ ਯੁਗ ਦੀਆਂ ਇਤਿਹਾਸਕ ਪਰਿਸਥਿਤੀਆਂ ਨੂੰ ਇਕ ਨਵਾਂ ਆਯਾਮ ਪ੍ਰਦਾਨ ਕਰਦੀ ਹੈ। ਇਸ ਬਾਣੀ ਦੇ ਮਾਧਿਅਮ ਦੁਆਰਾ ਗੁਰੂ ਜੀ ਇਕ ਕ੍ਰਾਂਤੀਕਾਰੀ ਕਵੀ ਦੀ ਭੂਮਿਕਾ ਦਾ ਨਿਰਵਾਹ ਕਰਦੇ ਹਨ। ਸੋ ਗੁਰੂ ਨਾਨਕ ਬਾਣੀ-ਸੰਸਾਰ ਵਿਚ ਇਕ ਟੈਕਸਟ ਇਕ ਉਲੇਖਯੋਗ ਕਾਵਿ-ਕਿਰਤ ਹੈ।

# ਮਾਝ ਦੀ ਵਾਰ : ਵਿਚਾਰ-ਪ੍ਰਬੰਧ

**—ਪ੍ਰੋ. ਬ੍ਰਹਮ ਜਗਦੀਸ਼ ਸਿੰਘ**

'ਮਾਝ ਦੀ ਵਾਰ' ਗੁਰੂ ਨਾਨਕ ਦੇਵ ਜੀ ਰਚਿਤ ਵਾਰਾਂ ਵਿਚ ਇਕ ਮਹੱਤਵਪੂਰਨ ਸਥਾਨ ਰੱਖਦੀ ਹੈ। ਪੁਰਾਤਨ ਜਨਮਸਾਖੀ ਅਨੁਸਾਰ ਇਸ ਵਾਰ ਦੀ ਰਚਨਾ ਗੁਰੂ ਜੀ ਨੇ ਆਪਣੀ ਦੱਖਣ ਦੀ ਉਦਾਸੀ ਦੌਰਾਨ 'ਅਨੁਭਵੀ' ਸਰੇਵੜੇ ਪ੍ਰਤੀ ਕੀਤੀ ਸੀ। ਦੱਖਣ ਵਿਚ ਸਥਿਤ ਹਿੰਦੂ ਤੀਰਥਾਂ ਉੱਪਰ ਗੁਰੂ ਜੀ ਆਪਣੀ ਪਹਿਲੀ ਉਦਾਸੀ ਸਮੇਂ ਗਏ ਸਨ। ਗੁਰੂ ਜੀ ਦੀ ਪਹਿਲੀ ਉਦਾਸੀ 1507 ਈ. ਵਿਚ ਸ਼ੁਰੂ ਹੋਈ ਸੀ। ਸਭ ਤੋਂ ਪਹਿਲਾਂ ਗੁਰੂ ਸਾਹਿਬ ਸੈਦਪੁਰ ਵਿਚ ਰਹਿਣ ਵਾਲੇ ਆਪਣੇ ਇਕ ਅਨਿੰਨ ਸਿੱਖ ਭਾਈ ਲਾਲੋ ਪਾਸ ਗਏ ਸਨ ਅਤੇ ਉਸ ਤੋਂ ਬਾਅਦ ਹਰਿਦੁਆਰ, ਗੋਰਖਮਤੇ, ਕਾਸ਼ੀ ਹੁੰਦੇ ਹੋਏ ਆਪ ਆਸਾਮ ਤਕ ਜਾ ਪਹੁੰਚੇ। ਆਸਾਮ ਤੋਂ ਢਾਕਾ, ਬਰਦਵਾਲ, ਜਗਨਨਾਥ ਪੁਰੀ ਆਦਿ ਤੀਰਥਾਂ ਉਪਰ ਪ੍ਰਚਾਰ ਕਰਦੇ ਹੋਏ ਦੱਖਣੀ ਭਾਰਤ ਦੇ ਪ੍ਰਸਿੱਧ ਤੀਰਥ ਸਥਾਨਾਂ ਤ੍ਰਿਪੁਤੀ, ਕਾਂਜੀਵਰਮ, ਪਾਂਡੀਚਰੀ ਅਤੇ ਰਾਮੇਸ਼ਵਰਮ ਆਦਿਕ ਸਥਾਨਾਂ 'ਤੇ ਵੀ ਗਏ। ਵਿਸਾਖੀ (1513 ਈ.) ਸਮੇਂ ਆਪ ਨਾਸਿਕ ਦੇ ਸਥਾਨ 'ਤੇ ਸਨ। ਨਾਸਿਕ ਤੋਂ ਔਰੰਗਾਬਾਦ ਤੇ ਕਾਠੀਆਵਾੜ ਆਦਿਕ ਤੀਰਥਾਂ ਉੱਪਰ ਰੁਕਦੇ ਹੋਇ ਆਪ ਜੈਨੀਆਂ ਦੇ ਪ੍ਰਸਿੱਧ ਤੀਰਥ ਅਸਥਾਨ ਪਾਲੀਟਾਣਾ ਵਿਖੇ ਪਹੁੰਚ ਗਏ। ਇਥੇ ਆਪ ਨੇ ਜੈਨੀ ਸਾਧੂਆਂ ਨੂੰ ਸਵੱਛ ਅਤੇ ਸ਼ੁੱਧ ਰਹਿਣ ਦੀ ਪ੍ਰੇਰਨਾ ਕੀਤੀ ਸੀ। ਹੋ ਸਕਦਾ ਹੈ ਕਿ ਇਸ ਸਥਾਨ 'ਤੇ ਆਪ ਨੇ 'ਮਾਝ ਦੀ ਵਾਰ' ਦੀਆਂ ਪਉੜੀਆਂ ਉਚਾਰੀਆਂ ਹੋਣ। ਇਸ ਹਿਸਾਬ ਨਾਲ ਇਸ ਵਾਰ ਦੀ ਰਚਨਾ 1513-14 ਈ. ਵਿਚ ਹੋਈ ਪ੍ਰਤੀਤ ਹੁੰਦੀ ਹੈ। ਜਨਮਸਾਖੀਆਂ ਵਿਚਲੇ ਵੇਰਵਿਆਂ ਅਨੁਸਾਰ 'ਆਸਾ ਕੀ ਵਾਰ' ਅਤੇ 'ਮਲਾਰ ਕੀ ਵਾਰ' ਦੀ ਰਚਨਾ ਬਾਅਦ ਵਿਚ ਹੋਈ। ਪਰੰਤੂ ਪ੍ਰਿੰਸੀਪਲ ਸਾਹਿਬ ਸਿੰਘ ਦਾ ਮਤਿ ਹੈ ਗੁਰੂ ਜੀ ਨੇ 'ਮਲਾਰ ਕੀ ਵਾਰ' ਸਭ ਤੋਂ ਪਹਿਲਾਂ ਰਚੀ ਅਤੇ 'ਮਾਝ ਕੀ ਵਾਰ' ਦੂਜੀਆਂ ਦੋ ਵਾਰਾਂ ਦੇ ਵਿਚਕਾਰਲੇ ਵਕਫ਼ੇ ਵਿਚ ਰਚੀ ਗਈ। ਪਰੰਤੂ ਇਹ ਸਭ ਵਿਚਾਰ ਵਿਦਵਾਨਾਂ ਦੇ ਅਨੁਮਾਨ ਮਾਤਰ ਹਨ। ਇਸ ਵਾਰ ਦੇ ਅੰਦਰਲਾ ਕੋਈ ਵੇਰਵਾ, ਵਾਰ ਦੇ ਰਚਨਾ-ਕਾਲ ਬਾਰੇ ਕੋਈ ਸਪੱਸ਼ਟ ਰਾਹ ਨਹੀਂ ਦਿੰਦਾ।

'ਮਾਝ ਕੀ ਵਾਰ' ਦੀਆਂ ਵੱਖ-ਵੱਖ ਪਉੜੀਆਂ ਅਤੇ ਸਲੋਕਾਂ ਵਿਚ ਗੁਰੂ ਨਾਨਕ ਦੇਵ ਜੀ ਦੇ ਬਹੁਤ ਸਾਰੇ ਦਾਰਸ਼ਨਿਕ ਸੰਕਲਪ ਪੇਸ਼ ਹੋਏ ਹਨ। ਪਉੜੀਆਂ ਦੇ ਨਾਲ ਸੰਕਲਿਤ ਦੂਜੇ ਸਤਿਗੁਰਾਂ ਦੇ ਸਲੋਕਾਂ ਵਿਚ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨੂੰ ਵਿਆਖਿਆ ਅਤ ਵਿਸਤਾਰ ਦਿੱਤਾ ਗਿਆ ਹੈ। ਗੁਰੂ ਸਾਹਿਬ ਇਕ ਬਹੁਤ ਅਨੁਭਵੀ, ਮੌਲਿਕ ਅਤੇ ਦਾਰਸ਼ਨਿਕ ਕਵੀ ਸਨ। ਆਪ ਗੁਰਮਤਿ ਦਰਸ਼ਨ ਦੇ ਪ੍ਰਥਮ ਕਵੀ ਸਨ। ਇਸ ਲਈ ਗੁਰਮਤਿ ਦੇ ਮੂਲ ਸਿਧਾਂਤਾਂ ਦੀ ਸਥਾਪਨਾ ਆਪ ਨੇ ਹੀ ਕੀਤੀ। 'ਮਾਝ ਕੀ ਵਾਰ' ਗੁਰੂ ਜੀ ਦੀਆਂ ਹੋਰ ਲੰਮੀਆਂ ਬਿਰਤਾਂਤਕ ਰਚਨਾਵਾਂ ਵਾਂਗ ਗੁਰਮਤਿ ਨੂੰ ਸਮਝਣ ਵਾਸਤੇ ਇਕ ਮਹੱਤਵਪੂਰਨ ਡਿਸਕੋਰਸ ਦੀ ਭੂਮਿਕਾ ਨਿਭਾਉਂਦੀ ਹੈ। ਇਸ ਵਿਚ ਪੇਸ਼ ਕੀਤੇ ਹੋਏ ਕੁਝ ਇਕ ਸੰਕਲਪਾਂ ਦੀ ਪ੍ਰਕਿਰਤੀ ਅਤੇ ਸਰੂਪ ਇਸ ਪ੍ਰਕਾਰ ਹੈ:

## 1. ਪਰਮਾਤਮਾ

ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਦੇ ਸੰਕਲਪ ਬਾਰੇ ਆਪਣੇ ਮੁੱਢਲੀ ਧਾਰਨਾ ਮੂਲ-ਮੰਤਰ ਵਿਚ ਵਿਅਕਤ ਕਰ ਦਿੱਤੀ ਹੈ, ਜਿਸ ਅਨੁਸਾਰ ਪਰਮਾਤਮਾ ਇਕ ਹੈ, ਉਹ ਸ਼ਾਸਵਰਤ ਅਤੇ ਸਦਾ ਸਥਿਰ ਰਹਿਣ ਵਾਲਾ ਹੈ। ਇਸ ਬ੍ਰਹਿਮੰਡ ਵਿਚ ਕੇਵਲ ਪਰਮਾਤਮਾ ਹੀ ਇਕੋ ਇਕ ਸਥਿਰ ਹਸਤੀ ਹੈ, ਬਾਕੀ ਸਭ ਜੀਵ, ਵਸਤਾਂ, ਅਤੇ ਪ੍ਰਕ੍ਰਿਤਕ ਸ਼ਕਤੀਆਂ ਨਾਸ਼ਮਾਨ ਹਨ। ਗੁਰੂ ਸਾਹਿਬ ਕਿਸੇ ਦੇਵੀ-ਦੇਵਤੇ ਦੀ ਹਸਤੀ ਨੂੰ ਅਬਿਨਾਸ਼ੀ ਜਾਂ ਸੱਚ ਸਰੂਪ ਕਰ ਕੇ ਨਹੀਂ ਮੰਨਦੇ। ਇਸ ਤਰ੍ਹਾਂ ਪਰਮਾਤਮਾ ਦੇ ਇਕ ਮੌਲਿਕ ਸੰਕਲਪ ਦੇ ਮਾਧਿਅਮ ਦੁਆਰਾ ਆਪ ਭਾਰਤੀ ਦਰਸ਼ਨ ਨਾਲੋਂ ਇਕ ਸੁਤੰਤਰ ਵਿਚਾਰਧਾਰਾ ਦਾ ਨਿਰਮਾਣ ਕਰ ਰਹੇ ਹਨ। ਪਰਮਾਤਮਾ ਦੀ ਹਸਤੀ ਬਾਰੇ ਆਪ ਦੀ ਇਕ ਅਗਲੀ ਸਥਾਪਨਾ ਇਹ ਹੈ ਕਿ ਉਹ ਸ੍ਰਿਸ਼ਟੀ ਦਾ ਕਰਤਾ ਹੈ। ਉਸ ਨੇ ਸ੍ਰਿਸ਼ਟੀ-ਰਚਨਾ ਦਾ ਇਹ ਕਾਰਜ ਵੀ ਕਿਸੇ ਦੇਵੀ-ਦੇਵਤੇ ਦੇ ਹਵਾਲੇ ਨਹੀਂ ਕੀਤਾ। ਪਰੰਤੂ ਸ੍ਰਿਸ਼ਟੀ ਦਾ ਕਰਤਾ ਹੋਣ ਦੇ ਬਾਵਜੂਦ ਉਹ ਕਿਸੇ ਉਚੇਰੇ ਆਕਾਸ਼ ਜਾਂ ਸੁਰਗ-ਲੋਕ ਆਦਿ ਵਿਚ ਬੈਠ ਕੇ ਹੀ ਸਾਰੇ ਸਿਰਜਨਾਤਮਕ ਕਾਰਜ ਨੂੰ ਅੰਜਾਮ ਨਹੀਂ ਦੇ ਰਿਹਾ ਬਲਕਿ ਉਹ ਆਪ ਵੀ ਸ੍ਰਿਸ਼ਟੀ ਦੇ ਹਰ ਪ੍ਰਾਣੀ ਵਿਚ ਨਿਵਾਸ ਕਰਦਾ ਹੈ। ਇਸ ਪਰਮਾਤਮਾ ਨੂੰ ਗੁਰੂ ਦੀ ਕਿਰਪਾ ਦੁਆਰਾ ਜਾਣਿਆ ਜਾ ਸਕਦਾ ਹੈ। ਮੂਲ ਮੰਤਰ ਵਿਚ ਪਰਮਾਤਮਾ ਨੂੰ ਨਿਰ-ਭਉ, ਨਿਰ-ਵੈਰ ਅਤੇ ਅ-ਜੂਨੀ ਸੈਭੰ ਵੀ ਕਿਹਾ ਜਾਂਦਾ ਹੈ ਅਰਥਾਤ ਉਹ ਦੁਨਿਆਵੀ ਪ੍ਰਵਿਰਤੀਆਂ ਅਤੇ ਵਿਕਾਰਾਂ ਤੋਂ ਮੁਕਤ ਹੈ। ਪਰਮਾਤਮਾ ਦੇ ਇਸੇ ਸੰਕਲਪ ਦੀ ਹੀ ਗੁਰਬਾਣੀ ਵਿਚ ਵਿਆਖਿਆ ਕੀਤੀ ਗਈ ਹੈ। 'ਮਾਝ ਕੀ ਵਾਰ' ਵਿਚ ਵੀ ਪਰਮਾਤਮਾ ਦਾ ਇਹੀ ਸੰਕਲਪ ਭਿੰਨ-ਭਿੰਨ ਮਾਨਵੀ ਸਥਿਤੀਆਂ ਵਿਚੋਂ ਰੂਪਮਾਨ ਹੋਇਆ ਹੈ।

## 2. ਸ੍ਰਿਸ਼ਟੀ ਰਚਨਾ

ਹਰ ਦਾਰਸ਼ਨਿਕ ਕਵੀ ਸ੍ਰਿਸ਼ਟੀ ਰਚਨਾ ਦੇ ਰਹੱਸ ਬਾਰੇ ਵੀ ਆਪਣੇ ਵਿਚਾਰ ਪੇਸ਼ ਕਰਨ ਦੀ ਕੋਸ਼ਿਸ਼ ਕਰਦਾ ਹੈ। ਜਦੋਂ ਅਸੀਂ ਪਰਮਾਤਮਾ ਨੂੰ ਸ੍ਰਿਸ਼ਟਾ ਮੰਨ ਲੈਂਦੇ ਹਾਂ ਤਾਂ ਸ੍ਰਿਸ਼ਟੀ ਵੀ ਉਸੇ ਦੁਆਰਾ ਰਚੀ ਗਈ ਮੰਨੀ ਜਾਂਦੀ ਹੈ। ਗੁਰੂ ਨਾਨਕ ਦੇਵ ਜੀ ਵੀ ਪਰਮਾਤਮਾ ਨੂੰ ਹੀ ਸ੍ਰਿਸ਼ਟੀ ਦਾ ਮੂਲ ਰਚਣਹਾਰ ਮੰਨਦੇ ਹਨ। ਆਪ ਫ਼ੁਰਮਾਉਂਦੇ ਹਨ ਕਿ ਉਸ ਪਰਮਾਤਮਾ ਨੇ ਹੀ ਸਾਰੀ ਸ੍ਰਿਸ਼ਟੀ ਉਪਾਈ ਹੈ। ਵੱਖ-ਵੱਖ ਤਰ੍ਹਾਂ ਦੇ ਜੀਵ-ਜੰਤੂ ਉਸੇ ਦੀ ਰਚਨਾਤਮਕ ਸ਼ਕਤੀ ਦਾ ਪ੍ਰਮਾਣ ਹਨ। ਸ੍ਰਿਸ਼ਟੀ ਦਾ ਜਨਮਦਾਤਾ ਹੋਣ ਦੇ ਨਾਲ-ਨਾਲ ਉਹ ਇਸ ਦਾ ਵਿਨਾਸ਼ਕ ਵੀ ਹੈ। ਜਨਮ ਅਤੇ ਮੌਤ ਉਸ ਪ੍ਰਭੂ ਦੀ ਲੀਲ੍ਹਾ ਦਾ ਇਕ ਚਮਤਕਾਰ ਹਨ। ਜਦੋਂ ਉਹ ਚਾਹੁੰਦਾ ਹੈ, ਜੀਵਾਂ ਨੂੰ ਇਸ ਜਗਤ ਵਿਚ ਭੇਜ ਦਿੰਦਾ ਹੈ ਅਤੇ ਜਦੋਂ ਉਸ ਦੀ ਇੱਛਾ ਹੁੰਦੀ ਹੈ, ਉਹ ਉਹਨਾਂ ਨੂੰ ਵਾਪਸ ਬੁਲਾ ਲੈਂਦਾ ਹੈ। ਦੇਖੋ :

**ਤੂੰ ਕਰਤਾ ਪੁਰਖੁ ਅਗੰਮੁ ਹੈ ਆਪਿ ਸ੍ਰਿਸਟਿ ਉਪਾਤੀ ॥**
**ਰੰਗ ਪਰੰਗ ਉਪਾਰਜਨਾ ਬਹੁ ਬਹੁ ਬਿਧਿ ਭਾਤੀ ॥**
**ਤੂੰ ਜਾਣਹਿ ਜਿਨਿ ਉਪਾਈਐ ਸਭੁ ਖੇਲੁ ਤੁਮਾਤੀ ॥**
**ਇਕਿ ਆਵਹਿ ਇਕਿ ਜਾਹਿ ਉਠਿ ਬਿਨੁ ਨਾਵੈ ਮਰਿ ਜਾਤੀ ॥**

*(ਪੰਨਾ 138)*

## 3. ਮਾਇਆ

ਮਾਇਆ ਦਾ ਸੰਕਲਪ ਲਗਭਗ ਹਰ ਧਰਮ ਸ਼ਾਸਤਰ ਦਾ ਅੰਗ ਬਣਿਆ ਰਿਹਾ ਹੈ। ਮਾਇਆ ਜੀਵ ਦਾ ਜਗਤ ਨਾਲ ਇਕ ਰਿਸ਼ਤਾ ਨਿਰਧਾਰਤ ਕਰਦੀ ਹੈ। ਇਸ ਜਗਤ ਵਿਚ ਮਨੁੱਖ ਜੋ ਕੁਝ ਵੇਖਦਾ ਹੈ ਅਤੇ ਜਿਹਨਾਂ ਵਸਤਾਂ ਦੀ ਕਾਮਨਾ ਕਰਦਾ ਹੈ, ਉਹ ਸਭ ਮਾਇਆ ਦਾ ਹੀ ਇਕ ਪਰਪੰਚ ਹਨ। ਇਹਨਾਂ ਦੀ ਵਾਸਤਵਿਕ ਹਕੀਕਤ ਕੁਝ ਨਹੀਂ ਹੈ। ਜੇ ਵਿਅਕਤੀ ਮਾਇਆ ਦੇ ਆਵਰਣ ਨੂੰ ਪਰੇ ਹਟਾ ਕੇ ਆਪਣੀਆਂ ਮਨ-ਇੱਛਤ ਵਸਤਾਂ ਅਤੇ ਰਿਸ਼ਤਿਆਂ ਨੂੰ ਵੇਖ ਸਕੇ ਤਾਂ ਉਸ ਨੂੰ ਬੋਧ ਹੋ ਜਾਵੇਗਾ ਕਿ ਇਹ ਵਸਤਾਂ ਨਾਸ਼ਮਾਨ ਹਨ, ਇਹ ਮਨ ਉਪਰੰਤ ਵਿਅਕਤੀ ਦੇ ਸਾਥ ਨਹੀਂ ਜਾਣਗੀਆਂ ਅਤੇ ਇਹਨਾਂ ਦੀ ਪ੍ਰਾਪਤੀ ਲਈ ਆਪਣੇ ਆਪ ਨੂੰ ਸਮਰਪਿਤ ਕਰ ਦੇਣਾ ਮਨੁੱਖ ਦੀ ਮੂਰਖਤਾ ਤੋਂ ਵੱਧ ਕੁਝ ਨਹੀਂ। ਮਾਝ ਕੀ ਵਾਰ ਵਿਚ ਮਾਇਆ ਦੇ ਇਸ ਸੰਕਲਪ ਬਾਰੇ ਕਾਫ਼ੀ ਕੁਝ ਕਿਹਾ ਗਿਆ ਹੈ। ਇਸ ਪ੍ਰਸੰਗ ਵਿਚ ਕੁਝ ਦ੍ਰਿਸ਼ਟਾਂਤ ਦੇਖੋ :

**ਤੁਧੁ ਆਪੇ ਜਗਤੁ ਉਪਾਇ ਕੈ ਤੁਧੁ ਆਪੇ ਧੰਧੈ ਲਾਇਆ ॥**
**ਮੋਹ ਠਗਉਲੀ ਪਾਇ ਕੈ ਤੁਧੁ ਆਪਹੁ ਜਗਤੁ ਖੁਆਇਆ ॥**

**ਤਿਸਨਾ ਅੰਦਰਿ ਅਗਨਿ ਹੈ ਨਹ ਤਿਪਤੈ ਭੁਖਾ ਤਿਹਾਇਆ ॥**
**ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ ॥**

*(ਪੰਨਾ 138)*

**ਪਰਹਰਿ ਕਾਮ ਕ੍ਰੋਧੁ ਝੂਠੁ ਨਿੰਦਾ**
**ਤਜਿ ਮਾਇਆ ਅਹੰਕਾਰੁ ਚੁਕਾਵੈ ॥**
**ਤਜਿ ਕਾਮੁ ਕਾਮਿਨੀ ਮੋਹੁ ਤਜੈ**
**ਤਾ ਅੰਜਨ ਮਾਹਿ ਨਿਰੰਜਨੁ ਪਾਵੈ ॥**
**ਤਜਿ ਮਾਨੁ ਅਭਿਮਾਨੁ ਪ੍ਰੀਤਿ ਸੁਤ ਦਾਰਾ**
**ਤਜਿ ਪਿਆਸ ਆਸ ਰਾਮ ਲਿਵ ਲਾਵੈ ॥**
**ਨਾਨਕ ਸਾਚਾ ਮਨਿ ਵਸੈ**
**ਸਾਚ ਸਬਦਿ ਹਰਿ ਨਾਮਿ ਸਮਾਵੈ ॥੨॥**

*(ਮਹਲਾ 4, ਪੰਨਾ 141)*

## 4. ਸਚਿਆਰ ਕੂੜਿਆਰ

ਮਾਇਆ ਪ੍ਰਤੀ ਵਿਅਕਤੀ ਦੀਆਂ ਧਾਰਨਾਵਾਂ ਅਤੇ ਮਾਨਤਾਵਾਂ ਵਿਚੋਂ ਹੀ ਸਚਿਆਰਾ ਅਥਵਾ ਕੂੜਿਆਰ ਦਾ ਸੰਕਲਪ ਪੈਦਾ ਹੁੰਦਾ ਹੈ। ਮਾਇਆ ਪ੍ਰਤੀ ਮੋਹ ਰੱਖਣ ਵਾਲਾ ਵਿਅਕਤੀ 'ਕੂੜਿਆਰ' ਹੈ ਅਤੇ ਮਾਇਆ ਤੋਂ ਨਿਰਲੇਪ ਰਹਿਣ ਵਾਲੇ ਨੂੰ ਗੁਰੂ ਸਾਹਿਬ 'ਸਚਿਆਰ' ਦਾ ਨਾਮ ਦਿੰਦੇ ਹਨ। ਇਸ ਸੰਕਲਪ ਦਾ ਇਕ ਸਿਰਾ ਪਰਮਾਤਮਾ ਨਾਲ ਜਾ ਜੁੜਦਾ ਹੈ। ਪਰਮਾਤਮਾ ਸ੍ਰਿਸ਼ਟੀ ਵਿਚ ਨਿਵਾਸ ਤਾਂ ਕਰਦਾ ਹੈ ਪਰ ਉਹ ਮੋਹ-ਮਾਇਆ ਤੋਂ ਮੁਕਤ ਰਹਿੰਦਾ ਹੈ। ਉਸ ਨੂੰ 'ਅੰਜਨ ਮਾਹਿ ਨਿਰੰਜਨੁ' ਕਿਹਾ ਗਿਆ ਹੈ। ਉਹ ਸਚਿਆਰ ਵੀ ਹੈ, ਜਿਸ ਦਾ ਅਰਥ ਹੈ ਕਿ ਉਹ ਕਦੀ ਨਾਸ਼ ਨਹੀਂ ਹੁੰਦਾ। ਜੇ ਮਨੁੱਖ ਵੀ ਮਾਇਆ ਦੇ ਮੋਹ ਤੋਂ ਮੁਕਤ ਹੋ ਸਕੇ ਤਾਂ ਉਹ ਵੀ ਸਚਿਆਰ ਪਦ ਦੀ ਪ੍ਰਾਪਤੀ ਕਰ ਲਵੇਗਾ। ਇਉਂ ਗੁਰੂ ਸਾਹਿਬ ਵਿਅਕਤੀ ਨੂੰ ਪਰਮਾਤਮਾ ਦੇ ਰੋਲ-ਮਾਡਲ ਵਿਚ ਢਾਲਣਾ ਚਾਹੁੰਦੇ ਹਨ। ਉਹ ਇਕ ਅਜਿਹੇ ਵਿਅਕਤੀ ਦੀ ਸਿਰਜਣਾ ਲਈ ਯਤਨਸ਼ੀਲ ਹਨ, ਜੋ ਮਾਇਆ ਦੇ ਪ੍ਰਭਾਵ ਤੋਂ ਨਿਰਲੇਪ ਹੋਵੇ, ਜੋ ਵਸਤਾਂ ਦੇ ਆਕਰਸ਼ਣ ਵਿਚ ਨਾ ਬੱਝੇ, ਜੋ ਰਿਸ਼ਤਿਆਂ ਦੇ ਮੋਹ-ਜਾਲ ਤੋਂ ਉਪਰ ਰਹੇ। ਰਾਜ-ਭਾਗ ਅਤੇ ਹੋਰ ਦੁਨਿਆਵੀ ਪ੍ਰਾਪਤੀਆਂ ਅਤੇ ਉਪਾਧੀਆਂ ਉਸ ਦੇ ਅਸਤਿੱਤਵ ਲਈ ਜ਼ੰਜੀਰ ਨਾ ਬਣਨ। ਉਹ ਇਕ ਅਜਿਹੇ ਸੁਤੰਤਰ ਵਿਅਕਤੀ ਦੀ ਸਿਰਜਣਾ ਵਾਸਤੇ ਉੱਦਮ ਕਰ ਰਹੇ ਹਨ।

'ਸਚਿਆਰ' ਅਤੇ 'ਕੂੜਿਆਰ' ਦੀ ਨਿਸ਼ਾਨਦੇਹੀ ਲਈ ਗੁਰੂ ਸਾਹਿਬ 'ਖਰੇ' (ਪ੍ਰਮਾਣਿਕ) ਅਤੇ 'ਖੋਟੇ' (ਅਪ੍ਰਮਾਣਿਕ) ਸ਼ਬਦ ਦਾ ਪ੍ਰਯੋਗ ਵੀ ਕਰਦੇ ਹਨ। ਖਰੇ

ਉਹ ਹਨ ਜੋ ਵਿਕਾਰਾਂ ਤੇ ਮਾਇਆ ਦੇ ਆਕਰਸ਼ਣ ਤੋਂ ਨਿਰਲੇਪ ਹੋ ਕੇ ਪ੍ਰਭੂ ਦੇ ਸਿਮਰਨ ਵਿਚ ਵਕਤ ਗੁਜ਼ਾਰਦੇ ਹਨ ਅਤੇ ਖੋਟੇ ਉਹ, ਜਿਹੜੇ ਦੁਨਿਆਵੀ ਵਸਤਾਂ ਅਥਵਾ ਵਿਕਾਰਾਂ ਦੇ ਮੋਹ ਵਿਚ ਗ੍ਰਸਤ ਹੋ ਕੇ ਆਪਣੇ ਜੀਵਨ ਨੂੰ ਨਸ਼ਟ ਕਰ ਬੈਠਦੇ ਹਨ। ਗੁਰੂ ਸਾਹਿਬ ਦਾ ਕਥਨ ਹੈ ਕਿ ਪਰਮਾਤਮਾ ਖਰਿਆਂ ਨੂੰ ਸਵੀਕਾਰ ਕਰ ਲੈਂਦਾ ਹੈ ਭਾਵ ਮੁਕਤੀ ਪ੍ਰਦਾਨ ਕਰ ਕੇ ਆਪਣੇ ਨਾਲ ਮਿਲਾ ਲੈਂਦਾ ਹੈ ਪਰੰਤੂ ਖੋਟਿਆਂ ਨੂੰ ਉਹ ਅਸਵੀਕਾਰ ਕਰ ਦਿੰਦਾ ਹੈ। ਉਹਨਾਂ ਨੂੰ ਵਗਾਹ ਕੇ ਵਾਪਸ ਧਰਤੀ ਉਪਰ ਸੁੱਟ ਦਿੰਦਾ ਹੈ ਅਰਥਾਤ ਉਹ ਜੀਵਨ-ਮੌਤ ਦੀ ਪੀੜਾ ਵਿਚੋਂ ਬਾਰ-ਬਾਰ ਗੁਜ਼ਰਦੇ ਹਨ। ਆਪਣੇ ਇਸ ਵਿਚਾਰ ਦੀ ਵਿਆਖਿਆ ਹਿੱਤ ਗੁਰੂ ਸਾਹਿਬ ਫ਼ੁਰਮਾਉਂਦੇ ਹਨ :

**ਆਪੇ ਕੁਦਰਤਿ ਸਾਜਿ ਕੈ ਆਪੇ ਕਰੇ ਬੀਚਾਰੁ ॥**
**ਇਕਿ ਖੋਟੇ ਇਕਿ ਖਰੇ ਆਪੇ ਪਰਖਣਹਾਰੁ ॥**
**ਖਰੇ ਖਜਾਨੈ ਪਾਈਅਹਿ ਖੋਟੇ ਸਟੀਅਹਿ ਬਾਹਰ ਵਾਰਿ ॥**
**ਖੋਟੇ ਸਚੀ ਦਰਗਹ ਸੁਟੀਅਹਿ ਕਿਸੁ ਆਗੈ ਕਰਹਿ ਪੁਕਾਰ ॥**

*(ਪੰਨਾ 143)*

## 5. ਮਨ, ਮਨਮੁਖ, ਗੁਰੂ ਅਤੇ ਗੁਰਮੁਖ

ਗੁਰੂ ਸਾਹਿਬ ਮਨ ਨੂੰ ਸਾਰੀ ਚੰਚਲਤਾ ਦਾ ਧੁਰਾ ਮੰਨਦੇ ਹਨ। ਇਸੇ ਲਈ ਆਪ ਮਨ ਨੂੰ ਸਮਝਾਉਣ ਉੱਪਰ ਜ਼ੋਰ ਦਿੰਦੇ ਹਨ। ਗੁਰੂ ਸਾਹਿਬ ਅਨੁਸਾਰ ਮਨ ਉੱਤੇ ਕਾਬੂ ਪਾਉਣਾ ਬਹੁਤ ਕਠਨ ਹੈ। ਮਨੁੱਖ ਨੂੰ ਵਿਸ਼ੇ-ਵਿਕਾਰਾਂ ਦੇ ਆਕਰਸ਼ਣ ਵਿਚ ਉਲਝਾਉਣ ਵਾਲਾ ਇਹ ਮਨ ਹੀ ਹੈ। ਇਸੇ ਲਈ ਗੁਰੂ ਸਾਹਿਬ ਨੇ ਫ਼ੁਰਮਾਇਆ ਹੈ : 'ਮਨ ਜੀਤੈ ਜਗੁ ਜੀਤੁ ॥' ਆਧੁਨਿਕ ਯੁਗ ਦੇ ਮਨੋਵਿਗਿਆਨੀ ਵੀ ਮਨੁੱਖ ਦੇ ਮਨ ਨੂੰ ਇੱਛਾਵਾਂ ਅਤੇ ਵਰਜਿਤ ਕਾਮਨਾਵਾਂ ਦਾ ਇਕ ਅਤ੍ਰਿਪਤ ਭੰਡਾਰ ਮੰਨਦੇ ਹਨ। ਮਨੁੱਖ ਮਨ ਨੂੰ ਸੰਤੁਸ਼ਟ ਕਰਨ ਦੇ ਜਿਤਨੇ ਵੀ ਯਤਨ ਕਰਦਾ ਹੈ, ਮਨ ਦੀ ਭੁੱਖ ਸਗੋਂ ਵਧੇਰੇ ਵਧਦੀ ਹੈ। ਜਿਸ ਤਰ੍ਹਾਂ ਅਗਨੀ ਨੂੰ ਬਾਲਣ ਦੁਆਰਾ ਸ਼ਾਂਤ ਨਹੀਂ ਕੀਤਾ ਜਾ ਸਕਦਾ ਬਲਕਿ ਬਾਲਣ ਨੂੰ ਪਰੇ ਹਟਾ ਕੇ ਅਗਨੀ ਨੂੰ ਬਾਲਣ ਤੋਂ ਵਿਜੋਗ ਕੇ ਹੀ ਸ਼ਾਂਤ ਕੀਤਾ ਜਾ ਸਕਦਾ ਹੈ। ਇਸੇ ਤਰ੍ਹਾਂ ਮਨੁੱਖ ਮਨ ਦਾ ਪ੍ਰਕਾਰਜ ਹੈ। ਜੇ ਅਸੀਂ ਚਾਹੀਏ ਕਿ ਇਸ ਦੀਆਂ ਕਾਮਨਾਵਾਂ ਨੂੰ ਪੂਰਾ ਕਰ ਕੇ ਇਸ ਨੂੰ ਸਥਿਰ ਅਤੇ ਸ਼ਾਂਤ ਕੀਤਾ ਜਾ ਸਕਦਾ ਹੈ ਤਾਂ ਇਹ ਸਾਡੀ ਭੁੱਲ ਹੋਵੇਗੀ। ਇਸ ਨੂੰ ਸ਼ਾਂਤ ਕਰਨ ਵਾਸਤੇ ਇਹੀ ਉਚਿਤ ਰਹੇਗਾ ਕਿ ਕਾਮਨਾਵਾਂ ਅਤੇ ਮਨ ਨੂੰ ਇਕ ਦੂਜੇ ਤੋਂ ਨਿਖੇੜ ਦਿਉ। ਹਰ ਧਰਮ ਦੇ ਸ਼ਾਸਤਰ ਵਿਚ ਮਨ ਉੱਤੇ ਕਾਬੂ ਪਾਉਣ ਲਈ ਵੱਖ-ਵੱਖ ਵਿਧੀਆਂ ਦੱਸੀਆਂ ਗਈਆਂ ਹਨ। ਕੋਈ ਜੰਗਲਾਂ ਵਿਚ ਜਾ ਕੇ

ਸਮਾਧੀਰਤ ਹੋ ਜਾਂਦਾ ਹੈ, ਕੋਈ ਭਿੱਖਿਆ ਮੰਗਣ ਦੀ ਵਿਧੀ ਦੱਸਦਾ ਹੈ ਅਤੇ ਕੋਈ ਹੋਰ ਸੇਵਾ ਤੇ ਸਿਮਰਨ ਦੁਆਰਾ ਮਨ ਉੱਤੇ ਨਿਯੰਤਰਣ ਪਾਉਣ ਦਾ ਉਪਾਇ ਦੱਸਦਾ ਹੈ। ਗੁਰੂ ਸਾਹਿਬ ਦਾ ਫ਼ੁਰਮਾਨ ਹੈ ਕਿ ਗੁਰੂ ਦੀ ਕਿਰਪਾ ਦੁਆਰਾ ਵਿਅਕਤੀ ਨਾਮ ਸਿਮਰਨ ਦੇ ਮਾਰਗ ਉੱਪਰ ਚੱਲ ਪੈਂਦਾ ਹੈ ਅਤੇ ਇਸ ਤਰ੍ਹਾਂ ਉਸ ਦਾ ਮਨ ਮੋਹ ਅਤੇ ਮਾਇਆ ਦੇ ਪ੍ਰਭਾਵ ਤੋਂ ਮੁਕਤੀ ਪ੍ਰਾਪਤ ਕਰ ਲੈਂਦਾ ਹੈ। ਦੇਖੋ :

**ਬਿਨੁ ਸਤਿਗੁਰ ਮੋਹੁ ਨ ਤੁਟਈ ਸਭਿ ਥਕੇ ਕਰਮ ਕਮਾਇਆ ॥**
**ਗੁਰਮਤੀ ਨਾਮੁ ਧਿਆਈਐ ਸੁਖਿ ਰਜਾ ਜਾ ਤੁਧੁ ਭਾਇਆ ॥**

*(ਪੰਨਾ 138)*

ਇਸ ਸੰਸਾਰ ਵਿਚ ਵਿਚਰਨ ਵਾਲੇ ਬਹੁਤ ਘੱਟ ਲੋਕ ਮਨ ਉੱਤੇ ਕਾਬੂ ਪਾ ਸਕਦੇ ਹਨ। ਬਲਕਿ ਬਹੁਤੇ ਲੋਕਾਂ ਨੂੰ ਤਾਂ ਮਨ ਆਪਣੇ ਪਿੱਛੇ ਲਾ ਕੇ ਉਹਨਾਂ ਤੋਂ ਤਰ੍ਹਾਂ-ਤਰ੍ਹਾਂ ਦੇ ਪਾਪ, ਅਪਰਾਧ ਕਰਵਾਉਂਦਾ ਹੈ। ਲੋਕ ਆਪਣੀਆਂ ਵਾਸਨਾਵਾਂ ਅਤੇ ਇੱਛਾਵਾਂ ਦੀ ਤ੍ਰਿਪਤੀ ਲਈ ਤਰ੍ਹਾਂ-ਤਰ੍ਹਾਂ ਦੇ ਛੜਯੰਤਰ ਰਚਦੇ ਹਨ, ਬਹੁਤ ਤਰ੍ਹਾਂ ਦੀਆਂ ਅਸਮਾਜਕ ਅਤੇ ਅਸ਼ਿਸ਼ਟ ਕਿਰਿਆਵਾਂ ਕਰਦੇ ਹਨ। ਉਹ ਆਪਣੇ ਮਨ ਦੀ ਚੰਚਲਤਾ ਉੱਤੇ ਕਾਬੂ ਨਹੀਂ ਪਾ ਸਕਦੇ। ਸਿੱਟੇ ਵਜੋਂ ਉਹਨਾਂ ਦਾ ਮਨ ਜਿਸ ਦਿਸ਼ਾ ਵੱਲ ਸੰਕੇਤ ਕਰਦਾ ਹੈ, ਉਹ ਆਪਣਾ ਮੁੱਖ ਅਥਵਾ ਧਿਆਨ ਉਸ ਪਾਸੇ ਕੇਂਦਰਿਤ ਕਰ ਲੈਂਦੇ ਹਨ। ਇਹੋ ਜਿਹੇ ਮਨੁੱਖ ਨੂੰ ਗੁਰੂ ਸਹਿਬ 'ਮਨਮੁਖ' ਦਾ ਨਾਮ ਦਿੰਦੇ ਹਨ। ਗੁਰੂ ਸਾਹਿਬ ਦੀ ਦ੍ਰਿਸ਼ਟੀ ਵਿਚ ਮਨਮੁਖ ਸਭ ਤੋਂ ਨਖਿਧ, ਘਟੀਆ ਅਤੇ ਪਤਨ-ਉਨਮੁੱਖ ਵਿਅਕਤੀ ਹੈ। ਇਸ ਵਿਅਕਤੀ ਦਾ ਕਦੇ ਵੀ ਪਾਰ-ਉਤਾਰਾ ਨਹੀਂ ਹੋ ਸਕਦਾ ਅਤੇ ਉਸ ਦਾ ਜਨਮ ਲੈਣਾ ਅਥਵਾ ਜਗਤ ਵਿਚ ਆਉਣਾ ਦੋਵੇਂ ਵਿਅਰਥ ਚਲੇ ਜਾਂਦੇ ਹਨ। ਇਸ ਪ੍ਰਥਾਇ ਗੁਰੂ ਜੀ ਦਾ ਫ਼ੁਰਮਾਨ ਦੇਖੋ :

**ਮਨਮੁਖ ਸਦਾ ਕੂੜਿਆਰ ਭਰਮਿ ਭੁਲਾਣਿਆ ॥**
**ਵਿਸਟਾ ਅੰਦਰਿ ਵਾਸੁ ਸਾਦੁ ਨ ਜਾਣਿਆ ॥**
**ਵਿਣੁ ਨਾਵੈ ਦੁਖੁ ਪਾਇ ਆਵਣ ਜਾਣਿਆ ॥**
**ਨਾਨਕ ਪਾਰਖੁ ਆਪਿ ਜਿਨਿ ਖੋਟਾ ਖਰਾ ਪਛਾਣਿਆ ॥੧੩॥**

*(ਪੰਨਾ 144)*

ਮਨਮੁਖਾਂ ਦੇ ਵਿਪਰੀਤ ਉਹ ਵਿਰਲੇ ਇਨਸਾਨ ਹੁੰਦੇ ਹਨ, ਜਿਹੜੇ ਆਪਣੇ ਮਨ ਦੁਆਰਾ ਸੁਝਾਈ (ਵਿਕਾਰਾਂ ਦੀ) ਦਿਸ਼ਾ ਦੇ ਵਿਪਰੀਤ ਆਪਣਾ ਮੁੱਖ ਅਤੇ ਧਿਆਨ ਕੇਂਦਰਿਤ ਕਰਦੇ ਹਨ, ਜਿਧਰ ਗੁਰੂ ਕਹਿੰਦਾ ਹੈ। ਮਨਮੁਖ ਨੂੰ ਗੁਰਮੁਖ ਬਣਾਉਣ ਵਾਲੀ ਹਸਤੀ ਸਤਿਗੁਰੂ ਹੀ ਹੈ। ਇਹੀ ਸਤਿਗੁਰੂ ਮਨੁੱਖਾ ਜੀਵਨ ਦਾ ਪ੍ਰਯੋਜਨ ਸਮਝਾਉਂਦਾ ਹੈ, ਅਰਥ-ਪੂਰਨ ਅਤੇ ਅਰਥ-ਹੀਣ ਵਸਤਾਂ ਦੇ ਦਰਮਿਆਨ

ਨਖੜੇ ਕਰਨ ਦੀ ਜਾਚ ਦੱਸਦਾ ਹੈ, ਸਤਿ ਅਤੇ ਅਸਤਿ ਵਿਚਲੀ ਵਿਭਾਜਨ-ਰੇਖਾ ਨੂੰ ਦ੍ਰਿਸ਼ਟੀਗੋਚਰ ਕਰਵਾਉਂਦਾ ਹੈ। ਇਹੀ ਕਾਰਨ ਹੈ ਕਿ ਗੁਰੂ ਸਾਹਿਬ ਗੁਰਮੁਖ ਅਤੇ ਸਤਿਗੁਰ ਦੋਹਾਂ ਨੂੰ ਹੀ ਆਦਰਸ਼ਕ, ਸਫਲ ਅਤੇ ਪ੍ਰਮਾਣੀਕ ਵਿਅਕਤੀ ਮੰਨਦੇ ਹਨ। ਮਾਝ ਕੀ ਵਾਰ ਦਾ ਨਾਇਕ ਇਹੀ ਗੁਰਮੁਖ ਵਿਅਕਤੀ ਹੈ, ਜੋ ਮਨਮੁਖਤਾ ਨੂੰ ਪਰਾਜਿਤ ਕਰਨ ਲਈ ਸੰਘਰਸ਼ ਕਰ ਰਿਹਾ ਹੈ। ਗੁਰਮੁਖ ਦੀ ਸਿਫ਼ਤ-ਸ਼ਲਾਘਾ ਕਰਦੇ ਹੋਏ ਗੁਰੂ ਸਾਹਿਬ ਫ਼ੁਰਮਾਉਂਦੇ ਹਨ :

**ਗੁਰਮੁਖ ਸਿਉ ਮਨਮੁਖੁ ਅੜੈ ਡੁਬੈ ਹਕਿ ਨਿਆਇ ॥**
**ਦੁਹਾ ਸਿਰਿਆ ਆਪੇ ਖਸਮੁ ਵੇਖੈ ਕਰਿ ਵਿਉਪਾਇ ॥**

*(ਪੰਨਾ 148)*

ਅਤੇ

**ਗੁਰਮੁਖਿ ਰੰਗਿ ਚਲੂਲਿਆ ਰੰਗਿ ਹਰਿ ਰੰਗਿ ਰਾਤੀ ॥**
**ਸੋ ਸੇਵਹੁ ਸਤਿ ਨਿਰੰਜਨੋ ਹਰਿ ਪੁਰਖੁ ਬਿਧਾਤੀ ॥**
**ਤੂੰ ਆਪੇ ਆਪਿ ਸੁਜਾਣੁ ਹੈ ਵਡ ਪੁਰਖੁ ਵਡਾਤੀ ॥**
**ਜੋ ਮਨਿ ਚਿਤਿ ਤੁਧੁ ਧਿਆਇਦੇ ਮੇਰੇ ਸਚਿਆ**
**ਬਲਿ ਬਲਿ ਹਉ ਤਿਨ ਜਾਤੀ ॥੧॥**

*(ਪੰਨਾ 138)*

## 6. ਸਮਾਜਕ ਸਭਿਆਚਾਰਕ ਪਰਿਪੇਖ

ਗੁਰੂ ਨਾਨਕ ਦੇਵ ਜੀ ਵਿਚਾਰਧਾਰਾ ਅਤੇ ਮਨੁੱਖੀ ਜੀਵਨ ਨੂੰ ਇਕ ਦੂਜੇ ਨਾਲ ਅੰਤਰ-ਸੰਬੰਧਤ ਕਰ ਕੇ ਵੇਖਦੇ ਅਤੇ ਵਿਚਾਰਦੇ ਹਨ। ਇਹੀ ਕਾਰਨ ਹੈ ਕਿ ਆਪ ਜਦੋਂ ਵੀ ਕੋਈ ਦਾਰਸ਼ਨਿਕ ਅਥਵਾ ਨੈਤਿਕ ਸੰਕਲਪ ਪੇਸ਼ ਕਰਦੇ ਹਨ ਤਾਂ ਸਮਾਜਕ-ਸਭਿਆਚਾਰਕ ਪਰਿਪੇਖ ਵੀ ਆਪਣੇ ਆਪ ਉਹਨਾਂ ਦੇ ਵਿਸ਼ਲੇਸ਼ਣ ਵਿਚ ਸ਼ਾਮਲ ਹੋ ਜਾਂਦਾ ਹੈ। ਗੁਰੂ ਸਾਹਿਬ ਨੇ ਅਨੁਭਵ ਕਰ ਲਿਆ ਸੀ ਕਿ ਹਿੰਦੁਸਤਾਨ ਦੀਆਂ ਬਹੁਤੀਆਂ ਅਹੁਰਾਂ ਅਥਵਾ ਕਮਜ਼ੋਰੀਆਂ ਦਾ ਕਾਰਨ ਸਾਡੇ ਸਮਾਜ ਅਤੇ ਸਭਿਆਚਾਰ ਵਿਚ ਆਈ ਖੜੋਤ ਹੀ ਹੈ। ਆਪ ਦਾ ਵਿਚਾਰ ਸੀ ਕਿ ਇਕ ਰੈਡੀਕਲ, ਪ੍ਰਗਤੀਸ਼ੀਲ ਅਤੇ ਲੋਕਪੱਖੀ ਸਭਿਆਚਾਰ ਹੀ ਹਿੰਦੁਸਤਾਨ ਨੂੰ ਅੱਗੇ ਲਿਜਾ ਸਕਦਾ ਹੈ। ਆਪ ਇਹ ਵੀ ਜਾਣਦੇ ਸਨ ਕਿ ਬ੍ਰਹਮਣ, ਮੌਲਾਣੇ ਅਤੇ ਜੋਗੀ ਆਦਿਕ ਧਾਰਮਿਕ ਆਗੂਆਂ ਦਾ ਮੁਫ਼ਾਦ ਇਸੇ ਗੱਲ ਵਿਚ ਸੁਰੱਖਿਅਤ ਹੈ ਕਿ ਸਮਾਜ ਪ੍ਰਗਤੀ ਨਾ ਕਰੇ ਬਲਕਿ ਜਿਸ ਥਾਂ ’ਤੇ ਖੜ੍ਹਾ ਹੈ, ਉਥੇ ਹੀ ਖੜੋਤਾ ਰਹੇ। ਇਸੇ ਕਾਰਨ ਗੁਰੂ ਜੀ ਆਪਣੀ ਇਸ ਵਾਰ ਵਿਚ ਧਰਮ ਅਤੇ ਸਭਿਆਚਾਰ ਦੇ ਕਥਿਤ ਆਗੂਆਂ ਦੀ ਬੜੀ ਸਖ਼ਤ ਆਲੋਚਨਾ ਕਰਦੇ ਹਨ। ਦੇਖੋ :

**ਕੀਤਾ ਕਰਣਾ ਕਹਿਆ ਕਥਨਾ ਭਰਿਆ ਭਰਿ ਭਰਿ ਧੋਵਾਂ ॥**
**ਆਪਿ ਨ ਬੁਝਾ ਲੋਕ ਬੁਝਾਈ ਐਸਾ ਆਗੂ ਹੋਵਾਂ ॥**
**ਨਾਨਕ ਅੰਧਾ ਹੋਇ ਕੈ ਦਸੇ ਰਾਹੈ ਸਭਸੁ ਮੁਹਾਏ ਸਾਥੈ ॥**
**ਅਗੈ ਗਇਆ ਮੁਹੇ ਮੁਹਿ ਪਾਹਿ ਸੁ ਐਸਾ ਆਗੂ ਜਾਪੈ ॥੨॥**

*(ਪੰਨਾ 140)*

ਗੁਰੂ ਜੀ ਨੇ ਦੇਖਿਆ ਸੀ ਕਿ ਉਹਨਾਂ ਦੇ ਯੁੱਗ ਵਿਚ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੋ ਗਿਆ ਸੀ। ਹਰ ਛੋਟਾ-ਵੱਡਾ ਅਧਿਕਾਰੀ ਵੱਧ ਤੋਂ ਵੱਧ ਪੈਸੇ ਇਕੱਠੇ ਕਰਨ ਦੇ ਆਹਰ ਵਿਚ ਸੀ। ਗੁਰੂ ਜੀ ਨੇ ਇਹਨਾਂ ਅਧਿਕਾਰੀਆਂ ਨੂੰ ਭ੍ਰਿਸ਼ਟਾਚਾਰ ਤੋਂ ਰੋਕਣ ਲਈ ਉਹਨਾਂ ਨੂੰ ਰੱਬੀ ਪ੍ਰਕੋਪ ਦਾ ਡਰ ਦਿੱਤਾ। ਆਪ ਨੇ ਇਹਨਾਂ ਲੋਕਾਂ ਨੂੰ ਖ਼ਬਰਦਾਰ ਕਰਦਿਆਂ ਹੋਇਆਂ ਕਿਹਾ :

**ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥**
**ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥**
**ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ ॥**
**ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ ॥**
**ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ ॥੨॥**

*(ਪੰਨਾ 141)*

ਗੁਰੂ ਸਾਹਿਬ ਨੇ ਇਕ ਫ਼ਿਰਕੇ ਜਾਂ ਵਰਗ ਦੇ ਲੋਕਾਂ ਨੂੰ ਦੂਜੇ ਫ਼ਿਰਕੇ ਜਾਂ ਵਰਗ ਦੇ ਲੋਕਾਂ ਉੱਪਰ ਜ਼ੁਲਮ ਕਰਨ ਤੋਂ ਵੀ ਰੋਕਿਆ। ਮੁਸਲਮਾਨ ਲੋਕ ਹਾਕਮ ਧੜੇ ਨਾਲ ਸੰਬੰਧਤ ਹੋਣ ਕਰਕੇ ਹਿੰਦੂਆਂ ਨਾਲ ਧੱਕੇਸ਼ਾਹੀ ਕਰਦੇ ਰਹਿੰਦੇ ਸਨ। ਗੁਰੂ ਜੀ ਮਨੁੱਖੀ ਸਮਾਨਤਾ ਅਤੇ ਏਕਤਾ ਦੇ ਪੈਗ਼ੰਬਰ ਸਨ। ਆਪਣੀ ਵਚਨਬੱਧਤਾ ਕਿਸੇ ਇਕ ਧਰਮ, ਵਰਗ ਜਾਂ ਫ਼ਿਰਕੇ ਲਈ ਨਹੀਂ ਸੀ ਬਲਕਿ ਆਪ ਹਰ ਧਰਮ ਜਾਂ ਫ਼ਿਰਕੇ ਨੂੰ ਬਰਾਬਰ ਸਮਝਦੇ ਸਨ। ਇਹੀ ਕਾਰਨ ਹੈ ਕਿ ਆਪ ਜ਼ੁਲਮ ਕਰਨ ਵਾਲਿਆਂ ਅਤੇ ਜ਼ੁਲਮ ਬਰਦਾਸ਼ਤ ਕਰਨ ਵਾਲਿਆਂ ਦੋਹਾਂ ਤਰ੍ਹਾਂ ਦੇ ਲੋਕਾਂ ਨੂੰ ਖ਼ਬਰਦਾਰ ਕਰਦੇ ਹਨ ਅਤੇ ਇਕ-ਦੂਜੇ ਦਾ ਸਤਿਕਾਰ ਕਰਨ ਦਾ ਸੰਦੇਸ਼ ਦਿੰਦੇ ਹਨ। ਦੇਖੋ :

**ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥**
**ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ॥**
**ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ ॥**
**ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ ॥**

*(ਪੰਨਾ 140)*

ਅਤੇ

**ਜੇ ਜੀਵੈ ਪਤਿ ਲਥੀ ਜਾਇ ॥**
**ਸਭੁ ਹਰਾਮੁ ਜੇਤਾ ਕਿਛੁ ਖਾਇ ॥**
**ਰਾਜਿ ਰੰਗੁ ਮਾਲਿ ਰੰਗੁ ॥**
**ਰੰਗਿ ਰਤਾ ਨਚੈ ਨੰਗੁ ॥** *(ਪੰਨਾ 142)*

## 7. ਧਾਰਮਿਕ ਪਰਿਪੇਖ

ਗੁਰੂ ਜੀ ਆਪਣੇ ਯੁਗ ਦੇ ਧਾਰਮਿਕ ਵਾਤਾਵਰਣ ਬਾਰੇ ਵੀ ਬਹੁਤ ਚੇਤੰਨ ਸਨ। ਉਹਨਾਂ ਦੇ ਸਮੇਂ ਵਿਚ ਮੁਸਲਮਾਨ ਭਾਰਤ ਉਪਰ ਅਜੇ ਨਵੇਂ-ਨਵੇਂ ਕਾਬਜ਼ ਹੋਏ ਸਨ। ਬਾਕੀ ਦੁਨੀਆਂ ਵਿਚ ਵੀ ਇਸਲਾਮ ਦੀ ਸਰਦਾਰੀ ਸਥਾਪਤ ਹੋ ਚੁੱਕੀ ਸੀ। ਯੂਰਪ ਅਜੇ ਪੂਰੀ ਤਰ੍ਹਾਂ ਜਾਗਿਆ ਨਹੀਂ ਸੀ ਅਤੇ ਇਸਲਾਮ ਦੁਨੀਆਂ ਦੇ ਹਰ ਕੋਨੇ ਵਿਚ ਸਥਾਪਤ ਹੋਣ ਦੀ ਕੋਸ਼ਿਸ਼ ਕਰ ਰਿਹਾ ਸੀ। ਇਸਲਾਮ ਦੇ ਪ੍ਰਚਾਰਨ ਵਿਚ ਉਸ ਸਮੇਂ ਦੇ ਰਾਜਿਆਂ-ਰਜਵਾੜਿਆਂ ਨੇ ਬੜੀ ਸਰਗਰਮ ਭੂਮਿਕਾ ਨਿਭਾਈ ਅਤੇ ਇਹਨਾਂ ਰਾਜਿਆਂ ਨੇ ਤਲਵਾਰ ਦੇ ਜ਼ੋਰ ਨਾਲ ਹੋਰਨਾਂ ਧਰਮਾਂ ਵਿਚ ਵਿਸ਼ਵਾਸ ਰੱਖਣ ਵਾਲੇ ਲੋਕਾਂ ਨੂੰ ਮੁਸਲਮਾਨ ਬਣਾਇਆ। ਭਾਰਤ ਵਿਚ ਤਾਂ ਇਹ ਪ੍ਰਕਿਰਿਆ ਚਾਰ-ਪੰਜ ਸੌ ਵਰ੍ਹੇ ਚੱਲਦੀ ਰਹੀ। ਇਹੀ ਕਾਰਨ ਹੈ ਕਿ ਇਕ ਵਾਰ ਤਾਂ ਭਾਰਤ ਇਕ ਇਸਲਾਮਿਕ ਸਟੇਟ ਦਾ ਰੂਪ ਧਾਰਨ ਕਰ ਗਿਆ ਸੀ। ਗੁਰੂ ਨਾਨਕ ਦੇਵ ਜੀ ਮੁਸਲਮਾਨਾਂ ਨੂੰ ਉਹਨਾਂ ਦੇ ਧਰਮ ਦਾ ਮਹੱਤਵ ਸਮਝਾਉਣ ਵਾਸਤੇ ਉਹਨਾਂ ਦੇ ਦੋ ਸਭ ਤੋਂ ਪ੍ਰਮੁੱਖ ਕੇਂਦਰਾਂ—ਮੱਕੇ ਅਤੇ ਮਦੀਨੇ ਵੀ ਗਏ ਅਤੇ ਕਾਅਬੇ ਵੱਲ ਪੈਰ ਪਸਾਰ ਕੇ ਉਹਨਾਂ ਇਹ ਸਮਝਾਇਆ ਕਿ ਖ਼ੁਦਾ ਪੱਛਮ ਵਿਚ ਹੀ ਨਹੀਂ ਵੱਸਦਾ ਬਲਕਿ ਸਭ ਦਿਸ਼ਾਵਾਂ ਵਿਚ ਹੈ ਅਤੇ ਕਿਸੇ ਨੂੰ ਇਸੇ ਗੱਲ ਕਾਰਨ ਹੀ ਵੱਡਾ ਨਾ ਸਮਝੋ ਕਿ ਉਹ ਮੁਸਲਮਾਨ ਹੈ। ਸੱਚਾ ਮੁਸਲਮਾਨ ਬਣਨਾ ਬਹੁਤ ਮੁਸ਼ਕਲ ਹੈ ਅਤੇ ਕੇਵਲ ਉਸੇ ਵਿਅਕਤੀ ਨੂੰ ਮੁਸਲਮਾਨ ਕਿਹਾ ਜਾ ਸਕਦਾ ਹੈ ਜੋ ਵਿਕਾਰਾਂ ਤੋਂ ਮੁਕਤ ਹੋਵੇ, ਗ਼ਰੀਬੀ ਨੂੰ ਖ਼ੁਦਾ ਦੀ ਸਭ ਤੋਂ ਵੱਡੀ ਦਾਤ ਸਮਝਦਾ ਹੋਵੇ ਅਤੇ ਪਰਮਾਤਮਾ ਦੀ ਹਰ ਰਜ਼ਾ ਵਿਚ ਰਾਜ਼ੀ ਰਹਿਣ ਵਾਲਾ ਖ਼ੁਦਾ-ਪ੍ਰਸਤ ਇਨਸਾਨ ਹੋਵੇ। ਇਕ ਸੱਚੇ ਮੁਸਲਮਾਨ ਦੇ ਗੁਣ-ਲੱਛਣ ਨਿਰਧਾਰਿਤ ਕਰਦੇ ਹੋਏ ਆਪ ਫ਼ੁਰਮਾਉਂਦੇ ਹਨ :

**ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ ॥**
**ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ ॥**
**ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ ॥**
**ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ ॥**
*(ਪੰਨਾ 141)*

ਇਸੇ ਤਰ੍ਹਾਂ ਆਪ ਨੇ ਮੁਸਲਮਾਨਾਂ ਵੱਲੋਂ ਪੜ੍ਹੀਆਂ ਜਾਣ ਵਾਲੀਆਂ ਪੰਜ

ਨਿਮਾਜ਼ਾਂ ਨੂੰ ਨਵੇਂ ਸਿਰਿਓਂ ਪਰਿਭਾਸ਼ਿਤ ਕੀਤਾ। ਨਿਮਾਜ਼ ਪੜ੍ਹਨ ਵਾਲਿਆਂ ਨੂੰ ਸੱਚ, ਹਲਾਲ, ਸਭ ਦੇ ਭਲੇ, ਸ਼ੁਭ ਭਾਵਨਾ ਅਤੇ ਪਰਮਾਤਮਾ ਦੀ ਸਿਫ਼ਤ-ਸਾਲਾਹ ਵਰਗੇ ਪੰਜ ਸੰਕਲਪਾਂ ਨੂੰ ਧਿਆਨ ਵਿਚ ਰੱਖ ਕੇ ਨਿਮਾਜ਼ ਅਦਾ ਕਰਨੀ ਚਾਹੀਦੀ ਹੈ। ਬਿਨਾਂ ਨਿਮਾਜ਼ ਦੇ ਇਹਨਾਂ ਅੰਤਰੀਵੀ ਅਰਥਾਂ ਨੂੰ ਸਮਝਿਆਂ ਨਿਮਾਜ਼ ਵੀ ਇਕ ਪ੍ਰਕਾਰ ਦੀ ਹਠਧਰਮੀ ਅਤੇ ਕਰਮ-ਕਾਂਡ ਬਣ ਜਾਂਦੀ ਹੈ।

ਮਾਝ ਕੀ ਵਾਰ ਵਿਚ ਗੁਰੂ ਸਾਹਿਬ ਦੀ ਆਲੋਚਨਾ ਦਾ ਵਿਸ਼ਾ ਬਣਨ ਵਾਲੀ ਇਕ ਹੋਰ ਧਿਰ ਉਸ ਸਮੇਂ ਦੇ ਜੋਗੀ ਸਨ। ਉਹ ਜੰਗਲਾਂ ਵਿਚ ਵਿਚਰਦੇ ਸਨ, ਭਗਵੇਂ ਵਸਤਰ ਧਾਰਨ ਕਰ ਕੇ ਆਪਣੇ ਆਪ ਨੂੰ ਪਹੁੰਚੇ ਹੋਏ ਵਿਸ਼ੇਸ਼ ਵਰਗ ਦੇ ਰੂਪ ਵਿਚ ਪੇਸ਼ ਕਰਦੇ ਸਨ। ਗੁਰੂ ਸਾਹਿਬ ਉਹਨਾਂ ਦੇ ਪਾਖੰਡੀ ਕਿਰਦਾਰ ਦਾ ਵਿਸ਼ਲੇਸ਼ਣ ਕਰਦੇ ਹੋਏ ਫ਼ੁਰਮਾਉਂਦੇ ਹਨ ਕਿ ਇਹ ਲੋਕ ਨਾ ਤਾਂ ਚੰਗੇ ਗ੍ਰਿਹਸਤੀ ਹੀ ਬਣ ਸਕੇ ਅਤੇ ਨਾ ਹੀ ਚੰਗੇ ਉਦਾਸੀ। ਪਰਮਾਤਮਾ ਦੀ ਪ੍ਰਾਪਤੀ ਲਈ ਘਰ-ਬਾਰ ਤਿਆਗ ਕੇ ਜੰਗਲਾਂ ਵਿਚ ਭਟਕਣ ਦੀ ਕੋਈ ਲੋੜ ਨਹੀਂ ਬਲਕਿ ਜੇ ਸੱਚੇ ਪਰਮਾਤਮਾ ਨੂੰ ਮਨ ਵਿਚ ਵਸਾ ਲਿਆ ਜਾਵੇ ਤਾਂ ਘਰ ਵਿਚ ਬੈਠਿਆਂ ਹੀ ਉਦਾਸੀ ਵਿਅਕਤੀ ਦਾ ਮਰਤਬਾ ਪਾਇਆ ਜਾ ਸਕਦਾ ਹੈ। ਇਸ ਪ੍ਰਸੰਗ ਵਿਚ ਗੁਰੂ ਸਾਹਿਬ ਦਾ ਫ਼ੁਰਮਾਨ ਹੈ :

**ਇਕਿ ਕੰਦ ਮੂਲੁ ਚੁਣਿ ਖਾਹਿ ਵਣ ਖੰਡਿ ਵਾਸਾ ॥**
**ਇਕਿ ਭਗਵਾ ਵੇਸੁ ਕਰਿ ਫਿਰਹਿ ਜੋਗੀ ਸੰਨਿਆਸਾ ॥**
**ਅੰਦਰਿ ਤ੍ਰਿਸਨਾ ਬਹੁਤੁ ਛਾਦਨ ਭੋਜਨ ਕੀ ਆਸਾ ॥**
**ਬਿਰਥਾ ਜਨਮੁ ਗਵਾਇ ਨ ਗਿਰਹੀ ਨ ਉਦਾਸਾ ॥**
**ਜਮਕਾਲੁ ਸਿਰਹੁ ਨ ਉਤਰੈ ਤ੍ਰਿਬਿਧਿ ਮਨਸਾ ॥**
**ਗੁਰਮਤੀ ਕਾਲੁ ਨ ਆਵੈ ਨੇੜੈ ਜਾ ਹੋਵੈ ਦਾਸਨਿ ਦਾਸਾ ॥**
**ਸਚਾ ਸਬਦੁ ਸਚੁ ਮਨਿ ਘਰ ਹੀ ਮਾਹਿ ਉਦਾਸਾ ॥**
**ਨਾਨਕ ਸਤਿਗੁਰੁ ਸੇਵਨਿ ਆਪਣਾ ਸੇ ਆਸਾ ਤੇ ਨਿਰਾਸਾ ॥**

*(ਪੰਨਾ 140)*

ਜਿਵੇਂ ਪੁਰਾਤਨ ਜਨਮਸਾਖੀ ਵਿਚ ਅੰਕਿਤ ਹੈ, ਮਾਝ ਕੀ ਵਾਰ ਦੀ ਰਚਨਾ ਗੁਰੂ ਸਾਹਿਬ ਨੇ ਇਕ ਅਨੁਭਵੀ ਸਰੇਵੜੇ ਨੂੰ ਸੰਬੋਧਨ ਕਰ ਕੇ ਉਚਾਰੀ ਸੀ। ਇਸ ਲਈ ਸੁਭਾਵਿਕ ਹੀ ਇਸ ਵਾਰ ਵਿਚ ਜੈਨੀ ਸਾਧੂਆਂ ਅਤੇ ਸਰੇਵੜਿਆਂ ਦੇ ਕਰਮ-ਕਾਂਡੀ, ਅਣ-ਸਾਧਾਰਣ ਅਤੇ ਨਿੰਦਨੀਯ ਵਿਹਾਰ ਦੇ ਕਾਫ਼ੀ ਦ੍ਰਿਸ਼ ਮਿਲ ਜਾਂਦੇ ਹਨ। ਗੁਰੂ ਸਾਹਿਬ ਇਕ ਇਹੋ ਜਿਹੇ ਧਰਮ ਦੀ ਸਥਪਾਨਾ ਲਈ ਯਤਨਸ਼ੀਲ ਸਨ, ਜਿਸ ਵਿਚ ਵਿਅਕਤੀ ਨੂੰ ਆਪਣੀਆਂ ਅਧਿਆਤਮਕ ਆਕਾਂਖਿਆਵਾਂ ਦੀ ਪੂਰਤੀ ਲਈ ਕੋਈ ਅਣ-ਸਾਧਾਰਣ, ਰਸਮੀ ਜਾਂ ਕਰਮ-ਕਾਂਡੀ ਵਿਹਾਰ ਧਾਰਨ ਨਾ ਕਰਨਾ ਪਵੇ। ਗੁਰੂ ਜੀ ਨੇ ਆਪਣੀ ਬਾਣੀ, ਸਿੱਖਿਆ ਅਤੇ ਸਮੁੱਚੇ ਜੀਵਨ-ਵਿਹਾਰ

ਨਾਲ ਇਹ ਸਿੱਧ ਕਰ ਦਿੱਤਾ ਸੀ ਕਿ ਸਹਿਜ-ਸੁਭਾਵਕ ਢੰਗ ਨਾਲ ਜੀਣਾ ਹੀ ਸਭ ਤੋਂ ਵੱਡੀ ਸਾਧਨਾ ਅਤੇ ਉਪਾਸਨਾ ਹੈ। ਜੈਨੀ ਸਾਧੂਆਂ ਦੀ ਘ੍ਰਿਣਾਯੋਗ ਜੀਵਨ-ਸ਼ੈਲੀ ਦੀ ਆਲੋਚਨਾ ਕਰਦੇ ਹੋਏ ਆਪ ਫ਼ੁਰਮਾਉਂਦੇ ਹਨ :

**ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ ॥**
**ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ ॥**
**ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਨਿ ਹਥ ਸੁਆਹੀ ॥**
**ਮਾਊ ਪੀਊ ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ ॥**

*(ਪੰਨਾ 149)*

ਮਾਝ ਦੀ ਵਾਰ ਦਾ ਇਕ ਹੋਰ ਧਰਾਤਲ ਧਾਰਮਿਕ ਸਾਂਝੀਵਾਲਤਾ ਜਾਂ ਸੰਪਰਦਾਇਕ ਏਕਤਾ ਦੇ ਸੰਕਲਪ ਦੀ ਪੇਸ਼ਕਾਰੀ ਕਰਦਾ ਹੈ। ਗੁਰੂ ਸਾਹਿਬ ਕਿਸੇ ਧਰਮ ਜਾਂ ਸੰਪਰਦਾਇ ਵਿਸ਼ੇਸ਼ ਨੂੰ ਕਿਸੇ ਹੋਰ ਧਰਮ ਜਾਂ ਸੰਪਰਦਾਇ ਨਾਲੋਂ ਉੱਚਾ ਜਾਂ ਸ੍ਰੇਸ਼ਠ ਨਹੀਂ ਮੰਨਦੇ ਸਨ ਬਲਕਿ ਉਹਨਾਂ ਦੀ ਨਜ਼ਰ ਵਿਚ ਹਰ ਧਰਮ ਅਤੇ ਸੰਪਰਦਾਇ ਸਮਾਨ ਸੀ। ਆਪਣੀ ਇਸ ਧਾਰਨਾ ਦੀ ਪੁਸ਼ਟੀ ਲਈ ਆਪ ਫ਼ੁਰਮਾਉਂਦੇ ਹਨ ਕਿ ਪਰਮਾਤਮਾ ਦੀ ਰਜ਼ਾ ਅਨੁਸਾਰ ਹੀ ਕੋਈ ਵਿਅਕਤੀ ਨਾਥ-ਜੋਗੀ, ਮੁੱਲਾਂ-ਸ਼ੇਖ਼, ਐਸ਼-ਪ੍ਰਸਤ ਰਾਜਾ, ਸੂਰਬੀਰ ਯੋਧਾ ਜਾਂ ਤੀਰਥ-ਇਸ਼ਨਾਨੀ ਬਣਦਾ ਹੈ। ਜੇ ਕਿਸੇ ਵਿਅਕਤੀ ਦੇ ਧਾਰਮਿਕ ਜੀਵਨ-ਮੁੱਲਾਂ ਦੀ ਤਹਿ ਹੇਠ ਪ੍ਰਭੂ ਦੀ ਆਪਣੀ ਮਰਜ਼ੀ ਹੀ ਕ੍ਰਿਆਸ਼ੀਲ ਹੈ ਤਾਂ ਸਭ ਪ੍ਰਕਾਰ ਦੀਆਂ ਜੀਵਨ-ਸ਼ੈਲੀਆਂ ਇਕੋ ਜਿਹੀਆਂ ਪ੍ਰਮਾਣੀਕ ਅਤੇ ਪ੍ਰਾਸੰਗਿਕ ਹਨ। ਇਹਨਾਂ ਨੂੰ ਇਕ ਦੂਸਰੀ ਤੋਂ ਚੰਗੇਰੀਆਂ ਜਾਂ ਮੰਦੀਆਂ ਨਹੀਂ ਸਮਝਣਾ ਚਾਹੀਦਾ। ਇਸ ਪ੍ਰਸੰਗ ਵਿਚ ਗੁਰਵਾਕ ਦੇਖੋ :

**ਤੁਧੁ ਭਾਵੈ ਤਾ ਵਾਵਹਿ ਗਾਵਹਿ ਤੁਧੁ ਭਾਵੈ ਜਲਿ ਨਾਵਹਿ ॥**
**ਜਾ ਤੁਧੁ ਭਾਵਹਿ ਤਾ ਕਰਹਿ ਬਿਭੂਤਾ ਸਿੰਙੀ ਨਾਦੁ ਵਜਾਵਹਿ ॥**
**ਜਾ ਤੁਧੁ ਭਾਵੈ ਤਾ ਪੜਹਿ ਕਤੇਬਾ ਮੁਲਾ ਸੇਖ ਕਹਾਵਹਿ ॥**
**ਜਾ ਤੁਧੁ ਭਾਵੈ ਤਾ ਹੋਵਹਿ ਰਾਜੇ ਰਸ ਕਸ ਬਹੁਤੁ ਕਮਾਵਹਿ ॥...**
**ਜਾ ਤੁਧੁ ਭਾਵੈ ਨਾਇ ਰਚਾਵਹਿ ਤੁਧੁ ਭਾਣੇ ਤੂੰ ਭਾਵਹਿ ॥**
**ਨਾਨਕੁ ਏਕ ਕਹੈ ਬੇਨੰਤੀ ਹੋਰਿ ਸਗਲੇ ਕੂੜੁ ਕਮਾਵਹਿ ॥**

*(ਪੰਨਾ 144)*

ਅਧਿਆਤਮਕ ਸਰੋਕਾਰਾਂ ਦੀ ਪੇਸ਼ਕਾਰੀ ਦੇ ਸੰਬੰਧ ਵਿਚ ਗੁਰੂ ਨਾਨਕ ਦੇਵ ਜੀ ਨੇ ਇਕ ਹੋਰ ਜੁੱਟ-ਵਿਰੋਧ 'ਭਗਤ ਬਨਾਮ ਸੰਸਾਰੀ' ਵਿਅਕਤੀ ਦਾ ਪੇਸ਼ ਕੀਤਾ ਹੈ। ਵਿਆਪਕ ਅਰਥਾਂ ਵਿਚ ਗੁਰੂ ਸਾਹਿਬ ਭਗਤ ਅਤੇ ਸੰਸਾਰੀ ਵਿਚ ਕੋਈ ਵਿਰੋਧ ਨਹੀਂ ਮਿਥਦੇ। ਭਗਤ ਆਦਮੀ ਸੰਸਾਰੀ ਵੀ ਹੋ ਸਕਦਾ ਹੈ ਅਤੇ ਇਕ ਸੰਸਾਰੀ ਵਿਅਕਤੀ ਭਗਤ ਵੀ ਬਣ ਸਕਦਾ ਹੈ। ਪਰ ਇਥੇ ਗੁਰੂ ਜੀ ਇਹਨਾਂ ਦੀ ਬਾਹਰੀ

ਸ਼ਕਲ-ਸੂਰਤ ਜਾਂ ਰੇਖ-ਭੇਖ ਦਾ ਮਸਲਾ ਨਹੀਂ ਉਠਾ ਰਹੇ ਬਲਕਿ ਉਸ ਮਾਨਸਿਕਤਾ ਦੀ ਗੱਲ ਕਰ ਰਹੇ ਹਨ, ਜਿਸ ਦੁਆਰਾ ਇਕ ਵਿਅਕਤੀ 'ਭਗਤ' ਅਰਥਾਤ ਅਧਿਆਤਮਵਾਦੀ ਹੁੰਦਾ ਹੈ ਅਤੇ ਦੂਸਰਾ 'ਸੰਸਾਰੀ' ਅਰਥਾਤ ਪਦਾਰਥਵਾਦੀ ਹੁੰਦਾ ਹੈ। ਇਹ ਦੋਵੇਂ ਮਾਨਸਿਕ-ਵ੍ਰਿਤੀਆਂ ਇਕ ਦੂਸਰੀ ਦੇ ਵਿਪਰੀਤ ਚੱਲਦੀਆ ਹਨ, ਇਸ ਕਾਰਨ ਦੋਹਾਂ ਵਿਚ ਸੰਗਤੀ ਬਿਠਾਉਣੀ ਲਗਭਗ ਇਕ ਅਸੰਭਵ ਕਾਰਜ ਹੋ ਨਿੱਬੜਦਾ ਹੈ। ਆਪਣੀ ਇਸ ਧਾਰਨਾ ਦੀ ਵਿਆਖਿਆ ਕਰਦੇ ਹੋਏ ਗੁਰੂ ਸਾਹਿਬ ਲਿਖਦੇ ਹਨ :

**ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥**
**ਕਰਤਾ ਆਪਿ ਅਭੁਲੁ ਹੈ ਨ ਭੁਲੈ ਕਿਸੈ ਦਾ ਭੁਲਾਇਆ ॥**
**ਭਗਤ ਆਪੇ ਮੇਲਿਅਨੁ ਜਿਨੀ ਸਚੋ ਸਚੁ ਕਮਾਇਆ ॥**
**ਸੈਸਾਰੀ ਆਪਿ ਖੁਆਇਅਨੁ ਜਿਨੀ ਕੂੜੁ ਬੋਲਿ ਬੋਲਿ ਬਿਖੁ ਖਾਇਆ ॥**
**ਚਲਣ ਸਾਰ ਨ ਜਾਣਨੀ ਕਾਮੁ ਕਰੋਧੁ ਵਿਸੁ ਵਧਾਇਆ ॥**
**ਭਗਤ ਕਰਨਿ ਹਰਿ ਚਾਕਰੀ ਜਿਨੀ ਅਨਦਿਨੁ ਨਾਮੁ ਧਿਆਇਆ ॥**

*(ਪੰਨਾ 145)*

## 8. ਰਾਜਨੀਤਕ ਪਰਿਪੇਖ

ਗੁਰੂ ਨਾਨਕ ਦੇਵ ਜੀ ਦੀ ਹਰ ਰਚਨਾ ਉਸ ਸਮੇਂ ਦੇ ਰਾਜਨੀਤਕ ਪਰਿਪੇਖ ਨੂੰ ਵੀ ਮੁਖ਼ਾਤਬ ਹੁੰਦੀ ਹੈ। ਹੋਰ ਅਧਿਆਤਮਵਾਦੀ ਸਾਧੂ-ਸੰਤਾਂ ਵਾਂਗ ਗੁਰੂ ਸਾਹਿਬ ਦਾ ਇਹ ਆਗ੍ਰਹਿ ਨਹੀਂ ਰਿਹਾ ਕਿ ਅਧਿਆਤਮਵਾਦੀਆਂ ਦਾ ਰਾਜਨੀਤਕ ਪ੍ਰਸੰਗਾਂ ਨਾਲ ਕੀ ਵਾਹ ਵਾਸਤਾ ? ਬਲਕਿ ਗੁਰੂ ਸਾਹਿਬ ਇਹ ਜਾਣਦੇ ਸਨ ਕਿ ਜਿਤਨੀ ਦੇਰ ਤਕ ਰਾਜਨੀਤਕ ਵਿਵਸਥਾ ਵਿਚ ਮਾਨਵਤਾਵਾਦੀ ਪਰਿਪੇਖ ਨੂੰ ਸ਼ਾਮਲ ਨਹੀਂ ਕੀਤਾ ਜਾਂਦਾ, ਉਤਨੀ ਦੇਰ ਤਕ 'ਸਰਬੱਤ ਦੇ ਭਲੇ' ਦੀ ਕਾਮਨਾ ਕਰਨੀ ਇਕ ਭਰਮ ਸਿੱਧ ਹੋਵੇਗਾ। ਇਹੀ ਕਾਰਨ ਹੈ ਕਿ ਚਾਹੇ ਉਹਨਾਂ ਦੇ ਯੁੱਗ ਵਿਚ ਬਾਬਰ ਦੇ ਹਮਲੇ ਦੀ ਘਟਨਾ ਵਾਪਰੀ, ਚਾਹੇ ਰਾਜਸੀ ਆਗੂਆਂ ਦੀ ਲੁੱਟ-ਖਸੁੱਟ ਜਾਂ ਜਬਰ-ਜ਼ੁਲਮ ਸੀ ਗੁਰੂ ਜੀ ਨੇ ਇਹੋ ਜਿਹੀ ਹਰ ਘਟਨਾ ਦਾ ਭਰਪੂਰ ਨੋਟਿਸ ਲਿਆ। ਗੁਰੂ ਜੀ ਆਪਣੇ ਯੁੱਗ ਦੇ ਸ਼ਿਰੋਮਣੀ ਪੈਗ਼ੰਬਰ ਸਨ ਅਤੇ ਉਹਨਾਂ ਦੁਆਰਾ ਕਹੀ ਜਾਂ ਕਾਵਿ-ਬੱਧ ਕੀਤੀ ਹਰ ਘਟਨਾ ਸਥਾਨਕ ਮੁੱਲਾਂ-ਮੌਲਾਣਿਆਂ ਦੀ ਮਾਅਰਫ਼ਤ ਉਸ ਸਮੇਂ ਦੇ ਰਾਜਿਆਂ-ਰਜਵਾੜਿਆਂ ਪਾਸ ਪਹੁੰਚ ਜਾਂਦੀ ਸੀ ਪਰੰਤੂ ਇਸ ਦੇ ਬਾਵਜੂਦ ਗੁਰੂ ਸਾਹਿਬ ਨੇ ਪੂਰਨ ਤੌਰ 'ਤੇ ਨਿਰਭੈ ਹੋ ਕੇ ਹੱਕ ਅਤੇ ਸੱਚ ਦੀ ਸਲਾਮਤੀ ਖ਼ਾਤਰ ਆਪਣੀ ਆਵਾਜ਼ ਬੁਲੰਦ ਕੀਤੀ। ਮਾਝ ਕੀ ਵਾਰ ਵਿਚ ਵੀ ਰਾਜਨੀਤਕ ਪ੍ਰਸੰਗਾਂ ਨਾਲ ਯੁਕਤ ਆਪ ਦੀਆਂ ਬਹੁਤ ਸਾਰੀਆਂ ਇਨਕਲਾਬੀ ਉਕਤੀਆਂ ਦੇਖੀਆਂ ਜਾ ਸਕਦੀਆਂ ਹਨ। ਜਿਵੇਂ :

**ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥**
**ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥**
**ਹਉ ਭਾਲਿ ਵਿਕੁੰਨੀ ਹੋਈ ॥**
**ਆਧੇਰੈ ਰਾਹੁ ਨ ਕੋਈ ॥**
**ਵਿਚਿ ਹਉਮੈ ਕਰਿ ਦੁਖੁ ਰੋਈ ॥**
**ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥** *(ਪੰਨਾ 145)*

ਇਸੇ ਤਰ੍ਹਾਂ ਆਸਾ ਕੀ ਵਾਰ, ਮਲਾਰ ਕੀ ਵਾਰ ਅਤੇ ਬਾਬਰਵਾਣੀ ਵਾਲੇ ਸ਼ਬਦਾਂ ਵਿਚ ਵੀ ਗੁਰੂ ਸਾਹਿਬ ਨੇ ਆਪਣੇ ਯੁੱਗ ਦੇ ਰਾਜਨੀਤਕ ਪਰਿਪੇਖ ਦਾ ਬੜਾ ਅਗਰਗਾਮੀ ਅਤੇ ਲੋਕਪੱਖੀ ਵਿਵਰਣ ਪੇਸ਼ ਕੀਤਾ ਹੈ। ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਆਪਣੇ ਸਿੱਖਾਂ ਤੇ ਮਨ-ਮਸਤਕ ਵਿਚ ਰਾਜਨੀਤਕ ਸੰਦਰਭਾਂ ਦਾ ਇਕ ਇਨਕਲਾਬੀ ਨਕਸ਼ਾ ਅੰਕਤ ਕਰ ਰਹੇ ਹਨ। ਗੁਰੂ ਸਾਹਿਬ ਦੀ ਅਧਿਆਤਮਕ ਵਿਚਾਰਧਾਰਾ ਵਿਚਲਾ ਰਾਜਸੀ ਸੰਦਰਭ ਉਹਨਾਂ ਨੂੰ ਹੋਰ ਅਧਿਆਤਮਵਾਦੀ ਸਾਧੂ-ਸੰਤਾਂ ਤੋਂ ਪੂਰੀ ਤਰ੍ਹਾਂ ਨਿਖੇੜ ਦਿੰਦਾ ਹੈ। ਗੁਰੂ ਸਾਹਿਬ ਦਾ ਅਧਿਆਤਮਵਾਦ ਰੈਡੀਕਲ ਚਿੰਤਨ ਦੀ ਗਵਾਹੀ ਜੁਟਾਉਂਦਾ ਹੈ।

## 9. ਨਿਸ਼ਕਰਸ਼

ਅਸੀਂ ਵੇਖਦੇ ਹਾਂ ਕਿ ਮਾਝ ਕੀ ਵਾਰ ਗੁਰੂ ਨਾਨਕ ਦੇਵ ਜੀ ਦੀ ਇਕ ਕੇਂਦਰੀ ਅਤੇ ਸਰਬਾਂਗੀ ਟੈਕਸਟ ਹੈ। ਗੁਰੂ ਸਾਹਿਬ ਨੇ ਵਾਰ-ਕਾਵਿ ਨੂੰ ਮਾਧਿਅਮ ਬਣਾ ਕੇ ਮਨੁੱਖੀ ਜੀਵਨ ਦੇ ਪ੍ਰਮਾਣੀਕ ਅਤੇ ਪ੍ਰਗਤੀਸ਼ੀਲ ਸੰਦਰਭ ਨੂੰ ਰੂਪਮਾਨ ਕੀਤਾ ਹੈ। ਇਸ ਵਾਰ ਦੇ ਅੰਤ ਵਿਚ ਆਪਣੇ ਕਾਵਿ-ਕਰਮ ਬਾਰੇ ਸੂਚਨਾ ਦਿੰਦੇ ਹੋਏ ਗੁਰੂ ਸਾਹਿਬ ਆਪਣੇ ਆਪ ਨੂੰ ਪਰਮਾਤਮਾ ਦੇ ਦਰ ਦਾ ਢਾਡੀ ਘੋਸ਼ਿਤ ਕਰਦੇ ਹਨ, ਜੋ ਦਿਨ-ਰਾਤ ਪਰਮਾਤਮਾ ਦੇ ਜੱਸ ਦੀਆਂ ਵਾਰਾਂ ਦਾ ਗਾਇਨ ਕਰਦਾ ਹੋਇਆ ਉਸ ਦੇ ਸੱਚੇ ਸੰਦੇਸ਼ ਨੂੰ ਪੂਰੀ ਦੁਨੀਆਂ ਤਕ ਪਹੁੰਚਾ ਰਿਹਾ ਹੈ। ਦੇਖੋ :

**ਹਉ ਢਾਢੀ ਵੇਕਾਰੁ ਕਾਰੈ ਲਾਇਆ ॥**
**ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥**
**ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥**
**ਸਚੀ ਸਿਫਤਿ ਸਾਲਾਹ ਕਪੜਾ ਪਾਇਆ ॥**
**ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥**
**ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ ॥**
**ਢਾਢੀ ਕਰੇ ਪਸਾਉ ਸਬਦੁ ਵਜਾਇਆ ॥**
**ਨਾਨਕ ਸਚੁ ਸਾਲਾਹਿ ਪੂਰਾ ਪਾਇਆ ॥੨੭॥**

*(ਪੰਨਾ 150)*

# ਮਲਾਰ ਕੀ ਵਾਰ : ਵਿਸ਼ਾ-ਵਸਤੂ ਅਤੇ ਵਿਚਾਰਧਾਰਾ

**—ਡਾ. ਗੁਰਮੁਖ ਸਿੰਘ**

ਗੁਰੂ ਨਾਨਕ ਦੇਵ ਜੀ ਦੀ ਇਹ ਵਾਰ ਉਹਨਾਂ ਦੀ ਵਿਚਾਰਧਾਰਾ ਨੂੰ ਦਰਸਾਉਣ ਵਾਲੀ ਮਹੱਤਵਪੂਰਨ ਰਚਨਾ ਹੈ। ਇਸ ਵਿਚ ਉਹਨਾਂ ਨੇ ਧਾਰਮਿਕ ਦਰਸ਼ਨ ਦੇ ਪ੍ਰਮੁੱਖ ਵਿਸ਼ਿਆਂ ਬਾਰੇ ਵਿਸਤਾਰ ਨਾਲ ਬੜੇ ਸਪੱਸ਼ਟ ਸ਼ਬਦਾਂ ਵਿਚ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਸਿੱਖ ਧਰਮ ਦਰਸ਼ਨ ਦਾ ਕੇਂਦਰ-ਬਿੰਦੂ ਪਰਮਾਤਮਾ ਹੈ ਜੋ ਸਰਵ-ਸਮਰੱਥ, ਸਰਵ-ਵਿਆਪਕ, ਸਰਵ-ਸ਼ਕਤੀਮਾਨ, ਸਭ ਦਾ ਦਾਤਾ, ਸਭ ਦਾ ਸੁਆਮੀ, ਸਭ ਕਾਰਜਾਂ ਦਾ ਕਰਤਾ, ਨਿਰਭਉ, ਨਿਰਵੈਰ ਤੇ ਅਕਾਲ ਸਰੂਪ ਇਕ ਪਰਮ ਹਸਤੀ ਹੈ, ਜਿਸ ਨੂੰ ਬਹੁਤ ਹੀ ਸੂਤ੍ਰਿਕ ਢੰਗ ਨਾਲ ਗੁਰੂ ਨਾਨਕ ਸਾਹਿਬ ਨੇ ਮੂਲ ਮੰਤਰ ਵਿਚ ਬਿਆਨ ਕੀਤਾ ਹੈ। ਉਹ ਆਪਣੇ ਆਪ ਤੋਂ ਉਪਜਿਆ ਹੈ। ਉਸ ਦੀ ਪ੍ਰਾਪਤੀ ਗੁਰੂ ਦੀ ਕਿਰਪਾ ਨਾਲ ਸੰਭਵ ਹੈ। ਪਰਮਾਤਮਾ ਆਪਣੇ ਆਪ ਤੋਂ ਹੋਂਦ ਵਿਚ ਆਇਆ ਹੈ। ਉਸ ਦਾ ਕੋਈ ਕਰਤਾ ਜਾਂ ਪੈਦਾ ਕਰਨ ਵਾਲਾ ਨਹੀਂ ਹੈ। ਉਸ ਵਰਗਾ ਹੋਰ ਕੋਈ ਨਹੀਂ ਹੈ ਭਾਵ ਲਾਸ਼ਰੀਕ ਹੈ :

**ਆਪੀਨੈ੍ ਆਪੁ ਸਾਜਿ ਆਪੁ ਪਛਾਣਿਆ ॥...**
**ਤੁਧੁ ਸਰਿ ਅਵਰੁ ਨ ਕੋਇ ਕਿ ਆਖਿ ਵਖਾਣਿਆ ॥**

*(ਪੰਨਾ 1279)*

ਉਹ ਪਰਮਾਤਮਾ ਸਤਿ ਸਰੂਪ ਹੈ ਜਿਸ ਨੇ ਇਸ ਜਗਤ ਵਿਚ ਸੱਚ ਵਰਤਾਇਆ ਹੈ। ਉਸ ਦਾ ਕੋਈ ਰੂਪ-ਰੰਗ, ਰੇਖ-ਭੇਖ ਨਹੀਂ ਹੈ, ਨਾ ਉਸ ਨੂੰ ਕੋਈ ਭੁੱਖ-ਦੁੱਖ ਹੈ :

**ਤੂ ਸਚਾ ਸਚਿਆਰੁ ਜਿਨਿ ਸਚੁ ਵਰਤਾਇਆ ॥...**
**ਨਾ ਤਿਸੁ ਬਾਪੁ ਨ ਮਾਇ ਕਿਨਿ ਤੂ ਜਾਇਆ ॥**
**ਨਾ ਤਿਸੁ ਰੂਪੁ ਨ ਰੇਖ ਵਰਨ ਸਬਾਇਆ ॥**
**ਨਾ ਤਿਸੁ ਭੁਖ ਪਿਆਸ ਰਜਾ ਧਾਇਆ ॥**

*(ਪੰਨਾ 1279)*

ਉਸ ਪ੍ਰਭੂ ਨੇ ਦੇਵਤੇ ਪੈਦਾ ਕੀਤੇ ਹਨ ਤੇ ਉਹਨਾਂ ਰਾਹੀਂ ਵੇਦਾਂ ਦੀ ਸਿਰਜਣਾ ਕਰ ਕੇ ਲੋਕਾਂ ਨੂੰ ਵੇਦ ਪੂਜਕ ਬਣਾਇਆ ਹੈ। ਲੋਕ ਧਰਮ ਕਰਮ ਕਰਦੇ ਹਨ। ਦੈਂਤ ਵੀ ਉਸ ਪ੍ਰਭੂ ਨੇ ਸਿਰਜੇ ਹਨ ਜਿਹਨਾਂ ਦਾ ਨਾਸ਼ ਕਰਨ ਲਈ ਰਾਜ ਰਾਮ ਚੰਦਰ ਜਿਹੇ ਅਵਤਾਰ ਭੇਜੇ ਹਨ। ਉਸ ਦਾ ਕਿਸੇ ਵੀ ਦੇਵਤੇ ਨੇ ਅੰਤ ਨਹੀਂ ਪਾਇਆ ਭਾਵੇਂ ਉਹ ਸੇਵਾ ਵਿਚ ਲੀਨ ਰਹਿ ਕੇ ਉਸ ਦਾ ਪਾਰ ਪਾਉਣ ਲਈ ਯਤਨਸ਼ੀਲ ਰਹਿੰਦੇ ਹਨ। ਲੋਕਾਂ ਨੂੰ ਕੰਮਾਂ ਧੰਦਿਆਂ ਵਿਚ ਲਗਾ ਕੇ ਉਹ ਆਪ ਉਹਨਾਂ ਦੇ ਹਿਰਦਿਆਂ ਵਿਚ ਛੁਪ ਗਿਆ ਹੈ ਜਿਸ ਦੀ ਭਾਲ ਉਹ ਬਾਹਰ ਕਰਦੇ ਹਨ:

**ਬ੍ਰਹਮਾ ਬਿਸਨੁ ਮਹੇਸੁ ਦੇਵ ਉਪਾਇਆ ॥**
**ਬ੍ਰਹਮੇ ਦਿਤੇ ਬੇਦ ਪੂਜਾ ਲਾਇਆ ॥**
**ਦਸ ਅਵਤਾਰੀ ਰਾਮੁ ਰਾਜਾ ਆਇਆ ॥**
**ਦੈਤਾ ਮਾਰੇ ਧਾਇ ਹੁਕਮਿ ਸਬਾਇਆ ॥**
**ਈਸ ਮਹੇਸੁਰੁ ਸੇਵ ਤਿਨੑੀ ਅੰਤੁ ਨ ਪਾਇਆ ॥**
**ਸਚੀ ਕੀਮਤਿ ਪਾਇ ਤਖਤੁ ਰਚਾਇਆ ॥**
**ਦੁਨੀਆ ਧੰਧੈ ਲਾਇ ਆਪੁ ਛਪਾਇਆ ॥**

*(ਪੰਨਾ 1279)*

ਉਸ ਪਰਮ ਪਰਖ ਦੀ ਗਤਿ ਮਿਤ ਕੋਈ ਜਾਣ ਸਕਦਾ ਹੈ? ਇਸ ਬਾਰੇ ਸਤਿਗੁਰੂ ਦਾ ਵਿਚਾਰ ਹੈ ਕਿ ਮਾਪਾਂ ਤੋਲਾਂ ਜਾਂ ਗਿਣਤੀਆਂ ਮਿਣਤੀਆਂ ਤੋਂ ਬਾਹਰੇ ਉਸ ਪ੍ਰਭੂ ਦੀ ਵਡਿਆਈ ਜਾਂ ਗਤਿ-ਮਿਤ ਬਾਰੇ ਉਸ ਨੂੰ ਪਤਾ ਲੱਗ ਸਕਦਾ ਹੈ ਜਿਸ ਉਪਰ ਗੁਰੂ ਕਿਰਪਾ ਕਰੇ:

**ਤਿਸ ਕੀ ਕੀਮਤਿ ਨਾ ਪਵੈ ਕਹਣਾ ਕਿਛੂ ਨ ਜਾਇ ॥**
**ਹਉ ਬਲਿਹਾਰੀ ਗੁਰ ਆਪਣੇ ਜਿਨਿ ਸਚੀ ਬੂਝ ਦਿਤੀ ਬੁਝਾਇ ॥**

*(ਪੰਨਾ 1282)*

ਨਾਥ ਜਾਤੀ ਸਿਧ ਪੀਰ ਆਦਿ ਉਸ ਬੇਅੰਤ ਨੂੰ ਜਾਣਨ ਲਈ ਕਰੜੀ ਸਾਧਨਾ ਕਰਦੇ ਰਹੇ, ਪਰ ਆਖ਼ਰ ਉਹ ਥੱਕ ਟੁੱਟ ਗਏ। ਉਸ ਪ੍ਰਭੂ ਦਾ ਅੰਤ ਨਹੀਂ ਪਾ ਸਕੇ ਪਰ ਜਿਹਨਾਂ ਸਾਧਕਾਂ ਨੇ ਗੁਰੂ ਦੇ ਉਪਦੇਸ਼ ਅਨੁਸਾਰ ਨਾਮ ਸਿਮਰਨ ਕੀਤਾ, ਉਹਨਾਂ ਨੂੰ ਪ੍ਰਭੂ ਦੀ ਸਮਝ ਪੈ ਗਈ:

**ਨਾਥ ਜਤੀ ਸਿਧ ਪੀਰ ਕਿਨੈ ਅੰਤੁ ਨ ਪਾਇਆ ॥**
**ਗੁਰਮੁਖਿ ਨਾਮੁ ਧਿਆਇ ਤੁਝੈ ਸਮਾਇਆ ॥**

*(ਪੰਨਾ 1282)*

ਗੁਰੂ ਨਾਨਕ ਦੇਵ ਜੀ ਨੇ ਉਸ ਪ੍ਰਭੂ ਨੂੰ ਸੱਚਾ ਬੇਪ੍ਰਵਾਹ ਆਖਿਆ ਹੈ ਕਿਉਂਕਿ ਉਹ ਆਪੇ ਹੀ ਸਭ ਕੁਝ ਕਰਦਾ ਹੈ ਕਿਸੇ ਤੋਂ ਸਲਾਹ ਨਹੀਂ ਲੈਂਦਾ:

**ਸਚਾ ਵੇਪਰਵਾਹੁ ਇਕੋ ਤੂ ਧਣੀ ॥**
**ਤੂ ਸਭੁ ਕਿਛੁ ਆਪੇ ਆਪਿ ਦੂਜੇ ਕਿਸੁ ਗਣੀ ॥**

*(ਪੰਨਾ 1283)*

ਉਹ ਪ੍ਰਭੂ ਸਭ ਦਾ ਦਾ ਹੈ। ਸਭ ਕੁਝ ਉਹ ਜੀਵਾਂ ਨੂੰ ਆਪ ਦਿੰਦਾ ਹੈ ਤੇ ਸਾਰੀ ਸ੍ਰਿਸ਼ਟੀ ਦੇ ਜੀਵ ਉਸ ਪਾਸੋਂ ਹੀ ਮੰਗਦੇ ਹਨ ਕਿਉਂਕਿ ਹੋਰ ਉਸ ਵਰਗਾ ਦਾਤਾ ਹੈ ਹੀ ਨਹੀਂ। ਗੁਰੂ ਜੀ ਦੇ ਬਚਨ ਹਨ:

**ਅਗਮ ਅਗੋਚਰੁ ਤੂ ਧਣੀ ਸਚਾ ਅਲਖ ਅਪਾਰੁ ॥**
**ਤੂ ਦਾਤਾ ਸਭਿ ਮੰਗਤੇ ਇਕੋ ਦੇਵਣਹਾਰੁ ॥**

*(ਪੰਨਾ 1286)*

ਪ੍ਰਭੂ ਦੇ ਸੰਕਲਪ ਨੂੰ ਇਕ ਪਉੜੀ ਵਿਚ ਇਉਂ ਸਮੇਟ ਕੇ ਪ੍ਰਸਤੁਤ ਕੀਤਾ ਗਿਆ ਹੈ ਕਿ ਗੁਰੂ ਨਾਨਕ ਦਰਸ਼ਨ ਦਾ ਸਾਰ ਇਸ ਵਿਚ ਆ ਗਿਆ ਹੈ:

**ਤੂੰ ਆਪੇ ਆਪਿ ਵਰਤਦਾ ਆਪਿ ਬਣਤ ਬਣਾਈ ॥**
**ਤੁਧੁ ਬਿਨੁ ਦੂਜਾ ਕੋ ਨਹੀ ਤੂ ਰਹਿਆ ਸਮਾਈ ॥**
**ਤੇਰੀ ਗਤਿ ਮਿਤਿ ਤੂਹੈ ਜਾਣਦਾ ਤੁਧੁ ਕੀਮਤਿ ਪਾਈ ॥**
**ਤੂ ਅਲਖ ਅਗੋਚਰੁ ਅਗਮੁ ਹੈ ਗੁਰਮਤਿ ਦਿਖਾਈ ॥**
**ਅੰਤਰਿ ਅਗਿਆਨੁ ਦੁਖੁ ਭਰਮੁ ਹੈ ਗੁਰ ਗਿਆਨਿ ਗਵਾਈ ॥**
**ਜਿਸੁ ਕ੍ਰਿਪਾ ਕਰਹਿ ਤਿਸੁ ਮੇਲਿ ਲੈਹਿ ਸੋ ਨਾਮੁ ਧਿਆਈ ॥**
**ਤੂ ਕਰਤਾ ਪੁਰਖੁ ਅਗੰਮੁ ਹੈ ਰਵਿਆ ਸਭ ਠਾਈ ॥**
**ਜਿਤੁ ਤੂ ਲਾਇਹਿ ਸਚਿਆ ਤਿਤੁ ਕੋ ਲਗੈ ਨਾਨਕ ਗੁਣ ਗਾਈ ॥**

*(ਪੰਨਾ 1291)*

## ਜਗਤ

ਭਾਰਤੀ ਧਰਮ ਦਰਸ਼ਨ ਵਿਚ ਜਗਤ-ਰਚਨਾ ਬਾਰੇ ਕਾਫ਼ੀ ਡੂੰਘੀ ਵਿਚਾਰ ਹੋਈ ਹੈ ਪਰ ਸਿੱਖ ਧਰਮ ਦਰਸ਼ਨ ਵਿਚ ਪਰਮਾਤਮਾ ਨੂੰ ਇਸ ਦਾ ਕਰਤਾ ਮੰਨਿਆ ਹੈ ਜਿਸ ਦੇ ਇਕ ਸ਼ਬਦ ਨਾਲ ਇਹ ਸਾਰਾ ਦ੍ਰਿਸ਼ਟਮਾਨ ਹੋਂਦ ਵਿਚ ਆ ਗਿਆ। ਇਸ ਦੀ ਸਿਰਜਣਾ ਵਿਚ ਕਿਸੇ ਹੋਰ ਦੇਵੀ-ਦੇਵਤਾ ਜਾਂ ਪ੍ਰਕਿਰਤੀ ਆਦਿ ਦਾ ਕੋਈ ਯੋਗਦਾਨ ਨਹੀਂ ਹੈ। ਮਲਾਰ ਕੀ ਵਾਰ ਵਿਚ ਗੁਰੂ ਨਾਨਕ ਸਾਹਿਬ ਨੇ ਅਜਿਹੇ ਵਿਚਾਰ ਪ੍ਰਸਤੁਤ ਕੀਤੇ ਹਨ। ਆਪ ਅਨੁਸਾਰ ਪ੍ਰਭੂ ਨੇ:

**ਅੰਬਰੁ ਧਰਤਿ ਵਿਛੋੜਿ ਚੰਦੋਆ ਤਾਣਿਆ ॥**
**ਵਿਣੁ ਥੰਮ੍ਹਾ ਗਗਨੁ ਰਹਾਇ ਸਬਦੁ ਨੀਸਾਣਿਆ ॥**
**ਸੂਰਜੁ ਚੰਦੁ ਉਪਾਇ ਜੋਤਿ ਸਮਾਣਿਆ ॥**

**ਕੀਏ ਰਾਤਿ ਦਿਨੰਤੁ ਚੋਜ ਵਿਡਾਣਿਆ ॥**

*(ਪੰਨਾ 1289)*

ਇਹ ਸ੍ਰਿਸ਼ਟੀ ਬੇਅੰਤ ਰੰਗਾਂ-ਰੂਪਾਂ ਵਾਲੀ ਹੈ। ਇਸ ਦੇ ਕਈ ਭਾਗ ਹਨ। ਇਸ ਦਾ ਕਰਤਾ ਤੇ ਵਿਨਾਸ਼ ਕਰਤਾ ਪ੍ਰਭੂ ਹੀ ਹੈ:

**ਖੰਡ ਪਤਾਲ ਅਸੰਖ ਮੈ ਗਣਤ ਨ ਹੋਈ ॥**
**ਤੂ ਕਰਤਾ ਗੋਵਿੰਦੁ ਤੁਧੁ ਸਿਰਜੀ ਤੁਧੈ ਗੋਈ ॥**
**ਲਖ ਚਉਰਾਸੀਹ ਮੇਦਨੀ ਤੁਝ ਹੀ ਤੇ ਹੋਈ ॥**

*(ਪੰਨਾ 1283)*

ਪ੍ਰਭੂ ਨੇ ਆਪ ਹੀ ਧਰਤੀ ਭਾਵ ਜਗਤ ਦੀ ਰਚਨਾ ਕੀਤੀ ਹੈ ਅਤੇ ਆਪ ਹੀ ਉਸ ਦੀ ਸਾਰ-ਸੰਭਾਲ ਕਰਦਾ ਹੈ:

**ਆਪਿ ਉਪਾਏ ਮੇਦਨੀ ਆਪੇ ਕਰਦਾ ਸਾਰ ॥**

*(ਪੰਨਾ 1288)*

ਇਹ ਦ੍ਰਿਸ਼ਟਮਾਨ ਜਗਤ ਸਦ-ਜੀਵੀ ਨਹੀਂ ਹੈ। ਸਮੇਂ ਨਾਲ ਬਦਲਦਾ ਅਤੇ ਬਿਨਸਦਾ ਰਹਿੰਦਾ ਹੈ। ਇਸੇ ਲਈ ਸਤਿਗੁਰੂ ਨੇ ਇਸ ਨੂੰ ਨਾਸ਼ਵੰਤ ਆਖਿਆ ਹੈ:

**ਚਿਲਿਮਿਲਿ ਬਿਸੀਆਰ ਦੁਨੀਆ ਫਾਨੀ ॥**

*(ਪੰਨਾ 1291)*

**ਤੂ ਕਰਤਾ ਗੋਵਿੰਦੁ ਤੁਧੁ ਸਿਰਜੀ ਤੁਧੈ ਗੋਈ ॥**

*(ਪੰਨਾ 1283)*

ਇਓਂ ਇਹ ਜਗਤ ਉਸ ਪਰਮ ਪੁਰਖ ਦੀ ਰਚਨਾ ਹੈ ਤੇ ਉਹੀ ਇਸ ਵਿਚ ਪੈਦਾ ਕੀਤੇ ਜੀਵਾਂ ਦੀ ਸੰਭਾਲ ਕਰਦਾ ਹੈ। ਇਹ ਦ੍ਰਿਸ਼ਟਮਾਨ ਨਾਸ਼ਵੰਤ ਹੈ ਅਤੇ ਨਾਸ਼ ਕਰਨ ਵਾਲਾ ਵੀ ਇਸ ਦਾ ਸਿਰਜਣਹਾਰਾ ਪ੍ਰਭੂ ਆਪੇ ਹੀ ਹੈ।

## ਜੀਵ

ਜੀਵ ਪਰਮਾਤਮਾ ਦਾ ਅੰਸ਼ ਹੈ ਤੇ ਇਸ ਦੀ ਸੰਪੂਰਨਤਾ ਮੁੜ ਉਸ ਪ੍ਰਭੂ ਵਿਚ ਸਮਾ ਕੇ ਉਸ ਦਾ ਰੂਪ ਬਣ ਜਾਣ ਵਿਚ ਹੈ ਪਰ ਕਰਮਾਂ ਦੀ ਗਤੀ ਕਾਰਨ ਇਹ ਭਟਕਿਆ ਚੌਰਾਸੀ ਦੇ ਗੇੜ ਵਿਚ ਪਿਆ ਰਹਿੰਦਾ ਹੈ। ਜਿੰਨਾ ਚਿਰ ਗੁਰੂ ਦੀ ਸਰਣ ਵਿਚ ਆ ਕੇ ਉਹ ਸਿਮਰਨ ਭਜਨ ਵਿਚ ਲੀਨ ਨਹੀਂ ਹੁੰਦਾ, ਓਨਾ ਚਿਰ ਉਸ ਦਾ ਪਾਰ-ਉਤਾਰਾ ਨਹੀਂ ਹੁੰਦਾ।

ਗੁਰੂ ਨਾਨਕ ਸਾਹਿਬ ਦੱਸਦੇ ਹਨ ਕਿ ਜੀਵ ਦੁਨੀਆਂ ਵਿਚ ਆ ਕੇ ਵਿਸ਼ੇ-ਵਿਕਾਰਾਂ ਅਤੇ ਰਸਾਂ-ਕਸਾਂ ਵਿਚ ਉਲਝ ਕੇ ਕੂੜੇ ਸਵਾਦਾਂ ਦਾ ਛਿਨ-ਭੰਗਰ ਆਨੰਦ ਮਾਣਦਾ ਰਹਿੰਦਾ ਹੈ ਤੇ ਆਪਣਾ ਅਮੋਲਕ ਜਨਮ ਗੁਆ ਲੈਂਦਾ ਹੈ। ਮਨੁੱਖੀ

ਜਨਮ ਮੁੜ ਆਵਾਗਮਨ ਦੇ ਲੰਮੇ ਚੱਕਰ ਵਿਚੋਂ ਲੰਘਣ ਮਗਰੋਂ ਮਿਲਦਾ ਹੈ। ਜੇਕਰ ਇਸ ਨੂੰ ਸੱਚਾ ਗੁਰੂ ਮਿਲ ਜਾਵੇ ਤਾਂ ਇਸ ਨੂੰ ਮੁਕਤੀ ਮਿਲ ਜਾਂਦੀ ਹੈ ਕਿਉਂਕਿ ਇਹ ਗੁਰੂ ਸ਼ਰਣ ਵਿਚ ਰਹਿੰਦਿਆਂ ਗੁਰੂ ਦੇ ਦੱਸੇ ਸਾਧਨਾ ਮਾਰਗ ਉਪਰ ਚੱਲ ਕੇ ਸੱਚਖੰਡ ਪੁੱਜ ਕੇ ਪ੍ਰਭੂ ਦਾ ਰੂਪ ਹੋ ਜਾਂਦਾ ਹੈ।

ਅਮਲਾਂ ਅਨੁਸਾਰ ਦੋ ਪ੍ਰਕਾਰ ਦੇ ਜੀਵ ਹੁੰਦੇ ਹਨ—ਮਨਮੁਖ ਜੋ ਆਪਣੇ ਮਨ ਦੇ ਆਖੇ ਲਗ ਕੇ ਕਰਮ-ਕੁਕਰਮ ਕਰਦੇ ਹਨ। ਉਹਨਾਂ ਦਾ ਜੀਵਨ ਰਸਾਂ-ਕਸਾਂ ਦੇ ਆਨੰਦ ਵਿਚ ਲਿਪਤ ਹੋਇਆ ਲੰਘਦਾ ਹੈ। ਉਹ ਨਾ ਧਰਮ-ਕਰਮ ਕਰਦੇ ਹਨ ਅਤੇ ਨਾ ਹੀ ਪ੍ਰਭੂ ਨੂੰ ਮੰਨਦੇ ਹਨ। ਉਹ ਆਖ਼ਰ ਇਸ ਜਗਤ ਤੋਂ ਕੀਤੇ ਕਰਮਾਂ ਦਾ ਫਲ ਭੋਗਣ ਲਈ ਨਰਕਾਂ ਵਿਚ ਜਾ ਨਿਵਾਸ ਕਰਦੇ ਹਨ ਜਾਂ ਆਵਾਗਵਨ ਦੇ ਚੱਕਰ ਵਿਚ ਪੈ ਕੇ ਜੰਮਦੇ-ਮਰਦੇ ਰਹਿੰਦੇ ਹਨ। ਉਹ ਬਦੀ ਦਾ ਪ੍ਰਤੀਕ ਹੁੰਦੇ ਹਨ।

ਗੁਰਮੁਖ ਉੱਤਮ ਕੋਟੀ ਦੇ ਮਾਨਵ ਹਨ ਜੋ ਆਪਣਾ ਆਪ ਗੁਰੂ ਨੂੰ ਸਮਰਪਿਤ ਕਰ ਦਿੰਦੇ ਹਨ। ਗੁਰੂ ਦੇ ਭਾਣੇ ਵਿਚ ਰਹਿੰਦੇ ਹਨ। ਸ਼ੁਭ ਅਮਲ ਕਰਦੇ ਹਨ। ਬਦੀ ਦਾ ਮੁਕਾਬਲਾ ਕਰਦੇ ਹਨ ਜਿਸ ਕਾਰਨ ਉਹ ਨੇਕੀ ਦਾ ਪ੍ਰਤੀਕ ਮੰਨੇ ਜਾਂਦੇ ਹਨ। ਇਹ ਜਗਤ ਅਖਾੜਾ ਹੈ ਜਿਥੇ ਨੇਕੀ ਅਤੇ ਬਦੀ ਦਾ ਘੋਲ ਹੁੰਦਾ ਰਹਿੰਦਾ ਹੈ। ਸਮਾਂ ਪਾ ਕੇ ਨੇਕੀ ਜਿੱਤਦੀ ਹੈ। ਚੰਗੇ ਲੋਕਾਂ ਦਾ ਰਾਜ ਦੇਸ਼, ਕੌਮ, ਦੁਨੀਆਂ ਲਈ ਸੁਖਦਾਈ ਹੁੰਦਾ ਹੈ। ਇਸ ਅਮਲ ਨੂੰ ਗੁਰੂ ਨਾਨਕ ਸਾਹਿਬ ਨੇ ਮੌਲਾ ਦੇ ਮੋਲ ਦੇ ਪ੍ਰਤੀਕ ਦੁਆਰਾ ਅੰਕਿਤ ਕਰਨ ਦਾ ਸਫਲ ਯਤਨ ਕੀਤਾ ਹੈ:

**ਆਪੇ ਛਿੰਞ ਪਵਾਇ ਮਲਾਖਾੜਾ ਰਚਿਆ ॥**
**ਲਥੇ ਭੜਥੂ ਪਾਇ ਗੁਰਮੁਖਿ ਮਚਿਆ ॥**
**ਮਨਮੁਖ ਮਾਰੇ ਪਛਾੜਿ ਮੂਰਖ ਕਚਿਆ ॥**

*(ਪੰਨਾ 1279)*

ਇਹ ਮਨਮੁਖ ਹਰ ਹਾਲਤ ਵਿਚ ਹਾਰਦੇ ਹਨ ਅਤੇ ਪ੍ਰਭੂ ਦੀ ਦਰਗਾਹ ਵਿਚ ਵੀ ਉਹਨਾਂ ਨੂੰ ਸਜ਼ਾ ਮਿਲਦੀ ਹੈ:

**ਮਨਮੁਖ ਕਚੇ ਕੂੜਿਆਰ ਤਿਨ੍ਹੀ ਨਿਹਚਉ ਦਰਗਹ ਹਾਰਿਆ ॥**

*(ਪੰਨਾ 1279)*

ਗੁਰਮੁਖ ਸੂਰਮੇ ਹਨ ਕਿਉਂਕਿ ਉਹਨਾਂ ਨੇ ਆਪਣੇ ਵਿਕਾਰਾਂ ਨੂੰ ਮਾਰ ਕੇ ਉਹਨਾਂ ਦੀ ਸਰਦਾਰੀ ਖ਼ਤਮ ਕੀਤੀ ਹੁੰਦੀ ਹੈ। ਉਹ ਪ੍ਰਭੂ ਦੀ ਦਰਗਾਹ ਵਿਚ ਸੁਰਖ਼ਰੂ ਹੁੰਦੇ ਹਨ:

**ਗੁਰਮਤੀ ਸਬਦਿ ਸੂਰ ਹੈ ਕਾਮੁ ਕ੍ਰੋਧੁ ਜਿਨ੍ਹੀ ਮਾਰਿਆ ॥**
**ਸਚੈ ਅੰਦਰਿ ਮਹਲਿ ਸਬਦਿ ਸਵਾਰਿਆ ॥**

*(ਪੰਨਾ 1279)*

ਪ੍ਰਭੂ ਦੀ ਦਰਗਾਹ ਵਿਚ ਮਨਮੁਖਾਂ ਤੋਂ ਲੇਖਾ ਮੰਗਿਆ ਜਾਂਦਾ ਹੈ ਤੇ ਮੰਦ ਕਰਮਾਂ ਕਰਕੇ ਉਹਨਾਂ ਨੂੰ ਬਹੁਤ ਸਜ਼ਾ ਮਿਲਦੀ ਹੈ, ਜਦੋਂ ਕਿ ਗੁਰਮੁਖ ਦਾ ਲੇਖਾ ਇੱਜ਼ਤ ਨਾਲ ਨਿਬੜ ਜਾਂਦਾ ਹੈ ਤੇ ਉਸ ਨੂੰ ਪ੍ਰਭੂ-ਦਰਗਾਹ ਵਿਚ ਪ੍ਰਭੂ ਦੀ ਸਿਫ਼ਤ-ਸਲਾਹ ਦੀ ਦਾਤ ਪ੍ਰਾਪਤ ਹੁੰਦੀ ਹੈ ਤਾਂ ਕਿ ਉਹ ਹਮੇਸ਼ਾਂ ਆਪਣੇ ਮੂਲ ਸ੍ਰੋਤ ਭਾਵ ਪ੍ਰਭੂ ਨਾਲ ਜੁੜਿਆ ਰਹੇ :

**ਮਨਮੁਖ ਅਗੈ ਲੇਖਾ ਮੰਗੀਐ ਬਹੁਤੀ ਹੋਵੈ ਮਾਰ ॥**
**ਗੁਰਮੁਖਿ ਪਤਿ ਸਿਉ ਲੇਖਾ ਨਿਬੜੈ ਬਖਸੇ ਸਿਫਤਿ ਭੰਡਾਰ ॥**

*(ਪੰਨਾ 1280)*

ਗੁਰਮੁਖ ਹਮੇਸ਼ਾਂ ਪ੍ਰਭੂ ਦੇ ਚਰਨ-ਕੰਵਲਾਂ ਨਾਲ ਜੁੜੇ ਰਹਿੰਦੇ ਹਨ ਅਤੇ ਉਹ ਦੁਨਿਆਵੀ ਰਸਾਂ-ਕਸਾਂ, ਪਦਾਰਥਾਂ ਦੇ ਭੋਗ ਤੇ ਸੰਚਯ ਦੀ ਭਾਵਨਾ ਆਦਿ ਤੋਂ ਨਿਰਲੇਪ ਰਹਿੰਦੇ ਹਨ, ਜਿਵੇਂ ਕਮਲ ਜਲ ਵਿਚ ਰਹਿੰਦਿਆਂ ਨਿਰਲੇਪ ਰਹਿੰਦਾ ਹੈ। ਉਹ ਹਮੇਸ਼ਾਂ ਸੁਖੀ ਵੱਸਦੇ ਹਨ ਤੇ ਉਹ ਕਦੇ ਪ੍ਰਭੂ ਨਾਲੋਂ ਨਹੀਂ ਵਿੱਛੜਦੇ ਤੇ ਉਸ ਦੇ ਵਿਜੋਗ ਦਾ ਸੱਲ ਕਦੇ ਉਹਨਾਂ ਨੂੰ ਨਹੀਂ ਪੋਂਹਦਾ। ਉਹ ਤਾਂ ਹਮੇਸ਼ਾ ਉਸ ਪਰਮ ਪੁਰਖ ਦੀ ਗੋਦ ਵਿਚ ਲੀਨ ਰਹਿੰਦੇ ਹਨ :

**ਹਉ ਬਲਿਹਾਰੀ ਤਿਨ ਕਉ ਜੋ ਹਰਿ ਚਰਣੀ ਰਹੈ ਲਿਵ ਲਾਇ ॥**
**ਜਿਉ ਜਲ ਮਹਿ ਕਮਲੁ ਅਲਿਪਤੁ ਹੈ ਐਸੀ ਬਣਤ ਬਣਾਇ ॥**
**ਸੇ ਸੁਖੀਏ ਸਦਾ ਸੋਹਣੇ ਜਿਨ੍ ਵਿਚਹੁ ਆਪੁ ਗਵਾਇ ॥**
**ਤਿਨ੍ ਸੋਗੁ ਵਿਜੋਗੁ ਕਦੇ ਨਹੀ ਜੋ ਹਰਿ ਕੈ ਅੰਕਿ ਸਮਾਇ ॥**

*(ਪੰਨਾ 1281)*

ਮਨਮੁਖ ਨੂੰ ਮਾਇਆ ਤੇ ਗੁਰਮੁਖ ਨੂੰ ਪ੍ਰਭੂ ਪਿਆਰਾ ਹੁੰਦਾ ਹੈ। ਮਨਮੁਖ ਇੰਦਰਿਆਵੀ ਰਸਾ ਨੂੰ ਸ੍ਰੇਸ਼ਟ ਮੰਨਦਾ ਹੈ, ਗੁਰਮੁਖ ਨਾਮ-ਅੰਮ੍ਰਿਤ ਰਸ ਨੂੰ। ਮਨਮੁਖ ਦੁਨੀਆਂ ਨੂੰ ਸਤਿ ਕਰਕੇ ਜਾਣਦਾ ਹੈ, ਗੁਰਮੁਖ ਇਸ ਨੂੰ ਨਾਸ਼ਵੰਤ ਜਾਣਦਾ ਹੈ ਜਿਸ ਕਾਰਨ ਇਸ ਨਾਲ ਮੋਹ ਨਹੀਂ ਪਾਉਂਦਾ। ਮਨਮੁਖ ਇਸ ਜੀਵਨ ਨੂੰ ਸਦ-ਜੀਵਨ ਮੰਨਦਾ ਹੈ, ਪਰ ਗੁਰਮੁਖ ਹਮੇਸ਼ਾਂ ਇਸ ਜੀਵਨ ਨੂੰ ਛਿੰਨ-ਭੰਗਰਾ ਮੰਨਦਾ ਹੈ ਅਤੇ ਸੱਚਖੰਡ ਜਾਣ ਲਈ ਤਿਆਰ ਰਹਿੰਦਾ ਹੈ। ਮਨਮੁਖ ਅਚੇਤ ਹੋਣ ਕਾਰਨ ਕੁਕਰਮ ਕਰਦਾ ਹੈ, ਗੁਰਮੁਖ ਸੁਚੇਤ ਹੋਣ ਕਾਰਨ ਸ਼ੁਭ ਅਮਲਾਂ ਉਪਰ ਪਹਿਰਾ ਦਿੰਦਾ ਹੈ। ਮਨਮੁਖ ਜਮਾਂ ਨੂੰ ਪਿਆਰਾ ਲੱਗਦਾ ਹੈ, ਗੁਰਮੁਖ ਪ੍ਰਭੂ ਨੂੰ। ਮਨਮੁਖ ਕੁਕਰਮਾਂ ਦੀ ਮਾਰ ਖਾਂਦਿਆਂ, ਉਹਨਾਂ ਕਰਮਾਂ ਦੇ ਮੰਦ-ਫਲ ਭੋਗਦਿਆਂ ਚੌਰਾਸੀ ਦੇ ਗੇੜ ਵਿਚ ਪਿਆ ਰਹਿੰਦਾ ਹੈ, ਪਰ ਗੁਰਮੁਖ ਕਰਮ ਕਰਦਿਆਂ ਨਿਹਕਰਮ ਰਹਿ ਕੇ ਇਸ ਜਗਤ ਵਿਚ ਵਿਚਰਦਾ ਹੈ ਜਿਸ ਕਾਰਨ ਉਹ ਕਰਮ-ਫਲ ਤੋਂ ਬਚਿਆ ਰਹਿੰਦਾ ਹੈ। ਗੁਰਮੁਖ ਨੂੰ ਇਕ ਅਜਿਹੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ ਕਿ ਉਹ ਪ੍ਰਭੂ ਵਿਚ

ਸਮਾ ਕੇ ਉਸ ਦਾ ਰੂਪ ਹੀ ਬਣ ਜਾਂਦਾ ਹੈ। ਬੂੰਦ ਸਾਗਰ ਵਿਚ ਸਮਾ ਕੇ ਸਮੁੰਦਰ ਦਾ ਰੂਪ ਬਣ ਜਾਂਦੀ ਹੈ।

## ਸਤਿਗੁਰੂ

ਭਾਰਤੀ ਧਰਮ-ਸਾਧਨਾ ਵਿਚ ਸਤਿਗੁਰੂ ਦਾ ਰੋਲ ਬਹੁਤ ਅਹਿਮ ਅਤੇ ਮਹਾਨ ਹੈ ਕਿਉਂਕਿ ਉਹ ਹੀ ਸਾਧਕ ਜਾਂ ਜਗਿਆਸੂ ਨੂੰ ਧਰਮ ਦੇ ਮਾਰਗ ਉੱਤੇ ਤੋਰ ਕੇ ਪਰਮਾਤਮਾ ਨਾਲ ਮਿਲਾਉਂਦਾ ਹੈ। ਉਹ ਵਿਚੋਲਾ ਹੈ। ਸਿੱਖ ਧਰਮ ਦਰਸ਼ਨ ਵਿਚ 'ਗੁਰ ਪ੍ਰਸਾਦਿ' ਬਿਨਾਂ ਪ੍ਰਭੂ ਦੀ ਪ੍ਰਾਪਤੀ ਅਸੰਭਵ ਮੰਨੀ ਗਈ ਹੈ। ਗੁਰੂ ਅਤੇ ਪ੍ਰਭੂ ਸਮ-ਅਰਥੀ ਸ਼ਬਦ ਮੰਨੇ ਗਏ ਹਨ। ਗੁਰੂ ਤੇ ਪ੍ਰਭੂ ਵਿਚ ਫ਼ਰਕ ਨਹੀਂ। ਇਹ ਆਪਸ ਵਿਚ ਅਭੇਦ ਹੁੰਦੇ ਹਨ ਪਰ ਗੁਰੂ ਸਾਧਕਾਂ ਸਿੱਖਾਂ ਨੂੰ ਪ੍ਰਭੂ ਨਾਲ ਮਿਲਾਉਣ ਲਈ ਵਿਚੋਲਾ ਬਣਨ ਕਾਰਨ ਸਿੱਖਾਂ/ਸਾਧਕਾਂ ਨੂੰ ਵੱਖਰੀ ਹਸਤੀ ਜਾਪਦਾ ਹੈ ਜਦੋਂ ਕਿ ਇਹ ਸਤਿ ਨਹੀਂ ਹੈ। ਗੁਰੂ ਨਾਨਕ ਸਾਹਿਬ ਦਾ ਬਚਨ ਹੈ:

**ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ ॥**
**ਸਚੇ ਹੀ ਪਤੀਆਇ ਸਚਿ ਸਮਾਇਆ ॥**

*(ਪੰਨਾ 1279)*

ਇਸ ਪੂਰੇ ਸਤਿਗੁਰੂ ਨੂੰ ਸੇਵਣ ਵਾਲੇ ਹੀ ਉਸ ਪੂਰੇ ਪ੍ਰਭੂ ਨੂੰ ਪ੍ਰਾਪਤ ਕਰਦੇ ਹਨ:

**ਪੂਰਾ ਸਤਿਗੁਰੁ ਸੇਵਿ ਪੂਰਾ ਪਾਇਆ ॥**
**ਪੂਰੈ ਕਰਮਿ ਧਿਆਇ ਪੂਰਾ ਸਬਦੁ ਮੰਨਿ ਵਸਾਇਆ ॥**

*(ਪੰਨਾ 1286)*

ਸਤਿਗੁਰੂ ਦੀ ਸੇਵਾ ਕਰਨ ਵਾਲਿਆਂ ਨੂੰ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ ਅਤੇ ਉਹਨਾਂ ਦਾ ਹਲਤ-ਪਲਤ ਸੰਵਰ ਜਾਂਦਾ ਹੈ। ਸਤਿਗੁਰੂ ਸੇਵਕ ਦੀ ਹਰ ਥਾਂ ਸਹਾਇਤਾ ਕਰਦਾ ਹੈ:

**ਸਚਾ ਸਤਿਗੁਰੁ ਸੇਵਿ ਸਚੁ ਸਮੑਾਲਿਆ ॥**
**ਅੰਤਿ ਖਲੋਆ ਆਇ ਜਿ ਸਤਿਗੁਰ ਅਗੈ ਘਾਲਿਆ ॥**
**ਪੋਹਿ ਨ ਸਕੈ ਜਮਕਾਲੁ ਸਚਾ ਰਖਵਾਲਿਆ ॥**
**ਗੁਰ ਸਾਖੀ ਜੋਤਿ ਜਗਾਇ ਦੀਵਾ ਬਾਲਿਆ ॥...**
**ਨਾਨਕ ਨਾਮੁ ਨਿਧਾਨੁ ਹੈ ਪੂਰੈ ਗੁਰਿ ਦੇਖਾਲਿਆ ॥**

*(ਪੰਨਾ 1284)*

ਇਉਂ ਸ੍ਵੈ-ਸਿੱਧ ਹੈ ਕਿ ਗੁਰਮਤਿ ਵਿਚ ਗੁਰੂ ਅਤੇ ਪ੍ਰਭੂ ਇਕ ਰੂਪ ਹਨ। ਗੁਰੂ ਸੇਵਕਾਂ ਸਿੱਖਾਂ ਦਾ ਮਾਰਗ ਦਰਸ਼ਨ ਕਰਦਿਆਂ ਉਹਨਾਂ ਨੂੰ ਵਿਚੋਲਾ ਬਣ ਕੇ ਪ੍ਰਭੂ

ਨਾਲ ਮੇਲ ਦਿੰਦਾ ਹੈ। ਉਹ ਜਮ-ਮਾਰਗ 'ਤੇ ਰੱਖਿਆ ਕਰਦਾ ਹੈ। ਕਰਮਾਂ ਦਾ ਲੇਖਾ-ਜੋਖਾ ਨਿਬੇੜਦਾ ਹੈ। ਸੱਚੀ ਦਰਗਾਹ ਵਿਚ ਪ੍ਰਭੂ ਨਾਲ ਮੇਲ ਕੇ ਸਚਿਆਰ ਬਣਾ ਦਿੰਦਾ ਹੈ ਜੋ ਉਸ ਪ੍ਰਭੂ ਵਿਚ ਸਮਾ ਕੇ ਉਸ ਦਾ ਰੂਪ ਹੀ ਬਣ ਜਾਂਦਾ ਹੈ। ਬੂੰਦ ਸਾਗਰ ਬਣ ਜਾਂਦੀ ਹੈ। ਇਸ ਅਵਸਥਾ ਦੀ ਪ੍ਰਾਪਤੀ ਗੁਰੂ ਦੀ ਕਿਰਪਾ ਲਾਲ ਹੀ ਹੁੰਦੀ ਹੈ।

## ਸਾਧਨਾ ਮਾਰਗ

ਪ੍ਰਭੂ-ਪ੍ਰਾਪਤੀ ਲਈ ਅਪਨਾਏ ਗਏ ਸਾਧਨਾਂ ਨੂੰ ਸਾਧਨਾ-ਮਾਰਗ ਆਖਦੇ ਹਨ, ਜਿਹਨਾਂ ਦੀ ਕਰੜਾਈ ਨਾਲ ਪਾਲਣਾ ਕਰ ਕੇ ਪਰਮਪਦ ਦੀ ਪ੍ਰਾਪਤੀ ਹੋਣ ਦੀ ਆਸ ਹੁੰਦੀ ਹੈ। ਭਾਰਤ ਵਿਚ ਨਵਿਰਤੀ ਤੇ ਪ੍ਰਵਿਰਤੀ ਦੋਨੋਂ ਪ੍ਰਕਾਰ ਦੇ ਮਾਰਗਾਂ ਨੂੰ ਅਤਿ ਦੀ ਸਥਿਤੀ ਤਕ ਅਪਨਾਇਆ ਜਾਂਦਾ ਹੈ। ਜੋਗ ਸਾਧਨਾਂ, ਹਠ-ਜੋਗ, ਮੋਨ ਧਾਰਨਾ, ਸਰੀਰ ਨੂੰ ਅਤਿ ਦੇ ਕਸ਼ਟ ਦੇ ਕੇ ਪ੍ਰਭੂ ਪ੍ਰਾਪਤੀ ਲਈ ਸਾਧਨਾ ਮਾਰਗ ਆਦਿ ਆਮ ਸਾਧਕਾਂ ਨੇ ਅਪਣਾਏ। ਕਈ ਵਾਰੀ ਧਰਮ-ਕਰਮ ਕੇਵਲ ਵਿਖਾਵਾ ਮਾਤਰ ਹੀ ਬਣ ਜਾਂਦੇ ਹਨ ਜਿਹਨਾਂ ਨੂੰ ਪਾਖੰਡ ਵੀ ਆਖਿਆ ਜਾਣ ਲੱਗਾ। ਪ੍ਰਭੂ ਦੇ ਨਿਰਗੁਣ ਤੇ ਸਰਗੁਣ ਸਰੂਪ ਬਾਰੇ ਵਿਚਾਰਾਂ ਝਗੜੇ ਦਾ ਕਾਰਨ ਬਣ ਗਈਆਂ। ਧਾਰਮਿਕ ਸਥਾਨਾਂ ਦੇ ਖੇਤਰ ਵਿਚ ਕਾਫ਼ੀ ਰੋਲ-ਘਚੋਲਾ ਪੈ ਰਿਹਾ ਹੈ। ਇਕ ਸਾਧਕ ਇਸ ਜਗਤ ਨੂੰ ਮਿਥਿਆ ਜਾਂ ਮਾਇਆ ਆਖ ਕੇ ਇਸ ਦੇ ਤਿਆਗ ਦੀ ਸਿੱਖਿਆ ਨੂੰ ਸਵੀਕਾਰ ਕਰ ਕੇ ਜੰਗਲਾਂ ਵਿਚ ਜਾ ਵੱਸੇ। ਜੋਗੀ ਗ੍ਰਿਹਸਤ ਮਾਰਗ ਦਾ ਤਿਆਗ ਕਰ ਕੇ ਜੰਗਲਾਂ ਵਿਚ ਜਾ ਵੱਸੇ। ਇਕ ਇਸ ਜਗਤ ਨੂੰ ਸਤਿ ਮੰਨ ਕੇ ਇਸ ਵਿਚ ਵਿਚਰਦਿਆਂ ਇਹ ਪ੍ਰਚਾਰ ਕਰਨ ਲੱਗੇ ਕਿ ਨਾ ਪ੍ਰਭੂ ਹੈ, ਨਾ ਨਰਕ ਸਵਰਗ ਹੈ, ਨਾ ਆਤਮਾ ਹੈ। ਬੱਸ ਇਹ ਦਿਸਦਾ ਵੱਸਦਾ ਹੀ ਸਭ ਕੁਝ ਹੈ। ਇਥੇ ਪ੍ਰਾਪਤ ਹਰ ਸੁਖ ਦਾ ਆਨੰਦ ਮਾਣੋ। ਮੌਤ ਨਾਲ ਪੰਜੇ ਤੱਤ ਪੰਜਾਂ ਤੱਤਾਂ ਵਿਚ ਸਮਾ ਜਾਣਗੇ। ਇਹੀ ਜੀਵਨ ਦਾ ਰਹੱਸ ਹੈ।

ਭਗਤੀ ਲਹਿਰ ਨੇ ਪ੍ਰਭੂ-ਭਗਤੀ ਲਈ ਪ੍ਰੇਮਾ ਭਗਤੀ ਦਾ ਪ੍ਰਚਾਰ ਕੀਤਾ ਅਤੇ ਨਾਮ ਸਾਧਨਾ ਨੂੰ ਸਰਵੋਤਮ ਮੰਨ ਕੇ ਹਰ ਸਮੇਂ ਪ੍ਰਭੂ-ਨਾਮ ਦਾ ਸਿਮਰਨ ਕਰਨ ਦੀ ਸਰਲ ਵਿਧੀ ਦੱਸੀ, ਜਿਸ ਵਿਚ ਪੂਜਾ, ਹੋਮ, ਯੱਗ ਆਦਿ ਨੂੰ ਕੋਈ ਸਥਾਨ ਨਹੀਂ ਸੀ। ਜੋ ਉਸ ਪ੍ਰਭੂ ਨੂੰ ਸਿਮਰੇਗਾ, ਉਸ ਨੂੰ ਉਸ ਦੀ ਪ੍ਰਾਪਤੀ ਸਹਿਜ ਸੁਭਾਅ ਹੋ ਜਾਵੇਗੀ।

ਗੁਰੂ ਨਾਨਕ ਸਾਹਿਬ ਨੇ ਸਿੱਖ ਸਾਧਕਾਂ ਨੂੰ ਨਿਰਗੁਣ ਸਰਗੁਣ ਦੇ ਝਗੜੇ ਨੂੰ ਛੱਡ ਕੇ ਕੇਵਲ ਇਕ ਪ੍ਰਭੂ ਦੇ ਲੜ ਲਗਾਇਆ ਜੋ ਸਰਬ ਸ਼ਕਤੀਮਾਨ, ਸਰਵ ਵਿਆਪਕ, ਸਰਵ ਗੁਣ ਸੰਪੰਨ, ਸਰਵ ਸੁਖਦਾਤਾ ਤੇ ਸਭ ਦੇ ਅੰਗ ਸੰਗ ਹੈ। ਇਹ ਸਾਰਾ ਦ੍ਰਿਸ਼ਟਮਾਨ ਉਸ ਦੀ ਰਚਨਾ ਹੈ। ਉਸ ਦੀ ਪ੍ਰਾਪਤੀ ਸਰਵੋਤਮ ਸਾਧਨਾ

ਨਾਮ-ਸਾਧਨਾ ਹੈ। ਪ੍ਰੇਮਾ ਭਗਤੀ ਹੈ, ਸ਼ੁਭ ਅਮਲ ਹਨ। ਫਿਰ ਭਗਤੀ ਨਾਮ ਮਾਰਗ ਦਾ ਪਾਂਧੀ ਸਾਧਨਾ ਕਰਦਿਆਂ ਉਸ ਨੂੰ ਪ੍ਰਾਪਤ ਕਰ ਕੇ ਉਸ ਦਾ ਰੂਪ ਬਣ ਜਾਂਦਾ ਹੈ। ਸਚਖੰਡ ਵਿਚ ਨਿਵਾਸ ਕਰ ਕੇ ਹਰ ਸਮੇਂ ਉਸ ਦੀ ਹਜ਼ੂਰੀ ਵਿਚ ਰਹਿੰਦਿਆਂ ਉਸ ਵਿਚ ਸਮਾ ਕੇ ਉਸੇ ਦਾ ਵਿਰਾਟ ਰੂਪ ਬਣ ਜਾਂਦਾ ਹੈ। ਬੂੰਦ ਸਾਗਰ ਵਿਚ ਸਮਾ ਕੇ ਸਾਗਰ ਬਣ ਜਾਂਦੀ ਹੈ।

ਗੁਰੂ ਨਾਨਕ ਸਾਹਿਬ ਨੇ ਭਾਰਤ ਵਿਚ ਪ੍ਰਚਲਤ ਧਰਮ-ਸਾਧਨਾ ਦੀ ਸਾਰਗੀਵਤਾ ਨੂੰ ਸਵੀਕਾਰ ਕਰਦਿਆਂ ਉਸ ਦਾ ਤਿਆਗ ਕਰਨ ਲਈ ਆਖਿਆ ਅਤੇ ਇਹਨਾਂ ਸਾਧਨਾ ਪੱਧਤੀਆਂ ਦਾ ਜ਼ਿਕਰ ਮਲਾਰ ਦੀ ਵਾਰ ਵਿਚ ਵੀ ਕੀਤਾ ਹੈ। ਜਿਵੇਂ :

**ਇਕਿ ਵਣ ਖੰਡਿ ਬੈਸਹਿ ਜਾਇ ਸਦੁ ਨ ਦੇਵਹੀ ॥**
**ਇਕਿ ਪਾਲਾ ਕਕਰੁ ਭੰਨਿ ਸੀਤਲੁ ਜਲੁ ਹੇਂਵਹੀ ॥**
**ਇਕਿ ਭਸਮ ਚੜ੍ਾਵਹਿ ਅੰਗਿ ਮੈਲੁ ਨ ਧੋਵਹੀ ॥**
**ਇਕਿ ਜਟਾ ਬਿਕਟ ਬਿਕਰਾਲ ਕੁਲੁ ਘਰੁ ਖੋਵਹੀ ॥**
**ਇਕਿ ਨਗਨ ਫਿਰਹਿ ਦਿਨੁ ਰਾਤਿ ਨੰਦ ਨ ਸੋਵਹੀ ॥**
**ਇਕਿ ਅਗਨਿ ਜਲਾਵਹਿ ਅੰਗੁ ਆਪੁ ਵਿਗੋਵਹੀ ॥**

*(ਪੰਨਾ 1284)*

ਇਸ ਤਰ੍ਹਾਂ ਕਈ ਰਸਿਕ ਗਾ ਵਜਾ ਕੇ, ਵਰਤ ਆਦਿ ਰੱਖ ਕੇ ਪ੍ਰਭੂ ਨੂੰ ਰਿਝਾਉਣ ਵਿਚ ਲੱਗੇ ਹੋਏ ਸਨ ਪਰ ਪ੍ਰਭੂ ਇਹਨਾਂ ਸਾਧਨਾਂ ਨਾਲ ਨਹੀਂ ਪਤੀਜਦਾ :

**ਇਕਿ ਗਾਵਹਿ ਰਾਗ ਪਰੀਆ ਰਾਗਿ ਨ ਭੀਜਈ ॥**
**ਇਕਿ ਨਚਿ ਨਚਿ ਪੂਰਹਿ ਤਾਲ ਭਗਤਿ ਨ ਕੀਜਈ ॥**
**ਇਕਿ ਅੰਨੁ ਨ ਖਾਹਿ ਮੂਰਖ ਤਿਨਾ ਕਿਆ ਕੀਜਈ ॥**
**ਤ੍ਰਿਸਨਾ ਹੋਈ ਬਹੁਤੁ ਕਿਵੈ ਨ ਧੀਜਈ ॥**
**ਕਰਮ ਵਧਹਿ ਕੈ ਲੋਅ ਖਪਿ ਮਰੀਜਈ ॥**

*(ਪੰਨਾ 1285)*

ਸਤਿਗੁਰੂ ਇਹਨਾਂ ਸਾਧਨਾਂ ਬਾਰੇ ਦੱਸ ਸਕੇ ਇਹਨਾਂ ਨੂੰ ਇਹ ਆਖ ਕੇ ਨਕਾਰਦੇ ਹਨ :

**ਸਚਾ ਅਲਖ ਅਭੇਉ ਹਠਿ ਨ ਪਤੀਜਈ ॥**

*(ਪੰਨਾ 1285)*

ਉਹ ਸਤਿਗੁਰੂ ਉਹਨਾਂ ਜੋਗੀਆਂ ਦਾ ਜ਼ਿਕਰ ਵੀ ਕਰਦੇ ਹਨ ਜੋ ਸੁੰਨ ਮੰਡਲ ਵਿਚ ਸੁਰਤਿ ਨੂੰ ਟਿਕਾ ਕੇ ਅਨਹਦ ਨਾਦ ਦਾ ਆਨੰਦ ਮਾਣਦੇ ਇਸ ਨੂੰ ਆਪਣੀ ਅੰਤਮ ਮੰਜ਼ਲ ਮੰਨ ਲੈਂਦੇ ਹਨ :

ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥
ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ ॥

*(ਪੰਨਾ 1291)*

ਨਾਥ ਜਤੀ ਸਿਧ ਪੀਰ ਕਿਨੈ ਅੰਤੁ ਨ ਪਾਇਆ ॥

*(ਪੰਨਾ 1282)*

ਇਸੇ ਤਰ੍ਹਾਂ ਸਤਿਗੁਰੂ ਨੇ ਜੈਨੀਆਂ ਦੀ ਕੁਚੀਨ ਸਾਧਨਾ ਬਾਰੇ ਕਰੜੇ ਸ਼ਬਦਾਂ ਵਿਚ ਆਪਣੇ ਵਿਚਾਰ ਪ੍ਰਗਟਾਏ ਹਨ:

ਇਕਿ ਜੈਨੀ ਉਝੜ ਪਾਇ ਧੁਰਹੁ ਖੁਆਇਆ ॥
ਤਿਨ ਮੁਖਿ ਨਾਹੀ ਨਾਮੁ ਨ ਤੀਰਥਿ ਨ੍ਹ੍ਹਾਇਆ ॥
ਹਥੀ ਸਿਰ ਖੋਹਾਇ ਨ ਭਦੁ ਕਰਾਇਆ ॥
ਕੁਚਿਲ ਰਹਹਿ ਦਿਨ ਰਾਤਿ ਸਬਦੁ ਨ ਭਾਇਆ ॥
ਤਿਨ ਜਾਤਿ ਨ ਪਤਿ ਨ ਕਰਮੁ ਜਨਮੁ ਗਵਾਇਆ ॥
ਮਨਿ ਜੂਠੈ ਵੇਜਾਤਿ ਜੂਠਾ ਖਾਇਆ ॥

*(ਪੰਨਾ 1285)*

ਇਉਂ ਸਤਿਗੁਰੂ ਨੇ ਭਾਰਤ ਵਿਚ ਪੂਰਵ-ਪ੍ਰਚੱਲਤ ਧਰਮ ਸਾਧਨਾ ਬਾਰੇ ਆਪਣੇ ਵਿਚਾਰ ਪ੍ਰਗਟ ਕਰਨ ਉਪਰੰਤ ਨਾਮ-ਮਾਰਗ ਦੀ ਦੱਸ ਪਾਈ ਹੈ। ਨਾਮ ਜਪਦਿਆਂ ਸਾਧੂ ਨਾਮ ਦਾ ਰੂਪ ਹੀ ਹੋ ਜਾਂਦਾ ਹੈ:

ਨਾਨਕ ਨਾਵੈ ਹੀ ਤੇ ਸੁਖੁ ਪਾਇਆ ਗੁਰਮਤੀ ਉਰਿ ਧਾਰ ॥

*(ਪੰਨਾ 1288)*

ਅੰਮ੍ਰਿਤ ਨਾਮੁ ਸਦਾ ਸੁਖਦਾਤਾ ਅੰਤੇ ਹੋਇ ਸਖਾਈ ॥
ਬਾਝੁ ਗੁਰੂ ਜਗਤੁ ਬਉਰਾਨਾ ਨਾਵੈ ਸਾਰ ਨ ਪਾਈ ॥
ਸਤਿਗੁਰੁ ਸੇਵਹਿ ਸੇ ਪਰਵਾਣੁ ਜਿਨ੍ਹ ਜੋਤੀ ਜੋਤਿ ਮਿਲਾਈ ॥
ਸੋ ਸਾਹਿਬੁ ਸੋ ਸੇਵਕੁ ਤੇਹਾ ਜਿਸੁ ਭਾਣਾ ਮੰਨਿ ਵਸਾਈ ॥

*(ਪੰਨਾ 1287)*

ਇਸ ਲਈ ਪ੍ਰਭੂ ਦੇ ਨਾਮ ਦੀ ਮਹਿਮਾ ਅਪਰ ਅਪਾਰ ਹੈ। ਨਾਮ ਜਪਣ ਨਾਲ ਜਨਮ-ਜਨਮਾਂਤਰਾਂ ਦੇ ਅਸੰਖ ਪਾਪਾਂ ਦਾ ਨਾਸ ਹੋ ਜਾਂਦਾ ਹੈ। ਇਹ ਨਾਮ ਦੀ ਵਡਿਆਈ ਹੈ:

ਕਟੇ ਪਾਪ ਅਸੰਖ ਨਾਵੈ ਇਕ ਕਣੀ ॥

*(ਪੰਨਾ 1283)*

ਗੁਰਮੁਖਿ ਨਾਮੁ ਧਿਆਇ ਤੁਝੈ ਸਮਾਇਆ ॥

*(ਪੰਨਾ 1282)*

ਨਾਮ ਸਿਮਰਨ ਦੀ ਦਾਤ ਗੁਰੂ ਕਿਰਪਾ ਨਾਲ ਪ੍ਰਾਪਤ ਹੁੰਦੀ ਹੈ। ਸਾਧਕ ਪ੍ਰੇਮ ਪਿਆਰ ਨਾਲ ਪ੍ਰਭੂ ਨੂੰ ਸਿਮਰਦਾ ਹੈ, ਇਸ ਨਾਲ ਉਸ ਦੀ ਸੁਰਤਿ ਪ੍ਰਭੂ ਚਰਨਾਂ ਨਾਲ ਜੁੜ ਜਾਂਦੀ ਹੈ। ਜਨਮ-ਜਨਮਾਂਤਰਾਂ ਦੇ ਪਾਪ ਕੱਟੇ ਜਾਂਦੇ ਹਨ। ਸਾਧਕ ਨਾਮ-ਸਾਧਨਾ ਕਰਦਿਆਂ ਗੁਰੂ ਵਿਚੋਲੇ ਦੀ ਬਦੌਲਤ ਉਸ ਪ੍ਰਭੂ ਦੇ ਦਰ 'ਤੇ ਪੁੱਜ ਕੇ ਉਥੇ ਪਰਮਾਨੰਦ ਦਾ ਸੁਖ ਭੋਗਦਾ ਆਖ਼ਰ ਉਸ ਵਿਚ ਸਮਾ ਕੇ ਆਵਾਗਵਨ ਦੇ ਚੱਕਰ ਵਿਚੋਂ ਨਿਕਲ ਕੇ ਪ੍ਰਭੂ ਰੂਪ ਹੋ ਜਾਂਦਾ ਹੈ।

## ਮਲਾਰ ਕੀ ਵਾਰ: ਕਲਾ ਪੱਖ

ਗੁਰੂ ਨਾਨਕ ਬਾਣੀ ਅਧਿਆਤਮਕ ਜਗਤ ਦੀਆਂ ਰਮਜ਼ਾਂ ਨੂੰ ਖੋਲ੍ਹਣ ਵਾਲੀ ਮਹਾਨ ਰਚਨਾ ਹੈ, ਜਿਸ ਵਿਚ ਜੀਵ ਲਈ ਬ੍ਰਹਮ ਦਾ ਰੂਪ ਧਾਰਨ ਕਰਨ ਦਾ ਮਾਰਗ ਦਰਸਾਇਆ ਗਿਆ ਹੈ। ਹਲਤ ਪਲਤ ਕਿਵੇਂ ਸਵਰੇ ? ਇਸ ਡੂੰਘੇ ਰਹੱਸ ਬਾਰੇ ਬੜੇ ਸਰਲ ਸ਼ਬਦਾਂ ਵਿਚ ਆਪਣੇ ਵਿਚਾਰ ਦਿੱਤੇ ਗਏ ਹਨ ਤੇ ਇਸ ਦੇ ਨਾਲ ਹੀ ਸਤਿਗੁਰੂ ਜੀ ਆਪਣੇ ਆਪ ਨੂੰ ਸ਼ਾਇਰ ਵੀ ਆਖਦੇ ਹਨ। ਇਹ ਬਾਣੀ ਕਲਾ ਪੱਖੋਂ ਉਤਕ੍ਰਿਸ਼ਟ ਰਚਨਾ ਹੈ। ਗੁਰਬਾਣੀ ਦਾ ਕਾਵਿ-ਸ਼ਾਸਤਰ ਲੱਭਣ ਦੀ ਸਖ਼ਤ ਜ਼ਰੂਰਤ ਹੈ। ਜਿੰਨਾ ਚਿਰ ਉਸ ਨੂੰ ਸਥਾਪਤ ਨਹੀਂ ਕੀਤਾ ਜਾਂਦਾ, ਓਨਾ ਚਿਰ ਪ੍ਰਚੱਲਤ ਕਾਵਿ-ਜੁਗਤਾਂ ਅਨੁਸਾਰ ਹੀ ਵਿਚਾਰ ਕੀਤਾ ਜਾਂਦਾ ਹੈ।

# ਬਾਰਹਮਾਹਾ ਮਾਝ : ਦਾਰਸ਼ਨਿਕ ਪੱਖ

**—ਡਾ. ਗੁਰਮੁਖ ਸਿੰਘ**

ਭਾਰਤ ਵਿਚ ਜੋਤਿਸ਼ ਸ਼ਾਸਤਰ ਅਨੁਸਾਰ ਤੇ ਲੋਕ ਵਿਸ਼ਵਾਸਾਂ ਅਨੁਸਾਰ ਦਿਨਾਂ, ਤਿੱਥਾਂ, ਮਹੀਨਿਆਂ ਨਾਲ ਚੰਗੇ ਮਾੜੇ ਦੇ ਵਿਚਾਰ ਜੁੜੇ ਹੋਏ ਹਨ ਤੇ ਪੁਰਾਣੇ ਸਮਿਆਂ ਵਿਚ ਸੰਗਰਾਂਦ ਵਾਲੇ ਦਿਨ ਲੋਕ ਬ੍ਰਾਹਮਣ ਪਾਸੋਂ ਮਹੀਨੇ ਬਾਰੇ ਵਿਚਾਰ ਪੁੱਛਣ ਲਈ ਜਾਂਦੇ ਸਨ ਕਿ ਇਸ ਮਹੀਨੇ ਕੀ ਕਰੀਏ ਤੇ ਕੀ ਨਾ ਕਰੀਏ ? ਉਸ ਦੇ ਦੱਸੇ ਮੁਤਾਬਕ ਉਹ ਕੰਮ ਕਰਦੇ ਸਨ, ਪਰ ਗੁਰੂ ਨਾਨਕ ਸਾਹਿਬ ਦਾ ਵਿਚਾਰ ਹੈ ਕਿ ਇਹ ਭਰਮ ਹੈ ਜਾਂ ਇਉਂ ਕਹਿ ਲਈਏ ਜੋ ਪ੍ਰਭੂ ਪਰਾਇਣ ਹੋ ਕੇ ਕਰਮ ਕਰਦੇ ਹਨ, ਉਹਨਾਂ ਨੂੰ ਕੋਈ ਸ਼ਗਨ ਅਪਸ਼ਗਨ ਨਹੀਂ ਲੱਗਦਾ ਜਾਂ ਦਿਨਾਂ ਜਾਂ ਗ੍ਰਹਿਆਂ ਦੇ ਚੰਗੇ ਮਾੜੇ ਪ੍ਰਭਾਵ ਪ੍ਰਭਾਵਿਤ ਨਹੀਂ ਕਰਦੇ। ਆਪ ਅਨੁਸਾਰ ਸਾਰੇ ਦਿਨ, ਮਹੀਨੇ, ਵਾਰ ਸ਼ੁਭ ਹਨ, ਭਲੇ ਹਨ। ਜਿਹੜਾ ਸਾਧਕ ਪ੍ਰਭੂ ਨੂੰ ਹਿਰਦੇ ਵਿਚ ਵਸਾ ਲੈਂਦਾ ਹੈ, ਉਸ ਲਈ ਸਭ ਮਹੂਰਤ ਭਲੇ ਹਨ। ਸਭ ਸੁਖ ਦਾਤਾ ਰਾਮ ਉਸ ਦੇ ਅੰਦਰ ਆ ਟਿਕਦਾ ਹੈ ਅਤੇ ਉਸ ਦੇ ਨਾਲ ਹੀ ਸੁਖ ਆ ਜਾਂਦੇ ਹਨ। ਅਸਲੀ ਸੁਖ ਤਾ ਪ੍ਰਭੂ-ਮਿਲਾਪ ਵਿਚ ਹੈ। ਜਦੋਂ ਜੀਵਾਤਮਾ ਰੂਪੀ ਇਸਤਰੀ ਨੂੰ ਪ੍ਰਭੂ-ਰੂਪੀ ਪਤੀ ਦਾ ਪਿਆਰ ਮਿਲ ਜਾਂਦਾ ਹੈ ਤਾਂ ਉਹ ਸਦਾ ਆਨੰਦ ਦੀ ਅਵਸਥਾ ਵਿਚ ਟਿਕ ਜਾਂਦੀ ਹੈ, ਮੁਕਤ ਹੋ ਜਾਂਦੀ ਹੈ।

ਗੁਰੂ ਨਾਨਕ ਦੇਵ ਜੀ ਨੇ ਬੜੇ ਸਪੱਸ਼ਟ ਸ਼ਬਦਾਂ ਵਿਚ ਆਪਣੇ ਵਿਚਾਰ ਅੰਕਿਤ ਕਰਦਿਆਂ ਦੱਸਿਆ ਹੈ ਕਿ ਜੀਵ ਆਪਣੇ ਕੀਤੇ ਕਰਮਾਂ ਅਨੁਸਾਰ ਪ੍ਰਭੂ ਤੋਂ ਵਿੱਛੜਿਆ ਹੋਇਆ ਇਸ ਜਗਤ ਵਿਚ ਦੁੱਖ ਭੋਗਦਾ ਹੈ। ਮੋਹ ਮਾਇਆ ਦੇ ਚੱਕਰ ਵਿਚ ਫਸਿਆ ਆਵਾਗਵਨ ਦੇ ਗੇੜ ਵਿਚ ਪਿਆ ਰਹਿੰਦਾ ਹੈ। ਜਿਸ ਜੀਵ ਨੂੰ ਸਤਿਗੁਰੂ ਦੀ ਕਿਰਪਾ ਨਾਲ ਆਪਣੀ ਅਸਲੀਅਤ ਦਾ ਗਿਆਨ ਹੋ ਜਾਂਦਾ ਹੈ, ਉਹ ਨਾਮ ਸਿਮਰਨ ਵਿਚ ਲੱਗ ਕੇ ਪਰਮ ਪਦ ਦੀ ਪ੍ਰਾਪਤੀ ਕਰਨ ਲਈ ਸੰਘਰਸ਼ਸ਼ੀਲ ਬਣ ਜਾਂਦਾ ਹੈ।

ਨਾਮ ਸਿਮਰਨ ਦੁਆਰਾ ਸਹਿਜ ਸੁਭਾਅ ਮਨੁੱਖ ਦੀਆਂ ਬਿਰਤੀਆਂ ਵਿਚ ਇਕਾਗਰਤਾ ਆ ਜਾਂਦੀ ਹੈ। ਵਿਸ਼ੇ ਵਿਕਾਸ, ਇੰਦਰੀਆਂ ਦੇ ਰਸ, ਭੋਗ ਭੋਗਣ

ਦੀ ਲਾਲਸਾ ਸ਼ਾਂਤ ਹੋ ਜਾਂਦੀ ਹੈ। ਗੁਰੂ ਦੀ ਸ਼ਰਣ ਵਿਚ ਹਮੇਸ਼ਾਂ ਮਨ ਕਰਕੇ ਟਿਕੇ ਰਹਿਣ ਨਾਲ ਅਧਿਆਤਮਕ ਮੰਡਲਾਂ ਦੀ ਸੋਝੀ ਹੋਣੀ ਸ਼ੁਰੂ ਹੋ ਜਾਂਦੀ ਹੈ। ਉਸ ਜੀਵ ਨੂੰ ਇਹ ਗਿਆਨ ਸਤਿਗੁਰੂ ਦੇ ਉਪਦੇਸ਼ ਨਾਲ ਸਹਿਜੇ ਹੋ ਜਾਂਦਾ ਹੈ ਕਿ ਦੁਨਿਆਵੀ ਰਿਸ਼ਤੇਦਾਰ, ਸਕੇ-ਸੰਬੰਧੀ, ਪਿਆਰੇ ਸਭ ਆਪਣੇ ਸੁਆਰਥ ਕਰਕੇ ਜੁੜੇ ਹੋਏ ਹਨ। ਜੇਕਰ ਕੋਈ ਸੱਚਾ ਸਾਥੀ ਬਣ ਸਕਦਾ ਹੈ ਤਾਂ ਉਹ ਪਰਮਾਤਮਾ ਹੈ ਜਾਂ ਸਤਿਗੁਰੂ ਹੈ ਜੋ ਪਰਮਾਰਥ ਵਿਚ ਸਹਾਈ ਹੋ ਕੇ ਮਾਰਗ ਦਰਸ਼ਨ ਕਰਦਾ ਹੈ।

ਬਸੰਤ ਰੁੱਤ ਨੂੰ ਰੁੱਤਾਂ ਦੀ ਰਾਣੀ ਆਖਿਆ ਜਾਂਦਾ ਹੈ, ਕਿਉਂਕਿ ਸਭ ਪਾਸੇ ਖੇੜਾ ਹੁੰਦਾ ਹੈ। ਬਨਸਪਤੀ ਖਿੜੀ ਹੋਈ ਰੰਗ ਲਗਾ ਰਹੀ ਹੁੰਦੀ ਹੈ। ਕੋਇਲ ਅੰਬਾਂ ’ਤੇ ਬੈਠੀ ਮਿੱਠੇ ਬੋਲ ਬੋਲਦੀ ਹੈ। ਸਾਰਾ ਵਾਤਾਵਰਣ ਰੁਮਾਂਟਿਕ ਹੁੰਦਾ ਹੈ ਪਰ ਜਿਸ ਬਿਰਹਣੀ ਦਾ ਪਤੀ ਉਸ ਤੋਂ ਦੂਰ ਪਰਦੇਸਾਂ ਵਿਚ ਗਿਆ ਹੋਵੇ, ਉਸ ਦੀ ਇਸ ਰੁੱਤੇ ਬੜੀ ਮਾੜੀ ਦਸ਼ਾ ਹੁੰਦੀ ਹੈ ਕਿਉਂਕਿ ਵਿਛੋੜੇ ਦਾ ਦੁੱਖ ਸਭ ਦੁੱਖਾਂ ਨਾਲੋਂ ਭਿਆਨਕ ਹੁੰਦਾ ਹੈ। ਉਹ ਆਪਣੇ ਪ੍ਰੀਤਮ ਨੂੰ ਮਿਲਣ ਲਈ ਲਿਲਕੜੀਆਂ ਕੱਢਦੀ ਹੈ।

ਪਰਮਾਤਮਾ ਦੇ ਗੁਣ ਗਾਉਣ ਨਾਲ ਜੀਵ ਅੰਦਰ ਸ਼ਾਂਤੀ ਪੈਦਾ ਹੁੰਦੀ ਹੈ। ਵਿਕਾਰਾਂ ਦੀ ਅਗਨੀ ਸ਼ਾਂਤ ਹੋ ਜਾਂਦੀ ਹੈ। ਨਾਮ-ਅਭਿਆਸੀ ਨੂੰ ਕਹਿਰਾਂ ਦੀ ਗਰਮੀ ਵੀ ਤੰਗ ਨਹੀਂ ਕਰਦੀ। ਦੁਨਿਆਵੀ ਸੁਖ ਉਹਨਾਂ ਨੂੰ ਨਿਗੂਣੇ ਜਾਪਦੇ ਹਨ। ਗੁਰੂ ਦੇ ਉਪਦੇਸ਼ ਨੂੰ ਮਨ ਵਿਚ ਵਸਾ ਕੇ ਜੀਵਨ ਬਸਰ ਕਰਨ ਵਾਲੇ ਜੀਵ ਨੂੰ ‘ਨਾਟਕ ਚੇਟਕ’ ਕੁਕਾਜ ਹੀ ਲੱਗਦੇ ਹਨ ਕਿਉਂਕਿ ਇਹ ਸਭ ਹੋਛੇ ਰਸ ਹਨ। ਬਸ ਉਸ ਨੂੰ ਤਾਂ ਪਰਮਾਤਮਾ ਦੀ ਯਾਦ ਵਿਚੋਂ ਹੀ ਸਭ ਸੁਖ ਮਿਲਦੇ ਹਨ।

ਮਾਇਆ ਦਾ ਪ੍ਰਭਾਵ ਬੜਾ ਬਲਵਾਨ ਹੁੰਦਾ ਹੈ। ਜਿਹੜੇ ਜੀਵ ਇਸ ਪ੍ਰਭਾਵ ਅਧੀਨ ਕੁਰਾਹੇ ਪਏ ਰਹਿੰਦੇ ਹਨ, ਉਹ ਪਰਮਾਤਮਾ ਦੇ ਚਰਨ ਕੰਵਲਾਂ ਤੋਂ ਦੂਰ ਰਹਿੰਦੇ ਹਨ, ਪਰ ਜੋ ਸ਼ਰਣ ਵਿਚ ਆ ਜਾਂਦੇ ਹਨ, ਉਹਨਾਂ ਨੂੰ ਆਨੰਦ ਪ੍ਰਾਪਤ ਹੋ ਜਾਂਦਾ ਹੈ। ਉਹ ਪਲ ਭਰ ਲਈ ਵੀ ਪਰਮਾਤਮਾ ਦਾ ਨਾਮ ਵਿਸਾਰ ਨਹੀਂ ਸਕਦੇ ਕਿਉਂਕਿ ਨਾਮ ਉਹਨਾਂ ਦੇ ਜੀਵਨ ਦਾ ਆਧਾਰ ਬਣ ਜਾਂਦਾ ਹੈ। ਦੁਨਿਆਵੀ ਦੁੱਖ ਕਲੇਸ਼ ਖ਼ਤਮ ਹੋ ਜਾਂਦੇ ਹਨ। ਸਹਿਜ ਅਵਸਥਾ ਪ੍ਰਾਪਤ ਹੋ ਜਾਂਦੀ ਹੈ। ਬਾਹਰਲੇ ਕਰਮ-ਕਾਂਡਾਂ ਦਾ ਕੋਈ ਮੁੱਲ ਨਹੀਂ ਰਹਿ ਜਾਂਦਾ। ਨਾਮ ਨੂੰ ਹਿਰਦੇ ਵਿਚ ਵਸਾਈ ਰੱਖਣਾ 68 ਤੀਰਥਾਂ ਦੇ ਇਸ਼ਨਾਨ ਤੋਂ ਚੰਗੇਰਾ ਹੈ।

ਜਿਹੜੇ ਜੀਵ ਗੁਰੂ ਉਪਦੇਸ਼ ਨੂੰ ਗ੍ਰਹਿਣ ਕਰ ਕੇ ਹਉਮੈ ਦਾ ਨਾਸ਼ ਕਰ ਲੈਂਦੇ ਹਨ, ਪਰਮਾਤਮਾ ਉਹਨਾਂ ਨੂੰ ਸਹਿਜੇ ਮਿਲ ਪੈਂਦਾ ਹੈ ਪਰ ਇਹ ਜੀਵ ਦੇ ਆਪਣੇ ਵੱਸ ਨਹੀਂ ਹੈ। ਜਿਸ ’ਤੇ ਸਤਿਗੁਰੂ ਮਿਹਰ ਕਰਦੇ ਹਨ, ਉਹ ਹਉਮੈ ਰੋਗ ਤੋਂ ਮੁਕਤ ਹੋ ਜਾਂਦਾ ਹੈ। ਉਸ ਦਾ ਪ੍ਰਭੂ ਨਾਲ ਸਦੀਵੀ ਮਿਲਾਪ ਹੋ ਜਾਂਦਾ ਹੈ।

ਜਿਸ ਨੂੰ ਪਰਮਾਤਮਾ ਮਿਲ ਜਾਵੇ ਉਸ ਲਈ ਸਭ ਦਿਨ ਰਾਤ, ਮਹੂਰਤ, ਮਹੀਨੇ, ਸਾਲ ਸ਼ੁਭ ਹੋ ਜਾਂਦੇ ਹਨ। ਫਿਰ ਸੁਖ ਹੀ ਸੁਖ ਰਹਿੰਦਾ ਹੈ। ਪਰਮਾਤਮਾ ਅੰਗ ਸੰਗ ਹੁੰਦਾ ਹੈ ਜੋ ਸਰਬ ਸੁਖ ਦਾਤਾ ਹੈ।

## ਪਰਮਾਤਮਾ

ਗੁਰੂ ਨਾਨਕ ਬਾਣੀ ਦਾ ਕੇਂਦਰ ਬਿੰਦੂ ਪਰਮਾਤਮਾ ਹੈ ਜੋ ਸਦਾ ਥਿਰ, ਨਿਹਚਲ ਤੇ ਅਡੋਲ ਹੈ। ਉਹ ਕਰਮ ਵਿਧਾਤਾ ਹੈ। ਚਤੁਰ ਸੁਜਾਨ ਹੈ। ਉਸ ਦੀ ਸੱਤਾ ਹੀ ਸਾਰੇ ਜਗਤ ਦਾ ਮੂਲ ਤੇ ਪ੍ਰਾਣ ਹੈ। ਉਹ ਸਰਵ ਵਿਆਪਕ ਹੈ। ਸਭ ਜੀਵ-ਜੰਤਾਂ ਵਿਚ ਉਹ ਹੀ ਵਰਤ ਰਿਹਾ ਹੈ। ਅੰਡਜ, ਜੇਰਜ, ਸੇਤਜ, ਉਤਭੁਜ ਭਾਵ ਚਾਰੇ ਖਾਣੀਆਂ ਵਿਚ ਉਹ ਆਪ ਹੀ ਵਿਆਪਕ ਹੈ। ਉਹ ਹੀ ਸਭ ਦਾ ਸੁਆਮੀ ਹੈ। ਮਾਲਕ ਹੈ, ਪਤੀ ਹੈ। ਜੀਵ ਰੂਪੀ ਇਸਤਰੀਆਂ ਦੀ ਤੜਪ ਭਟਕਣ ਤਾਂ ਹੀ ਖ਼ਤਮ ਹੋਵੇਗੀ ਜਦੋਂ ਉਹ ਸਭ ਕੁਝ ਤਿਆਗ ਕੇ ਉਸ ਅਕਾਲ ਪੁਰਖ ਵਿਚ ਸਮਾ ਜਾਣਗੀਆਂ। ਪ੍ਰਕਿਰਤੀ ਉਸ ਦਾ ਹੀ ਪ੍ਰਗਟਾਵਾ ਹੈ।

## ਜੀਵਾਤਮਾ

ਇਹ ਜੀਵਾਤਮਾ ਆਪਣੇ ਕਿਰਤ ਕਰਮਾਂ ਕਰਕੇ ਪਰਮਾਤਮਾ ਨਾਲੋਂ ਵਿੱਛੜ ਕੇ ਭਟਕ ਰਹੀ ਹੈ। ਇਸ ਨੇ ਉਸ ਪ੍ਰਭੂ ਨੂੰ ਵਿਸਾਰ ਦਿੱਤਾ ਹੈ। ਉਸ ਦੁਆਰਾ ਸਿਰਜੀ ਮਾਇਆ ਦੀ ਤੜਕ ਭੜਕ ਤੇ ਮੋਹ-ਮਾਇਆ ਦੀ ਖਿੱਚ ਵਿਚ ਉਲਝੀ ਇਹ ਛਿੰਨ-ਭੰਗਰੇ ਸੁਖਾਂ ਦੀ ਪ੍ਰਾਪਤੀ ਲਈ ਦੁੱਖ ਸਹਾਰ ਰਹੀ ਹੈ। ਦੁਨਿਆਵੀ ਸੁਖ, ਪਦਾਰਥਕ ਪ੍ਰਾਪਤੀਆਂ ਤੇ ਚੰਮ-ਰਸ ਦੀਆਂ ਖ਼ੁਸ਼ੀਆਂ ਬੇਅਰਥ ਹਨ। ਜਦੋਂ ਉਸ ਜੀਵਾਤਮਾ ਨੂੰ ਇਹ ਗਿਆਨ ਹੋ ਜਾਂਦਾ ਹੈ ਤਾਂ ਇਹ ਆਪਣੀ ਸੁਰਤ ਪ੍ਰਭੂ-ਚਰਨਾਂ ਵੱਲ ਲਗਾਉਣ ਲਈ ਯਤਨਸ਼ੀਲ ਹੁੰਦੀ ਹੈ। ਉਸ ਲਈ ਤੜਪਦੀ ਹੈ। ਆਖ਼ਰ ਨਾਮ ਸਿਮਰਨ ਕਰ ਕੇ ਉਸ ਵਿਚ ਸਮਾ ਜਾਂਦੀ ਹੈ। (ਦੇਖੋ ਸਾਧਨਾ ਪੱਖ)

## ਜਗਤ

ਇਹ ਜਗਤ ਪਲ ਪਲ ਬਦਲਣ ਵਾਲਾ, ਨਾਸ਼ਵੰਤ ਤੇ ਅਸਥਿਰ ਹੈ। ਇਸ ਦੀ ਅਸਲੀਅਤ ਜਦੋਂ ਜੀਵਾਤਮਾ ਨੂੰ ਪਤਾ ਲੱਗਦੀ ਹੈ ਤਾਂ ਉਹ ਇਸ ਤੋਂ ਮੁੱਖ ਮੋੜ ਕੇ ਉਸ ਪਰਮ ਪੁਰਖ ਵੱਲ ਮੂੰਹ ਕਰ ਕੇ ਸਾਧਨਾ ਕਰਦੀ ਹੋਈ ਆਖ਼ਰ ਉਸ ਦਾ ਹੀ ਰੂਪ ਹੋ ਜਾਂਦੀ ਹੈ।

## ਮੁਕਤੀ

ਗੁਰੂ ਨਾਨਕ ਅਨੁਸਾਰ ਮੁਕਤੀ ਉਸ ਪ੍ਰਭੂ ਵਿਚ ਸਮਾ ਜਾਣ ਵਿਚ ਹੈ ਭਾਵ ਜੀਵਾਤਮਾ ਜਦੋਂ ਸਿਮਰਨ ਭਜਨ ਕਰ ਕੇ ਉਸ ਪ੍ਰਭੂ ਨੂੰ ਮਿਲ ਪੈਂਦੀ ਹੈ ਤਾਂ ਉਹ ਇਸ ਨੂੰ ਆਪਣੇ ਵੈਰਾਟ ਸ੍ਵੈ ਵਿਚ ਜਜ਼ਬ ਕਰ ਲੈਂਦਾ ਹੈ, ਜਿਵੇਂ ਸਾਗਰ ਬੂੰਦ ਨੂੰ। ਇਹ ਉਸ ਦਾ ਹੀ ਰੂਪ ਹੋ ਜਾਂਦੀ ਹੈ। ਇਸ ਬਾਰੇ ਡਾ. ਜਸਵਿੰਦਰ ਕੌਰ ਢਿੱਲੋਂ ਦਾ ਕਹਿਣਾ ਹੈ, “ਆਪਣੇ ਸਰੂਪ ਨੂੰ ਪਛਾਨਣਾ ਹੀ ਮੁਕਤੀ ਹੈ। ਪਹਿਲਾਂ ਆਤਮਾ ਆਪਣੇ ਅਗਿਆਨ ਤੋਂ ਬੇਖ਼ਬਰ ਹੁੰਦੀ ਹੈ, ਜਦੋਂ ਉਸ ਨੂੰ ਗਿਆਨ ਹੁੰਦਾ ਹੈ ਤਾਂ ਪਰਮਾਤਮਾ ਨੂੰ ਮਿਲਣ ਲਈ ਲੋਚਦੀ ਹੈ।... ਜਦੋਂ ਆਤਮਾ ਅੰਦਰੋਂ ਹੀ ਪਰਮਾਤਮਾ ਨੂੰ ਖੋਜ ਲੈਂਦੀ ਹੈ ਤਾਂ ਸਭ ਕਾਰਜ ਸੰਪੂਰਨ ਹੋ ਜਾਂਦੇ ਹਨ।” ਇਸ ਸਾਰੇ ਕਾਰਜ ਦੀ ਸੰਪੂਰਨਤਾ ਸਾਧਕ ਦੀ ਅਧਿਆਤਮਕ ਸਾਧਨਾ ਦੀ ਸੰਪੂਰਨਤਾ ਹੈ, ਜਿਸ ਉਪਰੰਤ ਉਹ ਮੁਕਤ ਹੋ ਜਾਂਦਾ ਹੈ। “ਜੋਤੀ ਜੋਤਿ ਰਲੀ ਸੰਪੂਰਨ ਥੀਆ ਰਾਮ” ਦੀ ਅਵਸਥਾ ਹੀ ਮੁਕਤੀ ਹੈ।

ਪ੍ਰਭੂ ਨਾਲ ਮਿਲਾਪ ਲਈ ਵਿਚੋਲਾ ਸਤਿਗੁਰੂ ਹੁੰਦਾ ਹੈ। ਉਹ ਮਾਰਗ ਦਰਸ਼ਕ, ਰਾਹ-ਦਸੇਰਾ ਤੇ ਚਾਨਣ-ਮੁਨਾਰਾ ਬਣ ਕੇ ਜੀਵਾਤਮਾ ਦੀ ਅਗਵਾਈ ਕਰਦਾ ਹੈ। ਨਾਮ ਸਿਮਰਨ ਦਾ ਵੱਲ ਦੱਸਦਾ ਜਿਸ ਨਾਲ ਜਿਥੇ ਪ੍ਰਭੂ ਮਿਲਾਪ ਹੁੰਦਾ ਹੈ, ਉਥੇ ਸਭ ਪ੍ਰਕਾਰ ਦੇ ਧਾਰਮਿਕ ਕਰਮਾਂ ਭਾਵ ਕਰਮ-ਕਾਂਡਾਂ ਤੋਂ ਛੁਟਕਾਰਾ ਮਿਲ ਜਾਂਦਾ ਹੈ। ਉਹ ਜੀਵਨ ਮੁਕਤ ਅਵਸਥਾ ਵਿਚ ਇਸ ਜਗਤ ਵਿਚ ਵਿਚਰਦਿਆਂ ਹੋਇਆਂ ਦੁਨਿਆਵੀ ਕੰਮ ਕਾਰ ਕਰਦਿਆਂ ਇਹਨਾਂ ਤੋਂ ਨਿਰਲੇਪ ਰਹਿੰਦਿਆਂ ਆਖ਼ਰ ਪ੍ਰਭੂ ਵਿਚ ਸਮਾ ਜਾਂਦਾ ਹੈ। ਜੀਵਨ ਮਰਨ ਦਾ ਚੱਕਰ ਖ਼ਤਮ ਹੋ ਜਾਂਦਾ ਹੈ।

## ਸਾਧਨਾ ਪੱਖ

ਜ਼ਿੰਦਗੀ ਵਿਚ ਕੁਝ ਪ੍ਰਾਪਤ ਕਰਨ ਲਈ ਕੀਤਾ ਗਿਆ ਉਪਰਾਲਾ ਜਾਂ ਯਤਨ ਸਾਧਨਾ ਅਖਵਾਉਂਦਾ ਹੈ। ਅਧਿਆਤਮਕ ਜਗਤ ਵਿਚ ਵੀ ਪ੍ਰਭੂ-ਪ੍ਰਾਪਤੀ ਜੀਵਨ ਦਾ ਪਰਮ ਲਕਸ਼ ਮੰਨਿਆ ਗਿਆ ਹੈ, ਜਿਸ ਨੂੰ ਪ੍ਰਾਪਤ ਕਰਨ ਲਈ ਸਾਧਕਾਂ ਨੇ ਕਈ ਮਾਰਗ ਅਖ਼ਤਿਆਰ ਕੀਤੇ, ਪਰ ਗੁਰਮਤਿ ਵਿਚ ਸਤਿਗੁਰੂ ਨੇ ਨਾਮ ਜਪਣ ਤੇ ਭਗਤੀ ਕਰਨ ’ਤੇ ਬਲ ਦਿੱਤਾ ਹੈ। ਭਗਤੀ ਦੇ ਕਈ ਕਾਰਨ ਹਨ ਪਰ ਗੁਰਮਤਿ ਵਿਚ ਪ੍ਰੇਮਾ ਭਗਤੀ ਨੂੰ ਅਧਿਕ ਮਹੱਤਵ ਦਿੱਤਾ ਗਿਆ ਹੈ। ਜਿਥੇ ਸਾਧਕ ਇਸਤਰੀ ਰੂਪ ਵਿਚ ਪਰਮਾਤਮਾ ਨੂੰ ਪਤੀ ਰੂਪ ਵਿਚ ਪਿਆਰ ਕਰ ਕੇ ਆਖ਼ਰ ਉਸ ਵਿਚ ਸਮਾ ਜਾਂਦਾ ਹੈ। ਜਦੋਂ ਸਾਧਕ ਦਾ ਕਿਸੇ ਨਾ ਕਿਸੇ ਕਾਰਣ ਕਰਕੇ ਪਰਮਾਤਮਾ ਨਾਲ ਪ੍ਰੇਮ ਪੈ ਜਾਂਦਾ ਹੈ ਤਾਂ ਉਸ ਦੇ ਸੰਸਾਰਕ ਬੰਧਨ ਢਿੱਲੇ ਪੈਣ ਲੱਗ ਜਾਂਦੇ ਹਨ। ਉਹ ਸੰਸਾਰਿਕਤਾ ਤੋਂ ਉੱਚਾ ਉੱਠ ਕੇ ਅਧਿਆਤਮਿਕ ਲੋਕ ਵਿਚ ਵਿਚਰਨ

ਲੱਗਦਾ ਹੈ। ਫਿਰ ਉਸ ਨੂੰ ਭਗਤੀ ਦੇ ਕਿਸੇ ਹੋਰ ਸਾਧਨ ਦੀ ਲੋੜ ਨਹੀਂ ਰਹਿੰਦੀ। ਇਸ ਵਿਚ ਭਗਤੀ ਮਾਰਗ ਦੇ ਯਾਤਰੀ ਦਾ ਚਿੱਤ ਆਪਣੇ ਇਸ਼ਟ ਵਿਚ ਮਗਨ ਰਹਿੰਦਾ ਹੈ। ਇਹ ਭਗਤੀ ਰਹੱਸ ਪੂਰਣ ਹੈ। ਇਸ ਦਾ ਭੇਦ ਹਰ ਕੋਈ ਸਮਝ ਨਹੀਂ ਸਕਦਾ। ਜਿਵੇਂ ਇਸਤਰੀ ਆਪਣੇ ਕੰਤ ਨੂੰ ਪ੍ਰਾਪਤ ਕਰਨ ਦੀ ਚਾਹਵਾਨ ਹੁੰਦੀ ਹੈ, ਉਸੇ ਤਰ੍ਹਾਂ ਭਗਤ ਨੂੰ ਭਗਵਾਨ ਦੀ ਪ੍ਰਾਪਤੀ ਦੀ ਚਾਹ ਹੁੰਦੀ ਹੈ। ਉਸ ਲਈ ਸੰਸਾਰ ਦੀਆਂ ਹੋਰ ਵਸਤੂਆਂ, ਪ੍ਰਲੋਭਨ ਸਭ ਤੁੱਛ ਹਨ। ਇਹ ਪ੍ਰੇਮਾ ਭਗਤੀ ਅੰਮ੍ਰਿਤ ਸਰੂਪ ਹੈ। ਬਾਰਹਮਾਹ ਵਿਚ ਜੀਵ ਰੂਪੀ ਜਗਿਆਸੂ ਇਸਤਰੀ ਆਪਣੇ ਕਰਮਾਂ ਕਰਕੇ ਆਪਣੇ ਪ੍ਰਭੂ-ਪਤੀ ਪਾਸੋਂ ਵਿਛੜੀ ਹੋਈ ਹੈ ਤੇ ਉਸ ਨੂੰ ਮਿਲਣ ਲਈ ਸਹਿਕ ਰਹੀ ਹੈ। ਮੌਸਮ ਬਦਲੇ ਹਨ, ਰੁੱਤਾਂ ਆਪਣੇ ਰੰਗ ਵਟਾਉਂਦੀਆਂ ਹਨ ਤੇ ਬਿਰਹਣੀ ਦੇ ਮਨ ’ਤੇ ਇਸ ਪਰਿਵਰਤਨ ਦਾ ਪ੍ਰਭਾਵ ਪੈਂਦਾ ਹੈ। ਉਹ ਕਲਪਦੀ ਹੈ। ਲੇਲੜੀਆਂ ਕੱਢਦੀ ਹੈ ਕਿ ਪ੍ਰਭੂ-ਪ੍ਰੀਤਮ ਮਾਹੀ ਮਿਲ ਜਾਵੇ। ਇਹ ਵਿਲਕਣੀ ! ਤਾਂਘ ! ਸਿੱਕ ਹੀ ਪ੍ਰੇਮਾ-ਭਗਤੀ ਹੈ। ਗੁਰੂ ਨਾਨਕ ਤੋਂ ਪਹਿਲਾਂ ਤੇ ਬਾਅਦ ਵਿਚ ਹੋਏ ਕਈ ਭਗਤਾਂ ਵਿਚ ਚੰਚਲਤਾ ਹੈ। ਕੂਕ-ਪੁਕਾਰ ਦੀ ਆਵਾਜ਼ ਬੜੀ ਤਿੱਖੀ ਹੈ ਤੇ ਸੂਫ਼ੀਆਂ ਵਿਚ ਤਾਂ ਇਸ ਬਾਰੇ ਹੱਦ ਹੋਈ ਮਿਲਦੀ ਹੈ। ਗੁਰਬਾਣੀ ਵਿਚ ਅਜਿਹਾ ਨਹੀਂ ਹੈ। ਡਾ. ਪ੍ਰੇਮ ਪ੍ਰਕਾਸ਼ ਸਿੰਘ ਦਾ ਵਿਚਾਰ ਹੈ ਕਿ ਮੀਰਾਂ, ਤੁਲਸੀ ਆਦਿ ਦੇ ਵਿਯੋਗ ਦੇ ਅਨੁਭਵ ਤੇ ਗੁਰੂ ਨਾਨਕ ਦੇ ਅਨੁਭਵ ਵਿਚ ਅੰਤਰ ਹੈ। ਆਪ ਲਿਖਦੇ ਹਨ, “ਗੁਰੂ ਨਾਨਕ ਦਾ ਬਾਰਹਮਾਹ ਇਹਨਾਂ ਤੋਂ ਵੱਧ ਅਧਿਆਤਮਿਕ ਵਾਤਾਵਰਣ ਨੂੰ ਸਿਰਜਦਾ ਹੈ, ਉਥੇ ਸ਼ਾਂਤੀ, ਠਰ੍ਹੰਮਾ, ਤਸਕੀਨ ਤੇ ਸਿਦਕ ਦਾ ਵਾਯੂਮੰਡਲ ਹੈ, ਜਿਸ ਵਿਚ ਦਾਖ਼ਲ ਹੋ ਕੇ ਪਾਠਕ ਅਡੋਲ ਸਹਿਜ ਬਿਰਤੀ ਦਾ ਅਨੁਭਵ ਕਰਦਾ ਹੈ। ਨਾ ਸੋਚਾਂ ਹਨ ਨਾ ਨਘੋਚਾਂ ਹਨ ਬਲਕਿ ਮਹੀਨਿਆਂ ਦੇ ਬਦਲ ਰਹੇ ਕੁਦਰਤੀ ਪਿਛੋਕੜਾਂ ਉੱਤੇ ਅੰਕਿਤ ਕੀਤੀਆਂ ਜੀਵਾਤਮਾ ਦੀਆਂ ਸੱਧਰਾਂ ਹਨ ਜਿਹਨਾਂ ਨੂੰ ਸ਼ਾਂਤਮਈ ਮਧੁਰ ਸ਼ਬਦਾਂ ਰਾਹੀਂ ਵਿਅਕਤ ਕੀਤਾ ਗਿਆ ਹੈ।” ਇਉਂ ਜੀਵਾਤਮਾ ਰੂਪੀ ਨਾਇਕਾ ਸਬਰ ਸੰਤੋਖ ਵਿਚ ਰਹਿ ਕੇ ਪ੍ਰਭੂ ਮਿਲਣ ਲਈ ਯਤਨਸ਼ੀਲ ਹੈ। ਇਉਂ ਪ੍ਰੇਮਾ-ਭਗਤੀ ਸਾਧਨ ਹੈ ਉਸ ਬਿਰਹੋਂ ਕੁੱਠੀ ਜੀਵ ਰੂਪੀ ਇਸਤਰੀ ਲਈ। ਡਾ. ਤਾਰਨ ਸਿੰਘ ਦਾ ਵਿਚਾਰ ਹੈ, “ਇਸ ਰਚਨਾ (ਬਾਰਹਮਾਹ) ਵਿਚ ਗੁਰੂ ਨਾਨਕ ਸਾਹਿਬ ਦਾ ਪੂਰਾ ਪ੍ਰੇਮ ਸਿਧਾਂਤ ਉਜਾਗਰ ਹੁੰਦਾ ਹੈ। ਪ੍ਰੇਮ ਮਨੁੱਖੀ ਆਤਮਾ ਦੀ ਬੁਨਿਆਦੀ ਸੁਭਾਵਕ ਬਿਰਤੀ ਹੈ। ਪਰਮਾਤਮਾ ਮਨੁੱਖ ਦੇ ਪ੍ਰੇਮ ਨਾਲ ਵੱਡਾ ਨਹੀਂ ਹੋ ਜਾਂਦਾ ਪਰ ਇਸੀਂ ਦੁਆਰਾ ਮਨੁੱਖ ਨੂੰ ਆਪ ਸ਼ਾਂਤੀ ਤੇ ਸੁਖ ਪ੍ਰਾਪਤ ਹੁੰਦੇ ਹਨ। ਕੁਦਰਤ ਦੀ ਤਬਦੀਲੀ ਪ੍ਰੇਮ ਜਜ਼ਬੇ ਵਿਚ ਉਕਸਾਹਟ ਪੈਦਾ ਕਰਦੀ ਹੈ। ਪ੍ਰਭੂ ਪ੍ਰੇਮ ਲਈ ਸਾਨੂੰ ਪਵਿੱਤਰ ਹਿਰਦੇ ਦੀ ਲੋੜ ਹੈ। ਹਉਮੈ ਜਾਂ ਆਪੇ ਦਾ ਤਿਆਗ ਹੀ ਮਨੁੱਖ ਨੂੰ ਪ੍ਰਭੂ ਪ੍ਰੇਮ ਵਿਚ ਨਿਪੁੰਨ ਕਰਦਾ ਹੈ। ਪ੍ਰੇਮ ਇਕ ਸਰਬ ਵਿਆਪੀ ਸਮੂਹੀ ਜਜ਼ਬਾ ਹੈ ਜੋ ਮਨੁੱਖ ਵਿਚ ਅਥਾਹ ਸ਼ਕਤੀ ਦੀ ਸਿੰਚਨਾ ਕਰਦਾ ਹੈ। ਪ੍ਰੇਮ ਬਿਨਾਂ

ਮਨੁੱਖ ਕਿਸੇ ਕੰਮ ਦਾ ਨਹੀਂ ਤੇ ਪ੍ਰੇਮ ਨਾਲ ਸਾਰੇ ਸੁਖ ਹਨ।" ਪ੍ਰੇਮ ਦੀ ਭਾਵਨਾ ਜਦੋਂ ਤੀਬਰ ਹੋ ਕੇ ਜੀਵ ਨੂੰ ਉਸ ਪਰਮਾਤਮਾ ਨਾਲ ਜੋੜ ਦਿੰਦੀ ਹੈ ਤਾਂ ਅਕਹਿ ਆਨੰਦ ਪ੍ਰਾਪਤ ਹੁੰਦਾ ਹੈ।

ਨਾਮ ਸਿਮਰਨ ਗੁਰਮਤਿ ਸਾਧਨਾ ਦਾ ਮੂਲ ਆਧਾਰ ਹੈ। ਗੁਰੂ ਨਾਨਕ ਜੀ ਨੇ ਜੀਵਾਤਮਾ ਨੂੰ ਨਾਮ ਸਿਮਰਨ ਕਰਨ ਲਈ ਆਖਿਆ ਹੈ ਕਿਉਂਕਿ ਹੌਲੀ ਹੌਲੀ ਨਾਮ ਤੇ ਨਾਮੀ ਅਤੇ ਸਿਮਰਨ ਕਰਨ ਵਾਲਾ ਇਕ ਹੀ ਹੋ ਜਾਂਦੇ ਹਨ। ਬਾਰਹਮਾਹ ਵਿਚ ਆਪ ਜਗਿਆਸੂ ਨੂੰ ਸਿਮਰਨ ਕਰਨ ਲਈ ਪ੍ਰੇਰਨਾ ਦਿੰਦੇ ਹਨ। ਪ੍ਰਭੂ ਨੂੰ ਹਰ ਵੇਲੇ ਯਾਦ ਕਰਨ ਲਈ ਕਹਿੰਦੇ ਹਨ:

- **ਮਾਹੁ ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ ॥**
- **ਅਵਗਣ ਬਾਂਧਿ ਚਲੀ ਦੁਖੁ ਆਗੈ**
  **ਸੁਖ ਤਿਸੁ ਸਾਚੁ ਸਮਾਲੇ ॥**
- **ਨਾਮੁ ਭਗਤਿ ਦੇ ਨਿਜ ਘਰਿ ਬੈਠੇ ਅਜਹੁ ਤਿਨਾੜੀ ਆਸਾ ॥**
- **ਗੁਣਵੰਤੀ ਗੁਣ ਰਵੈ ਮੈ ਪਿਰੁ ਨਿਹਚਲੁ ਭਾਵਏ ॥**

ਸਾਧ ਸੰਗਤ ਵਿਚ ਜਾ ਕੇ ਪ੍ਰਭੂ ਨਾਲ ਜੁੜਿਆਂ ਪਾਸ ਬਹਿਣਾ, ਅਸੀਸਾਂ ਲੈਣੀਆਂ, ਸਤਿਗੁਰੂ ਨੂੰ ਵਿਚੋਲਾ ਬਣਾ ਕੇ ਪਰਮਾਰਥਕ ਮੰਡਲਾਂ ਵਿਚ ਵਿਚਰਨਾ ਆਤਮਕ ਸ਼ਾਂਤੀ ਲਈ ਲਾਜ਼ਮੀ ਹੈ। ਸਤਿਗੁਰੂ ਨੇ ਸਾਰ ਰੂਪ ਵਿਚ ਦੱਸਿਆ ਹੈ ਕਿ ਜੀਵ ਨੂੰ ਹਰ ਵੇਲੇ ਉਸ ਪਰਮਾਤਮਾ ਨੂੰ ਯਾਦ ਕਰਨਾ ਚਾਹੀਦਾ ਹੈ। ਯਾਦ ਕਰਨ ਨਾਲ ਪਿਆਰ ਪੈਦਾ ਹੋਵੇਗਾ। ਪ੍ਰੇਮ ਦਾ ਪੰਧ ਸਾਰੇ ਪੰਧਾਂ ਤੋਂ ਸੁਖਾਲਾ ਹੈ। ਨਾਮ ਸਿਮਰਨ ਕਰ ਕੇ ਵਿਸ਼ੇ ਵਿਕਾਰਾਂ ਤੇ ਦੁਨਿਆਵੀ ਮੋਹ ਮਾਇਆ ਤੋਂ ਸਹਿਜੇ ਬਚਿਆ ਜਾ ਸਕਦਾ ਹੈ। ਇਉਂ ਸਾਧਕ ਜਦੋਂ ਕੁਕਰਮ ਤਿਆਗ ਕੇ ਸੁਮਾਰਗ 'ਤੇ ਚੱਲੇਗਾ ਤਾਂ ਗੁਰੂ ਨੂੰ ਹਾਜ਼ਰ ਨਾਜ਼ਰ ਜਾਣ ਕੇ ਭਗਤੀ ਵਿਚ ਲੀਨ ਹੋਵੇਗਾ ਤਾਂ ਉਸ ਦਾ ਪ੍ਰਭੂ ਨਾਲ ਮਿਲਾਪ ਹੋ ਜਾਵੇਗਾ। ਇਸ ਸਾਰੀ ਗੱਲ ਨੂੰ ਆਪ ਨੇ ਧਨ-ਪਿਰ ਰੂਪਕ ਦੁਆਰਾ ਸਪੱਸ਼ਟ ਕੀਤਾ ਹੈ।

ਬਾਰਹਮਾਹ ਵਿਚ ਬਿਰਹਣ ਨਾਇਕਾ ਆਪਣੇ ਪ੍ਰੀਤਮ ਨਾਇਕ ਲਈ ਤੜਪਦੀ ਦਿਖਾਈ ਜਾਂਦੀ ਹੈ। ਬਾਰਹਮਾਹ ਵਿਚ ਵੀ ਨਾਇਕ ਤੇ ਨਾਇਕਾ ਹਨ ਪਰ ਫ਼ਰਕ ਹੈ ਕਿਉਂਕਿ ਨਾਇਕ ਕੋਈ ਸਾਧਾਰਣ ਵਿਅਕਤੀ ਨਹੀਂ ਹੈ ਤੇ ਨਾ ਹੀ ਨਾਇਕਾ ਕੋਈ ਸਾਧਾਰਣ ਇਸਤਰੀ ਹੈ। ਦੋਨੋਂ ਮਹਾਨ ਹਨ। ਨਾਇਕ ਇਕ ਪਰਮਾਤਮਾ ਹੈ ਤੇ ਨਾਇਕਾ ਆਤਮਾ ਹੈ ਜੋ ਆਪਣੇ ਸ੍ਵੈ-ਸਰੂਪ ਵਿਚ ਸਮਾਉਣ ਲਈ ਯਤਨਸ਼ੀਲ ਹੈ।

ਬਰਾਹਮਾਹ ਦੇ ਨਾਇਕ ਨੂੰ ਡਾ. ਪ੍ਰੇਮ ਪ੍ਰਕਾਸ਼ ਸਿੰਘ ਨੇ 'ਮਹਾਂ ਨਾਇਕ' ਆਖ ਕੇ ਉਸ ਦੇ ਮਹੱਤਵ ਨੂੰ ਸਥਾਪਤ ਕੀਤਾ ਹੈ, ਪਰ ਨਾਇਕਾ ਨੇ ਉਸ ਸਰਵ ਵਿਆਪਕ,

ਸਰਬ-ਪਾਲਕ, ਸਰਬ ਸ਼ਕਤੀਮਾਨ ਨੂੰ ਪਤੀ ਦੇ ਰੂਪ ਵਿਚ ਦੇਖਿਆ ਹੈ। ਗੁਰੂ ਨਾਨਕ ਨੇ ਮਹਾਂ ਨਾਇਕ ਲਈ ਅਜਿਹੀ ਸ਼ਬਦਾਵਲੀ ਦਾ ਪ੍ਰਯੋਗ ਕੀਤਾ ਹੈ, ਜਿਵੇਂ:

- **ਪ੍ਰਿਅ ਬਾਝੁ ਦੁਹੇਲੀ ਕੋਇ ਨ ਬੇਲੀ ਗੁਰਮੁਖਿ ਅੰਮ੍ਰਿਤ ਪੀਵਾ॥**
- **ਸਭ ਤੇਰੀ ਤੂ ਮੇਰਾ ਪ੍ਰੀਤਮ ਨਿਸਿ ਬਾਸੁਰ ਰੰਗਿ ਰਾਵੈ॥**
- **ਤੂ ਸੁਣਿ ਹਰਿ ਰਸ ਭਿੰਨੇ ਪ੍ਰੀਤਮ ਆਪਣੇ॥**
- **ਸਾਜਨ ਮਿਲੇ ਸਹਜਿ ਸੁਭਾਇ ਹਰਿ ਸਿਉ ਪ੍ਰੀਤਿ ਬਣੀ॥**
- **ਘਰਿ ਘਰਿ ਕੰਤੁ ਰਵੈ ਸੋਹਾਗਣਿ ਹਉ ਕਿਉ ਕੰਤਿ ਵਿਸਾਰੀ॥**
- **ਬਨ ਫੂਲੇ ਮੰਝ ਬਾਰਿ ਮੈਂ ਪਿਰੁ ਘਰਿ ਬਾਹੁੜੈ॥**
- **ਘਰਿ ਆਉ ਪਿਆਰੇ ਦੁਤਰ ਤਾਰੇ ਤੁਧੁ ਬਿਨੁ ਅਢੁ ਨ ਮੋਲੋ॥**
- **ਨਾਨਕ ਸਾਧਨ ਨਾਹ ਪਿਆਰੀ ਅਭ ਭਗਤੀ ਪਿਰ ਆਗੈ॥**
- **ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ ਤੁਧੁ ਨਾਵਾ ਸਰਿ ਨਾਵਾ॥**
- **ਮੈਂ ਮਨਿ ਤਨਿ ਸਹੁ ਭਾਵੈ ਪਿਰ ਪਰਦਸਿ ਸਿਧਾਏ॥**

ਇਸ ਬਾਰਹਮਾਹ ਵਿਚ ਨਾਇਕਾ ਜੀਵਾਤਾਮਾ ਹੈ ਜੋ ਆਪਣੇ ਪਿਰ ਦੇ ਵਿਜੋਗ ਵਿਚ ਬਿਹਬਲ ਹੋਈ ਉਸ ਦੇ ਮਿਲਾਪ ਲਈ ਜੋਦੜੀਆਂ ਕਰਦੀ ਹੈ। ਗੁਰੂ ਨਾਨਕ ਨੇ ਅਜਿਹੇ ਪਤੀ ਵਿਜੋਗ ਵਿਚ ਬਿਹਬਲ ਇਸਤਰੀ ਦਾ ਜ਼ਿਕਰ ਕਰਦਿਆਂ ਬੜੀ ਸੁੰਦਰ ਸ਼ਬਦਾਵਲੀ ਦਾ ਪ੍ਰਯੋਗ ਕੀਤਾ ਹੈ, ਜਿਵੇਂ:

- **ਨਾਨਕ ਪੰਥੁ ਨਿਹਾਲੇ ਸਾਧਨ ਤੂ ਸੁਣ ਆਤਮ ਰਾਮਾ॥**
- **ਹਰਿ ਅੰਕਿ ਸਮਾਣੀ ਜਾ ਪ੍ਰਭ ਭਾਣੀ ਸਾ ਸੁਹਾਗਣਿ ਨਾਰੇ॥**
- **ਹਰਿ ਮੰਦਰਿ ਆਵੈ ਜਾ ਪ੍ਰਭ ਭਾਵੈ ਧਨ ਊਭੀ ਗੁਣ ਸਾਰੀ॥**
- **ਗੁਣਵੰਤੀ ਗੁਣ ਰਵੈ ਮੈ ਪਿਰ ਨਿਹਚਲੁ ਭਾਵਏ॥**
- **ਨਾਨਕ ਸਾਧਨ ਨਾਹ ਪਿਆਰੀ ਅਭ ਭਗਤੀ ਪਿਰ ਆਗੈ॥**
- **ਨਾਨਕ ਮੇਲਿ ਲਈ ਗੁਰਿ ਆਪਣੈ ਘਰਿ ਵਰੁ ਪਾਇਆ ਨਾਰੀ॥**

ਇਉਂ ਇਹ ਮਹਾਂ ਨਾਇਕ ਦੇ ਵਿਜੋਗ ਵਿਚ ਤੜਪਦੀ ਲੁੱਛਦੀ ਜੀਵਾਤਮਾ ਰੂਪੀ ਇਸਤਰੀ ਨੂੰ ਆਖ਼ਰ ਪ੍ਰਭੂ ਮਿਲ ਪੈਂਦਾ ਹੈ। ਇਹ ਮੇਲ ਸਦੀਵੀ ਤੇ ਥਿਰ ਹੁੰਦਾ ਹੈ। ਸ਼ਬਦਾਰਥਕਾਰ ਦਾ ਵਿਚਾਰ ਹੈ ਕਿ ਬਾਰਹਮਾਹ ਦੀ ਪਰੰਪਰਾ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਵਿਛੋੜੇ ਤੋਂ ਮਿਲਾਪ ਤਕ ਦੀ ਗੱਲ ਕਹੀ ਹੈ। 'ਬਿਰਹੋਂ ਦੀਆਂ ਤੜਪਾਂ ਤੋਂ ਸ਼ੁਰੂ ਹੋ ਕੇ ਅੰਤ ਮੇਲ ਦੇ ਆਨੰਦ ਤਕ ਦਾ ਬੜਾ ਸੁੰਦਰ ਤੇ ਦਿਲ ਖਿੱਚਵਾਂ ਵਰਣਨ ਹੈ ਤੇ ਆਪ ਮਨੁੱਖਾਂ ਅੰਦਰ ਵੀ ਪਿਆਰ ਜਗਾਉਣ ਦੀ ਸਮਰੱਥਾ ਰੱਖਦਾ ਹੈ। ਇਹ ਬਾਰਹਮਾਹ ਸੁਖਾਂਤ ਰੂਪ ਹੈ। ਅਖ਼ੀਰ ਵਿਚ ਪਰਮਾਤਮਾ ਤੋਂ ਵਿੱਛੜੀ ਜੀਵਾਤਮਾ ਦਾ ਉਸ ਮਹਾਨ ਨਾਇਕ ਨਾਲ ਮਿਲਾਪ ਹੋ ਜਾਂਦਾ ਹੈ। ਥਿਰ ਸੁਹਾਗ ਪ੍ਰਾਪਤ ਹੋ ਜਾਂਦਾ ਹੈ:

ਬੇ ਦਸ ਮਾਹ ਰੁਤੀ ਥਿਤੀ ਵਾਰ ਭਲੇ ॥
ਘੜੀ ਮੂਰਤ ਪਲ ਸਾਚੇ ਆਏ ਸਹਜਿ ਮਿਲੇ ॥
ਪ੍ਰਭ ਮਿਲੇ ਪਿਆਰੇ ਕਾਰਜ ਸਾਰੇ ਕਰਤਾ ਸਭ ਬਿਧਿ ਜਾਣੈ ॥
ਜਿਨਿ ਸੀਗਾਰੀ ਤਿਸਹਿ ਪਿਆਰੀ ਮੇਲੁ ਭਇਆ ਰੰਗੁ ਮਾਣੈ ॥
ਘਰਿ ਸੇਜ ਸੁਹਾਵੀ ਜਾ ਪਿਰਿ ਰਾਵੀ ਗੁਰਮੁਖਿ ਮਸਤਕਿ ਭਾਗੋ ॥
ਨਾਨਕ ਅਹਿਨਿਸਿ ਰਾਵੈ ਪ੍ਰੀਤਮੁ ਹਰਿ ਵਰੁ ਥਿਰੁ ਸੋਹਾਗੋ ॥੧੭॥

# ਦਖਣੀ ਓਅੰਕਾਰ ਦਾ ਵਿਸ਼ੈ ਵਸਤੂ

**—ਪ੍ਰੋ. ਬ੍ਰਹਮ ਜਗਦੀਸ਼ ਸਿੰਘ**

'ਦਖਣੀ ਓਅੰਕਾਰ' ਗੁਰੂ ਨਾਨਕ ਦੇਵ ਜੀ ਦੀ ਇਕ ਪ੍ਰਸਿੱਧ ਪ੍ਰਬੰਧਾਤਮਕ ਰਚਨਾ ਹੈ। ਇਸ ਬਾਣੀ ਦੇ ਰਚਨਾ-ਕਾਲ ਅਤੇ ਰਚਨਾ-ਸਥਾਨ ਬਾਰੇ ਵਿਦਵਾਨਾਂ ਵਿਚ ਮਤਿ-ਏਕਤਾ ਨਹੀਂ ਹੈ। ਗਿਆਨੀ ਗਿਆਨ ਸਿੰਘ ਦਾ ਵਿਚਾਰ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਇਸ ਬਾਣੀ ਨੂੰ ਆਪਣੇ ਬਚਪਨ ਵਿਚ ਪੰਡਤ ਬ੍ਰਿਜ ਨਾਥ ਪ੍ਰਤੀ ਉਚਾਰਿਆ ਸੀ। (**ਤਵਾਰੀਖ਼ ਗੁਰੂ ਖ਼ਾਲਸਾ**) ਪੰਡਤ ਤਾਰਾ ਸਿੰਘ ਨਰੋਤਮ ਵਰਗੇ ਸੰਪਰਦਾਈ ਗਿਆਨੀ ਦੀ ਧਾਰਨ ਹੈ ਕਿ ਇਸ ਬਾਣੀ ਦੀ ਰਚਨਾ ਦੱਖਣ ਦੇਸ਼ ਵਿਚ ਨਰਬਦਾ ਨਦੀ ਦੇ ਕੰਢੇ ਸਥਿਤ ਓਅੰਕਾਰ ਮੰਦਰ ਦੇ ਪਾਂਡੇ ਪ੍ਰਤੀ ਉਪਦੇਸ਼ ਦੇ ਰੂਪ ਵਿਚ ਹੋਈ ਸੀ। (**ਗੁਰਮਤਿ ਨਿਰਣਯ ਸਾਗਰ,** ਪੰਨਾ 397) ਭਾਈ ਕਾਨ੍ਹ ਸਿੰਘ ਨਾਭਾ ਦਾ ਵੀ ਇਹੀ ਮਤ ਹੈ। ਆਪ ਲਿਖਦੇ ਹਨ ਕਿ ਮੱਧ ਭਾਰਤ ਦੇ ਨਿਮਾਰ ਜ਼ਿਲ੍ਹੇ ਵਿਚ ਮਾਨਧਾਤਾ ਟਾਪੂ ਅੰਦਰ ਓਅੰਕਾਰ ਦਾ ਪ੍ਰਸਿੱਧ ਮੰਦਰ ਹੈ, ਉਸ ਥਾਂ ਗੁਰੂ ਨਾਨਕ ਦੇਵ ਜੀ ਨੇ ਪੁਜਾਰੀਆਂ ਨੂੰ ਸੁਮੱਤ ਦੇਣ ਲਈ ਜੋ ਰਾਮਕਲੀ ਰਾਗ ਵਿਚ ਮਨੋਹਰ ਬਾਣੀ ਰਚੀ ਹੈ,. ਉਸ ਦੀ ਦਖਣੀ ਓਅੰਕਾਰ ਸੰਗਿਆ ਹੈ। (**ਮਹਾਨ ਕੋਸ਼,** ਪੰਨਾ 618) 'ਪੁਰਾਤਨ ਜਨਮਸਾਖੀ' ਦੀ ਸਤਾਰ੍ਹਵੀਂ ਸਾਖੀ ਅਨੁਸਾਰ ਇਸ ਦਾ ਉਚਾਰਨ ਬਨਾਰਸ ਦੇ ਪੰਡਤ ਚਤੁਰਦਾਸ ਪ੍ਰਤੀ ਹੋਇਆ ਸੀ। 'ਪ੍ਰਾਣ ਸੰਗਲੀ' ਦੇ ਪੈਂਤੀਵੇਂ ਅਧਿਆਇ ਦੇ ਰੂਪ ਵਿਚ ਵੀ ਇਹ ਰਚਨਾ ਸੰਕਲਿਤ ਹੈ ਅਤੇ ਉਥੇ ਇਸ ਨੂੰ ਰਾਜਕੁਮਾਰਾਂ ਨੂੰ ਪੜ੍ਹਾਉਣ ਵਾਲੇ ਪੰਡਤ ਪ੍ਰਤੀ ਉਚਾਰਨ ਕੀਤਾ ਗਿਆ ਲਿਖਿਆ ਹੈ। ਉਕਤ ਵਿਚਾਰਾਂ ਦਾ ਵਿਸ਼ਲੇਸ਼ਣਾਤਮਕ ਅਧਿਐਨ ਕਰਨ ਉਪਰੰਤ ਡਾ. ਰਤਨ ਸਿੰਘ ਜੱਗੀ ਦਾ ਇਹ ਕਥਨ ਉਲੇਖਯੋਗ ਹੈ ਕਿ ਇਸ ਬਾਣੀ ਨੂੰ ਦੱਖਣ ਪ੍ਰਦੇਸ਼ ਵਿਚ ਰਚਿਆ ਮੰਨਣ ਵਾਲਿਆ ਨੂੰ ਸ਼ਾਇਦ ਇਸ ਦੇ ਆਰੰਭ ਵਿਚ ਆਏ 'ਦੱਖਣੀ' ਸ਼ਬਦ ਤੋਂ ਭ੍ਰਾਂਤੀ ਹੋਈ ਹੋਵੇਗੀ। ਪਰੰਤੂ ਇਥੇ ਇਸ ਸ਼ਬਦ ਦਾ ਅਰਥ ਦੱਖਣ ਪ੍ਰਦੇਸ਼ ਨਹੀਂ ਬਲਕਿ ਰਾਮਕਲੀ ਰਾਗ ਦੀ ਦੱਖਣੀ ਜਾਤੀ ਹੈ। ਪੰਡਤ ਪ੍ਰਤੀ ਸੰਬੋਧਨ ਮੰਨਣ ਵਾਲਿਆਂ ਨੂੰ ਸ਼ਾਇਦ ਇਸ ਦੀ ਬੋਲੀ-ਸ਼ੈਲੀ ਤੋਂ ਭਰਮ ਹੋਇਆ ਹੋਵੇਗਾ। ਅਸਲ ਵਿਚ ਇਹ ਇਕ ਵਰਣਮਾਲਾ ਹੈ। ਇਸ ਦੀ ਪੁਸ਼ਟੀ ਨਾ ਕੇਵਲ

ਇਸ ਦੇ ਅੰਤ ਵਿਚ ਆਏ ਸ਼ਬਦ 'ਪਟੀ' ਤੋਂ ਹੋ ਜਾਂਦੀ ਹੈ ਸਗੋਂ 'ਪ੍ਰਾਣ ਸੰਗਲੀ' ਦੇ ਪੈਂਤੀਵੇਂ ਅਧਿਆਇ ਦੀ ਪੁਸ਼ਪਿਕਾ ਤੋਂ ਵੀ ਵੀ ਇਸ ਦੀ ਪੁਸ਼ਟੀ ਹੋ ਜਾਂਦੀ ਹੈ। (**ਗੁਰੂ ਨਾਨਕ ਦੀ ਵਿਚਾਰਧਾਰਾ,** ਪੰਨਾ 54) ਡਾ. ਸੀਤਾ ਰਾਮ ਬਾਹਰੀ ਨੇ 'ਓਅੰਕਾਰ' ਸ਼ਬਦ ਨੂੰ 'ਅਖਰਾਵਟ' ਸ਼ਬਦ ਦਾ ਪਰਿਆਇ ਮੰਨ ਕੇ ਇਸ ਬਾਣੀ ਨੂੰ 'ਵਰਣਮਾਲਾ' ਹੀ ਸਿੱਧ ਕੀਤਾ ਹੈ।

ਇਹ ਬਾਣੀ ਗੁਰੂ ਨਾਨਕ ਦੇਵ ਜੀ ਦੀ ਇਕ ਮਹਾਨ ਵਿਸਮਾਦੀ ਅਤੇ ਅਨੁਭਵੀ ਕਾਵਿ-ਰਚਨਾ ਹੈ। ਇਸ ਵਿਚ ਗੁਰਮਤਿ ਗਿਆਨ ਅਤੇ ਅਧਿਆਤਮਿਕ ਚਿੰਤਨ ਦੇ ਬਹੁਤ ਸਾਰੇ ਸੰਕਲਪ ਅਤੇ ਪਾਸਾਰ ਦ੍ਰਿਸ਼ਟੀਗੋਚਰ ਹੁੰਦੇ ਹਨ। ਇਹਨਾਂ ਵਿਚੋਂ ਕੁਝ ਪ੍ਰਮੁੱਖ ਸੰਕਲਪਾਂ ਦਾ ਸਰੂਪ ਇਸ ਪ੍ਰਕਾਰ ਹੈ:

## 1. ਓਅੰਕਾਰ

ਪਰਮਾਤਮਾ ਦੀ ਹਸਤੀ ਅਤੇ ਹੋਂਦ ਨੂੰ ਪ੍ਰਗਟ ਕਰਨ ਵਾਸਤੇ ਗੁਰੂ ਨਾਨਕ ਦੇਵ ਜੀ 'ਓਅੰਕਾਰ' ਸ਼ਬਦ ਦਾ ਪ੍ਰਯੋਗ ਕਰਦੇ ਹਨ। ਮੂਲ ਮੰਤਰ ਦਾ ਪਹਿਲਾ ਸ਼ਬਦ 'ਓਅੰਕਾਰ' ਹੀ ਹੈ, ਜਿਸ ਦੇ ਅੱਗੇ ਏਕਾ (੧) ਲਗਾ ਕੇ ਗੁਰੂ ਜੀ ਪਰਮਾਤਮਾ ਦੀ ਇਕੋ ਇਕ ਹਸਤੀ ਨੂੰ ਬਿਆਨ ਕਰਦੇ ਹਨ। 'ਓਅੰ' ਦਾ ਅਰਥ ਹੈ ਪਾਰਬ੍ਰਹਮ ਅਤੇ 'ਕਾਰ' ਇਕ ਪਿਛੇਤਰ ਹੈ ਜਿਸ ਦਾ ਅਰਥ ਹੈ ਨਿਰੰਤਰ, ਇਕ ਰਸ ਅਤੇ ਜਿਸ ਵਿਚ ਤਬਦੀਲੀ ਨਾ ਆਵੇ। ਇਹ 'ਕਾਰ' ਸ਼ਬਦ ਆਦਿ ਗ੍ਰੰਥ ਵਿਚ ਹੋਰ ਵੀ ਕਈ ਜਗ੍ਹਾ ਆਇਆ ਹੈ ਅਤੇ ਉਥੇ ਵੀ ਇਹ ਸ਼ਬਦ ਉਪਰੋਕਤ ਅਰਥ ਹੀ ਦਰਸਾਉਂਦਾ ਹੈ। ਜਿਵੇਂ:

**ਜੈ ਜੈ ਕਾਰੁ ਕਰਹਿ ਤੁਧੁ ਭਾਵਹਿ ਗੁਰ ਕੈ ਸਬਦਿ ਅਮੁਲਏ ॥**

*(ਸੂਹੀ ਮਹਲਾ ੧, ਪੰਨਾ 767)*

ਹਿੰਦੂ ਧਰਮ ਗ੍ਰੰਥਾਂ ਵਿਚ 'ਓਅੰ' ਨੂੰ 'ਓਤਮ' ਦੇ ਰੂਪ ਵਿਚ ਲਿਖਿਆ ਜਾਂਦਾ ਹੈ। ਉਹਨਾਂ ਅਨੁਸਾਰ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਇਹ ਤਿੰਨੇ ਮਿਲ ਕੇ ਪਰਮਾਤਮਾ ਦੀ ਹਸਤੀ ਦਾ ਨਿਰਮਾਣ ਕਰਦੇ ਹਨ। ਪਰੰਤੂ ਗੁਰੂ ਨਾਨਕ ਦੇਵ ਜੀ ਅਨੁਸਾਰ ਇਹ ਤਿੰਨੇ ਦੇਵਤੇ ਪਰਮਾਤਮਾ ਦੀਆਂ ਨਿਰਮਾਣਕਾਰੀ ਕੜੀਆਂ ਜਾਂ ਸ਼ਕਤੀਆਂ ਨਹੀਂ ਹਨ ਬਨਕਿ ਇਹ ਦੇਵਤੇ ਪਰਮਾਤਮਾ ਦੁਆਰਾ ਸਾਜੀ ਗਈ ਹੋਰ ਪ੍ਰਕਿਰਤੀ ਅਤੇ ਜੀਵ-ਜੰਤੂਆਂ ਵਾਂਗ ਉਸ ਦੀ ਸਿਰਜਣਾ ਦਾ ਹੀ ਪ੍ਰਮਾਣ ਹਨ। ਪਰਮਾਤਮਾ ਦੁਆਰਾ ਸਾਜੀ ਗਈ ਸ੍ਰਿਸ਼ਟੀ ਦੇ ਅਨੇਕ ਰੂਪ-ਉਪਰੂਪ ਹਨ। ਉਹੀ ਸਭ ਨੂੰ ਜਨਮ ਦਿੰਦਾ ਹੈ, ਉਹੀ ਸਭ ਦੀ ਸੰਭਾਲ ਕਰਦਾ ਹੈ ਅਤੇ ਉਹੀ ਪਰਮਾਤਮਾ ਸਭ ਦਾ ਮੁਕਤੀਦਾਤਾ ਹੈ। ਇਸ ਲਈ ਕੇਵਲ ਪਰਮਾਤਮਾ ਦਾ ਗਿਆਨ ਹੀ ਸਮਝਣ ਅਤੇ ਗ੍ਰਹਿਣ ਕਰਨ ਯੋਗ ਹੈ। ਗੁਰੂ ਜੀ ਦੇ ਸ਼ਬਦਾਂ ਵਿਚ:

**ਓਅੰਕਾਰਿ ਬ੍ਰਹਮਾ ਉਤਪਤਿ ॥**
**ਓਅੰਕਾਰੁ ਕੀਆ ਜਿਨਿ ਚਿਤਿ ॥...**
**ਓਨਮ ਅਖਰ ਸੁਣਹੁ ਬੀਚਾਰੁ ॥**
**ਓਨਮ ਅਖਰੁ ਤ੍ਰਿਭਵਣ ਸਾਰੁ ॥੧॥**

*(ਪੰਨਾ 929)*

ਗੁਰੂ ਨਾਨਕ ਦੇਵ ਜੀ ਫ਼ੁਰਮਾਉਂਦੇ ਹਨ ਕਿ ਉਹੀ ਪਰਮਾਤਮਾ ਸ੍ਰਿਸ਼ਟੀ ਦੇ ਹਰ ਰੰਗ ਅਤੇ ਰੂਪ ਵਿਚ ਵਿਦਮਾਨ ਹੈ। ਉਸ ਦਾ ਸਰੂਪ ਅਜਿਹਾ ਨਹੀਂ ਕਿ ਸ੍ਰਿਸ਼ਟੀ ਦੀ ਸਾਜਣਾ ਕਰਨ ਤੋਂ ਬਾਅਦ ਉਹ ਇਸ ਤੋਂ ਨਿਰਲੇਪ ਹੋ ਕੇ ਕਿਧਰੇ ਦੂਰ ਬੈਠ ਗਿਆ ਹੋਵੇ ਬਲਕਿ ਉਹ ਸਾਰੀਆਂ ਦੁਨੀਆਂ ਦੇ ਆਚਾਰ-ਵਿਹਾਰ ਵਿਚ ਰੰਗਾਂ-ਰੂਪਾਂ ਵਿਚ ਸਮਾਇਆ ਹੋਇਆ ਹੈ। ਉਹ ਖਾਣ-ਪੀਣ ਅਤੇ ਅਗਨੀ ਵਿਚ ਵੀ ਵਿਦਮਾਨ ਹੈ। ਉਸ ਦੁਆਰਾ ਸਾਜੀ ਹੋਈ ਜੀਵਾਤਮਾ ਵੀ ਤਿੰਨਾਂ ਲੋਕਾਂ ਵਿਚ ਘੁੰਮਦੀ ਫਿਰਦੀ ਹੈ। ਜਿਹੜਾ ਵਿਅਕਤੀ ਇਸ ਰਹੱਸ ਨੂੰ ਪਹਿਚਾਣ ਲੈਂਦਾ ਹੈ, ਉਹੀ ਪਤਵੰਤਾ ਹੋ ਜਾਂਦਾ ਹੈ :

**ਏਕੁ ਅਚਾਰੁ ਰੰਗੁ ਇਕੁ ਰੂਪੁ ॥**
**ਪਉਣ ਪਾਣੀ ਅਗਨੀ ਅਸਰੂਪੁ ॥**
**ਏਕੋ ਭਵਰੁ ਭਵੈ ਤਿਹੁ ਲੋਇ ॥**
**ਏਕੋ ਬੂਝੈ ਸੂਝੈ ਪਤਿ ਹੋਇ ॥**

*(ਪੰਨਾ 930)*

ਪਰਮਾਤਮਾ ਨੇ ਨਾ ਕੇਵਲ ਸਾਰੇ ਜੀਵਾਂ ਨੂੰ ਪੈਦਾ ਕੀਤਾ ਹੈ ਬਲਕਿ ਉਹ ਇਹਨਾਂ ਸਾਰੇ ਜੀਵਾਂ ਦਾ ਭਾਗ-ਵਿਧਾਤਾ ਵੀ ਹੈ। ਜੀਵ ਆਪਣੇ ਕਿਸੇ ਕਰਮ ਵਿਚ ਸੁਤੰਤਰ ਨਹੀਂ ਹੈ ਬਲਕਿ ਉਹ ਸਭ ਕੁਝ ਪਰਮਾਤਮਾ ਦੇ ਹੁਕਮ ਵਿਚ ਰਹਿ ਕੇ ਹੀ ਕਰਦਾ ਹੈ। ਪਰਮਾਤਮਾ ਦੁਆਰਾ ਲਿਖੇ ਲੇਖਾਂ ਨੂੰ ਉਹ ਆਪ ਨਹੀਂ ਬਦਲ ਸਕਦਾ ਪਰ ਜਿਸ ਵਿਅਕਤੀ ਦੇ ਦਿਲ ਵਿਚ ਪਰਮਾਤਮਾ ਦਾ ਨਿਵਾਸ ਹੋ ਜਾਂਦਾ ਹੈ, ਉਸ ਦੇ ਲੇਖ ਮਿਟਣ ਲੱਗਦੇ ਹਨ। ਜਿਹੜੇ ਲੋਕ ਆਪਣੇ ਮਨ ਦੀ ਮਤਿ ਪਿੱਛੇ ਚੱਲਦੇ ਹਨ, ਉਹ ਦੁਖੀ ਰਹਿੰਦੇ ਹਨ। ਇਸ ਲਈ ਵਿਅਕਤੀ ਨੂੰ ਗੁਰੂ ਦੀ ਸਹਾਇਤਾ ਨਾਲ ਆਪਣੇ ਹਿਰਦੇ ਵਿਚ ਰਹਿਣ ਵਾਲੇ ਪਰਮਾਤਮਾ ਦਾ ਸਾਖਿਆਤਕਾਰ ਕਰਨਾ ਚਾਹੀਦਾ ਹੈ। ਗੁਰੂ ਜੀ ਫ਼ੁਰਮਾਉਂਦੇ ਹਨ :

**ਨਦਰਿ ਤੇਰੀ ਸੁਖੁ ਪਾਇਆ ਨਾਨਕ ਸਬਦੁ ਵੀਚਾਰਿ ॥**
**ਮਨਮੁਖ ਭੂਲੇ ਪਚਿ ਮੁਏ ਉਬਰੇ ਗੁਰ ਬੀਚਾਰਿ ॥**
**ਜਿ ਪੁਰਖੁ ਨਦਰਿ ਨ ਆਵਈ**
**ਤਿਸ ਕਾ ਕਿਆ ਕਰਿ ਕਹਿਆ ਜਾਇ ॥**

**ਬਲਿਹਾਰੀ ਗੁਰ ਆਪਣੇ**
**ਜਿਨਿ ਹਿਰਦੈ ਦਿਤਾ ਦਿਖਾਇ ॥੫੨॥**

*(ਪੰਨਾ 937)*

## 2. ਸਤਿਗੁਰੂ

ਗੁਰੂ ਨਾਨਕ ਬਾਣੀ ਵਿਚ 'ਗੁਰੂ' ਜਾਂ 'ਸਤਿਗੁਰੂ' ਦਾ ਮਰਤਬਾ ਬਹੁਤ ਵੱਡਾ ਹੈ। ਮੂਲ ਮੰਤਰ ਵਿਚ ਪਰਮਾਤਮਾ ਦੇ ਸਰੂਪ ਅਤੇ ਲੱਛਣਾਂ ਨੂੰ ਬਿਆਨ ਕਰਨ ਤੋਂ ਬਾਅਦ ਗੁਰੂ ਜੀ ਪੂਰੀ ਤਰ੍ਹਾਂ ਸਪੱਸ਼ਟ ਕਰ ਦਿੰਦੇ ਹਨ ਕਿ ਪਰਮਾਤਮਾ ਦੀ ਪ੍ਰਾਪਤੀ ਗੁਰੂ ਦੀ ਕਿਰਪਾ ਦੁਆਰਾ ਹੀ ਹੋ ਸਕਦੀ ਹੈ। ਜਿਸ ਵਿਅਕਤੀ ਨੂੰ ਗੁਰੂ ਦਾ ਗਿਆਨ ਪ੍ਰਾਪਤ ਨਹੀਂ ਹੁੰਦਾ, ਉਹ ਅਭਿਮਾਨ ਵਿਚ ਸੜਦਾ ਰਹਿੰਦਾ ਹੈ ਅਤੇ ਉਸ ਨੂੰ ਸ਼ਾਂਤੀ ਨਹੀਂ ਮਿਲਦੀ। ਉਹ ਮਨਮੁਖ ਬਣ ਜਾਂਦਾ ਹੈ। ਇਸ ਸੂਰਤ ਵਿਚ ਉਸ ਨੂੰ ਨਾ ਤਾਂ ਗੁਰੂ ਦੀ ਬਾਣੀ ਚੰਗੀ ਲੱਗਦੀ ਹੈ ਅਤੇ ਨਾ ਗੁਰੂ ਦੇ ਬਚਨ ਹੀ ਭਾਉਂਦੇ ਹਨ। ਅਜਿਹੇ ਵਿਅਕਤੀ ਦਾ ਜੀਵਨ ਨਿਸਫਲ ਚਲਾ ਜਾਂਦਾ ਹੈ। ਪਰ ਇਸ ਦੇ ਉਲਟ ਜਿਹੜਾ ਭਾਗਸ਼ਾਲੀ ਵਿਅਕਤੀ ਗੁਰੂ ਦੀ ਆਗਿਆ ਦਾ ਪਾਲਣ ਕਰਦਾ ਹੈ, ਉਸ ਦੇ ਮਨ ਅਤੇ ਤਨ ਵਿਚ ਸੱਚ-ਸਰੂਪ ਪਰਮਾਤਮਾ ਪ੍ਰਗਟ ਹੋ ਜਾਂਦਾ ਹੈ ਅਤੇ ਉਸ ਦਾ ਜੀਵਨ ਸਫਲ ਹੋ ਜਾਂਦਾ ਹੈ।

ਬੇਸ਼ੱਕ ਪਰਮਾਤਮਾ ਜਲ ਅਤੇ ਥਲ ਵਿਚ ਸਭ ਥਾਈਂ ਮੌਜੂਦ ਹੈ ਪਰੰਤੂ ਸਾਧਾਰਲ ਵਿਅਕਤੀ ਨੂੰ ਉਸ ਦੀ ਹੋਂਦ ਨਜ਼ਰ ਨਹੀਂ ਆਉਂਦੀ। ਕੇਵਲ ਗੁਰੂ ਦੀ ਕਿਰਪਾ ਦੁਆਰਾ ਹੀ ਉਸ ਪਰਮਾਤਮਾ ਦੀ ਜੋਤਿ ਦਿਖਾਈ ਦਿੰਦੀ ਹੈ। ਉਸੇ ਦੀ ਕਿਰਪਾ ਨਾਲ ਪਰਮਾਤਮਾ ਦਿਲ ਵਿਚ ਪ੍ਰਗਟ ਹੁੰਦਾ ਹੈ। ਇਸ ਤਰ੍ਹਾਂ ਗੁਰੂ ਦਾ ਮਰਤਬਾ ਬਹੁਤ ਵੱਡਾ ਅਤੇ ਮਹਾਨ ਹੈ। ਦੇਖੋ :

**ਊਰਮ ਧੂਰਮ ਜੋਤਿ ਉਜਾਲਾ ॥**
**ਤੀਨਿ ਭਵਣ ਮਹਿ ਗੁਰ ਗੋਪਾਲਾ ॥**
**ਊਗਵਿਆ ਅਸਰੂਪੁ ਦਿਖਾਵੈ ॥**
**ਕਰਿ ਕਿਰਪਾ ਅਪੁਨੈ ਘਰਿ ਆਵੈ ॥**

*(ਪੰਨਾ 930)*

## 3. ਗੁਰਮੁਖ

ਗੁਰੂ ਨਾਨਕ ਦੇਵ ਜੀ ਗੁਰੂ ਅਤੇ ਗੁਰਮੁਖ ਨੂੰ ਸਮਾਨ ਸਤਿਕਾਰ ਪ੍ਰਦਾਨ ਕਰਦੇ ਹਨ। ਗੁਰਮੁਖ ਉਹ ਹੈ ਜੋ ਗੁਰੂ ਦੇ ਸਨਮੁਖ ਰਹਿੰਦਾ ਹੈ। ਉਹ ਗੁਰੂ ਦੇ ਹੁਕਮ ਵਿਚ ਰਹਿੰਦਾ ਹੈ ਅਤੇ ਉਸ ਦਾ ਸਾਰਾ ਆਚਾਰ-ਵਿਹਾਰ ਗੁਰੂ ਦੁਆਰਾ ਪ੍ਰਭਾਵਿਤ ਅਤੇ

ਸੰਚਾਲਤ ਹੁੰਦਾ ਹੈ। ਸਿੱਖ ਧਰਮ ਵਿਚ ਗੁਰਮੁਖ ਨੂੰ ਏਨੀ ਵਡਿਆਈ ਦੇਣ ਦਾ ਅਰਥ ਹੈ ਕਿ ਇਥੇ ਪੁਰੋਹਿਤਵਾਦ ਲਈ ਕੋਈ ਥਾਂ ਨਹੀਂ। ਸਾਰੇ ਇਕ-ਦੂਜੇ ਦੇ ਬਰਾਬਰ ਹਨ। ਜੋ ਵਿਅਕਤੀ ਗੁਰੂ ਦੇ ਦੱਸੇ ਹੋਏ ਮਾਰਗ ਉਪਰ ਚੱਲਣਾ ਪ੍ਰਵਾਨ ਕਰ ਲੈਂਦਾ ਹੈ ਤਾਂ ਨਾ ਕੇਵਲ ਉਸ ਦਾ ਅਪਣਾ ਪਾਰ-ਉਤਾਰਾ ਹੋ ਜਾਂਦਾ ਹੈ ਬਲਕਿ ਉਹ ਆਪਣੇ ਹੋਰ ਸੰਗੀ-ਸਾਥੀਆਂ ਨੂੰ ਵੀ ਸੰਸਾਰ-ਸਮੁੰਦਰ ਤੋਂ ਪਾਰ ਲੈ ਜਾ ਸਕਦਾ ਹੈ। ਗੁਰਮੁਖ ਦੇ ਲੱਛਣ ਬਿਆਨ ਕਰਦੇ ਹੋਏ ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਗੁਰਮੁਖ, ਪਰਮਾਤਮਾ ਦੇ ਗੁਣਾਂ ਦਾ ਗਾਇਨ ਕਰਦਾ ਰਹਿੰਦਾ ਹੈ। ਉਹ ਸ਼ੰਕਾ-ਰਹਿਤ ਹੋ ਕੇ ਸੰਸਾਰ ਵਿਚ ਵਿਚਰਦਾ ਹੈ। ਉਸ ਦੇ ਅੰਦਰੋਂ ਅਭਿਮਾਨ ਅਤੇ ਹੋਰ ਵਿਕਾਰਾਂ ਦੀ ਅਸ਼ੁੱਧੀ ਦੂਰ ਹੋ ਜਾਂਦੀ ਹੈ। ਉਸ ਦੇ ਦਰਸ਼ਨਾਂ ਨਾਲ ਸਾਰੇ ਵੇਦਾਂ ਅਤੇ ਪਵਿੱਤਰ ਗ੍ਰੰਥਾਂ ਦਾ ਗਿਆਨ ਪ੍ਰਾਪਤ ਹੋ ਜਾਂਦਾ ਹੈ। ਉਸ ਨੂੰ ਮਿਲਣ ਤੋਂ ਉਪਰੰਤ ਤੀਰਥਾਂ ਉੱਤੇ ਭਟਕਣ ਦੀ ਲੋੜ ਨਹੀਂ ਰਹਿੰਦੀ। ਉਸ ਦੇ ਸ਼ਬਦ ਪਰਮਾਤਮਾ ਦੇ ਨਾਮ ਰੂਪੀ ਅੰਮ੍ਰਿਤ ਦਾ ਬੋਧ ਕਰਵਾ ਦਿੰਦੇ ਹਨ। ਉਹ ਜੀਵਨ-ਮੁਕਤ ਹੋ ਜਾਂਦਾ ਹੈ। ਦੇਖੋ :

**ਗੁਰਮੁਖਿ ਨਾਦ ਬੇਦ ਬੀਚਾਰੁ ॥**
**ਗੁਰਮੁਖਿ ਮਜਨੁ ਚਜੁ ਅਚਾਰੁ ॥**
**ਗੁਰਮੁਖਿ ਸਬਦੁ ਅੰਮ੍ਰਿਤੁ ਹੈ ਸਾਰੁ ॥**
**ਨਾਨਕ ਗੁਰਮੁਖਿ ਪਾਵੈ ਪਾਰੁ ॥੨੨॥**

*(ਪੰਨਾ 932)*

ਗੁਰਮੁਖ ਨੂੰ ਗੁਰੂ ਤੁੱਲ ਪਦਵੀ ਦਿੰਦੇ ਹੋਏ ਗੁਰੂ ਜੀ ਫ਼ੁਰਮਾਉਂਦੇ ਹਨ ਕਿ ਗੁਰਮੁਖਾਂ ਦੀ ਸੰਗਤ ਕਰਨ ਲਾਲ ਪ੍ਰਭੂ ਦਾ ਪ੍ਰੇਮ ਉਪਲਬਧ ਹੋ ਜਾਂਦਾ ਹੈ। ਗੁਰਮੁਖਾਂ ਨੂੰ ਮਿਲਣ ਨਾਲ ਇਹ ਸੋਝੀ ਪ੍ਰਾਪਤ ਹੋ ਜਾਂਦੀ ਹੈ ਕਿ ਪਰਮਾਤਮਾ ਤੋਂ ਬਿਨਾਂ ਹੋਰ ਕੋਈ ਸੁਖਦਾਤਾ ਨਹੀਂ ਹੈ। ਸੋ ਉਸੇ ਨੂੰ ਪੜ੍ਹਨਾ, ਉਸੇ ਨੂੰ ਸਮਝਣਾ ਅਤੇ ਉਸੇ ਨਾਲ ਪ੍ਰੇਮ ਕਰਨਾ ਚਾਹੀਦਾ ਹੈ। ਪਰਮਾਤਮਾ ਦਾ ਨਾਮ ਹੀ ਜੀਵਨ ਦਾ ਆਧਾਰ ਹੈ :

**ਨਾਨਕ ਗੁਰਮੁਖਿ ਪਾਈਐ ਹਰਿ ਸਿਉ ਪ੍ਰੀਤਿ ਪਿਆਰੁ ॥**
**ਹਰਿ ਬਿਨੁ ਕਿਨਿ ਸੁਖੁ ਪਾਇਆ ਦੇਖਹੁ ਮਨਿ ਬੀਚਾਰਿ ॥**
**ਹਰਿ ਪੜਣਾ ਹਰਿ ਬੁਝਣਾ ਹਰਿ ਸਿਉ ਰਖਹੁ ਪਿਆਰੁ ॥**
**ਹਰਿ ਜਪੀਐ ਹਰਿ ਧਿਆਈਐ ਹਰਿ ਕਾ ਨਾਮੁ ਅਧਾਰੁ ॥੫੧॥**

*(ਪੰਨਾ 937)*

## 4. ਨਾਮ ਦਾ ਮਹੱਤਵ

ਨਿਰਗੁਣ ਪਰੰਪਰਾ ਨਾਲ ਸੰਬੰਧਿਤ ਹੋਣ ਕਰਕੇ ਗੁਰਬਾਣੀ ਵਿਚ ਰੂਪ ਅਤੇ ਆਕਾਰ ਦੀ ਬਜਾਇ ਨਾਮ ਨੂੰ ਵਧੇਰੇ ਮਹੱਤਵ ਦਿੱਤਾ ਗਿਆ ਹੈ। ਨਾਮ ਦੇ ਮਾਧਿਅਮ

ਦੁਆਰਾ ਵਿਅਕਤੀ ਆਪਣੀ ਸ਼ਖ਼ਸੀਅਤ ਦਾ ਰੂਪਾਂਤਰਣ ਕਰ ਸਕਦਾ ਹੈ। ਇਸ ਨਾਮ ਨੂੰ ਪਰਿਭਾਸ਼ਤ ਕਰਨ ਸਮੇਂ ਗੁਰੂ ਜੀ ਨੇ ਇਸ ਨੂੰ ਸਤਿ ਨਾਮੁ, ਹਰਿ ਨਾਮੁ, ਰਾਮ ਨਾਮ, ਨਿਰਮਲ ਨਾਮ, ਏਕ ਨਾਮ, ਨਉਨਿਧਿ ਨਾਮ, ਕਰਮ ਨਾਮ ਅਤੇ ਅੰਮ੍ਰਿਤ ਨਾਮ ਆਦਿਕ ਸੰਗਿਆਵਾਂ ਵੀ ਦਿੱਤੀਆਂ ਹਨ। 'ਓਅੰਕਾਰ' ਵਿਚ ਗੁਰੂ ਜੀ ਫ਼ੁਰਮਾਉਂਦੇ ਹਨ ਕਿ ਨਾਮ ਨੂੰ ਧਾਰਨ ਕਰਨਾ ਅਤੇ ਜੀਵਨ ਵਿਚ ਰੂਪਮਾਨ ਕਰਨਾ ਹੀ ਮਨੁੱਖੀ ਜੀਵਨ ਦੀ ਸਫਲਤਾ ਅਤੇ ਸਾਰਥਿਕਤਾ ਹੈ। ਆਪ ਦਾ ਵਿਚਾਰ ਹੈ ਕਿ ਨਾਮ ਵਿਹੂਣੇ ਲੋਕ ਮੁਕਤੀ, ਜੁਗਤੀ ਅਤੇ ਭਗਤੀ ਨੂੰ ਪਾ ਹੀ ਨਹੀਂ ਸਕਦੇ। 'ਦਖਣੀ ਓਅੰਕਾਰ' ਦੇ ਆਰੰਭਿਕ ਸਲੋਕ ਵਿਚ ਆਪ ਭਲੀ-ਭਾਂਤ ਸਪੱਸ਼ਟ ਕਰ ਦਿੰਦੇ ਹਨ ਕਿ ਮਨੁੱਖੀ ਪੜ੍ਹਾਈ-ਲਿਖਾਈ ਅਤੇ ਕਰਮ-ਕਾਰਜ ਦਾ ਲਕਸ਼ ਕੇਵਲ ਰਾਮ ਨਾਮ ਦੀ ਪ੍ਰਾਪਤੀ ਹੋਣਾ ਚਾਹੀਦਾ ਹੈ:

**ਸੁਣਿ ਪਾਡੇ ਕਿਆ ਲਿਖਹੁ ਜੰਜਾਲਾ ॥**
**ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ ॥੧॥ ਰਹਾਉ ॥**

*(ਪੰਨਾ 930)*

ਰਾਮ ਨਾਮ ਦੇ ਮਹੱਤਵ ਨੂੰ ਦ੍ਰਿੜ੍ਹ ਕਰਵਾਉਣ ਲਈ ਗੁਰੂ ਸਾਹਿਬ ਜੀਵਨ ਦੀਆਂ ਕਠਿਨਾਈਆਂ ਅਤੇ ਦੁਸ਼ਵਾਰੀਆਂ ਬਾਰੇ ਵੀ ਚਰਚਾ ਕਰਦੇ ਹਨ। ਆਪ ਫ਼ੁਰਮਾਉਂਦੇ ਹਨ ਕਿ ਲੋਕ ਬਹੁਤ ਸਾਰੀਆਂ ਸ਼ਿਕਾਇਤਾਂ ਕਰਦੇ ਰਹਿੰਦੇ ਹਨ। ਉਹ ਆਪਣੇ ਅਭਾਵਾਂ ਦਾ ਰੋਣਾ ਰੋਂਦੇ ਹੋਏ ਕਹਿੰਦੇ ਹਨ ਕਿ ਉਹਨਾਂ ਨੂੰ ਫਲਾਣੀ-ਫਲਾਣੀ ਚੀਜ਼ ਪ੍ਰਾਪਤ ਨਹੀਂ ਹੋਈ, ਪਰ ਉਹ ਭੁੱਲ ਜਾਂਦੇ ਹਨ ਕਿ ਇਸ ਦੁਨੀਆਂ ਵਿਚ ਉਹ ਸਦਾ ਲਈ ਰਹਿਣ ਵਾਸਤੇ ਨਹੀਂ ਆਏ। ਇਹ ਦੁਨੀਆਂ ਤਾਂ ਇਕ ਮੁਸਾਫ਼ਰਖ਼ਾਨਾ ਹੈ ਅਤੇ ਮੁਸਾਫ਼ਰ ਪਾਸ ਜਿੰਨਾ ਆਲ-ਜੰਜਾਲ ਘੱਟ ਹੋਵੇਗਾ, ਉਤਨਾ ਹੀ ਉਹ ਸੌਖਾ ਰਹੇਗਾ। ਉਹ ਆਰਾਮ ਨਾਲ ਅਤੇ ਨਿਸਚਿੰਤ ਹੋ ਕੇ ਆਪਣੀ ਮੰਜ਼ਲ 'ਤੇ ਪਹੁੰਚ ਜਾਵੇਗਾ। ਇਸ ਦੁਨੀਆਂ ਵਿਚ ਕੋਈ ਰਾਜਾ ਜਾਂ ਰੰਗ ਸਦਾ ਲਈ ਨਹੀਂ ਠਹਿਰ ਸਕਦਾ। ਇਸ ਲਈ ਸੁਖ-ਸੁਵਿਧਾ ਦਾ ਸਾਜ਼-ਸਾਮਾਨ ਇਕੱਠਾ ਕਰਨ ਦਾ ਕੀ ਲਾਭ। ਕੇਵਲ ਰਾਮ ਨਾਮ ਹੀ ਵਿਅਕਤੀ ਦੇ ਨਾਲ ਜਾ ਸਕਦਾ ਹੈ, ਸੋ ਉਸੇ ਨੂੰ ਸੰਗ੍ਰਹਿਤ ਕਰਨਾ ਚਾਹੀਦਾ ਹੈ:

**ਰੋਸੁ ਨ ਕੀਜੈ ਅੰਮ੍ਰਿਤੁ ਪੀਜੈ ਰਹਣੁ ਨਹੀ ਸੰਸਾਰੇ ॥**
**ਰਾਜੇ ਰਾਇ ਰੰਕ ਨਹੀ ਰਹਣਾ ਆਇ ਜਾਇ ਜੁਗ ਚਾਰੇ ॥**
**ਰਹਣ ਕਹਣ ਤੇ ਰਹੈ ਨ ਕੋਈ ਕਿਸੁ ਪਹਿ ਕਰਉ ਬਿਨੰਤੀ ॥**
**ਏਕੁ ਸਬਦੁ ਰਾਮ ਨਾਮ ਨਿਰੋਧਰੁ ਗੁਰੁ ਦੇਵੈ ਪਤਿ ਮਤੀ ॥੧੧॥**

*(ਪੰਨਾ 930)*

ਇਸੇ ਤਰ੍ਹਾਂ 'ਦਖਣੀ ਓਅੰਕਾਰ' ਦੇ ਇਕ ਹੋਰ ਬਿਰਤਾਂਤ ਵਿਚ ਗੁਰੂ ਜੀ

ਸਪੱਸ਼ਟ ਕਰ ਦਿੰਦੇ ਹਨ ਕਿ ਹਰ ਵਿਅਕਤੀ ਇਸ ਦੁਨੀਆਂ ਵਿਚ ਲਾਹਾ ਖੱਟਣ ਆਇਆ ਹੋਇਆ ਹੈ। ਉਸ ਨੂੰ ਪੂੰਜੀ ਦੇ ਰੂਪ ਵਿਚ ਕੁਝ ਸਵਾਸ ਮਿਲੇ ਹੋਏ ਹਨ ਉਸ ਦਾ ਲਕਸ਼ ਹੈ ਕਿ ਉਹ ਇਸ ਪੂੰਜੀ ਦੇ ਮਾਧਿਅਮ ਦੁਆਰਾ ਵੱਧ ਤੋਂ ਵੱਧ ਮੁਨਾਫ਼ਾ ਅਰਜਿਤ ਕਰ ਲਵੇ। ਬਹੁਤੇ ਲੋਕ ਲਾਹਾ ਖੱਟਣ ਦੀ ਲਾਲਸਾ ਵਿਚ ਮਾਇਆ ਦੇ ਆਕਰਸ਼ਣ ਵਿਚ ਫਸ ਜਾਂਦੇ ਹਨ। ਉਹ ਲੋਭ-ਲਾਲਚ ਅਤੇ ਹੰਕਾਰ ਆਦਿ ਵਿਕਾਰਾਂ ਦੇ ਪਿੱਛੇ ਲੱਗ ਕੇ ਮਾਇਆ ਇਕੱਤਰ ਕਰਨ ਲੱਗਦੇ ਹਨ। ਅਗਿਆਨੀ ਅਤੇ ਮੂਰਖ ਹੋਣ ਦੀ ਸੂਰਤ ਵਿਚ ਉਹ ਮਾਇਆ ਇਕੱਠੀ ਕਰਨ ਵਾਸਤੇ ਮਜ਼ਦੂਰਾਂ ਵਾਂਗ ਦਿਹਾੜੀਆਂ ਲਾਉਂਦੇ ਹਨ ਅਤੇ ਸਾਹਾਂ ਦੀ ਬਹੁਮੁੱਲੀ ਪੂੰਜੀ ਨੂੰ ਲੁਟਾ ਬੈਠਦੇ ਹਨ। ਗੁਰੂ ਜੀ ਫ਼ੁਰਮਾਉਂਦੇ ਹਨ ਕਿ ਹਰਿ ਨਾਮ ਹੀ ਇਕੋ-ਇਕ ਲਾਹਾ ਹੈ। ਇਹ ਲਾਹਾ ਖੱਟਣ ਵਾਲੇ ਨੂੰ ਹੀ ਸੱਚੀ ਇੱਜ਼ਤ ਪ੍ਰਾਪਤ ਹੁੰਦੀ ਹੈ ਕਿਉਂਕਿ ਧਨ-ਦੌਲਤ ਤਾਂ ਕੂੜਾ ਲਾਭ ਹੈ। ਅਜਿਹਾ ਕੂੜਾ ਲਾਭ ਖੱਟਣ ਵਾਲੇ ਨੂੰ ਸੱਚਾ ਪਾਤਸ਼ਾਹ ਮਨ-ਸਨਮਾਨ ਨਹੀਂ ਦੇਵੇਗਾ :

**ਲਾਹੇ ਕਾਰਣਿ ਆਇਆ ਜਗਿ ॥**
**ਹੋਇ ਮਜੂਰੁ ਗਇਆ ਠਗਾਇ ਠਗਿ ॥**
**ਲਾਹਾ ਨਾਮੁ ਪੂੰਜੀ ਵੇਸਾਹੁ ॥**
**ਨਾਨਕ ਸਚੀ ਪਤਿ ਸਚਾ ਪਾਤਿਸਾਹੁ ॥੧੩॥**

*(ਪੰਨਾ 930)*

ਨਾਮ ਤੋਂ ਵਿਹੂਣੇ ਵਿਅਕਤੀਆਂ ਦੀ ਮਨੋਦਸ਼ਾ ਨੂੰ ਬਿਆਨ ਕਰਦੇ ਹੋਏ ਗੁਰੂ ਜੀ ਫ਼ੁਰਮਾਉਂਦੇ ਹਨ ਕਿ ਅਜਿਹੇ ਵਿਅਕਤੀ ਦੇ ਜਿਸਮ ਵਿਚ ਤਣਾਉ (ਅੰਤਰ-ਵਿਰੋਧ) ਬਣਿਆ ਰਹਿੰਦਾ ਹੈ। ਉਸ ਦੇ ਮਨ ਵਿਚ ਇਕ ਪੀੜਾ ਨਿਰੰਤਰ ਹੁੰਦੀ ਰਹਿੰਦੀ ਹੈ। ਨਾਮ ਦੀ ਪ੍ਰਾਪਤੀ ਤੋਂ ਬਿਨਾਂ ਹਰ ਥਾਂ ਘਾਟਾ ਹੀ ਘਾਟਾ ਹੈ। ਪਰੰਤੂ ਜੇ ਅਜਿਹੇ ਵਿਅਕਤੀ ਨੂੰ ਨਾਮ ਦੀ ਦਾਤ ਪ੍ਰਾਪਤ ਹੋ ਜਾਵੇ ਤਾਂ ਉਸ ਦੇ ਦੁੱਖ-ਦਰਿੱਦਰ ਦੂਰ ਹੋ ਜਾਂਦੇ ਹਨ। ਭਾਵੇਂ ਹਰ ਜੀਵ ਇਸ ਸੰਸਾਰ ਵਿਚ ਲਾਹਾ ਖੱਟਣ ਵਾਸਤੇ ਹੀ ਆਉਂਦਾ ਹੈ ਪਰੰਤੂ ਨਾਮ ਤੋਂ ਬਿਨਾਂ ਹੋਰ ਕੋਈ ਲਾਹੇਵੰਦ ਵਪਾਰ ਨਹੀਂ ਹੈ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਕੇ ਮਨ ਵਿਚ ਵਸਾ ਲੈਣਾ ਚਾਹੀਦਾ ਹੈ :

**ਵਿਣੁ ਨਾਵੈ ਵੇਰੋਧੁ ਸਰੀਰ ॥**
**ਕਿਉ ਨ ਮਿਲਹਿ ਕਾਟਹਿ ਮਨ ਪੀਰ ॥...**
**ਵਿਣੁ ਨਾਵੈ ਤੋਟਾ ਸਭ ਥਾਇ ॥**
**ਲਾਹਾ ਮਿਲੈ ਜਾ ਦੇਇ ਬੁਝਾਇ ॥**
**ਵਣਜੁ ਵਾਪਾਰੁ ਵਣਜੈ ਵਾਪਾਰੀ ॥**
**ਵਿਣੁ ਨਾਵੈ ਕੈਸੀ ਪਤਿ ਸਾਰੀ ॥੧੯॥** *(ਪੰਨਾ 931)*

## 5. ਵਿਕਾਰ-ਮੁਕਤ ਜੀਵਨ

'ਦਖਣੀ ਓਅੰਕਾਰ' ਵਿਚ ਸਤਿਗੁਰੂ ਜੀ ਨੇ ਵਿਕਾਰ-ਗ੍ਰਸਤ ਜੀਵਨ ਦੀ ਨਿਸਫਲਤਾ ਉੱਤੇ ਬਹੁਤ ਜ਼ੋਰ ਦਿੱਤਾ ਹੈ। ਗੁਰੂ ਜੀ ਫ਼ੁਰਮਾਉਂਦੇ ਹਨ ਕਿ ਕਾਮ, ਕ੍ਰੋਧ ਆਦਿਕ ਵਿਕਾਰਾਂ ਵਿਚ ਫਸ ਕੇ ਮਨੁੱਖ ਆਪਣੇ ਜੀਵਨ ਦਾ ਸਤਿਆਨਾਸ ਕਰ ਲੈਂਦਾ ਹੈ। ਨਾ ਕੇਵਲ ਉਹ ਅਧਿਆਤਮਕ ਦ੍ਰਿਸ਼ਟੀ ਤੋਂ ਹੀ ਥਿੜਕ ਜਾਂਦਾ ਹੈ ਬਲਕਿ ਸਰੀਰਕ ਦ੍ਰਿਸ਼ਟੀ ਤੋਂ ਵੀ ਉਹ ਆਪਣਾ ਬਹੁਤ ਨੁਕਸਾਨ ਕਰ ਬੈਠਦਾ ਹੈ। ਇਸ ਬਾਣੀ ਦਾ ਇਕ ਬਹੁਤ ਪ੍ਰਸਿੱਧ ਕਥਨ ਹੈ :

**ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥**
**ਜਿਉ ਕੰਚਨ ਸੋਹਾਗਾ ਢਾਲੈ ॥** *(ਪੰਨਾ 932)*

ਇਸੇ ਪਦੇ ਵਿਚ ਗੁਰੂ ਜੀ ਵਿਕਾਰ-ਗ੍ਰਸਤ ਵਿਅਕਤੀ ਦੇ ਜੀਵਨ ਦਾ ਚਿੱਤਰ ਪੇਸ਼ ਕਰਦੇ ਹੋਏ ਫ਼ੁਰਮਾਉਂਦੇ ਹਨ ਕਿ ਅਜਿਹੇ ਵਿਅਕਤੀ ਦਾ ਜੀਵਨ ਪਸ਼ੂਆਂ ਵਾਂਗ ਦੇਹਵਾਦੀ ਹੋ ਜਾਂਦਾ ਹੈ ਅਤੇ ਅਜਿਹੇ ਲੋਕਾਂ ਦਾ ਅਭਿਮਾਨ ਉਹਨਾਂ ਨੂੰ ਇਕ ਕਸਾਈ ਵਾਂਗ ਵੱਢਣ-ਟੁੱਕਣ ਦਾ ਆਦੀ ਬਣਾ ਦਿੰਦਾ ਹੈ। ਜਿਹੜੇ ਮਨੁੱਖ ਧਨ ਨੂੰ ਅਰਜਿਤ ਅਤੇ ਸੰਚਿਤ ਕਰਨ ਵਾਸਤੇ ਪਾਪ ਕਰਦੇ ਹਨ, ਉਹਨਾਂ ਦੀ ਆਤਮਾ ਬੋਝਲ ਹੋ ਜਾਂਦੀ ਹੈ। ਅਜਿਹੀ ਆਤਮਾ ਸੰਸਾਰ-ਸਮੁੰਦਰ ਨੂੰ ਪਾਰ ਨਹੀਂ ਕਰ ਸਕਦੀ ਬਲਕਿ ਆਪਣੇ ਹੀ ਬੋਝ ਕਾਰਨ ਅੱਧ-ਵਿਚਕਾਰ ਡੁੱਬ ਜਾਂਦੀ ਹੈ। ਇਸ ਲਈ ਮਨੁੱਖ ਨੂੰ ਪਾਪ ਕਰਨ ਤੋਂ ਤੌਬਾ ਕਰ ਲੈਣੀ ਚਾਹੀਦੀ ਹੈ। ਗੁਰੂ ਸਾਹਿਬ ਦੇ ਕਥਨ ਅਨੁਸਾਰ :

**ਢੰਢੋਲਤ ਢੂਢਤ ਹਉ ਫਿਰੀ ਢਹਿ ਢਹਿ ਪਵਨਿ ਕਰਾਰਿ ॥**
**ਭਾਰੇ ਢਹਤੇ ਢਹਿ ਪਏ ਹਉਲੇ ਨਿਕਸੇ ਪਾਰਿ ॥**

*(ਪੰਨਾ 933)*

ਇਸੇ ਬਾਣੀ ਦੇ ਇਕ ਹੋਰ ਪ੍ਰਸੰਗ ਵਿਚ ਗੁਰੂ ਜੀ ਇਕ ਦੁਨੀਆਂਦਾਰ ਵਿਅਕਤੀ ਨੂੰ ਸਮਝਾਉਂਦੇ ਹੋਏ ਉਪਦੇਸ਼ ਕਰਦੇ ਹਨ ਕਿ ਮੂਰਖ ਲੋਕ ਆਪਣੇ ਧਨ ਦੇ ਖ਼ਤਮ ਹੋ ਜਾਣ 'ਤੇ ਝੂਰਦੇ ਰਹਿੰਦੇ ਹਨ ਕਿਉਂਕਿ ਉਹਨਾਂ ਦਾ ਚਿੱਤ ਸਦਾ ਧਨ ਜੋੜਨ ਵਿਚ ਹੀ ਲੱਗਾ ਰਹਿੰਦਾ ਹੈ। ਇਸ ਦੁਨੀਆਂ ਵਿਚ ਕੋਈ ਵਿਰਲਾ ਵਿਅਕਤੀ ਹੀ ਹੋਵੇਗਾ ਜੋ ਨਾਮ ਰੂਪੀ ਸੱਚੇ ਧਨ ਨੂੰ ਜੋੜਨ ਵੱਲ ਧਿਆਨ ਦਿੰਦਾ ਹੋਵੇ। ਹਰ ਵਿਅਕਤੀ ਨੂੰ ਇਹੋ ਜਿਹੀ ਜੀਵਨ-ਜਾਚ ਅਪਣਾਉਣੀ ਚਾਹੀਦੀ ਹੈ ਕਿ ਉਸ ਦਾ ਮਨ ਦੁਨਿਆਵੀ ਧੰਦਿਆਂ ਤੋਂ ਟੁੱਟ ਕੇ ਪ੍ਰਭੂ ਦੇ ਪ੍ਰੇਮ ਵਿਚ ਰੰਗਿਆ ਜਾਵੇ। ਆਪਣੇ ਮਨ ਨੂੰ ਪ੍ਰਭੂ-ਪ੍ਰੇਮ ਨਾਲ ਜੋੜਿਆਂ ਹੀ ਸੱਚੇ ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਦੇਖੋ :

**ਧਨੁ ਗਇਆ ਤਾ ਜਾਣ ਦੇਹਿ ਜੇ ਰਾਚਹਿ ਰੰਗਿ ਏਕ ॥**
**ਮਨੁ ਦੀਜੈ ਸਿਰੁ ਸਉਪੀਐ ਭੀ ਕਰਤੇ ਕੀ ਟੇਕ ॥**

**ਧੰਧਾ ਧਾਵਤ ਰਹਿ ਗਏ ਮਨ ਮਹਿ ਸਬਦੁ ਅਨੰਦੁ ॥**
**ਦੁਰਜਨ ਤੇ ਸਾਜਨ ਭਏ ਭੇਟੇ ਗੁਰ ਗੋਵਿੰਦ ॥**

*(ਪੰਨਾ 934)*

ਵਿਕਾਰ-ਗ੍ਰਸਤ ਵਿਅਕਤੀ ਭੈੜੀ ਨੀਅਤ ਵਾਲਾ ਹੁੰਦਾ ਹੈ। ਉਹ ਪਾਪ ਕਰਨ ਤੋਂ ਰੁਕ ਨਹੀਂ ਸਕਦਾ। ਸਿਆਣੇ ਲੋਕ ਲੱਖ ਕਹੀ ਜਾਣ ਕਿ ਪਾਪ ਬੁਰਾ ਹੁੰਦਾ ਹੈ ਪਰ ਇਹੀ ਪਾਪ ਇਕ ਪਾਪੀ ਆਦਮੀ ਨੂੰ ਪਿਆਰਾ ਲੱਗਦਾ ਹੈ। ਜਿਵੇਂ ਕਾਂ ਵਰਗਾ ਭੈੜੀ ਨੀਤ ਵਾਲਾ ਪੰਛੀ ਬਾਰ-ਬਾਰ ਫਾਹੀ ਵਿਚ ਫਸ ਜਾਂਦਾ ਹੈ ਅਤੇ ਆਪਣੀ ਮੂਰਖਤਾ ਕਾਰਨ ਉਸ ਨੂੰ ਪਛਤਾਉਣਾ ਪੈਂਦਾ ਹੈ, ਇਸੇ ਤਰ੍ਹਾਂ ਲਾਲਚੀ ਵਿਅਕਤੀ ਨਾਲ ਵਾਪਰਦਾ ਹੈ। ਉਹ ਵੀ ਆਪਣੇ ਲਾਲਚ ਕਾਰਨ ਬਾਰ-ਬਾਰ ਜੀਵਨ-ਮੌਤ ਦੀ ਪੀੜਾ ਵਿਚੋਂ ਗੁਜ਼ਰਦਾ ਹੈ ਪਰੰਤੂ ਜੇ ਉਸ ਦਾ ਸਤਿਗੁਰੂ ਨਾਲ ਮਿਲਾਪ ਹੋ ਜਾਵੇ ਤਾਂ ਉਹ ਵੀ ਆਵਾਗਵਣ ਵਿਚੋਂ ਮੁਕਤ ਹੋ ਸਕਦਾ ਹੈ।

ਵਿਕਾਰ ਮਾਇਆ ਪ੍ਰਤੀ ਆਕਰਸ਼ਣ ਵਿਚੋਂ ਪੈਦਾ ਹੁੰਦੇ ਹਨ। ਅਗਿਆਨੀ ਲੋਕ ਇਸ ਆਕਰਸ਼ਣ ਵਿਚ ਫਸ ਜਾਂਦੇ ਹਨ ਅਤੇ ਪੂਰਾ ਜੀਵਨ ਮਾਇਆ-ਮਾਇਆ ਜਪਦੇ ਨਸ਼ਟ ਕਰ ਬੈਠਦੇ ਹਨ। ਕਿਉਂਕਿ ਮਾਇਆ ਕਿਸੇ ਦੇ ਨਾਲ ਨਹੀਂ ਜਾਂਦੀ। ਮਰਨ ਤੋਂ ਪਿੱਛੋਂ ਜੀਵਾਤਮਾ ਦੁਬਿਧਾ ਵਿਚ ਫਸੀ ਤੁਰ ਜਾਂਦੀ ਹੈ ਅਤੇ ਮਨੁੱਖ ਵੱਲੋਂ ਤਰ੍ਹਾਂ-ਤਰ੍ਹਾਂ ਦੇ ਹੀਲਿਆਂ-ਵਸੀਲਿਆਂ ਨਾਲ ਇਕੱਠੀ ਕੀਤੀ ਮਾਇਆ ਇਥੇ ਹੀ ਰਹਿ ਜਾਂਦੀ ਹੈ। ਸੰਸਾਰੀ ਲੋਕ 'ਮੇਰੀ-ਮੇਰੀ' ਕਰਦੇ ਮਰ ਜਾਂਦੇ ਹਨ। ਕਿਲ੍ਹੇ, ਮੰਦਰ ਅਤੇ ਮਹਿਲ ਇਥੇ ਹੀ ਰਹਿ ਜਾਂਦੇ ਹਨ। ਪਰਮਾਤਮਾ ਦੀ ਕਚਹਿਰੀ ਵਿਚ ਇਹਨਾਂ ਵਿਚੋਂ ਕੁਝ ਵੀ ਨਾਲ ਨਹੀਂ ਜਾ ਸਕਦਾ। ਇਸੇ ਲਈ ਗੁਰੂ ਸਾਹਿਬ ਫ਼ੁਰਮਾਉਂਦੇ ਹਨ ਕਿ ਇਕ ਸੱਚੇ ਨਾਮ ਤੋਂ ਬਿਨਾਂ ਦੁਨੀਆਂ ਵਿਚ ਆਉਣਾ ਤੇ ਚਲੇ ਜਾਣਾ ਸਭ ਝੂਠ ਅਤੇ ਮਿਥਿਆ ਹੈ। ਜਿੰਨੀ ਦੇਰ ਤਕ ਵਿਅਕਤੀ ਦੇ ਪੱਲੇ ਨਾਮ ਨਹੀਂ ਹੈ, ਉਨੀ ਦੇਰ ਤਕ ਉਸ ਦਾ ਕਲਿਆਣ ਨਹੀਂ ਹੋ ਸਕਦਾ। ਗੁਰੂ ਜੀ ਫ਼ੁਰਮਾਉਂਦੇ ਹਨ :

**ਮਾਇਆ ਮਾਇਆ ਕਰਿ ਮੁਏ ਮਾਇਆ ਕਿਸੈ ਨ ਸਾਥਿ ॥**
**ਹੰਸੁ ਚਲੈ ਉਠਿ ਡੁਮਣੋ ਮਾਇਆ ਭੂਲੀ ਆਥਿ ॥...**
**ਮੇਰੀ ਮੇਰੀ ਕਰਿ ਮੁਏ ਵਿਣੁ ਨਾਵੈ ਦੁਖੁ ਭਾਲਿ ॥**
**ਗੜ ਮੰਦਰ ਮਹਲਾ ਕਹਾ ਜਿਉ ਬਾਜੀ ਦੀਬਾਣੁ ॥**
**ਨਾਨਕ ਸਚੇ ਨਾਮ ਵਿਣੁ ਝੂਠਾ ਆਵਣ ਜਾਣੁ ॥**
**ਆਪੇ ਚਤੁਰੁ ਸਰੂਪੁ ਹੈ ਆਪੇ ਜਾਣੁ ਸੁਜਾਣੁ ॥੪੨॥**

*(ਪੰਨਾ 935-36)*

## 6. ਮਨ ਉਪਰ ਨਿਯੰਤਰਣ

ਮਨ ਉਪਰ ਨਿਯੰਤਰਣ ਰੱਖਣ ਬਾਰੇ ਗੁਰੂ ਨਾਨਕ ਦੇਵ ਜੀ ਦੀ ਸਿੱਖਿਆ 'ਦਖਣੀ ਓਅੰਕਾਰ' ਦਾ ਇਕ ਪ੍ਰਮੁੱਖ ਵਿਸ਼ਾ ਬਣ ਕੇ ਉਜਾਗਰ ਹੁੰਦੀ ਹੈ। ਗੁਰੂ ਜੀ ਮਨ ਦੀ ਚੰਚਲਤਾ ਉਪਰ ਨਿਯੰਤਰਣ ਰੱਖਣ ਦਾ ਆਵਹਾਨ ਕਰਦੇ ਹਨ। ਇਹ ਮਨ ਆਪਣੀ ਪ੍ਰਕਿਰਤੀ ਕਾਰਨ ਮਨੁੱਖ ਨੂੰ ਕਿਸੇ ਇਕ ਥਾਂ ਟਿਕਣ ਨਹੀਂ ਦਿੰਦਾ। ਇਹ ਭਟਕਦਾ ਰਹਿੰਦਾ ਹੈ ਅਤੇ ਪਾਪ ਦੀ ਕਮਾਈ ਖਾਣ ਦੀ ਕੋਸ਼ਿਸ਼ ਕਰਦਾ ਹੈ। ਮਨੁੱਖ ਦੀ ਅਸ਼ਾਂਤੀ ਅਤੇ ਦੁੱਖਾਂ ਦਾ ਕਾਰਨ ਇਹ ਮਨ ਹੀ ਹੈ। ਪਰੰਤੂ ਜੇ ਅਸੀਂ ਪਰਮਾਤਮਾ ਦੇ ਲਾਮ ਨਾਲ ਜੁੜ ਜਾਈਏ ਤਾਂ ਸਾਰੀਆਂ ਚਿੰਤਾਵਾਂ ਦੂਰ ਹੋ ਜਾਂਦੀਆਂ ਹਨ ਅਤੇ ਪਰਮ-ਸੁਖ ਦੀ ਪ੍ਰਾਪਤੀ ਹੋ ਜਾਂਦੀ ਹੈ। ਗੁਰੂ ਸਾਹਿਬ ਅਨੁਸਾਰ:

**ਚੰਚਲੁ ਚੀਤੁ ਨ ਰਹਈ ਠਾਇ ॥**
**ਚੋਰੀ ਮਿਰਗੁ ਅੰਗੂਰੀ ਖਾਇ ॥**
**ਚਰਨ ਕਮਲ ਉਰ ਧਾਰੇ ਚੀਤ ॥**
**ਚਿਰੁ ਜੀਵਨੁ ਚੇਤਨੁ ਨਿਤ ਨੀਤ ॥**

ਇਸੇ ਤਰ੍ਹਾਂ ਦਖਣੀ ਓਅੰਕਾਰ ਦੇ ਇਕ ਹੋਰ ਪ੍ਰਸੰਗ ਵਿਚ ਗੁਰੂ ਜੀ ਫ਼ੁਰਮਾਉਂਦੇ ਹਨ ਕਿ ਆਪਣੇ ਮਨ ਨੂੰ ਇਕ ਜਗ੍ਹਾ ਰੋਕ ਕੇ ਰੱਖੋ। ਇਹ ਦੁਨੀਆਂ ਆਪਸ ਵਿਚ ਠਹਿਕ-ਠਹਿਰ ਕੇ ਮਰ ਰਹੀ ਹੈ। ਪਰਮਾਤਮਾ ਕੇਵਲ ਇਕ ਹੈ ਪਰ ਝੂਠੇ ਲੋਕ ਤਰ੍ਹਾਂ-ਤਰ੍ਹਾਂ ਦੇ ਭੇਸ ਧਾਰਨ ਕਰ ਕੇ ਦੂਸਰਿਆਂ ਨੂੰ ਠੱਗਣ ਦੀਆਂ ਕੋਸ਼ਿਸ਼ ਵਿਚ ਲੱਗੇ ਰਹਿੰਦੇ ਹਨ। ਜਿਵੇਂ ਬਿਗਾਨੇ ਘਰ ਜਾਣ ਵਾਲੀ ਤ੍ਰੀਮਤ ਨੂੰ ਰੋਕਣਾ ਚਾਹੀਦਾ ਹੈ, ਇਸੇ ਤਰ੍ਹਾਂ ਪਰਮਾਤਮਾ ਨੂੰ ਛੱਡ ਕੇ ਕਿਸੇ ਹੋਰ ਦਾ ਆਸਰਾ ਤਕਾਉਣ ਵਾਲਾ ਵਿਅਕਤੀ ਵੀ ਠੱਗਿਆ ਜਾਂਦਾ ਹੈ। ਇਕ ਪਰਮਾਤਮਾ ਦੀ ਤਲਾਸ਼ ਨੂੰ ਛੱਡ ਕੇ ਇਧਰ-ਉਧਰ ਭਟਕਣ ਵਾਲੀ ਜੀਵ-ਰੂਪ ਇਸਤਰੀ ਦਾ ਸਾਰਾ ਹਾਰ-ਸ਼ਿੰਗਾਰ ਨਸ਼ਟ ਹੋ ਜਾਂਦਾ ਹੈ। ਈਰਖਾ ਦੇ ਕਾਰਨ ਉਸ ਨੂੰ ਸੁਖ ਦੀ ਪ੍ਰਾਪਤੀ ਨਹੀਂ ਹੁੰਦੀ।

ਇਕ ਹੋਰ ਪ੍ਰਸੰਗ ਵਿਚ ਗੁਰੂ ਜੀ ਮਨ ਨੂੰ ਇਕ ਅਜਿਹੇ ਪੰਛੀ ਨਾਲ ਤੁਲਨਾ ਦਿੰਦੇ ਹਨ ਜੋ ਸਰੀਰ ਰੂਪੀ ਰੁੱਖ ਉਪਰ ਨਿਵਾਸ ਕਰਦਾ ਹੈ। ਗਿਆਨ-ਇੰਦਰੀਆਂ ਦੇ ਰੂਪ ਵਿਚ ਪੰਜ ਹੋਰ ਪੰਛੀ ਵੀ ਇਸੇ ਰੁੱਖ ਉੱਤੇ ਨਿਵਾਸ ਕਰਦੇ ਹਨ। ਜਿਹੜੇ ਪੰਛੀ ਇਕੱਠੇ ਬੈਠ ਕੇ ਪਰਮਾਤਮਾ ਦੇ ਨਾਮ ਦੀ ਚੋਗ ਚੁਗਦੇ ਹਨ, ਉਹਨਾਂ ਨੂੰ ਕੋਈ ਫਾਹ ਨਹੀਂ ਸਕਦਾ। ਪਰੰਤੂ ਜਿਹੜੇ ਪੰਛੀ ਆਪਣੇ ਮਨ ਦੀ ਚੰਚਲਤਾ ਪਿੱਛੇ ਲੱਗ ਕੇ ਇਧਰ-ਉਧਰ ਬਿਖਰੀ ਹੋਰ ਚੋਗ ਵੱਲ ਆਕਰਸ਼ਿਤ ਹੋ ਜਾਂਦੇ ਹਨ, ਉਹ ਜਮਦੂਤ ਦੀ ਫਾਹੀ ਵਿਚ ਫਸ ਜਾਂਦੇ ਹਨ। ਇਸ ਫਾਹੀ ਤੋਂ ਕੇਵਲ ਪਰਮਾਤਮਾ ਹੀ ਮੁਕਤੀ ਦਿਵਾ ਸਕਦਾ ਹੈ। ਗੁਰੂ ਜੀ ਦੇ ਸ਼ਬਦਾਂ ਵਿਚ:

ਤਰਵਰੁ ਕਾਇਆ ਪੰਖਿ ਮਨੁ ਤਰਵਰਿ ਪੰਖੀ ਪੰਚ ॥
ਤਤੁ ਚੁਗਹਿ ਮਿਲਿ ਏਕਸੇ ਤਿਨ ਕਉ ਫਾਸ ਨ ਰੰਚ ॥
ਉਡਹਿ ਤ ਬੇਗੁਲ ਬੇਗੁਲੇ ਤਾਕਹਿ ਚੋਗ ਘਣੀ ॥
ਪੰਖ ਤੁਟੇ ਫਾਹੀ ਪੜੀ ਅਵਗੁਣਿ ਭੀੜ ਬਣੀ ॥
ਬਿਨੁ ਸਾਚੇ ਕਿਉ ਛੂਟੀਐ ਹਰਿ ਗੁਣ ਕਰਮਿ ਮਣੀ ॥
ਆਪਿ ਛਡਾਏ ਛੂਟੀਐ ਵਡਾ ਆਪਿ ਧਣੀ ॥
ਗੁਰ ਪਰਸਾਦੀ ਛੂਟੀਐ ਕਿਰਪਾ ਆਪਿ ਕਰੇਇ ॥
ਅਪਣੈ ਹਾਥਿ ਵਡਾਈਆ ਜੈ ਭਾਵੈ ਤੈ ਦੇਇ ॥੩੩॥

*(ਪੰਨਾ 934)*

## 7. ਜਗਤ ਦੀ ਨਾਸ਼ਮਾਨਤਾ

'ਦਖਣੀ ਓਅੰਕਾਰ' ਵਿਚ ਜੀਵਨ ਅਤੇ ਜਗਤ ਦੀ ਨਾਸ਼ਮਾਨਤਾ ਦਾ ਸੰਕਲਪ ਵੀ ਬੜੇ ਉਜਾਗਰ ਰੂਪ ਵਿਚ ਪੇਸ਼ ਹੋਇਆ ਹੈ। ਇਸ ਬਾਣੀ ਵਿਚ ਗੁਰੂ ਜੀ ਨੇ ਵਿਅਕਤੀ ਨੂੰ ਉਸ ਦੇ ਕਰਮਾਂ ਅਤੇ ਪ੍ਰਯੋਜਨਾਂ ਬਾਰੇ ਬੜੀਆਂ ਸੁਦ੍ਰਿੜ੍ਹ ਹਦਾਹਿਤਾਂ ਕੀਤੀਆਂ ਹਨ। ਵਿਅਕਤੀ ਕਾਮਾਦਿਕ ਵਿਕਾਰਾਂ ਤੋਂ ਸਿਰਫ਼ ਇਸੇ ਤਰ੍ਹਾਂ ਬਚ ਸਕਦਾ ਹੈ ਜੇ ਉਸ ਨੂੰ ਜਗਤ ਦੇ ਮਿਥਿਆ ਅਤੇ ਨਾਸ਼ਮਾਨ ਹੋਣ ਦੀ ਹਕੀਕਤ ਬਾਰੇ ਬੋਧ ਪ੍ਰਾਪਤ ਹੋ ਜਾਵੇ। ਪਰੰਤੂ ਮਾਨਵੀ ਜੀਵਨ ਦੀ ਵਿਸੰਗਤੀ (ਅਤੇ ਖ਼ੂਬਸੂਰਤੀ ਵੀ) ਇਹੋ ਹੈ ਕਿ ਥਾਂ-ਪੁਰ-ਥਾਂ ਮੌਤ ਅਤੇ ਵਿਨਾਸ਼ ਦੇ ਸਥੂਲ ਦ੍ਰਿਸ਼ ਹੋਣ ਦੇ ਬਾਵਜੂਦ ਮਨੁੱਖ ਆਪਣੇ ਆਪ ਨੂੰ ਅਬਿਨਾਸ਼ੀ ਅਤੇ ਅਮਰ ਸਮਝਣ ਲੱਗ ਪੈਂਦਾ ਹੈ। ਇਹੀ ਕਾਰਨ ਹੈ ਕਿ ਗੁਰੂ ਸਾਹਿਬਾਨ ਅਤੇ ਹੋਰ ਭਗਤ ਕਵੀਆਂ ਨੂੰ ਜੀਵਨ ਦੀ ਨਾਸ਼ਮਾਨਤਾ ਬਾਰੇ ਆਪਣੇ ਵਿਚਾਰ ਪ੍ਰਗਟ ਕਰਨ ਦੀ ਜ਼ਰੂਰ ਅਨੁਭਵ ਹੁੰਦੀ ਹੈ। 'ਦਖਣੀ ਓਅੰਕਾਰ' ਦੇ ਇਕ ਪਦੇ ਵਿਚ ਗੁਰੂ ਜੀ ਫ਼ੁਰਮਾਉਂਦੇ ਹਨ ਕਿ ਪਰਮਾਤਮਾ ਦੀ ਲੀਲ੍ਹਾ ਬੜੀ ਨਿਆਰੀ ਹੈ। ਉਹ ਭੰਨ-ਭੰਨ ਕੇ ਘੜਦਾ ਹੈ ਅਤੇ ਫਿਰ ਘੜ-ਘੜ ਕੇ ਭੰਨਦਾ ਰਹਿੰਦਾ ਹੈ। ਉਹ ਢੱਠਿਆਂ ਨੂੰ ਉਸਾਰਦਾ ਹੈ ਅਤੇ ਉਸਰਿਆ ਨੂੰ ਢਾਹ ਦਿੰਦਾ ਹੈ। ਭਰੇ ਹੋਏ ਸਰੋਵਰਾਂ ਨੂੰ ਸੁਕਾ ਦਿੰਦਾ ਹੈ। ਉਹ ਬੇਪ੍ਰਵਾਹ ਪਰਮਾਤਮਾ ਸਭ ਕੁਝ ਕਰਨ ਦੇ ਸਮਰੱਥ ਹੈ। ਹਰ ਇਕ ਵਿਅਕਤੀ ਨੂੰ ਇਹ ਪੱਕੀ ਤਰ੍ਹਾਂ ਜਾਣ ਲੈਣਾ ਚਾਹੀਦਾ ਹੈ ਕਿ ਜਿਹੜਾ ਜੀਵ ਇਸ ਜਗਤ ਵਿਚ ਆਉਂਦਾ ਹੈ, ਉਸ ਨੂੰ ਜਾਣਾ ਵੀ ਪੈਂਦਾ ਹੈ। ਗੁਰੂ ਜੀ ਦੇ ਸ਼ਬਦਾਂ ਵਿਚ :

ਜੋ ਆਵਹਿ ਸੇ ਜਾਹਿ ਫੁਨਿ ਆਇ ਗਏ ਪਛੁਤਾਹਿ ॥
ਲਖ ਚਉਰਾਸੀਹ ਮੇਦਨੀ ਘਟੈ ਨ ਵਧੈ ਉਤਾਹਿ ॥...
ਜੋ ਦੀਸੈ ਸੋ ਚਾਲਸੀ ਕਿਸ ਕਉ ਮੀਤੁ ਕਰੇਉ ॥

**ਜੀਉ ਸਮਪਉ ਆਪਣਾ ਤਨੁ ਮਨੁ ਆਗੈ ਦੇਉ ॥**
**ਅਸਥਿਰੁ ਕਰਤਾ ਤੂ ਧਣੀ ਤਿਸ ਹੀ ਕੀ ਮੈ ਓਟ ॥**
**ਗੁਣ ਕੀ ਮਾਰੀ ਹਉ ਮੁਈ ਸਬਦਿ ਰਤੀ ਮਨਿ ਚੋਟ ॥੪੩॥**

*(ਪੰਨਾ 936)*

ਇਸ ਨਾਸ਼ਮਾਨ ਦੁਨੀਆਂ ਵਿਚ ਜੀਵ ਕਿਸ ਨੂੰ ਆਪਣਾ ਮਿੱਤਰ ਜਾਂ ਸੰਗੀ-ਸਾਥੀ ਬਣਾਵੇ, ਇਸ ਰਹੱਸ ਦੀ ਉਸ ਨੂੰ ਸਮਝ ਨਹੀਂ ਆਉਂਦੀ। ਇਸ ਕਾਰਨ ਕਦੇ ਉਹ ਸ਼ਕਤੀਸ਼ਾਲੀ ਅਥਵਾ ਧਨਵਾਨ ਵਿਅਕਤੀਆਂ ਦੀ ਸ਼ਰਨ ਪੈਂਦਾ ਹੈ ਅਤੇ ਕਦੇ ਆਪ ਧਨਵਾਨ ਬਣਨ ਦੇ ਮਿਥਿਆ ਕਰਮ ਵਿਚ ਫਸ ਜਾਂਦਾ ਹੈ। ਪਰ ਇਸ ਤਰ੍ਹਾਂ ਕੀਤਿਆਂ ਉਸ ਨੂੰ ਸ਼ਾਂਤੀ ਨਹੀਂ ਮਿਲ ਸਕਦੀ। ਇਸ ਦੁਨੀਆਂ ਵਿਚ ਕੋਈ ਵੀ ਰਾਜਾ ਜਾਂ ਉਸ ਦਾ ਅਹਿਲਕਾਰ ਸਦਾ ਲਈ ਨਹੀਂ ਰਹਿ ਸਕਦਾ। ਕੋਈ ਅਮੀਰ-ਗ਼ਰੀਬ ਸਥਾਈ ਜਾਂ ਸਦੀਵੀ ਨਹੀਂ ਹੈ। ਹਰ ਇਕ ਦੀ ਆਪੋ-ਆਪਣੀ ਵਾਰੀ ਹੈ। ਸੋ ਕੋਈ ਵੀ ਧੀਰਜ ਨਾਲ ਇਥੇ ਟਿਕ ਨਹੀਂ ਸਕਦਾ। ਮੌਤ ਤੋਂ ਪਿੱਛੋਂ ਪਰਲੋਕ ਵੱਲ ਜਾਣ ਵਾਲਾ ਰਾਹ ਬੜਾ ਕਠਿਨ ਅਤੇ ਭਿਆਨਕ ਹੈ। ਰਸਤੇ ਵਿਚ ਬਹੁਤ ਸਾਰੇ ਸਮੁੰਦਰ ਤੇ ਪਹਾੜ ਆਉਂਦੇ ਹਨ। ਜਿਹਨਾਂ ਲੋਕਾਂ ਨੇ ਚੰਗੇ ਕਰਮ ਨਹੀਂ ਕੀਤੇ ਹੁੰਦੇ, ਅੰਤ ਸਮੇਂ ਉਹ ਪਛਤਾਉਂਦੇ ਹਨ ਕਿਉਂਕਿ ਸ਼ੁਭ ਅਮਲਾਂ ਤੋਂ ਬਿਨਾਂ ਪਰਮਾਤਮਾ ਦੇ ਗ੍ਰਿਹਿ ਵਿਚ ਪ੍ਰਵੇਸ਼ ਨਹੀਂ ਕੀਤਾ ਜਾ ਸਕਦਾ। ਗੁਣਵਾਨ ਜੀਵਨ ਰੂਪੀ ਇਸਤਰੀ ਆਪਣੇ ਗੁਣਾਂ ਕਾਰਨ ਪ੍ਰਭੂ ਨੂੰ ਜਾ ਮਿਲੀ ਹੈ। ਉਸ ਨੂੰ ਪਤੀ-ਪਰਮਾਤਮਾ ਦਾ ਪ੍ਰੇਮ ਹਾਸਲ ਹੋ ਜਾਂਦਾ ਹੈ। ਇਸ ਲਈ ਹੋਰ ਜੀਵਾਂ ਨੂੰ ਵੀ ਚਾਹੀਦਾ ਹੈ ਕਿ ਉਹ ਅਜਿਹੀ ਗੁਣਵਾਨ ਇਸਤਰੀ ਵਰਗੇ ਬਣਲ ਲਈ ਯਤਨਸ਼ੀਲ ਹੋਣ। ਗੁਰੂ ਜੀ ਫ਼ੁਰਮਾਉਂਦੇ ਹਨ :

**ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗੁ ਫਕੀਰੁ ॥**
**ਵਾਰੀ ਆਪੋ ਆਪਣੀ ਕੋਇ ਨ ਬੰਧੈ ਧੀਰ ॥**
**ਰਾਹੁ ਬੁਰਾ ਭੀਹਾਵਲਾ ਸਰ ਡੂਗਰ ਅਸਗਾਹ ॥**
**ਮੈ ਤਨਿ ਅਵਗਣ ਝੁਰਿ ਮੁਈ ਵਿਣੁ ਗੁਣ ਕਿਉ ਘਰਿ ਜਾਹ ॥**

*(ਪੰਨ 936)*

## 8. ਸਹਿਜ ਗਿਆਨ

'ਦਖਣੀ ਓਅੰਕਾਰ' ਵਿਚ ਪ੍ਰਸਤੁਤ ਹੋਈ ਮੂਲ ਸਮੱਸਿਆ ਗਿਆਨ ਦੀ ਤਲਾਸ਼ ਅਤੇ ਪ੍ਰਾਪਤੀ ਨਾਲ ਜੁੜੀ ਹੋਈ ਹੈ। ਬਹੁਤੇ ਲੋਕ ਅੱਖਰ-ਗਿਆਨ ਨੂੰ ਹੀ ਵਾਸਤਵਿਕ ਗਿਆਨ ਸਮਝਣ ਦੀ ਭੁੱਲ ਕਰ ਬੈਠਦੇ ਹਨ। ਉਹਨਾਂ ਦਾ ਵਿਚਾਰ ਹੈ ਕਿ ਪਾਠਸ਼ਾਲਾ ਵਿਚ ਜਾਣ ਨਾਲ ਹੀ ਗਿਆਨ ਪ੍ਰਾਪਤ ਹੋ ਜਾਂਦਾ ਹੈ। ਪਰੰਤੂ

ਗੁਰੂ ਜੀ ਨੇ ਲੋਕਾਂ ਦੀ ਇਸ ਭੁੱਲ ਨੂੰ ਬੜੇ ਸਾਫ਼ ਅਤੇ ਸਪੱਸ਼ਟ ਢੰਗ ਨਾਲ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਬਾਣੀ ਤੋਂ ਬਿਨਾਂ ਹੋਰ ਕਈ ਰਚਨਾਵਾਂ ਵਿਚ ਵੀ ਗੁਰੂ ਜੀ ਨੇ ਦਰਸਾਇਆ ਹੈ ਕਿ ਅਧਿਆਪਕ ਲੋਕ ਵਾਸਤਵਿਕ ਗਿਆਨ ਦੇ ਸੁਆਮੀ ਨਹੀਂ ਹੁੰਦੇ। ਉਹਨਾਂ ਦੇ ਪੜ੍ਹਨ-ਲਿਖਣ ਦੀ ਕਿਰਿਆ ਸਿਰਫ਼ ਰੋਜ਼ੀ-ਰੋਟੀ ਦੇ ਧੰਦੇ ਨਾਲ ਜੁੜੀ ਹੁੰਦੀ ਹੈ ਅਤੇ ਉਹਨਾਂ ਤੋਂ ਸਿੱਖਿਆ ਪ੍ਰਾਪਤ ਕਰ ਕੇ ਕੇਵਲ ਰੋਜ਼ੀ-ਰੋਟੀ ਕਮਾਉਣ ਦੇ ਧੰਦਿਆਂ ਦਾ ਗਿਆਨ ਹੀ ਹਾਸਲ ਕੀਤਾ ਜਾ ਸਕਦਾ ਹੈ। ਉਚੇਰੇ ਅਥਵਾ ਅਧਿਆਤਮਕ ਗਿਆਨ ਦੀ ਪ੍ਰਾਪਤੀ ਇਹੋ ਜਿਹੇ ਦੁਨਿਆਵੀ ਅਧਿਆਪਕਾਂ (ਪਾਂਧਿਆਂ) ਪਾਸੋਂ ਸੰਭਵ ਨਹੀਂ ਹੈ। ਇਹੀ ਕਾਰਨ ਹੈ ਕਿ ਇਸ ਬਾਣੀ ਦੇ ਆਰੰਭ ਵਿਚ ਗੁਰੂ ਜੀ ਪਾਂਧੇ ਨੂੰ ਸੰਬੋਧਨ ਕਰਦੇ ਹੋਏ ਫ਼ੁਰਮਾਉਂਦੇ ਹਨ ਕਿ ਪੱਟੀ ਉੱਤੇ ਇਧਰ-ਉਧਰ ਦੀਆਂ ਸੂਚਨਾਵਾਂ ਲਿਖਣ ਦਾ ਕੋਈ ਲਾਭ ਨਹੀਂ ਹੈ। ਆਦਰਸ਼ਕ ਅਧਿਆਪਕ ਉਹੀ ਹੈ ਜਿਸ ਤੋਂ ਪੜ੍ਹ ਕੇ ਉਸ ਦੇ ਵਿਦਿਆਰਥੀ ਗੁਰਮੁਖ ਬਣ ਸਕਣ। ਗੁਰੂ ਜੀ ਦੇ ਸ਼ਬਦਾਂ ਵਿਚ :

**ਸੁਣਿ ਪਾਡੇ ਕਿਆ ਲਿਖਹੁ ਜੰਜਾਲਾ ॥**
**ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ ॥੧॥ ਰਹਾਉ ॥**
**ਸਸੈ ਸਭੁ ਜਗੁ ਸਹਜਿ ਉਪਾਇਆ ਤੀਨਿ ਭਵਨ ਇਕ ਜੋਤੀ ॥**
**ਗੁਰਮੁਖਿ ਵਸਤੁ ਪਰਾਪਤਿ ਹੋਵੈ ਚੁਣਿ ਲੈ ਮਾਣਕ ਮੋਤੀ ॥**
**ਸਮਝੈ ਸੂਝੈ ਪੜਿ ਪੜਿ ਬੂਝੈ ਅੰਤਿ ਨਿਰੰਤਰਿ ਸਾਚਾ ॥**
**ਗੁਰਮੁਖਿ ਦੇਖੈ ਸਾਚੁ ਸਮਾਲੇ ਬਿਨੁ ਸਾਚੇ ਜਗੁ ਕਾਚਾ ॥੨॥**

*(ਪੰਨਾ 930)*

ਸੱਚੇ ਗਿਆਨ ਦੇ ਲੱਛਣ ਬਿਆਨ ਕਰਦੇ ਹੋਏ ਗੁਰੂ ਜੀ ਫ਼ੁਰਮਾਉਂਦੇ ਹਨ ਕਿ ਗਿਆਨ ਦਾ ਸੰਬੰਧ ਗੁਣਾਂ ਦੇ ਪ੍ਰਕਾਸ਼ ਨਾਲ ਜੁੜਿਆ ਹੋਇਆ ਹੈ। ਜਿਹੜਾ ਵਿਅਕਤੀ ਗੁਣਾਂ ਬਾਰੇ ਵਿਚਾਰ ਕਰਦਾ ਰਹਿੰਦਾ ਹੈ ਅਤੇ ਉਹਨਾਂ ਨੂੰ ਆਪਣੇ ਜੀਵਨ ਦਾ ਅੰਗ ਬਣਾ ਲੈਂਦਾ ਹੈ, ਉਹੀ ਗਿਆਨੀ ਹੈ ਗੁਣਾਂ ਵਿਚ ਹੀ ਗਿਆਨ ਛੁਪਿਆ ਹੋਇਆ ਹੈ। ਦੇਖੋ :

**ਗੁਣ ਵੀਚਾਰੇ ਗਿਆਨੀ ਸੋਇ॥**
**ਗੁਣ ਮਹਿ ਗਿਆਨੁ ਪਰਾਪਤਿ ਹੋਇ॥**

'ਦਖਣੀ ਓਅੰਕਾਰ' ਦੇ ਆਰੰਭ ਅਤੇ ਅੰਤ ਵਿਚ ਗੁਰੂ ਜੀ ਨੇ ਇਕ ਸੱਚੇ ਅਧਿਆਪਕ ਦਾ ਸਰੂਪ ਅਤੇ ਲੱਛਣ ਬਿਆਨ ਕੀਤੇ ਹਨ। ਆਪ ਅਨੁਸਾਰ ਉਸ ਅਧਿਆਪਕ ਨੂੰ ਪੜ੍ਹਿਆ-ਲਿਖਿਆ ਸਮਝਣਾ ਚਾਹੀਦਾ ਹੈ ਜੋ ਸਹਿਜ-ਸੁਭਾਵਕ ਢੰਗ ਨਾਲ ਗਿਆਨ ਬਾਰੇ ਸੰਵਾਦ ਰਚਾਵੇ। ਉਹ ਗਿਆਨ ਦਾ ਵਿਸ਼ਲੇਸ਼ਣ ਕਰਨ ਵਾਲਾ ਹੋਵੇ। ਗਿਆਨ ਵਿਚੋਂ ਯਥਾਰਥ ਦੀ ਤਲਾਸ਼ ਕਰ ਸਕੇ ਅਤੇ ਪਰਮਾਤਮਾ

ਦੇ ਨਾਮ ਨਾਲ ਆਪਣੀ ਸੁਰਤਿ ਜੋੜੀ ਰੱਖੇ। ਪਰ ਜਿਹੜੇ ਮਨਮੁੱਖ ਕਿਸਮ ਦੇ ਅਧਿਆਪਕ ਗਿਆਨ ਦਾ ਵਪਾਰ ਕਰਦੇ ਹਨ, ਉਹਨਾਂ ਤੋਂ ਦੂਰ ਰਹਿਣ ਵਿਚ ਹੀ ਭਲਾ ਹੈ। ਵਿਦਿਆਰਥੀ ਨੂੰ ਸਹੀ ਮਾਰਗ ਦੀ ਸੋਝੀ ਕਰਵਾਉਣ ਵਾਲਾ ਅਧਿਆਪਕ ਹੀ ਕਲਿਆਣਕਾਰੀ ਹੁੰਦਾ ਹੈ। ਅਜਿਹਾ ਅਧਿਆਪਕ ਦੱਸਦਾ ਹੈ ਕਿ ਨਾਮ ਸਿਮਰਨ ਦੁਆਰਾ ਹੀ ਜੀਵਨ ਦੇ ਅਸਲ ਪ੍ਰਯੋਜਨ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ। ਇਸ ਤਰ੍ਹਾਂ ਇਸ ਬਾਣੀ ਵਿਚ ਗੁਰੂ ਜੀ ਨੇ ਗਿਆਨ (ਸਿੱਖਿਆ) ਅਤੇ ਗਿਆਨੀ ਵਿਅਕਤੀ (ਅਧਿਆਪਕ) ਦੀ ਭੂਮਿਕਾ ਨੂੰ ਨਵੇਂ ਸਿਰਿਉਂ ਪਰਿਭਾਸ਼ਤ ਅਤੇ ਵਿਸ਼ਲੇਸ਼ਤ ਕੀਤਾ ਹੈ

## ਉਪਸੰਹਾਰ

ਅਨੁਭਵ ਅਤ ਭਾਵ-ਨਿਰੂਪਣ ਦੀ ਦ੍ਰਿਸ਼ਟੀ ਤੋਂ 'ਦਖਣੀ ਓਅੰਕਾਰ' ਇਕ ਬਹੁਤ ਮਹੱਤਵਪੂਰਨ ਅਤੇ ਪ੍ਰਾਸੰਗਿਕ ਰਚਨਾ ਹੈ। ਇਸ ਵਿਚ ਸ੍ਰਿਸ਼ਟੀ ਦੇ ਕਰਤਾ ਅਤੇ ਸੰਚਾਲਕ 'ਓਅੰਕਾਰ' ਦਾ ਗੁਣ ਗਾਇਨ ਕੀਤਾ ਗਿਆ ਹੈ। ਪਰਮਾਤਮਾ ਗਿਆਨਮਈ ਹੈ ਅਤੇ ਇਸੇ ਰੂਪ ਵਿਚ ਹੀ ਉਹ ਆਪਣੀ ਸਾਜੀ ਹੋਈ ਸ੍ਰਿਸ਼ਟੀ ਵਿਚ ਵਿਆਪਕ ਹੈ। ਉਸ ਦੇ ਇਸ ਰੂਪ ਨੂੰ ਜਾਣ ਲੈਣਾ ਹੀ ਬ੍ਰਹਮ-ਗਿਆਨ ਹੈ। ਪਰਮਾਤਮਾ ਦਾ ਸਿਮਰਨ, ਅਗਿਆਨ ਰੂਪੀ ਤਾਮਸ ਬਿਰਤੀ ਦਾ ਨਿਖੇਧ ਕਰਦਾ ਹੈ ਅਤੇ ਮਨ ਅਥਵਾ ਬੁੱਧੀ ਵਿਚ ਗਿਆਨ ਦਾ ਦੀਪ ਜਗਾ ਦਿੰਦਾ ਹੈ। ਮਨ ਅੰਦਰ ਇਸ ਦੀਪ ਨੂੰ ਜਗਾਉਣ ਵਾਲਾ ਸੱਚਾ ਸਤਿਗੁਰੂ ਹੀ ਹੈ। ਉਹ ਹੀ ਵੱਡਾ ਪੰਡਤ ਜਾਂ ਬ੍ਰਹਮਗਿਆਨੀ ਹੈ  ਬ੍ਰਹਮ-ਵਿੱਦਿਆ ਮਨ ਵਿਚ ਅਹੰਕਾਰ ਪੈਦਾ ਨਹੀਂ ਕਰਦੀ ਸਗੋਂ ਹਉਮੈ ਦੇ ਅੰਧਕਾਰ ਨੂੰ ਮੇਟਦੀ ਹੋਈ ਮਨ ਨੂੰ ਮੁਕਤੀ ਦੇ ਮਾਰਗ ਵੱਲ ਲੈ ਜਾਂਦੀ ਹੈ। ਇਸ ਤਰ੍ਹਾਂ 'ਦਖਣੀ ਓਅੰਕਾਰ' ਵਿਚ ਗੁਰਮਤਿ ਦੀ ਦ੍ਰਿਸ਼ਟੀ ਤੋਂ ਵਾਸਤਵਿਕ ਗਿਆਨ ਦੀ ਪਰਿਭਾਸ਼ਾ ਅਤੇ ਵਿਆਖਿਆ ਪੇਸ਼ ਹੋਈ ਹੈ।

# ਅਲਾਹਣੀਆਂ : ਵਿਸ਼ੈ-ਵਸਤੂ ਅਤੇ ਵਿਚਾਰਧਾਰਾ

**—ਪ੍ਰੋ. ਰਾਜਬੀਰ ਕੌਰ**

ਗੁਰੂ ਨਾਨਕ ਦੇਵ ਜੀ ਨੇ ਆਪਣੇ ਅਧਿਆਤਮਕ ਅਨੁਭਵ ਦੇ ਪ੍ਰਗਟਾਵੇ ਲਈ ਕਾਵਿ ਅਤੇ ਸੰਗੀਤ ਦਾ ਬਹੁਤ ਪ੍ਰਭਾਵਸ਼ਾਲੀ ਪ੍ਰਯੋਗ ਕੀਤਾ ਹੈ। ਉਹਨਾਂ ਨੇ ਆਪਣੀ ਸਮੁੱਚੀ ਵਿਚਾਰਧਾਰਾ ਨੂੰ ਕਾਵਿਬੱਧ ਕਰ ਦੇਣ ਦੇ ਇਕ ਮਹੱਤਵਪੂਰਨ ਕਾਰਜ ਨੂੰ ਸਰੰਜਾਮ ਦਿੱਤਾ। ਆਮ ਤੌਰ ’ਤੇ ਦੇਖਿਆ ਜਾਂਦਾ ਹੈ ਕਿ ਕੋਈ ਕਵੀ ਆਪਣੇ ਅਨੁਭਵ ਦੇ ਬਹੁਤ ਥੋੜ੍ਹੇ ਜਿਹੇ ਹਿੱਸੇ ਨੂੰ ਹੀ ਕਾਵਿਬੱਧ ਕਰ ਸਕਦਾ ਹੈ। ਉਸ ਦਾ ਬਹੁਤਾ ਅਨੁਭਵ ਕਾਵਿ ਦੇ ਮਾਧਿਅਮ ਵਿਚ ਉਤਰਨੋਂ ਇਨਕਾਰੀ ਹੋ ਜਾਂਦਾ ਹੈ। ਇਹੀ ਕਾਰਨ ਹੈ ਕਿ ਅਜਿਹੇ ਕਵੀਆਂ ਦੀ ਵਿਚਾਰਧਾਰਾ ਦਾ ਵਿਸ਼ਲੇਸ਼ਣ ਕਰਨ ਲਈ ਸਾਨੂੰ ਉਸ ਦੇ ਜੀਵਨ ਨਾਲ ਸੰਬੰਧਤ ਕਾਵਿ-ਬਾਹਰੇ ਪ੍ਰਸੰਗਾਂ ਦੀ ਵੀ ਪੁਣ-ਛਾਣ ਕਰਨੀ ਪੈਂਦੀ ਹੈ। ਇਸ ਦੇ ਨਾਲ ਹੀ ਕਈ ਵੱਡੇ ਅਤੇ ਚੰਗੇ ਕਵੀ ਇਹੋ ਜਿਹੇ ਵੀ ਦੇਖੇ ਗਏ ਹਨ, ਜਿਹਨਾਂ ਦੀ ਵਿਚਾਰਧਾਰਾ ਕਿਸੇ ਹੋਰ ਦਿਸ਼ਾ ਵੱਲ ਜਾਂਦੀ ਹੈ ਅਤੇ ਕਾਵਿ-ਕਰਮ ਕਿਸੇ ਵੱਖਰੀ ਦਿਸ਼ਾ ਵੱਲ ਅਹੁਲ ਰਿਹਾ ਹੁੰਦਾ ਹੈ। ਉਹਨਾਂ ਦਾ ਅਨੁਭਵ ਖੰਡਿਤ ਹੋ ਚੁੱਕਾ ਹੁੰਦਾ ਹੈ। ਅਜਿਹੇ ਕਵੀਆਂ ਦੇ ਕਲਾਮ ਦਾ ਵਿਸ਼ਲੇਸ਼ਣ ਕਰਨ ਵਾਸਤੇ ਕਾਫ਼ੀ ਸਤਰਕ ਰਹਿਣਾ ਪੈਂਦਾ ਹੈ। ਪਰੰਤੂ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਵਿਆਖਿਆ ਕਰਨ ਸਮੇਂ ਇਹੋ ਜਿਹੀ ਕੋਈ ਮੁਸ਼ਕਲ ਦਰਪੇਸ਼ ਨਹੀਂ ਆਉਂਦੀ। ਸਭ ਕੁਝ ਬੜੇ ਕਰੀਨੇ ਅਤੇ ਵਿਉਂਤ ਨਾਲ ਟਿਕਾਇਆ ਹੋਇਆ ਹੈ। ਜੇ ਕੋਈ ਮੁਸ਼ਕਲ ਹੈ ਤਾਂ ਬਸ ਏਨੀ ਕੁ ਕਿ ਸਾਨੂੰ ਪਦਾਰਥਕ ਅਨੁਭਵ ਦੇ ਗਿੱਝੇ ਪਾਠਕਾਂ ਨੂੰ ਅਧਿਆਤਮਕ ਅਨੁਭਵ ਦੀਆਂ ਬੁਲੰਦੀਆ ਅਤੇ ਰਮਜ਼ਾਂ ਤਕ ਪਹੁੰਚਣਾ ਜ਼ਰੂਰ ਕਠਨ ਹੋ ਜਾਂਦਾ ਹੈ, ਪਰ ਇਹ ਸਾਡੀ ਆਪਣੀ ਸੀਮਾ ਹੈ।

ਗੁਰੂ ਨਾਨਕ ਦੇਵ ਜੀ ਨੇ ਇਕ ਨਵੇਂ ਆਜ਼ਾਦ ਮਨੁੱਖ ਦੀ ਸਿਰਜਣਾ ਵਾਸਤੇ ਉਸ ਦੇ ਜੀਵਨ ਨਾਲ ਜੁੜੇ ਸੰਸਕਾਰਾਂ ਅਤੇ ਰੀਤੀ-ਰਿਵਾਜਾਂ ਨੂੰ ਵੀ ਇਕ ਨਵਾਂ ਰੂਪ ਅਤੇ ਸੰਗਠਨ ਪ੍ਰਦਾਨ ਕੀਤਾ। ਸੰਸਕਾਰ ਅਤੇ ਰੀਤੀਆਂ ਮਨੁੱਖ ਦੇ ਅਵਚੇਤਨ ਮਨ ਦੇ ਨਿਰਮਾਣ ਵਿਚ ਵੱਡਾ ਯੋਗਦਾਨ ਪਾਉਂਦੇ ਹਨ। ਅੱਗੋਂ ਅਵਚੇਤਨ, ਮਨੁੱਖ

ਦੇ ਮਨ ਨੂੰ ਨਿਯੰਤਰਣ ਵਿਚ ਕਰੀ ਰੱਖਦਾ ਹੈ ਅਤੇ ਉਸ ਨੂੰ ਕੋਈ ਇਨਕਲਾਬੀ ਕਦਮ ਚੁੱਕਣ ਤੋਂ ਵਰਜਦਾ ਰਹਿੰਦਾ ਹੈ। ਸੋ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਬਾਣੀਆਂ ਦੇ ਮਾਧਿਅਮ ਦੁਆਰਾ ਮਨੁੱਖ ਨੂੰ ਰੈਡੀਕਲ ਅਤੇ ਇਨਕਲਾਬੀ ਸੰਸਕਾਰ ਅਥਵਾ ਰੀਤੀ-ਰਿਵਾਜ ਪ੍ਰਦਾਨ ਕਰਨ ਦਾ ਇਕ ਵਿਆਪਕ ਪ੍ਰੋਗਰਾਮ ਬਣਾਇਆ। ਅਧਿਆਤਮਕ ਵਾਰਾਂ, ਗੋਸ਼ਟਾਂ, ਸੁਚਜੀ, ਕੁਚਜੀ ਅਤੇ ਅਲਾਹਣੀਆਂ ਵਰਗੀਆਂ ਸੰਸਕਾਰ ਯੁਕਤ ਬਾਣੀਆਂ ਰਚ ਕੇ ਆਪ ਨੇ ਵਿਅਕਤੀ ਦੇ ਵਰਤੋਂ, ਵਿਹਾਰ ਵਿਚ ਵੀ ਮੂਲ ਭੂਤ ਪਰਿਵਰਤਨ ਲਿਆਉਣ ਦੇ ਯਤਨ ਕੀਤੇ। ਇਸ ਤਰ੍ਹਾਂ 'ਅਲਾਹਣੀਆਂ' ਵੀ ਗੁਰੂ ਜੀ ਦੀਆਂ ਹੋਰ ਬਾਣੀਆਂ ਵਾਂਗ ਵਿਅਕਤੀ ਨੂੰ ਇਕ ਨਵੇਂ ਕਾਰਜ-ਕ੍ਰਮ ਅਨੁਸਾਰ ਪ੍ਰੋਗਰਾਮ ਕਰਨ ਦੀ ਚੇਸ਼ਟਾ ਕਰਦੀਆਂ ਹਨ।

'ਅਲਾਹਣੀਆਂ' ਉਹਨਾਂ ਬੋਲਾਂ ਜਾਂ ਪੰਕਤੀਆਂ ਨੂੰ ਕਿਹਾ ਜਾਂਦਾ ਹੈ ਜੋ ਕਿਸੇ ਵਿਅਕਤੀ ਦੀ ਮੌਤ ਦੇ ਉਪਰੰਤ ਉਸ ਦੇ ਗੁਣਾਂ-ਲੱਛਣਾਂ ਦਾ ਸਮਰਣ ਕਰ ਕੇ ਉਸ ਦੀ ਯਾਦ ਵਿਚ ਸ਼ੋਕ ਵਿਅਕਤ ਕਰਨ ਵਾਸਤੇ ਸਮੂਹਿਕ ਜਾਂ ਵਿਅਕਤੀਗਤ ਰੂਪ ਵਿਚ ਉਚਾਰੀਆਂ ਜਾਂਦੀਆਂ ਹਨ। **ਗੁਰਸ਼ਬਦ ਰਤਨਾਕਰ** ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ 'ਅਲਾਹਣੀਆਂ' ਸ਼ਲਾਘਾ ਜਾਂ ਉਸਤਤ ਦੀ ਉਸ ਕਵਿਤਾ ਦਾ ਨਾਮ ਹੈ, ਜਿਸ ਵਿਚ ਕਿਸੇ ਦੇ ਗੁਣ ਗਾਏ ਜਾਣ; ਵਿਸ਼ੇਸ਼ ਕਰ ਮੋਏ ਪ੍ਰਾਣੀ ਦੇ ਗੁਣ-ਕਰਮ ਕਹਿ ਕੇ ਜੋ ਗੀਤ ਗਾਇਆ ਜਾਂਦਾ ਹੈ, ਉਸ ਦਾ ਨਾਮ ਅਲਾਹਣੀ ਹੈ। ਇਸ ਬਾਣੀ ਦੇ ਮਾਧਿਅਮ ਦੁਆਰਾ ਗੁਰੂ ਨਾਨਕ ਦੇਵ ਜੀ ਵਿਅਕਤੀ ਦੀ ਮੌਤ ਸੰਬੰਧੀ ਇਕ ਵੱਖਰੀ ਅਤੇ ਨਵੀਂ ਵਿਚਾਰਧਾਰਾ ਦਾ ਪ੍ਰਕਾਸ਼ ਕਰਦੇ ਹਨ।

## ਮੌਤ ਦਾ ਸੰਕਲਪ

ਮੌਤ ਸੰਬੰਧੀ ਗੁਰੂ ਜੀ ਦੀ ਪ੍ਰਮੁੱਖ ਧਾਰਨਾ ਇਹ ਹੈ ਕਿ ਵਿਅਕਤੀ ਦਾ ਜੀਵਨ-ਕਾਲ ਪੂਰਵ-ਨਿਸਚਿਤ ਹੈ। ਇਸ ਵਿਚ ਕਿਸੇ ਅਦਲਾ-ਬਦਲੀ ਜਾਂ ਸੋਧ ਦੀ ਗੁੰਜਾਇਸ਼ ਨਹੀਂ ਹੈ। ਇਸ ਲਈ ਜਿਵੇਂ ਹੀ ਜੀਵਨ-ਸਮਾਪਤੀ ਦੀ ਘੜੀ ਆ ਜਾਂਦੀ ਹੈ, ਮਨੁੱਖ ਨੂੰ ਆਪਣੇ ਸਾਰੇ ਕੰਮ-ਧੰਦੇ ਛੱਡ ਕੇ ਜਾਣਾ ਪੈਂਦਾ ਹੈ। ਸ਼ੇਖ਼ ਬਾਬਾ ਫ਼ਰੀਦ ਜੀ ਨੇ ਵੀ ਮੌਤ ਦੇ ਸੰਕਲਪ ਸੰਬੰਧੀ ਕੁਝ ਇਹੋ ਜਿਹੇ ਵਿਚਾਰ ਵਿਅਕਤ ਕੀਤੇ ਸਨ। ਦੇਖੋ :

**ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ॥**
**ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ॥**
**ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ॥**
**ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ॥**
**ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ॥**

**ਆਪਣ ਹਥੀ ਜੋਲਿ ਕੈ ਕੈ ਗਲਿ ਲਗੈ ਧਾਇ॥**

*(ਸਲੋਕ ਸੇਖ ਫਰੀਦ ਕੇ, ਪੰਨਾ 1377)*

ਗੁਰੂ ਨਾਨਕ ਦੇਵ ਜੀ ਨੇ 'ਅਲਾਹਣੀਆਂ' ਦਾ ਆਰੰਭ ਇਸੇ ਤਰ੍ਹਾਂ ਦੀ ਵਿਚਾਰਧਾਰਾ ਨਾਲ ਕੀਤਾ ਹੈ ਅਤੇ ਦਰਸਾਇਆ ਹੈ ਕਿ ਜਦੋਂ ਵਿਅਕਤੀ ਦੀ 'ਮੋਹਲਤ' ਖ਼ਤਮ ਹੋ ਜਾਂਦੀ ਹੈ ਤਾਂ ਜਮਦੂਤ ਵਿਅਕਤੀ ਨੂੰ ਅੱਗੇ ਲਾ ਕੇ ਲੈ ਜਾਂਦੇ ਹਨ। ਗੁਰੂ ਜੀ ਦੇ ਸ਼ਬਦਾਂ ਵਿਚ:

**ਧੰਨੁ ਸਿਰੰਦਾ ਸਚਾ ਪਾਤਿਸਾਹੁ ਜਿਨਿ ਜਗੁ ਧੰਧੈ ਲਾਇਆ॥**
**ਮੁਹਲਤਿ ਪੁਨੀ ਪਾਈ ਭਰੀ ਜਾਨੀਅੜਾ ਘਤਿ ਚਲਾਇਆ॥**
**ਜਾਨੀ ਘਤਿ ਚਲਾਇਆ ਲਿਖਿਆ ਆਇਆ ਰੁੰਨੇ ਵੀਰ ਸਬਾਏ॥**
**ਕਾਂਇਆ ਹੰਸ ਥੀਆ ਵੇਛੋੜਾ ਜਾਂ ਦਿਨ ਪੁੰਨੇ ਮੇਰੀ ਮਾਏ॥**

*(ਪੰਨਾ 578)*

ਮੌਤ ਦੇ ਸੰਕਲਪ ਸੰਬੰਧੀ ਇਕ ਹੋਰ ਵਿਚਾਰ ਭਗਤ ਕਬੀਰ ਜੀ ਨੇ ਵੀ ਪੇਸ਼ ਕੀਤਾ ਹੈ। ਉਹਨਾਂ ਅਨੁਸਾਰਾ ਮੌਤ ਤੋਂ ਡਰਨ ਜਾਂ ਭੈਭੀਤ ਹੋਣ ਦੀ ਕੋਈ ਲੋੜ ਨਹੀਂ ਕਿਉਂਕਿ ਗੁਰਮੁਖਾਂ (ਭਗਤਾਂ) ਨੇ ਪ੍ਰਭੂ ਦੀ ਇੱਛਾ ਅਨੁਸਾਰ ਸ਼ੁਭ ਕਰਮ ਕਰਦਿਆਂ ਹੋਇਆਂ ਜੀਵਨ ਜੀਵਿਆ ਹੁੰਦਾ ਹੈ, ਉਹ ਮੌਤ ਉਪਰੰਤ ਪਰਮਾਨੰਦ ਦੀ ਪ੍ਰਾਪਤੀ ਕਰ ਲੈਂਦੇ ਹਨ। ਉਹਨਾਂ ਦਾ ਆਵਾਗਵਣ ਦਾ ਚੱਕਰ ਸਮਾਪਤ ਹੋ ਜਾਂਦਾ ਹੈ। ਦੇਖੋ:

**ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ॥**
**ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥੨੨॥**

*(ਪੰਨਾ 1365)*

ਗੁਰੂ ਜੀ ਦੀ ਬਾਣੀ ਵਿਚ ਮੌਤ ਤੋਂ ਪਿੱਛੋਂ ਪ੍ਰਾਪਤ ਹੋਣ ਵਾਲੇ ਆਨੰਦ ਦਾ ਵੀ ਵਰਣਨ ਆਇਆ ਹੈ। ਗੁਰੂ ਜੀ ਫ਼ੁਰਮਾਉਂਦੇ ਹਨ ਕਿ ਮੌਤ ਨੂੰ ਮੰਦਾ ਨਹੀਂ ਆਖਣਾ ਚਾਹੀਦਾ ਅਤੇ ਨਾ ਹੀ ਇਸ ਤੋਂ ਡਰਨ ਦੀ ਲੋੜ ਹੈ ਕਿਉਂਕਿ ਮੌਤ ਉਪਰੰਤ ਹੀ ਚੰਗੇ ਫਲ ਦੀ ਪ੍ਰਾਪਤੀ ਹੁੰਦੀ ਹੈ। ਪਰਮਾਤਮਾ ਨਾਲ ਮੇਲ ਹੋ ਜਾਂਦਾ ਹੈ ਅਤੇ ਜੀਵਾਤਮਾ ਆਨੰਦ ਦੀ ਪ੍ਰਾਪਤੀ ਕਰ ਲੈਂਦੀ ਹੈ। ਗੁਰੂ ਜੀ ਫ਼ੁਰਮਾਉਂਦੇ ਹਨ:

**ਮਰਣੁ ਨ ਮੰਦਾ ਲੋਕਾ ਆਖੀਐ ਜੇ ਮਰਿ ਜਾਣੈ ਐਸਾ ਕੋਇ॥**
**ਸੇਵਿਹੁ ਸਾਹਿਬੁ ਸੰਮ੍ਰਥੁ ਆਪਣਾ ਪੰਥੁ ਸੁਹੇਲਾ ਆਗੈ ਹੋਇ॥...**
**ਮਹਲੀ ਜਾਇ ਪਾਵਹੁ ਖਸਮੈ ਭਾਵਹੁ ਰੰਗ ਸਿਉ ਰਲੀਆ ਮਾਣੈ॥**
**ਮਰਣੁ ਨ ਮੰਦਾ ਲੋਕਾ ਆਖੀਐ ਜੇ ਕੋਈ ਮਰਿ ਜਾਣੈ॥**

*(ਪੰਨਾ 579)*

ਮੌਤ ਦੇ ਸੰਕਲਪ ਦੀ ਇਕ ਹੋਰ ਵਿਆਖਿਆ ਕਰਦੇ ਹੋਏ ਗੁਰੂ ਜੀ ਫ਼ੁਰਮਾਉਂਦੇ

ਹਨ ਕਿ ਉਹਨਾਂ ਵਿਅਕਤੀਆਂ ਦੀ ਮੌਤ ਜੀਵਨ ਤੋਂ ਵੀ ਸ਼ਾਨਦਾਰ ਅਤੇ ਸਾਰਥਕ ਹੈ, ਜਿਹੜੇ ਆਪਣੇ ਸਿਧਾਂਤਾਂ ਜਾਂ ਆਦਰਸ਼ਾਂ ਦੀ ਪੂਰਤੀ ਲਈ ਖ਼ੁਦ ਅੱਗੇ ਵਧ ਕੇ ਮੌਤ ਦੀ ਸਵੈ-ਚੋਣ ਕਰਦੇ ਹਨ। ਇਥੇ ਗੁਰੂ ਜੀ 'ਸ਼ਹੀਦ' ਦੇ ਸੰਕਲਪ ਦੀ ਵਿਆਖਿਆ ਕਰ ਰਹੇ ਹਨ। ਸਿੱਖ ਧਰਮ ਵਿਚ ਸ਼ਹੀਦੀਆਂ ਦੀ ਲੋੜ ਬੇਸ਼ੱਕ ਕਈ ਦਹਾਕੇ ਬਾਅਦ ਵਿਚ ਉਤਪੰਨ ਹੋਈ ਪਰੰਤੂ ਗੁਰੂ ਜੀ ਜਾਣਦੇ ਸਨ ਕਿ ਨਵੇਂ ਅਤੇ ਇਨਕਲਾਬੀ ਕਦਮ ਪੁੱਟਣ ਸਮੇਂ ਅਤੇ ਲੋਕਾਂ ਨੂੰ ਕ੍ਰਾਂਤੀਕਾਰੀ ਵਿਚਾਰਧਾਰਾ ਦਾ ਪਾਠ ਪੜ੍ਹਾਉਣ ਸਮੇਂ ਸ਼ਹੀਦੀਆਂ ਦੀ ਲੋੜ ਪੈਂਦੀ ਹੈ। ਇਹੀ ਕਾਰਨ ਹੈ ਕਿ ਆਪ ਨੇ ਆਪਣੀ ਇਸ ਬਾਣੀ ਵਿਚ ਸ਼ਹੀਦ ਦੀ ਮ੍ਰਿਤੂ ਨੂੰ ਗੌਰਵਮਈ ਬਣਾ ਕੇ ਪੇਸ਼ ਕੀਤਾ ਹੈ। ਦੇਖੋ :

**ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ ॥**
**ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ ॥**
**ਦਰਗਹ ਮਾਣੁ ਪਾਵਹਿ ਪਤਿ ਸਿਉ ਜਾਵਹਿ ਆਗੈ ਦੂਖੁ ਨ ਲਾਗੈ ॥**
**ਕਰਿ ਏਕੁ ਧਿਆਵਹਿ ਤਾਂ ਫਲੁ ਪਾਵਹਿ ਜਿਤੁ ਸੇਵਿਐ ਭਉ ਭਾਗੈ ॥**

*(ਪੰਨਾ 579)*

ਗੁਰੂ ਨਾਨਕ ਦੇਵ ਜੀ ਭਾਰਤੀ ਦਰਸ਼ਨ ਵਿਚਲੀ ਵਿਚਾਰਧਾਰਾ ਨੂੰ ਇਕ ਨਵਾਂ ਆਯਾਮ ਪ੍ਰਦਾਨ ਕਰਦੇ ਹੋਏ ਇਸ ਜਗਤ ਵਿਚ ਵਿਅਕਤੀ ਦੇ ਜੀਵਨ ਨੂੰ 'ਪਰਮਾਤਮਾ ਦੀ ਇਕ ਬਾਜ਼ੀ' ਅਰਥਾਤ ਖੇਡ-ਤਮਾਸ਼ੇ ਦਾ ਨਾਮ ਦਿੰਦੇ ਹਨ। ਜਿਸ ਤਰ੍ਹਾਂ ਖੇਡ ਵਿਚਲੀ ਜਿੱਤ-ਹਾਰ ਨੂੰ ਸਮਭਾਵਨਾ ਨਾਲ ਗ੍ਰਹਿਣ ਕਰਨਾ ਚਾਹੀਦਾ ਹੈ ਅਤੇ ਰੋਣ-ਧੋਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ, ਇਸੇ ਤਰ੍ਹਾਂ ਮੌਤ ਨੂੰ ਵੀ ਖੇਡ ਦੇ ਇਕ ਅਨਿਵਾਰਯ ਅੰਗ ਵਜੋਂ ਹੀ ਗ੍ਰਹਿਣ ਕਰਨਾ ਚਾਹੀਦਾ ਹੈ। ਆਪ ਫ਼ੁਰਮਾਉਂਦੇ ਹਨ :

**ਨਾਨਕ ਕਿਸ ਨੋ ਬਾਬਾ ਰੋਈਐ ਬਾਜੀ ਹੈ ਇਹੁ ਸੰਸਾਰੋ ॥**
**ਕੀਤਾ ਵੇਖੈ ਸਾਹਿਬੁ ਆਪਣਾ ਕੁਦਰਤਿ ਕਰੇ ਬੀਚਾਰੋ ॥**

*(ਪੰਨਾ 580)*

ਮੌਤ ਦਾ ਇਕ ਹੋਰ ਜਟਿਲ ਪੱਖ ਮੌਤ ਦੇ ਸਮੇਂ ਅਰਥਾਤ ਮ੍ਰਿਤਕ ਦੀ ਉਮਰ ਅਤੇ ਸ਼ਖ਼ਸੀਅਤ ਆਦਿਕ ਨਾਲ ਜੁੜਿਆ ਹੁੰਦਾ ਹੈ। ਕਈ ਵਾਰ ਦੁਨਿਆਵੀ ਸੋਚ ਦੇ ਧਾਰਨੀ ਲੋਕਾਂ ਨੂੰ ਇਸ ਗੱਲ ਦੀ ਸਮਝ ਨਹੀਂ ਆਉਂਦੀ ਕਿ ਫਲਾਣੇ ਵਿਅਕਤੀ ਨੇ ਪ੍ਰਤੱਖ ਰੂਪ ਵਿਚ ਤਾਂ ਕਦੇ ਕੋਈ ਮਾੜਾ ਕਰਮ ਨਹੀਂ ਕੀਤਾ ਸੀ, ਫਿਰ ਉਹ ਕਿਉਂ ਏਨੀ ਅਲਪ ਆਯੂ ਵਿਚ ਮਰ ਗਿਆ ਜਾਂ ਫਲਾਣਾ ਵਿਅਕਤੀ ਬੁਰੇ ਕਰਮ ਕਰਨ ਦੇ ਬਾਵਜੂਦ ਮੌਜਾਂ ਮਾਣ ਰਿਹਾ ਹੈ—ਇਹ ਵਿਰੋਧੀ ਗੱਲਾਂ ਕਿਉਂ ਅਤੇ ਕਿਵੇਂ ਵਾਪਰ ਜਾਂਦੀਆਂ ਹਨ ? ਇਹਨਾਂ ਸ਼ੰਕਾਵਾਂ ਦੇ ਸਮਾਧਾਨ ਦਿੰਦੇ ਹੋਏ ਗੁਰੂ ਜੀ ਦੱਸਦੇ

ਹਨ ਕਿ ਕਿ ਪ੍ਰਾਣੀ ਦੀ ਮੌਤ ਦਾ ਇਕ ਵੱਡਾ ਕਾਰਨ ਪੂਰਬਲੇ ਜੀਵਨ ਦੇ ਕਰਮਾਂ ਨਾਲ ਵੀ ਸੰਬੰਧਤ ਹੁੰਦਾ ਹੈ। ਬਹੁਤੇ ਲੋਕ ਪੂਰਬਲੇ ਜਨਮ ਦੇ ਕਰਮਾਂ ਕਾਰਨ ਹੀ ਖੱਜਲ-ਖ਼ੁਆਰ ਹੁੰਦੇ ਹਨ। ਗੁਰੂ ਜੀ ਦੇ ਸ਼ਬਦਾਂ ਵਿਚ :

**ਜੇਹਾ ਲਿਖਿਆ ਤੇਹਾ ਪਾਇਆ ਜੇਹਾ ਪੁਰਬਿ ਕਮਾਇਆ॥**
**ਧੰਨੁ ਸਿਰੰਦਾ ਸਚਾ ਪਾਤਿਸਾਹੁ ਜਿਨਿ ਜਗੁ ਧੰਧੈ ਲਾਇਆ॥**

*(ਪੰਨਾ 579)*

ਅਤੇ

**ਸਦੜੇ ਆਏ ਤਿਨਾ ਜਾਨੀਆ ਹੁਕਮਿ ਸਚੇ ਕਰਤਾਰੋ॥**
**ਨਾਰੀ ਪੁਰਖ ਵਿਛੁੰਨਿਆ ਵਿਛੁੜਿਆ ਮੇਲਣਹਾਰੋ ॥**
**ਰੂਪੁ ਨ ਜਾਣੈ ਸੋਹਣੀਐ ਹੁਕਮਿ ਬਧੀ ਸਿਰਿ ਕਾਰੋ ॥**
**ਬਾਲਕ ਬਿਰਧਿ ਨ ਜਾਣਨੀ ਤੋੜਨਿ ਹੇਤੁ ਪਿਆਰੋ ॥**

*(ਪੰਨਾ 580)*

ਗੁਰੂ ਸਾਹਿਬ ਜੀਵਨ ਅਤੇ ਮੌਤ ਦੋਹਾਂ ਨੂੰ ਪ੍ਰਭੂ ਦੀ ਇਕ ਲੀਲ੍ਹਾ ਦੇ ਰੂਪ ਵਿਚ ਸਵੀਕਾਰ ਕਰਦੇ ਹਨ। ਇਸੇ ਲਈ ਆਪ ਉਸ ਦੀ ਹਰ ਰਜ਼ਾ ਵਿਚ ਰਾਜ਼ੀ ਰਹਿਣ ਦਾ ਉਪਦੇਸ਼ ਦਿੰਦੇ ਹਨ। ਰਜ਼ਾ ਵਿਚ ਰਾਜ਼ੀ ਰਹਿਣ ਵਾਲਾ ਵਿਅਕਤੀ ਪ੍ਰਭੂ ਦੇ ਕਿਸੇ ਹੁਕਮ ਦੇ ਅੱਗੇ ਵਿਚਲਿਤ ਜਾਂ ਅਸ਼ਾਂਤ ਨਹੀਂ ਹੁੰਦਾ। ਉਹ ਜਾਣਦਾ ਹੈ ਕਿ ਜਦੋਂ ਪਰਮਾਤਮਾ ਨੇ ਏਨੀਆਂ ਦਾਤਾਂ ਬਿਨਾਂ ਮੰਗਿਆਂ ਦੇ ਰੱਖੀਆਂ ਹਨ ਤਾਂ ਫਿਰ ਜੇ ਉਹ ਇਹਨਾਂ ਵਿਚੋਂ ਇਕ-ਅੱਧ ਵਾਪਸ ਲੈ ਲੈਂਦਾ ਹੈ ਤਾਂ ਸਾਨੂੰ ਉਸ ਦੀ ਮਰਜ਼ੀ ਦੇ ਵਿਰੁੱਧ ਉਜ਼ਰ ਨਹੀਂ ਕਰਨਾ ਚਾਹੀਦਾ। ਇਸ ਲਈ ਗੁਰੂ ਜੀ ਕਿਸੇ ਪ੍ਰਾਣੀ ਦੇ ਕਾਲਵੱਸ ਹੋ ਜਾਣ ਮਗਰੋਂ ਰੋਣ-ਧੋਣ ਨੂੰ ਇਕ ਮਿਥਿਆ ਕਰਮ ਜਾ ਲੋਕ-ਦਿਖਾਵੇ ਦਾ ਨਾਮ ਦਿੰਦੇ ਹਨ। ਆਪ ਦਾ ਫ਼ੁਰਮਾਨ ਹੈ ਕਿ ਜਿਹੜੇ ਲੋਕ ਸੱਚੇ ਪਰਮਾਤਮਾ ਦੇ ਗੁਣਾਂ ਜਾਂ ਦਾਤਾਂ ਨੂੰ ਯਾਦ ਕਰ ਕੇ ਰੋਂਦੇ ਹਨ, ਉਹਨਾਂ ਦਾ ਰੋਣਾ ਤਾਂ ਵਾਜਬ ਹੈ ਪਰੰਤੂ ਜਿਹੜੇ ਲੋਕ ਮਾਇਆ ਦੇ ਲੋਭ ਲਾਲਚ ਜਾਂ ਦੁਨਿਆਵੀ ਧੰਦਿਆਂ ਦੀ ਖ਼ਾਤਰ ਰੋਂਦੇ ਹਨ, ਉਹ ਮਨਮੁਖ ਅਤੇ ਅਗਿਆਨੀ ਹਨ। ਦੇਖੋ :

**ਬਾਬਾ ਰੋਵਹਿ ਰਵਹਿ ਸੁ ਜਾਣੀਅਹਿ ਮਿਲਿ ਰੋਵੈ ਗੁਣ ਸਾਰੇਵਾ ॥**
**ਰੋਵੈ ਮਾਇਆ ਮੁਠੜੀ ਧੰਧੜਾ ਰੋਵਣਹਾਰੇਵਾ॥**
**ਧੰਧਾ ਰੋਵੈ ਮੈਲੁ ਨ ਧੋਵੈ ਸੁਪਨੰਤਰੁ ਸੰਸਾਰੋ ॥**
**ਜਿਉ ਬਾਜੀਗਰੁ ਭਰਮੈ ਭੂਲੈ ਝੂਠਿ ਮੁਠੀ ਅਹੰਕਾਰੋ ॥**

*(ਪੰਨਾ 581)*

ਮ੍ਰਿਤੂ ਦੇ ਸੰਬੰਧ ਵਿਚ ਗੁਰੂ ਨਾਨਕ ਦੇਵ ਜੀ ਦਾ ਸਿੱਧਾ ਅਤੇ ਸਪੱਸ਼ਟ ਸੰਦੇਸ਼ ਤਾਂ ਇਹ ਹੈ ਕਿ ਵਿਅਕਤੀ ਨੂੰ ਪਰਮਾਤਮਾ ਦੇ ਬੁਲਾਵੇ ਵਾਸਤੇ ਸਦਾ ਤਤਪਰ

ਰਹਿਣਾ ਚਾਹੀਦਾ ਹੈ। ਉਸ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਇਹ ਦੁਨੀਆਂ ਉਸ ਦੀ ਮੰਜ਼ਲ ਨਹੀਂ ਹੈ। ਮੰਜ਼ਲ ਤਾਂ ਉਹੀ ਹੈ ਜਿਥੋਂ ਉਹ ਆਇਆ ਸੀ। ਹਰ ਵਿਅਕਤੀ ਨੂੰ ਆਪਣਾ ਅਸਲ ਘਰ ਸਦਾ ਯਾਦ ਰੱਖਣਾ ਚਾਹੀਦਾ ਹੈ। ਇਸ ਦੁਨੀਆਂ ਵਿਚ ਉਸ ਦਾ ਟਿਕਾਣਾ ਇਕ ਮੁਸਾਫ਼ਰ (ਯਾਤਰੀ) ਵਾਂਗ ਹੈ। ਯਾਤਰਾ ਖ਼ਤਮ ਹੋਵੇਗੀ ਤਾਂ ਵਾਪਸੀ ਦਾ ਸਫ਼ਰ ਸ਼ੁਰੂ ਹੋ ਜਾਵੇਗਾ। ਇਸ ਵਿਚ ਦੁਖੀ ਜਾਂ ਪੀੜਤ ਹੋਣ ਵਾਲੀ ਗੱਲ ਨਹੀਂ ਸੋਚਣੀ ਚਾਹੀਦੀ। ਬਲਕਿ ਮਰਨ ਵਾਲੇ ਵਿਅਕਤੀ ਨੂੰ ਉਸੇ ਤਰ੍ਹਾਂ ਅਸੀਸਾਂ ਦੇ ਕੇ ਤੋਰਨਾ ਚਾਹੀਦਾ ਹੈ, ਜਿਵੇਂ ਪੇਕਿਆਂ ਤੋਂ ਸਹੁਰੇ ਘਰ ਜਾਣ ਵਾਲੀ ਇਸਤਰੀ ਨੂੰ ਵਿਦਾਇਗੀ ਦਿੱਤੀ ਜਾਂਦੀ ਹੈ। ਮੌਤ, ਜੀਵਾਤਮਾ ਅਤੇ ਪਰਮਾਤਮਾ ਦੇ ਦਰਮਿਆਨ ਸੱਚੇ ਮੇਲ ਦਾ ਕਾਰਨ ਬਣਦੀ ਹੈ।

## ਪਰਮਾਤਮਾ

'ਅਲਾਹਣੀਆਂ' ਵਿਚ ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਦੇ ਸੰਕਲਪ ਦੀ ਵੀ ਭਰਪੂਰ ਵਿਆਖਿਆ ਕੀਤੀ ਹੈ। ਗੁਰੂ ਜੀ ਦੀ ਪਰਮਾਤਮਾ ਦੇ ਸੰਬੰਧ ਵਿਚ ਸਭ ਤੋਂ ਪਹਿਲੀ ਸਥਾਪਨਾ ਇਹ ਹੈ ਕਿ ਉਸ ਨੇ ਸਾਰੇ ਜਗਤ ਦੀ ਸਿਰਜਣਾ ਕਰ ਕੇ ਲੋਕਾਂ ਨੂੰ ਵੱਖ-ਵੱਖ ਧੰਦਿਆਂ ਉਪਰ ਨਿਯੁਕਤ ਕਰ ਦਿੱਤਾ ਹੈ। ਗੁਰਮੁਖ ਲੋਕ ਧੰਦਿਆਂ ਦਾ ਨਿਰਵਾਹ ਕਰਦੇ ਹੋਏ ਵੀ ਪਰਮਾਤਮਾ ਦੀ ਯਾਦ ਅਤੇ ਨਾਮ ਨੂੰ ਸਮਰਪਿਤ ਰਹਿੰਦੇ ਹਨ ਜਦੋਂ ਕਿ ਬਹੁਤੇ ਲੋਕ ਮਾਇਆ ਦੇ ਆਕਰਸ਼ਣ ਵਿਚ ਬੱਝ ਕੇ ਪਰਮਾਤਮਾ ਤੋਂ ਬੇਮੁਖ ਹੋ ਜਾਂਦੇ ਹਨ। ਅੰਤ ਵਿਚ ਮੌਤ ਦੇ ਸਮੇਂ ਇਹੋ ਜਿਹੇ ਲੋਕ ਹੀ ਬਹੁਤੇ ਦੁਖੀ ਅਤੇ ਪੀੜਤ ਹੁੰਦੇ ਹਨ। ਉਹਨਾਂ ਨੂੰ ਪਰਮਾਤਮਾ ਦੀ ਦਰਗਾਹ ਵਿਚ ਮਿਲਣ ਵਾਲੀਆ ਸਜ਼ਾਵਾਂ ਦਾ ਡਰ ਸਤਾਉਂਦਾ ਰਹਿੰਦਾ ਹੈ।

ਗੁਰੂ ਸਾਹਿਬ ਪਰਮਾਤਮਾ ਨੂੰ ਸਰਬ ਕਲਾ ਸਮਰੱਥ ਮੰਨਦੇ ਹਨ। ਉਹ ਜੋ ਚਾਹੁੰਦਾ ਹੈ, ਉਹੀ ਕੁਝ ਵਾਪਰਦਾ ਹੈ ਅਤੇ ਉਸ ਦੀ ਮਰਜ਼ੀ ਦਾ ਉਲੰਘਣ ਨਹੀਂ ਕੀਤਾ ਜਾ ਸਕਦਾ। ਉਸ ਦੀ ਲੀਲ੍ਹਾ ਦਾ ਭੇਤ ਪਾਉਣਾ ਅਸੰਭਵ ਹੈ। ਉਹ ਆਪ ਹੀ ਸ੍ਰਿਸ਼ਟੀ ਨੂੰ ਪੈਦਾ ਕਰਦਾ ਹੈ ਅਤੇ ਆਪ ਹੀ ਇਸ ਦਾ ਸੰਘਾਰ ਵੀ ਕਰ ਦਿੰਦਾ ਹੈ। ਇਹ ਸਾਰਾ ਜਗਤ ਉਸ ਦੀ ਰਚਨਾਤਮਕ ਸ਼ਕਤੀ ਦਾ ਇਕ ਬਹਾਨਾ ਹੈ। ਗੁਰੂ ਜੀ ਫ਼ੁਰਮਾਉਂਦੇ ਹਨ :

**ਢਾਹੇ ਢਾਹਿ ਉਸਾਰੇ ਆਪੇ ਹੁਕਮਿ ਸਵਾਰਣਹਾਰੋ ॥**
**ਜੋ ਤਿਸੁ ਭਾਵੈ ਸੰਮ੍ਰਥ ਸੋ ਥੀਐ ਹੀਲੜਾ ਏਹੁ ਸੰਸਾਰੋ ॥**

*(ਪੰਨਾ 579)*

ਪਰਮਾਤਮਾ ਦੀ ਸਿਰਜਣ ਸ਼ਕਤੀ ਬੇਅੰਤ ਹੈ। ਉਸ ਨੇ ਸਮੁੱਚੇ ਬ੍ਰਹਿਮੰਡ ਦੀ ਸਿਰਜਣਾ ਕੀਤੀ ਹੈ ਸੂਰਜ ਅਤੇ ਚੰਦ ਬਣਾਏ ਹਨ, ਜੋ ਦਿਨ ਰਾਤ ਨਿਰੰਤਰ ਚੱਲਦੇ

ਰਹਿੰਦੇ ਹਨ। ਉਸ ਨੇ ਇਹ ਪ੍ਰਿਥਵੀ ਬਣਾਈ ਹੈ। ਨਾਰੀ ਅਤੇ ਪੁਰਖ ਦੀ ਸਿਰਜਣਾ ਕਰ ਕੇ ਉਹਨਾਂ ਵਿਚ ਵਿਸ਼ ਰੂਪੀ ਮਾਇਆ ਦੇ ਬੰਧਨ ਵਿਚ ਵੀ ਆਪ ਹੀ ਬੰਨ੍ਹਿਆ ਹੈ। ਉਹ ਕੁਦਰਤ ਨੂੰ ਆਪਣਾ ਤਖ਼ਤ ਬਣਾ ਕੇ ਇਸ ਉਪਰ ਸੁਭਾਇਮਾਨ ਰਹਿੰਦਾ ਹੈ। ਉਸੇ ਪਰਮਾਤਮਾ ਨੇ ਆਵਾਗਵਣ ਦੀ ਪ੍ਰਕਿਰਿਆ ਬਣਾਈ ਹੈ। ਜੇ ਉਹ ਦਇਆਲ ਹੋ ਜਾਵੇ ਤਾਂ ਉਹ ਆਪਣੇ ਜੀਵਾਂ ਨੂੰ ਇਸ ਪ੍ਰਕਿਰਿਆ ਦੇ ਬੰਧਨ ਤੋਂ ਵੀ ਮੁਕਤ ਕਰ ਦਿੰਦਾ ਹੈ। ਦੇਖੋ :

**ਆਵਾ ਗਵਣੁ ਸਿਰਜਿਆ ਤੂ ਥਿਰੁ ਕਰਣੈਹਾਰੋ ॥**
**ਜੰਮਣੁ ਮਰਣਾ ਆਇ ਗਇਆ ਬਧਿਕੁ ਜੀਉ ਬਿਕਾਰੋ ॥**

*(ਪੰਨਾ 580)*

ਪਰਮਾਤਮਾ ਕਿਤੇ ਦੂਰ-ਦੁਰੇਡੇ ਨਿਵਾਸ ਨਹੀਂ ਕਰਦਾ। ਬਲਕਿ ਉਹ ਹਰ ਦਿਲ ਵਿਚ ਵੱਸਦਾ ਹੈ। ਉਸ ਨੂੰ ਗੁਰੂ ਦੇ ਸ਼ਬਦ ਦੁਆਰਾ ਪਛਾਣਿਆ ਜਾ ਸਕਦਾ ਹੈ। ਉਸ ਨੇ ਇਸ ਸਮੁੱਚੀ ਖ਼ਲਕਤ ਦੀ ਸਿਰਜਣਾ ਕੀਤੀ ਹੈ। ਉਹ ਆਪ ਹੀ ਆਪਣੇ ਵਿਧੀ-ਵਿਧਾਨ ਨੂੰ ਜਾਣਦਾ-ਸਮਝਦਾ ਹੈ। ਹੋਰ ਕੋਈ ਉਸ ਬਾਰੇ ਕੁਝ ਨਹੀਂ ਕਹਿ ਸਕਦਾ। ਗੁਰੂ ਜੀ ਦੇ ਸ਼ਬਦਾਂ ਵਿਚ :

**ਜਿਨਿ ਥਾਪੀ ਬਿਧਿ ਜਾਣੈ ਸੋਈ ਕਿਆ ਕੋ ਕਹੈ ਵਖਾਣੋ ॥**
**ਜਿਨਿ ਜਗੁ ਥਾਪਿ ਵਤਾਇਆ ਜਾਲੋ ਸੋ ਸਾਹਿਬੁ ਪਰਵਾਣੋ ॥**

*(ਪੰਨਾ 581)*

## ਸਿਮਰਨ

ਪ੍ਰਭੂ ਦੀ ਪ੍ਰਾਪਤੀ ਅਤੇ ਆਵਾਗਵਣ ਤੋਂ ਮੁਕਤੀ ਵਾਸਤੇ ਸਿਮਰਨ ਸਭ ਤੋਂ ਵੱਡੀ ਔਸ਼ਧੀ ਹੈ। ਗੁਰੂ ਜੀ ਜੀਵ ਨੂੰ ਸਮਝਾਉਂਦੇ ਹਨ ਕਿ ਉਸ ਨੇ ਇਕ ਦਿਨ ਇਸ ਜਹਾਨ ਤੋਂ ਕੂਚ ਕਰ ਜਾਣਾ ਹੈ। ਇਸ ਲਈ ਇਸ ਜਗਤ ਦੀਆਂ ਪ੍ਰਾਪਤੀਆਂ-ਉਪਲਬਧੀਆਂ ਉਪਰ ਅਭਿਮਾਨ ਕਰਨ ਦਾ ਕੋਈ ਲਾਭ ਨਹੀਂ ਹੈ। ਇਸ ਦੁਨੀਆਂ ਵਿਚ ਵਿਅਕਤੀ ਦਾ ਆਉਣਾ ਅਤੇ ਰਹਿਣਾ ਇਕ ਮਹਿਮਾਨ ਵਾਂਗ ਹੈ। ਸੋ ਇਥੇ ਪੈਰ ਪਸਾਰ ਕੇ ਬੈਠਣਾ ਮੂਰਖਤਾ ਹੋਵੇਗੀ। ਮਨੁੱਖ ਨੂੰ ਚਾਹੀਦਾ ਹੈ ਕਿ ਅੰਤ ਵਿਚ ਜਿਥੇ ਜਾਣਾ ਹੈ, ਅਤੇ ਜਿਹੜਾ ਉਸ ਦਾ ਪੱਕਾ ਟਿਕਾਣਾ ਹੈ, ਉਸੇ ਨੂੰ ਯਾਦ ਰੱਖੇ। ਜਿਸ ਪਰਮਾਤਮਾ ਨੂੰ ਸਿਮਰਨ ਨਾਲ ਅਗਲੀ ਦਰਗਾਹ ਵਿਚ ਸੁਖ ਦੀ ਪ੍ਰਾਪਤੀ ਹੋਣੀ ਹੈ। ਉਸ ਨੂੰ ਕਦੇ ਵੀ ਆਪਣੇ ਮਨੋਂ ਨਾ ਵਿਸਾਰੇ। ਗੁਰੂ ਜੀ ਲਿਖਦੇ ਹਨ :

**ਸਾਹਿਬੁ ਸਿਮਰਹੁ ਮੇਰੇ ਭਾਈਹੋ ਸਭਨਾ ਏਹੁ ਪਇਆਣਾ**
**ਏਥੈ ਧੰਧਾ ਕੂੜਾ ਚਾਰਿ ਦਿਹਾ ਆਗੈ ਸਰਪਰ ਜਾਣਾ ॥**

**ਆਗੈ ਸਰਪਰ ਜਾਣਾ ਜਿਉ ਮਿਹਮਾਣਾ ਕਾਹੇ ਗਾਰਬੁ ਕੀਜੈ ॥**
**ਜਿਤੁ ਸੇਵਿਐ ਦਰਗਹ ਸੁਖੁ ਪਾਈਐ ਨਾਮੁ ਤਿਸੈ ਕਾ ਲੀਜੈ ॥**
**ਆਗੈ ਹੁਕਮੁ ਨ ਚਲੈ ਮੂਲੇ ਸਿਰਿ ਸਿਰਿ ਕਿਆ ਵਿਹਾਣਾ ॥**
**ਸਾਹਿਬੁ ਸਿਮਰਿਹੁ ਮੇਰੇ ਭਾਈਹੋ ਸਭਨਾ ਏਹੁ ਪਇਆਣਾ ॥**

*(ਪੰਨਾ 579)*

ਗੁਰੂ ਜੀ ਦੇ ਅਨੁਸਾਰ ਇਹ ਜਗਤ ਉਸ ਸੱਚੇ ਅਤੇ ਸਮਰੱਥ ਪਰਮਾਤਮਾ ਦਾ ਸਾਜਿਆ ਹੋਇਆ ਹੈ। ਉਹ ਹਰ ਥਾਂ ਮੌਜੂਦ ਹੈ। ਉਸ ਦਾ ਕੋਈ ਪਾਰਾਵਾਰ ਨਹੀਂ ਪਾਇਆ ਜਾ ਸਕਦਾ। ਉਹ ਬੇਅੰਤ ਹੈ। ਇਸ ਸੰਸਾਰ ਵਿਚ ਉਸੇ ਵਿਅਕਤੀ ਦਾ ਆਉਣਾ ਸਫਲ ਹੈ ਜੋ ਇਕਾਗਰ-ਚਿੱਤ ਹੋ ਕੇ ਉਸ ਪ੍ਰਭੂ ਦਾ ਸਿਮਰਨ ਕਰਦਾ ਹੈ ਕਿਉਂਕਿ ਸਿਮਰਨ ਦੇ ਮਾਧਿਅਮ ਦੁਆਰਾ ਵਿਅਕਤੀ ਆਵਾਗਵਣ ਦੀ ਪ੍ਰਕਿਰਿਆ ਤੋਂ ਸਦਾ ਲਈ ਮੁਕਤ ਹੋ ਜਾਂਦਾ ਹੈ। ਆਪ ਫ਼ੁਰਮਾਉਂਦੇ ਹਨ ਕਿ ਕਿਸੇ ਪ੍ਰਿਯਜਨ ਦੀ ਮੌਤ ਹੋ ਜਾਣ ’ਤੇ ਰੋਣ ਨਾਲੋਂ ਚੰਗਾ ਇਹੀ ਰਹੇਗਾ ਕਿ ਅਸੀਂ ਉਸ ਸੱਚੇ ਪਰਮਾਤਮਾ ਦੇ ਨਾਮ ਦਾ ਸਿਮਰਨ ਕਰੀਏ। ਕਿਉਂਕਿ ਸਿਮਰਨ ਦੁਆਰਾ ਅਸੀਂ ਉਸ ਮਾਰਗ ਨੂੰ ਦੇਖ ਸਕਦੇ ਹਾਂ ਜਿਸ ਉਪਰੋਂ ਦੀ ਗੁਜ਼ਰ ਕੇ ਪਰਮਾਤਮਾ ਦੇ ਦਰਬਾਰ ਵਿਚ ਪਹੁੰਚਣਾ ਹੈ। ਪਰਮਾਤਮਾ ਦੇ ਸਿਮਰਨ ਦੁਆਰਾ ਇਹ ਮਾਰਗ ਸੌਖਾ ਹੋ ਜਾਂਦਾ ਹੈ। ਇਸ ਸੌਖੇ ਮਾਰਗ ਰਾਹੀਂ ਸਫ਼ਰ ਕੀਤਿਆਂ ਚੰਗੇ ਫਲ ਦੀ ਪ੍ਰਾਪਤੀ ਹੋਵੇਗੀ। ਸਿਮਰਨ ਕਰਨ ਵਾਲੇ ਲੋਕਾਂ ਨੂੰ ਪਰਮਾਤਮਾ ਦੀ ਦਰਗਾਹ ਵਿਚ ਵਡਿਆਈ ਮਿਲੇਗੀ। ਗੁਰੂ ਜੀ ਦੇ ਸ਼ਬਦਾਂ ਵਿਚ ਸਿਮਰਨ ਦੀ ਭੇਟ ਲੈ ਕੇ ਜਾਣ ਵਾਲੇ ਵਿਅਕਤੀ ਨੂੰ ਚੰਗੇ ਫਲ ਦੀ ਪ੍ਰਾਪਤੀ ਹੁੰਦੀ ਹੈ:

**ਪੰਥਿ ਸੁਹੇਲੈ ਜਾਵਹੁ ਤਾਂ ਫਲੁ ਪਾਵਹੁ ਆਗੈ ਮਿਲੈ ਵਡਾਈ ॥**
**ਭੇਟੈ ਸਿਉ ਜਾਵਹੁ ਸਚਿ ਸਮਾਵਹੁ ਤਾਂ ਪਤਿ ਲੇਖੈ ਪਾਈ ॥**

*(ਪੰਨਾ 579)*

## ਮਿਥਿਆ ਰੀਤੀ ਰਿਵਾਜ

ਗੁਰੂ ਨਾਨਕ ਦੇਵ ਜੀ ਮੌਤ ਸਮੇਂ ਕੀਤੀਆਂ ਜਾਣ ਵਾਲੀਆਂ ਰਸਮਾਂ-ਰੀਤਾਂ ਨੂੰ ਮਿਥਿਆ ਮੰਨਦੇ ਹਨ। ਸਭ ਤੋਂ ਪਹਿਲਾਂ ਤਾਂ ਆਪ ਰੋਣ-ਧੋਣ ਜਾਂ ਵਿਰਲਾਪ ਕਰਨ ਨੂੰ ਮਿਥਿਆ ਕਰਮ ਮੰਨਦੇ ਹਨ। ਆਪ ਅਨੁਸਾਰ ਮ੍ਰਿਤਕ ਦੀ ਯਾਦ ਵਿਚ ਰੋਣ-ਧੋਣ ਦੇ ਕੋਈ ਅਰਥ ਨਹੀਂ ਕਿਉਂਕਿ ਅਕਸਰ ਪਰਿਵਾਰ ਦੇ ਲੋਕ ਜਾਂ ਸਕੇ ਸੰਬੰਧੀ ਮੋਇਆਂ ਨੂੰ ਕੇਵਲ ਇਸ ਕਾਰਨ ਰੋਂਦੇ ਹਨ ਕਿ ਉਸ ਤੋਂ ਪਿੱਛੋਂ ਚੀਜ਼ਾਂ-ਵਸਤਾਂ ਕੌਣ ਲਿਆ ਕੇ ਦੇਵੇਗਾ, ਮਾਇਆ ਦੀ ਪ੍ਰਾਪਤੀ ਕਿਵੇਂ ਹੋਵੇਗੀ ਕਿਉਂਕਿ ਬਹੁਤੀ ਵਾਰ ਮਰ ਚੁੱਕਾ ਵਿਅਕਤੀ ਘਰ ਪਰਿਵਾਰ ਲਈ ਧਨ ਕਮਾ ਕੇ ਲਿਆਉਂਦਾ ਹੈ,

ਉਸ ਦੀ ਮੌਤ ਨਾਲ ਧਨ-ਪ੍ਰਾਪਤੀ ਦਾ ਇਕ ਸੋਮਾ ਸੁੱਕ ਜਾਂਦਾ ਹੈ। ਸਾਨੂੰ ਇਹ ਹਕੀਕਤ ਸਦਾ ਯਾਦ ਰੱਖਣੀ ਚਾਹੀਦੀ ਹੈ ਕਿ ਜਿਹੜਾ ਵੀ ਵਿਅਕਤੀ ਇਸ ਜਗਤ ਵਿਚ ਆਇਆ ਹੈ, ਉਸ ਨੇ ਹਰ ਹਾਲਤ ਵਿਚ ਮਰਨਾ ਹੀ ਹੈ। ਸੋ ਨਾਸ਼ਮਾਨ ਜੀਵਨ ਉਪਰ ਕਾਹਦਾ ਅਭਿਮਾਨ ? ਗੁਰੂ ਜੀ ਫ਼ੁਰਮਾਉਂਦੇ ਹਨ ਕਿ ਕਿਸੇ ਦੀ ਮੌਤ ਉਪਰ ਰੋਣ ਦਾ ਤਾਂ ਹੀ ਕੋਈ ਅਰਥ ਹੈ ਜੇ ਉਸ ਨਾਲ ਕੀਤੇ ਪਿਆਰ ਦੇ ਕਾਰਨ ਰੋਣਾ ਆਉਂਦਾ ਹੈ :

**ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ ॥**
**ਵਾਲੇਵੇ ਕਾਰਣਿ ਬਾਬਾ ਰੋਈਐ ਰੋਵਣੁ ਸਗਲ ਬਿਕਾਰੋ ॥**
**ਰੋਵਣੁ ਸਗਲ ਬਿਕਾਰੋ ਗਾਫਲੁ ਸੰਸਾਰੋ ਮਾਇਆ ਕਾਰਣਿ ਰੋਵੈ ॥**
**ਚੰਗਾ ਮੰਦਾ ਕਿਛੁ ਸੂਝੈ ਨਾਹੀ ਇਹੁ ਤਨੁ ਏਵੈ ਖੋਵੈ ॥**

*(ਪੰਨਾ 579)*

ਪ੍ਰਾਣੀ ਦੀ ਮ੍ਰਿਤੂ ਉਪਰੰਤ ਉਸ ਨੂੰ ਪਾਣੀ ਨਾਲ ਮਲ-ਮਲ ਕੇ ਇਸ਼ਨਾਨ ਕਰਵਾਇਆ ਜਾਂਦਾ ਹੈ ਅਤੇ ਰੇਸ਼ਮ ਦੇ ਨਵੇਂ-ਨਵੇਂ ਵਸਤਰਾਂ ਵਿਚ ਲਪੇਟਿਆ ਜਾਂਦਾ ਹੈ। ਸਕੇ-ਸੰਬੰਧੀ, ਪ੍ਰਾਣੀ ਦੀ ਮੌਤ ਸਮੇਂ ਆਪ ਮਰਿਆ ਸਮਾਨ ਵਿਹਾਰ ਕਰਨ ਲੱਗਦੇ ਹਨ। ਮ੍ਰਿਤਕ ਦੀ ਪਤਨੀ ਵਿਰਲਾਪ ਕਰਦੀ ਹੋਈ ਆਖਦੀ ਹੈ ਕਿ ਪਤੀ ਦੀ ਮੌਤ ਨਾਲ ਉਹ ਆਪ ਮਰਨ ਸਮਾਨ ਹੋ ਗਈ ਹੈ। ਪਰ ਗੁਰੂ ਜੀ ਫ਼ੁਰਮਾਉਂਦੇ ਹਨ ਕਿ ਇਹ ਸਭ ਐਵੇਂ ਕਹਿਣ ਦੀਆਂ ਗੱਲਾਂ ਹਨ। ਕਿਸੇ ਦੀ ਯਾਦ ਵਿਚ ਸੱਚਾ ਮਰਨਾ ਉਹ ਹੁੰਦਾ ਹੈ ਜਦੋਂ ਜੀਉਂਦੇ-ਜੀਅ ਮਰ ਜਾਈਏ ਭਾਵ ਆਪਣੀਆਂ ਤ੍ਰਿਸ਼ਨਾਵਾਂ ਅਤੇ ਖ਼ਾਹਿਸ਼ਾਂ ਨੂੰ ਮਾਰ ਮੁਕਾਈਏ। ਬਾਕੀ ਰੋਣ-ਧੋਣ ਅਤੇ ਵਿਰਲਾਪ ਮਹਿਜ਼ ਦਿਖਾਵਾ ਹੈ। ਦੇਖੋ :

**ਜਲਿ ਮਲਿ ਜਾਨੀ ਨਾਵਾਲਿਆ ਕਪੜਿ ਪਟਿ ਅੰਬਾਰੇ ॥**
**ਵਾਜੇ ਵਜੇ ਸਚੀ ਬਾਣੀਆ ਪੰਚ ਮੁਏ ਮਨੁ ਮਾਰੇ ॥**
**ਜਾਨੀ ਵਿਛੁੰਨੜੇ ਮੇਰਾ ਮਰਣੁ ਭਇਆ ਧ੍ਰਿਗੁ ਜੀਵਣੁ ਸੰਸਾਰੇ ॥**
**ਜੀਵਤੁ ਮਰੈ ਸੁ ਜਾਣੀਐ ਪਿਰ ਸਚੜੈ ਹੇਤਿ ਪਿਆਰੇ ॥**

*(ਪੰਨਾ 580)*

ਇਸ ਤਰ੍ਹਾਂ 'ਅਲਾਹਣੀਆਂ' ਦੇ ਮਾਧਿਅਮ ਦੁਆਰਾ ਗੁਰੂ ਨਾਨਕ ਦੇਵ ਜੀ ਵਿਅਕਤੀ ਨੂੰ ਮੌਤ ਦੇ ਵਾਸਤਵਿਕ ਅਰਥ ਸਮਝਾਉਂਦੇ ਹਨ। ਉਹਨਾਂ ਦੇ ਵਿਚਾਰ ਅਨੁਸਾਰ ਜੀਵ ਨੂੰ ਇਕ ਨਿਸਚਿਤ ਅਵਧੀ ਮਿਲੀ ਹੋਈ ਹੈ ਅਤੇ ਇਸ ਅਵਧੀ ਵਿਚ ਉਸ ਨੇ ਸਿਮਰਨ ਅਤੇ ਗੁਰੂ ਦੀ ਸੇਵਾ ਦੁਆਰਾ ਪਰਮਾਤਮਾ ਤਕ ਪਹੁੰਚਣ ਦੀ ਤਿਆਰੀ ਕਰਨੀ ਹੁੰਦੀ ਹੈ। ਪਰ ਜੇ ਉਹ ਆਪਣਾ ਵਾਸਤਵਿਕ ਪ੍ਰਯੋਜਨ ਭੁਲਾ ਕੇ ਦੁਨਿਆਵੀ ਮੋਹ-ਮਮਤਾ ਵਿਚ ਫਸ ਜਾਂਦਾ ਹੈ ਤਾਂ ਉਸ ਨੇ ਸਮਝੋ ਆਪਣਾ

ਜੀਵਨ ਵਿਅਰਥ ਹੀ ਨਸ਼ਟ ਕਰ ਦਿੱਤਾ। ਇਸ ਪ੍ਰਥਾਇ ਗੁਰੂ ਅਰਜਨ ਦੇਵ ਜੀ ਠੀਕ ਹੀ ਫ਼ੁਰਮਾਉਂਦੇ ਹਨ:

**ਭਈ ਪਰਾਪਤਿ ਮਾਨੁਖ ਦੇਹੁਰੀਆ ॥**
**ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥**
**ਅਵਰਿ ਕਾਜ ਤੇਰੈ ਕਿਤੈ ਨ ਕਾਮ ॥**
**ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥**

*(ਆਸਾ ਮਹਲਾ ੫, ਪੰਨਾ 12)*

ਗੁਰੂ ਨਾਨਕ ਦੇਵ ਜੀ ਕਰਮ-ਕਾਂਡਾਂ ਦੇ ਚੱਕਰਵਿਊ ਵਿਚ ਫਸੇ ਇਕ ਸਾਧਾਰਣ ਹਿੰਦੁਸਤਾਨੀ ਵਿਅਕਤੀ ਨੂੰ ਮਨੁੱਖੀ ਜੀਵਨ ਦਾ ਲਕਸ਼ ਸਮਝਾ ਰਹੇ ਹਨ। ਮੌਤ ਕਿਸੇ ਪ੍ਰਕਾਰ ਦੀ ਕੋਈ ਸਜ਼ਾ ਨਹੀਂ ਹੈ ਬਲਕਿ ਇਹ ਤਾਂ ਆਦਮੀ ਦਾ ਆਪਣੀ ਮੰਜ਼ਲ ਜਾਂ ਆਪਣੇ ਅਸਲ ਘਰ ਵੱਲ ਜਾਣ ਦਾ ਇਕ ਪ੍ਰਵੇਸ਼ ਦੁਆਰ ਹੈ। ਜਿਹੜੇ ਲੋਕ ਆਪਣੇ ਆਦਰਸ਼ਾਂ ਦੀ ਪ੍ਰਮਾਣਿਕਤਾ ਸਿੱਧ ਕਰਨ ਵਾਸਤੇ ਖ਼ੁਦ ਜਾਨ ਦੇਣ ਲਈ ਤਤਪਰ ਰਹਿੰਦੇ ਹਨ, ਉਹਨਾਂ ਦਾ ਜੀਵਨ ਅਤੇ ਮੌਤ ਦੋਵੇਂ ਧੰਨ ਹਨ। ਵਿਅਕਤੀ ਨੂੰ ਚਾਹੀਦਾ ਹੈ ਕਿ ਉਹ ਆਪਣੇ ਲਈ ਮੌਤ ਦਾ ਵਰਣ ਖ਼ੁਦ ਕਰੇ ਅਤੇ ਜ਼ੁਲਮ ਦਾ ਵਿਨਾਸ਼ ਕਰਨ ਵਾਸਤੇ ਆਪਣੇ ਆਪ ਮਕਤਲ ਵਿਚ ਚੱਲ ਕੇ ਜਾਵੇ। ਇਹੀ ਅਸਲ ਮੌਤ ਹੈ ਅਤੇ ਅਜਿਹੇ ਵਿਅਕਤੀ ਦੀ ਮੌਤ ਉਪਰ ਰੋਣ-ਧੋਣ ਦੀ ਬਜਾਇ ਪ੍ਰਭੂ ਦੀ ਉਸਤਤ ਦੇ ਸੋਹਿਲੇ ਗਾਉਣੇ ਚਾਹੀਦੇ ਹਨ।

# ਸਹਾਇਕ ਪੁਸਤਕ ਸੂਚੀ

## ਪੰਜਾਬੀ


**ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ,** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ।

ਸਾਹਿਬ ਸਿੰਘ, **ਆਦਿ ਬੀੜ ਬਾਰੇ,** ਸਿੰਘ ਬ੍ਰਦਰਜ਼, ਅੰਮ੍ਰਿਤਸਰ, 2001.

ਸੋਢੀ ਤੇਜਾ ਸਿੰਘ, **ਸ੍ਰੀ ਗੁਰੂ ਬਾਣੀ ਪ੍ਰਕਾਸ਼,** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ1993.

ਸਾਹਿਬ ਸਿੰਘ, **ਸਿਧ ਗੋਸਟਿ ਸਟੀਕ,** ਸਿੰਘ ਬ੍ਰਦਰਜ਼, ਅੰਮ੍ਰਿਤਸਰ, 1960

**ਸਿੱਖ ਰਹਿਤ ਮਰਿਆਦਾ,** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1998.

ਕਾਨ੍ਹ ਸਿੰਘ ਨਾਭਾ, ਭਾਈ, **ਗੁਰਸ਼ਬਦ ਰਤਨਾਕਰ ਮਹਾਨ ਕੋਸ਼,** ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1963.

ਕੋਹਲੀ, ਸੁਰਿੰਦਰ ਸਿੰਘ (ਸੰਪਾ.), **ਗੁਰੂ ਨਾਨਕ : ਜੀਵਨ ਕਰਸ਼ਨ ਅਤੇ ਕਾਵਿ ਕਲਾ,** ਪੰਜਾਬੀ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ, ਚੰਡੀਗੜ੍ਹ, 1969.

**ਗੁਰੂ ਨਾਨਕ ਬਾਣੀ ਪ੍ਰਕਾਸ਼,** ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969.

ਘੁੰਮਣ, ਬਿਕਰਮ ਸਿੰਘ, **ਆਸਾ ਦੀ ਵਾਰ,** ਵਾਰਿਸ ਸ਼ਾਹ ਫ਼ਾਉਂਡੇਸ਼ਨ, ਅੰਮ੍ਰਿਤਸਰ

ਜੱਗੀ, ਰਤਨ ਸਿੰਘ, **ਗੁਰੂ ਨਾਨਕ ਦੀ ਵਿਚਾਰਧਾਰਾ,** ਨਵਯੁਗ ਪਬਲੀਸ਼ਰਜ਼, ਦਿੱਲੀ, 1969.

ਜਗੀਰ ਸਿੰਘ (ਡਾ.), **ਗੁਰੂ ਨਾਨਕ ਦੇਵ ਜੀ ਤੇ ਸੰਗੀਤ,** ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2007.

**ਜਨਮਸਖੀ ਪੁਰਾਤਨ** (ਸੰਪਾ.) ਭਾਈ ਵੀਰ ਸਿੰਘ, ਖ਼ਾਲਸਾ ਬ੍ਰਦਰਜ਼, ਅੰਮ੍ਰਿਤਸਰ, 1973.

ਜੋਧ ਸਿੰਘ, ਭਾਈ, **ਗੁਰਮਤਿ ਨਿਰਣਯ,** ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1980.

——, **ਗੁਰੂ ਨਾਨਕ ਬਾਣੀ,** ਨੈਸ਼ਨਲ ਬੁੱਕ ਟਰੱਸਟ ਆਫ਼ ਇੰਡੀਆ, 1996.

ਤਾਰਨ ਸਿੰਘ, **ਗੁਰੂ ਨਾਨਕ : ਚਿੰਤਨ ਤੇ ਕਲਾ,** ਕਸਤੂਰੀ ਲਾਲ ਐਂਡ ਸਨਜ਼, ਅੰਮ੍ਰਿਤਸਰ, 1963.

ਦੀਵਾਨ ਸਿੰਘ, **ਗੁਰੂ ਨਾਨਕ ਦੀ ਸਾਹਿਤਕ ਪ੍ਰਤਿਭਾ ਤੇ ਹੋਰ ਲੇਖ,** ਫ਼ਕੀਰ ਸਿੰਘ ਐਂਡ ਸਨਜ਼, ਅੰਮ੍ਰਿਤਸਰ, 1968.

ਦੀਵਾਨਾ, ਮੋਹਨ ਸਿੰਘ, **ਪੰਜਾਬੀ ਭਾਸ਼ਾ ਤੇ ਛੰਦਾਬੰਦੀ,** ਲਿਖਾਰੀ ਬੁੱਕ ਡਿਪੂ, ਅੰਮ੍ਰਿਤਸਰ, 1948.

ਪਦਮ, ਪਿਆਰਾ ਸਿੰਘ, **ਰਹਿਤਨਾਮੇ,** ਸਿੰਘ ਬ੍ਰਦਰਜ਼, ਅੰਮ੍ਰਿਤਸਰ, 1998.

ਪ੍ਰੀਤਮ ਸਿੰਘ (ਸੰਪਾ.), **ਪਹਿਲੀ ਪਾਤਸ਼ਾਹੀ : ਸ੍ਰੀ ਗੁਰੂ ਨਾਨਕ ਦੇਵ ਜੀ,** ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, 1969.

**ਪੰਜਾਬੀ ਸਾਹਿਤ ਦਾ ਇਤਿਹਾਸ,** (ਸੰਪਾ. ਸੁਰਿੰਦਰ ਸਿੰਘ ਕੋਹਲੀ), ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1973.

ਬ੍ਰਹਮਜਗਦੀਸ਼ ਸਿੰਘ, **ਗੁਰੂ ਨਾਨਕ ਦੇਵ ਜੀ : ਜੀਵਨ ਦਰਸ਼ਨ ਅਤੇ ਬਾਣੀ,** ਵਾਰਿਸ ਸ਼ਾਹ ਫ਼ਾਊਂਡੇਸ਼ਨ, ਅੰਮ੍ਰਿਤਸਰ, 2003.

——, **ਜਪੁਜੀ, ਵਿਚਾਰਧਾਰਾ ਪ੍ਰਬੰਧ ਅਤੇ ਪਾਠ,** ਵਾਰਿਸ ਸ਼ਾਹ ਫ਼ਾਊਂਡੇਸ਼ਨ, ਅੰਮ੍ਰਿਤਸਰ, 2003.

——, **ਭਾਈ ਗੁਰਦਾਸ : ਰਚਨਾ ਸੰਸਾਰ,** ਵਾਰਿਸ ਸ਼ਾਹ ਫ਼ਾਊਂਡੇਸ਼ਨ, ਅੰਮ੍ਰਿਤਸਰ, 1999.

——, **ਗੁਰੂ ਨਾਨਕ ਅਤੇ ਸੰਤ ਬਾਣੀ,** ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 1996.

——, **ਸੰਤ ਕਬੀਰ,** ਵਾਰਿਸ ਸ਼ਾਹ ਫ਼ਾਊਂਡੇਸ਼ਨ, ਅੰਮ੍ਰਿਤਸਰ, 1999.

ਬਰਾੜ, ਹਰਬੰਸ ਸਿੰਘ, **ਗੁਰੂ ਨਾਨਕ ਦੇਵ ਜੀ ਦੀ ਕਾਵਿ ਕਲਾ,** ਪੰਜਾਬੀ ਯੂਨੀਵਰਸਿਟੀ, ਪਟਿਆਲਾ

ਬੇਦੀ, ਕਾਲਾ ਸਿੰਘ, **ਵਾਰਕਾਰ ਗੁਰੂ ਨਾਨਕ,** ਗੁਰੂ ਨਾਨਕ ਭਾਸ਼ਾ, ਪੰਜਾਬ ਬੁੱਕ ਸਟੋਰ, ਦਿੱਲੀ

ਰਣਧੀਰ ਸਿੰਘ ਚੰਦ, **ਗੁਰੂ ਨਾਨਕ ਅਤੇ ਯੋਗ ਦਰਸ਼ਨ,** ਪੰਜਾਬੀ ਰਾਈਟਰਜ਼ ਕੋਆਪ੍ਰੇਟਿਵ ਸੋਸਾਇਟੀ, ਲੁਧਿਆਣਾ, 1992.

ਵੀਰ ਸਿੰਘ, ਭਾਈ, **ਸਿਧ ਗੋਸਟਿ ਸਟੀਕ,** ਅੰਮ੍ਰਿਤਸਰ, 1952.

ਸ਼ੇਰ ਸਿੰਘ, **ਗੁਰਮਤਿ ਦਰਸ਼ਨ,** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ 1998.

## ਅੰਗਰੇਜ਼ੀ

A.N. Banergi, **Guru Nanak and His Times,** Punjabi University, Patiala.

Harbans Singh, **Perspectives on Guru Nanak,** Punjabi University, Patiala.